**Listing and Selling Homes From San Jose to Sacramento**



**JASSI GILL** *Broker/Owner*
**Ph:510-304-9292**
**Refinance Now**
**@ZERO COST**
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
**Global Green** INSURANCE AGENCY



Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann
**Mann Insurance Brokers Inc.**
4123 Dyer St., #230, Union City, CA 94587

**Buy/Sell Real Estate**
**in Bay Area**
*Call: Jaideep Singh*
**Ph: 510-565-5250**
Email: jaideeprealtor@gmail.com



DRE#02021283
I can help you every step of the way.
No Pressure, No Obligation.
Fluent in Punjabi and Hindi.



Nineteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼


Punjab Times, Vol 19, Issue 51, December 22, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਕੁਫਰ ਟੂਟਾ ਖੁਦਾ ਖੁਦਾ ਕਰਕੇ...

## ਕਤਲੇਆਮ 84: ਪੀੜਤਾਂ ਦੇ ਸਿਰੜ ਨੇ ਸੱਜਣ ਕੁਮਾਰ ਨੂੰ ਉਮਰ ਕੈਦ ਦਿਵਾਈ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਇਕ ਮਾਮਲੇ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਕੁਦਰਤੀ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿਛੋਂ ਦਿੱਲੀ 'ਚ ਹੋਏ ਸਿੱਖ ਕਤਲੇਆਮ ਦੇ 34 ਸਾਲ ਬਾਅਦ ਪਹਿਲੀ ਵਾਰ ਕਿਸੇ ਮਾਮਲੇ ਵਿਚ ਵੱਡਾ ਕਾਂਗਰਸੀ ਆਗੂ ਕਾਨੂੰਨ ਦੇ ਸ਼ਿਕੰਜੇ 'ਚ ਫਸਿਆ ਹੈ। ਇਹ ਮਾਮਲਾ ਦੱਖਣੀ ਦਿੱਲੀ ਵਿਚ ਪਾਲਮ ਕਾਲੋਨੀ ਦੇ ਰਾਜ ਨਗਰ ਦੇ ਇਲਾਕੇ ਵਿਚ ਪੰਜ ਸਿੱਖਾਂ ਕਿਹਰ ਸਿੰਘ, ਗੁਰਪ੍ਰੀਤ ਸਿੰਘ, ਰਘੁਵਿੰਦਰ ਸਿੰਘ, ਨਰਿੰਦਰਪਾਲ ਸਿੰਘ ਅਤੇ ਕੁਲਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਹੈ। ਇਥੇ ਭੀੜ ਨੇ 5 ਸਿੱਖਾਂ ਦਾ ਕਤਲ ਕਰਨ ਤੋਂ ਇਲਾਵਾ ਰਾਜ ਨਗਰ ਦੇ ਗੁਰਦੁਆਰੇ ਨੂੰ ਵੀ ਅੱਗ ਲਾ ਦਿੱਤੀ ਸੀ।

ਹਾਈ ਕੋਰਟ ਨੇ ਫੈਸਲੇ 'ਚ ਸੱਜਣ ਕੁਮਾਰ ਨੂੰ ਅਪਰਾਧਿਕ ਸਾਜ਼ਿਸ਼ ਰਚਣ, ਹਿੰਸਾ ਕਰਵਾਉਣ ਤੇ ਦੰਗੇ ਭੜਕਾਉਣ ਦਾ ਦੋਸ਼ੀ ਮੰਨਿਆ ਅਤੇ ਉਮਰ ਕੈਦ ਦੇ ਨਾਲ ਹੀ 5 ਲੱਖ ਰੁਪਏ ਜੁਰਮਾਨਾ ਵੀ ਲਾਇਆ ਹੈ। ਦਿੱਲੀ ਹਾਈ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਪਲਟਦੇ ਹੋਏ ਜਿਥੇ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਉਥੇ ਹੀ ਇਸ ਮਾਮਲੇ 'ਚ ਹੋਰ ਦੋਸ਼ੀਆਂ ਬਲਵਨ ਖੋਖਰ, ਕੈਪਟਨ ਭਾਗਮਲ ਤੇ ਗਿਰਧਾਰੀ ਲਾਲ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖਣ ਦੇ ਨਾਲ-ਨਾਲ ਸਾਬਕਾ ਵਿਧਾਇਕ ਮਹਿੰਦਰ ਯਾਦਵ ਤੇ ਕਿਸ਼ਨ ਖੋਖਰ ਦੀ



### ਇਨਸਾਫ ਲਈ ਲੜਾਈ ਦੀ ਸ਼ੁਰੂਆਤ

ਐਡਵੋਕੇਟ ਐਚ.ਐਸ. ਫੂਲਕਾ ਨੇ ਸਭ ਤੋਂ ਪਹਿਲਾਂ ਦਿੱਲੀ ਦੇ ਰਾਹਤ ਕੈਂਪਾਂ 'ਚ ਰਹਿ ਰਹੇ ਪੀੜਤਾਂ ਦੀਆਂ ਫਰਿਆਦਾਂ ਨੂੰ ਖਰੜੇ ਦੀ ਸ਼ਕਲ ਦਿੱਤੀ, ਤਾਂ ਜੋ ਕਾਨੂੰਨੀ ਲੜਾਈ ਸ਼ੁਰੂ ਹੋ ਸਕੇ। ਇਸ ਉਪਰੰਤ ਉਨ੍ਹਾਂ ਸਿਟੀਜ਼ਨ ਜਸਟਿਸ ਕਮੇਟੀ ਬਣਾਈ। ਮਈ 1985 'ਚ ਬਣੀ ਇਸ ਕਮੇਟੀ ਨੇ ਦੰਗਿਆਂ ਦੀ ਜਾਂਚ ਲਈ ਬਣੀਆਂ ਕਮੇਟੀਆਂ ਤੇ ਕਮਿਸ਼ਨਾਂ 'ਚ ਪੀੜਤਾਂ ਦਾ ਪੱਖ ਰੱਖਿਆ। ਕਮੇਟੀ ਦੇ ਵਕੀਲ ਦੀ ਹੈਸੀਅਤ ਵਜੋਂ ਫੂਲਕਾ ਸਭ ਤੋਂ ਪਹਿਲਾਂ 29 ਜੁਲਾਈ 1985 ਨੂੰ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਪੇਸ਼ ਹੋਏ। ਇਸ ਤੋਂ ਬਾਅਦ ਉਨ੍ਹਾਂ 10 ਜੁਲਾਈ 2001 ਨੂੰ ਦੰਗਾ ਪੀੜਤਾਂ ਲਈ 'ਕਾਰਨੇਜ 1984' ਨਾਂ ਦੀ ਵੈੱਬਸਾਈਟ ਸ਼ੁਰੂ ਕੀਤੀ। ਇਸ ਦੇ ਸ਼ੁਰੂ ਹੋਣ ਦੇ ਪਹਿਲੇ 10 ਦਿਨਾਂ 'ਚ 30 ਦੇਸ਼ਾਂ ਦੇ ਡੇਢ ਲੱਖ ਲੋਕ ਇਸ ਵੈੱਬਸਾਈਟ ਨਾਲ ਜੁੜੇ। ਫੂਲਕਾ ਦੀ ਕਾਨੂੰਨੀ ਲੜਾਈ ਨੂੰ ਉਸ ਸਮੇਂ ਝਟਕਾ ਲੱਗਾ ਜਦ 2013 'ਚ ਹੇਠਲੀ ਅਦਾਲਤ ਨੇ ਸੱਜਣ ਕੁਮਾਰ ਨੂੰ ਦੰਗਿਆਂ ਦੇ ਦੋਸ਼ ਤੋਂ ਬਰੀ ਕਰ ਦਿੱਤਾ।

ਸਜ਼ਾ 3-3 ਸਾਲ ਤੋਂ ਵਧਾ ਕੇ 10-10 ਸਾਲ ਤੱਕ ਕਰ ਦਿੱਤੀ ਹੈ। ਹੇਠਲੀ ਅਦਾਲਤ ਨੇ ਮਹਿੰਦਰ ਤੇ ਕਿਸ਼ਨ ਨੂੰ 3-3 ਸਾਲ ਦੀ ਸਜ਼ਾ ਸੁਣਾਈ ਸੀ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਇਸ ਮਾਮਲੇ 'ਚ 2013 ਦੌਰਾਨ ਸੱਜਣ ਕੁਮਾਰ ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ ਅਤੇ ਹੇਠਲੀ ਅਦਾਲਤ ਦੇ ਇਸ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਸੀ। 34 ਸਾਲਾਂ ਬਾਅਦ ਪਹਿਲੀ ਵਾਰੀ ਕਿਸੇ ਵੱਡੇ ਸਿਆਸੀ ਆਗੂ ਨੂੰ ਕਤਲੇਆਮ ਲਈ ਜ਼ਿੰਮੇਵਾਰ ਮੰਨਦੇ ਹੋਏ ਸਖਤ ਸਜ਼ਾ ਸੁਣਾਈ ਗਈ ਹੈ। ਫੈਸਲਾ ਸੁਣਾਉਣ ਵੇਲੇ ਜੱਜਾਂ ਵਲੋਂ ਕੀਤੀਆਂ ਟਿੱਪਣੀਆਂ ਇਹ ਸਾਬਤ ਕਰਨ ਲਈ ਕਾਫੀ ਹਨ ਕਿ ਸਿਆਸੀ ਸ਼ਹਿ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ।

ਹਾਈ ਕੋਰਟ ਦੇ ਜੱਜ ਜਸਟਿਸ ਐਸ. ਮੁਰਲੀਧਰਨ ਅਤੇ ਵਿਨੋਦ ਗੋਇਲ ਨੇ ਇਥੋਂ ਤੱਕ ਆਖ ਦਿੱਤਾ ਕਿ ਇਹ ਅਸਾਧਾਰਨ ਮਾਮਲਾ ਸੀ ਜਿਥੇ ਆਮ ਹਾਲਤਾਂ 'ਚ ਵੀ ਸੱਜਣ ਕੁਮਾਰ ਖ਼ਿਲਾਫ਼ ਕਾਰਵਾਈ ਕਰਨਾ ਅਸੰਭਵ ਹੋ ਰਿਹਾ ਸੀ, ਕਿਉਂਕਿ ਅਜਿਹਾ ਲੱਗ ਰਿਹਾ ਸੀ, ਜਿਵੇਂ ਉਸ ਖਿਲਾਫ਼ ਕੇਸਾਂ ਨੂੰ ਦਬਾਉਣ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਸਨ ਅਤੇ ਉਨ੍ਹਾਂ ਨੂੰ ਰਿਕਾਰਡ ਤੱਕ ਨਹੀਂ ਕੀਤਾ ਜਾ ਰਿਹਾ ਸੀ। ਅਦਾਲਤ ਨੇ ਇਹ ਵੀ ਕਿਹਾ ਕਿ 1947 ਦੇ ਭਿਆਨਕ ਸਮੂਹਿਕ ਕਤਲੇਆਮ ਪਿਛੋਂ ਦੇਸ਼ ਨੇ ਫਿਰ ਵੱਡਾ ਮਨੁੱਖੀ ਦੁਖਾਂਤ ਦੇਖਿਆ ਜਦੋਂ ਇਕ ਤੋਂ 4 ਨਵੰਬਰ 1984

(ਬਾਕੀ ਸਫਾ 6 ਉਤੇ)


## ਕੈਨੇਡਾ ਸਰਕਾਰ ਨੇ ਗਰਮਖਿਆਲ ਸਿੱਖਾਂ ਦੀ ਨਾਰਾਜ਼ਗੀ ਸਹੇੜੀ

**ਟੋਰਾਂਟੋ:** ਕੈਨੇਡਾ ਸਰਕਾਰ ਨੇ ਗਰਮਖਿਆਲ ਸਿੱਖ ਜਥੇਬੰਦੀਆਂ ਦੀਆਂ ਸਰਗਰਮੀਆਂ ਉਤੇ ਚਿੰਤਾ ਜ਼ਾਹਿਰ ਕੀਤੀ ਹੈ। ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਗਰਮਖਿਆਲ ਜਥੇਬੰਦੀਆਂ ਤੋਂ ਖਤਰਾ ਵੀ ਮੰਨਿਆ ਹੈ। ਹੁਣ ਤੱਕ ਖਾਲਿਸਤਾਨੀ ਸਮਰਥਕਾਂ ਦੀ ਹਮਦਰਦ ਸਮਝੀ ਜਾਂਦੀ ਕੈਨੇਡਾ ਸਰਕਾਰ ਦੇ ਇਸ ਐਲਾਨ ਨੇ ਚੁਫੇਰੇ ਚਰਚਾ ਛੇੜ ਦਿੱਤੀ ਹੈ। ਇਸ ਦੇ ਨਾਲ ਹੀ ਸਿੱਖਾਂ ਦੀ ਨਾਰਾਜ਼ਗੀ ਵੀ ਸਹੇੜ ਲਈ ਹੈ।

ਕੈਨੇਡਾ ਦੇ ਲੋਕ ਸੁਰੱਖਿਆ ਮੰਤਰੀ ਰਾਲਫ ਗੂਡੇਲ ਨੇ ਕੈਨੇਡਾ ਨੂੰ ਦਹਿਸ਼ਤੀ ਹਮਲਿਆਂ ਤੋਂ ਖਤਰਿਆਂ ਸਬੰਧੀ ਤਿਆਰ ਪਬਲਿਕ ਸੇਫਟੀ ਰਿਪੋਰਟ 2018 ਦੇ ਮਹੱਤਵਪੂਰਨ ਤੱਥ ਪੜ੍ਹਦਿਆਂ ਦੇਸ਼ ਨੂੰ ਨਵੇਂ ਵੱਖਵਾਦੀ ਤੇ ਕੱਟੜਪੰਥੀ ਖਤਰਿਆਂ ਬਾਰੇ ਦੱਸਿਆ। ਇਹ ਰਿਪੋਰਟ ਸੰਸਦ ਦੀ ਕੌਮੀ ਸੁਰੱਖਿਆ ਤੇ ਖ਼ੁਫ਼ੀਆ ਕਮੇਟੀ ਨੇ ਤਿਆਰ ਕੀਤੀ ਹੈ। ਗੂਡੇਲ ਮੁਤਾਬਕ ਸੁੰਨੀ ਕੱਟੜਵਾਦੀ ਸੰਗਠਨ ਇਸਲਾਮਿਕ ਸਟੇਟਸ ਤੇ ਅਲਕਾਇਦਾ ਨੂੰ ਕੈਨੇਡਾ ਲਈ ਗੰਭੀਰ ਖਤਰਾ ਮੰਨਿਆ ਹੈ। ਇਸ ਤੋਂ ਇਲਾਵਾ ਮੰਤਰੀ ਨੇ ਸ਼ੀਆ (ਮੁਸਲਮਾਨ) ਅਤੇ ਸਿੱਖਾਂ (ਖਾਲਿਸਤਾਨੀ) ਨੂੰ ਕੈਨੇਡਾ ਲਈ ਚਿੰਤਾ ਦਾ ਵਿਸ਼ਾ ਦੱਸਿਆ ਹੈ। ਮੰਤਰੀ ਨੇ ਦੱਸਿਆ ਹੈ ਕਿ ਇਨ੍ਹਾਂ ਦੋਵਾਂ ਦੀਆਂ ਕੈਨੇਡਾ ਵਿਚ ਦਹਿਸ਼ਤੀ ਗਤੀਵਿਧੀਆਂ ਵਿਚ ਸ਼ਮੂਲੀਅਤ ਬੇਹੱਦ ਘੱਟ ਹੈ, ਪਰ ਕੁਝ ਕੈਨੇਡੀਅਨ ਇਨ੍ਹਾਂ ਗੁੱਟਾਂ ਨੂੰ ਵਿੱਤੀ ਸਹਾਇਤਾ ਸਮੇਤ ਹਰ ਪੱਖ ਤੋਂ ਸਮਰਥਨ ਕਰਦੇ ਹਨ। ਇਸ ਰਿਪੋਰਟ ਵਿਚ ਪਹਿਲੀ ਵਾਰ ਸਿੱਖ ਗਰਮਖਿਆਲੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

(ਬਾਕੀ ਸਫਾ 6 ਉਤੇ)


**Ad Space Available**
**Please Call**
**Ph: 847-359-0746**



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*
Berkeley Office
2161 Shattuck Ave., 304, Berkeley
**Ph:510-841-4582**
Fax:510-217-6847
Email: manpreet@gahralaw.com

# ਵਿਧਾਨ ਸਭਾ ਸੈਸ਼ਨ ਦੀ ਖਾਨਾਪੂਰਤੀ, ਸਿਆਸੀ ਲਾਹੇ ਲਈ ਲੱਗਾ ਜ਼ੋਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਇਕ ਦਿਨ ਅਤੇ 11 ਮਿੰਟ ਦੇ ਸਰਦ ਰੁੱਤ ਸੈਸ਼ਨ 'ਚ ਲੋਕ ਮੁੱਦੇ ਗਾਇਬ ਰਹੇ ਤੇ ਸਿਆਸਤ ਭਾਰੂ ਰਹੀ। ਵਿਧਾਨ ਸਭਾ ਵਿਚ ਜਿਥੇ ਸਰਕਾਰ ਕਰਤਾਰਪੁਰ ਦੇ ਲਾਂਘੇ ਦੀ ਖੱਟੀ ਖਾਣ ਅਤੇ ਜਨਤਾ ਨਾਲ ਕੀਤੀ ਵਾਅਦਾਖਿਲਾਫ਼ੀ ਤੋਂ ਬਚਣ ਲਈ ਸੈਸ਼ਨ ਸੀਮਤ ਕਰਨ ਤੱਕ ਸੀਮਤ ਰਹੀ, ਉਥੇ ਵਿਰੋਧੀ ਧਿਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਇਸ ਮਾਮਲੇ ਵਿਚ ਹਾਸ਼ੀਏ 'ਤੇ ਕਰਨਾ ਜਾਪਦਾ ਸੀ। ਇਸ ਤੋਂ ਇਲਾਵਾ ਸਰਕਾਰ ਨੇ ਮਹਿਜ਼ ਬਿੱਲ ਪਾਸ ਕਰਨ ਦੀ ਰਸਮ ਹੀ ਪੂਰੀ ਕੀਤੀ। ਦੂਜੇ ਪਾਸੇ, ਵੱਖ-ਵੱਖ ਵਿਰੋਧੀ ਧਿਰਾਂ ਵਿਧਾਨ ਸਭਾ ਦਾ ਸੈਸ਼ਨ ਵਧਾਉਣ ਅਤੇ ਲੋਕ ਮੁੱਦਿਆਂ ਨੂੰ ਵਿਧਾਨ ਸਭਾ ਵਿਚ ਉਠਾਉਣ ਦਾ ਸਮਾਂ ਦੇਣ ਲਈ ਅਪੀਲਾਂ-ਕੀਤਾ ਅਤੇ ਸੈਸ਼ਨ ਵਿਚ ਹਿੱਸਾ ਲਏ ਬਿਨਾਂ ਹੀ ਚਲੇ ਗਏ। ਦੂਜੇ ਪਾਸੇ, ਮੁੱਖ ਵਿਰੋਧੀ ਪਾਰਟੀ 'ਆਪ' ਦੇ ਵਿਧਾਇਕ, ਬਾਹਰ ਮੀਡੀਆ ਮੂਹਰੇ ਕਈ ਢੰਗਾਂ ਨਾਲ ਪੇਸ਼ ਹੋਏ। ਪਹਿਲਾਂ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਅਮਨ ਅਰੋੜਾ ਨੇ ਵਿਧਾਨ ਸਭਾ ਦੇ ਗੇਟ ਨੂੰ ਤਾਲਾ ਲਾਉਣ ਦਾ ਯਤਨ ਕੀਤਾ ਤੇ ਇਸ



ਸਰਕਾਰ ਨੂੰ ਘੇਰਨ ਦੀ ਆੜ ਹੇਠ ਸੁਰਖੀਆਂ ਬਟੋਰਨ ਲਈ ਹੀਲੇ ਵਰਤਦੀਆਂ ਨਜ਼ਰ ਆਈਆਂ।

ਪਹਿਲੇ ਸੈਸ਼ਨਾਂ ਵਾਂਗ ਇਕ ਵਾਰ ਮੁੜ ਵਿਧਾਨ ਸਭਾ ਸੈਸ਼ਨ 'ਤੇ ਆਸਾਂ ਲਾਈ ਬੈਠੇ ਪੰਜਾਬੀਆਂ ਦੀ ਝੋਲੀ ਸੱਤਾਧਾਰੀਆਂ ਅਤੇ ਵਿਰੋਧੀਆਂ ਵੱਲੋਂ ਇਕ-ਦੂਜੇ ਉਪਰ ਲਾਏ ਦੋਸ਼ਾਂ ਵਾਲੇ ਭਾਸ਼ਣ ਹੀ ਪਏ। ਕੁਝ ਘੰਟਿਆਂ ਦੇ ਸੈਸ਼ਨ ਦੌਰਾਨ ਜਿਥੇ ਸੱਤਾਧਾਰੀ ਧਿਰ ਦੇ ਕਈ ਵਿਧਾਇਕ ਵੀ ਆਪਣੇ ਹਲਕਿਆਂ ਦੇ ਦੁੱਖ ਫਰੋਲਣ ਤੋਂ ਅਸਮਰੱਥ ਰਹਿਣ ਕਾਰਨ ਔਖੇ ਦਿਸੇ, ਉਥੇ ਵਿਰੋਧੀ ਧਿਰ ਨੂੰ ਵੀ ਸਰਕਾਰ ਵਿਰੁੱਧ ਭੜਾਸ ਕੱਢਣ ਦਾ ਵੀ ਪੂਰਾ ਮੌਕਾ ਨਹੀਂ ਮਿਲਿਆ। ਸੈਸ਼ਨ ਦੌਰਾਨ ਸਰਕਾਰ ਦਾ ਮੁੱਖ ਏਜੰਡਾ ਕਰਤਾਰਪੁਰ ਲਾਂਘੇ ਦਾ ਸਿਹਰਾ ਆਪਣੇ ਸਿਰ ਬੰਨ੍ਹਣਾ ਅਤੇ ਦਲੀਲਾਂ ਕਰਦੀਆਂ ਰਹੀਆਂ, ਪਰ ਇਸ ਦੇ ਉਲਟ ਸੈਸ਼ਨ ਤਿੰਨ ਦਿਨਾਂ ਦੀ ਥਾਂ ਦੋ ਦਿਨ ਕਰਨ ਕਾਰਨ ਵਿਰੋਧੀ ਧਿਰਾਂ ਵਿਚ ਰੋਹ ਪੈਦਾ ਹੋ ਗਿਆ, ਜਿਸ ਤੋਂ ਬਾਅਦ ਵਿਰੋਧੀ ਧਿਰਾਂ ਦੇ ਆਗੂ ਸਦਨ ਅੰਦਰ ਆਵਾਜ਼ ਉਠਾਉਣ ਦੀ ਥਾਂ ਕਿਸੇ ਨਾ ਕਿਸੇ ਰੂਪ ਵਿਚ ਮੀਡੀਆ ਮੂਹਰੇ ਆਪਣੇ-ਆਪ ਨੂੰ ਲੋਕ ਪੱਖੀ ਹੋਣ ਦਾ ਦਿਖਾਵਾ ਕਰਦੇ ਨਜ਼ਰ ਆਏ।

ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਭਰਾਵਾਂ ਬਲਵਿੰਦਰ ਸਿੰਘ ਬੈਂਸ ਤੇ ਸਿਮਰਜੀਤ ਸਿੰਘ ਬੈਂਸ ਨੇ ਭਾਵੇਂ ਪਹਿਲਾਂ ਹੀ ਇਨਸਾਫ਼ ਮਾਰਚ ਕਾਰਨ ਸੈਸ਼ਨ ਵਿਚ ਸ਼ਾਮਲ ਨਾ ਹੋਣ ਦਾ ਐਲਾਨ ਕੀਤਾ ਸੀ, ਪਰ ਉਹ ਵਿਧਾਨ ਸਭਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਥੇ ਗੇਟ ਮੂਹਰੇ ਧਰਨਾ ਮਾਰ ਕੇ ਬੈਠ ਗਏ। ਉਨ੍ਹਾਂ ਕੁਝ ਮਿੰਟ ਮੀਡੀਆ ਨੂੰ ਸੰਬੋਧਨ ਤੋਂ ਬਾਅਦ 'ਆਪ' ਆਗੂ ਬਾਹਰ ਧਰਨਾ ਲਾ ਕੇ ਬੈਠ ਗਏ। ਇਸ ਮਗਰੋਂ 'ਆਪ' ਦੇ ਯੂਥ ਵਿੰਗ ਦੇ ਇੰਚਾਰਜ ਤੇ ਵਿਧਾਇਕ ਮੀਤ ਹੇਅਰ ਤੇ ਪ੍ਰੋਫੈਸਰ ਬਲਜਿੰਦਰ ਕੌਰ ਬਾਹਰ ਮੂੰਗਫਲੀ ਦੀ ਫੜੀ ਲਾ ਕੇ ਬੈਠ ਗਏ। ਉਧਰ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰੈੱਸ ਕਾਨਫਰੰਸ ਕਰ ਕੇ ਮੀਡੀਆ ਕੋਲ ਹਾਜ਼ਰੀ ਲਵਾਈ। ਸੱਤਾ ਧਿਰ ਅਤੇ ਵਿਰੋਧੀ ਧਿਰਾਂ ਦੀ ਇਸ ਖਿੱਚੋਤਾਣ 'ਚ ਲੋਕ ਮੁੱਦੇ ਰੁਲ ਗਏ। ਸੈਸ਼ਨ ਦੌਰਾਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਕਰਜ਼ੇ ਹੇਠ ਦੱਬੇ ਹੋਣ ਦੀ ਪੀੜ ਕਿਸੇ ਨੇ ਨਹੀਂ ਸੁਣੀ। ਇਸੇ ਤਰ੍ਹਾਂ ਬੇਰੁਜ਼ਗਾਰੀ ਵਿਚ ਭੁੱਜ ਰਹੇ ਨੌਜਵਾਨਾਂ ਦੇ ਦੁਖਾਂਤ ਦੀ ਕਿਸੇ ਨੇ ਸਾਰ ਨਹੀਂ ਲਈ। ਨਸ਼ਿਆਂ ਦੇ ਗੰਭੀਰ ਮੁੱਦੇ ਨੂੰ ਤਾਂ ਹੁਣ ਸ਼ਾਇਦ ਸਿਆਸਤਦਾਨਾਂ ਨੇ ਆਪਣੇ ਏਜੰਡੇ ਵਿਚੋਂ ਹੀ ਕੱਢ ਦਿੱਤਾ ਹੈ।

ਮੁਲਾਜ਼ਮਾਂ ਨਾਲ ਹੁਣ ਤੱਕ ਹੋਈ ਸਭ ਤੋਂ ਵੱਡੀ ਬੇਇਨਸਾਫ਼ੀ ਬਾਰੇ ਵੀ ਵਿਧਾਨ ਸਭਾ ਖਾਮੋਸ਼ ਹੀ ਰਹੀ। ਸਦਨ ਵਿਚ ਨਾ ਤਾਂ ਮੁਲਾਜ਼ਮਾਂ ਨੂੰ ਡੀਏ ਦੀਆਂ 4 ਕਿਸ਼ਤਾਂ ਦੇਣ ਦੀ ਗੱਲ ਚੱਲੀ ਤੇ ਨਾ ਹੀ ਤਨਖ਼ਾਹ ਕਮਿਸ਼ਨ ਦੀ ਲਟਕਾਈ ਰਿਪੋਰਟ 'ਤੇ ਕੋਈ ਆਵਾਜ਼ ਉਠੀ। ਅਧਿਆਪਕਾਂ ਨੂੰ ਮੌਜੂਦਾ 42,300 ਰੁਪਏ ਤਨਖ਼ਾਹ ਦੀ ਥਾਂ 3 ਸਾਲ 15,000 ਹਜ਼ਾਰ ਰੁਪਏ ਤਨਖ਼ਾਹ 'ਤੇ ਰੈਗੂਲਰ ਕਰਨ ਦੀ ਲਾਈ ਸ਼ਰਤ ਦਾ ਦੁਖਾਂਤ ਵੀ ਕਿਸੇ ਨਹੀਂ ਫਰੋਲਿਆ ਅਤੇ ਨਾ ਹੀ ਠੇਕਾ ਤੇ ਆਊਟਸੋਰਸਿੰਗ ਸਿਸਟਮ ਰਾਹੀਂ ਰੱਖੇ ਜਾ ਰਹੇ ਮੁਲਾਜ਼ਮਾਂ ਦੀ ਕਿਰਤ ਦੀ ਲੁੱਟ ਉਪਰ ਕੋਈ ਚਰਚਾ ਹੋਈ। ਪੰਜਾਬ ਵਿਚ ਸੜਕ ਹਾਦਸਿਆਂ ਅਤੇ ਆਵਾਰਾ ਪਸ਼ੂਆਂ ਕਾਰਨ ਜਾਂਦੀਆਂ ਜਾਨਾਂ ਬਾਰੇ ਵੀ ਕੋਈ ਜ਼ਿਕਰ ਨਹੀਂ ਹੋਇਆ। ਇਸੇ ਤਰ੍ਹਾਂ ਦਲਿਤਾਂ ਅਤੇ ਔਰਤਾਂ ਦੇ ਮੁੱਦਿਆਂ ਸਮੇਤ ਲੋਕਾਂ ਦੀ ਆਰਥਿਕ ਲੁੱਟ ਵੀ ਸ਼ਾਇਦ ਸਰਕਾਰ ਲਈ ਕੋਈ ਏਜੰਡਾ ਨਹੀਂ ਹੈ।

## ਵਿਧਾਨ ਸਭਾ ਦੇ ਅੰਦਰ ਦੀ ਥਾਂ ਬਾਹਰ ਸਰਗਰਮ ਰਹੀਆਂ ਵਿਰੋਧੀ ਧਿਰਾਂ

**ਚੰਡੀਗੜ੍ਹ:** ਪੰਜਾਬ ਦੀਆਂ ਵਿਰੋਧੀ ਧਿਰਾਂ ਵਿਧਾਨ ਸਭਾ ਦੇ ਅੰਦਰ ਦੀ ਥਾਂ ਬਾਹਰ ਵੱਧ ਸਰਗਰਮ ਰਹੀਆਂ। ਇਕ ਪਾਸੇ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਨੇ ਵਿਧਾਨ ਸਭਾ ਦੇ ਗੇਟ ਮੂਹਰੇ ਮੂੰਗਫਲੀ ਦੀ ਫੜੀ ਲਾ ਕੇ ਕੈਪਟਨ ਸਰਕਾਰ ਦੇ ਘਰ-ਘਰ ਨੌਕਰੀਆਂ ਦੇਣ ਦੇ ਦਾਅਵਿਆਂ ਦੀ ਫੂਕ ਕੱਢੀ ਅਤੇ ਦੂਸਰੇ ਪਾਸੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਭਰਾਵਾਂ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਨੇ ਧਰਨਾ ਮਾਰ ਕੇ ਕਾਂਗਰਸ ਸਰਕਾਰ ਦੇ ਹਰੇਕ ਫਰੰਟ ਤੋਂ ਫੇਲ੍ਹ ਹੋਣ ਦੀ ਪੋਲ ਖੋਲੀ। ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 'ਆਪ' ਦੇ ਵਿਧਾਇਕ ਨੇ ਰੋਸ ਵਜੋਂ ਸਦਨ ਵਿਚੋਂ ਵਾਕਆਊਟ ਕਰਕੇ ਵਿਧਾਨ ਸਭਾ ਨੂੰ ਚਿੱਟਾ ਹਾਥੀ ਦੱਸਦਿਆਂ ਇਸ ਦੇ ਗੇਟ ਨੂੰ ਤਾਲਾ ਲਾਉਣ ਦਾ ਯਤਨ ਕਰਕੇ ਸੁਰੱਖਿਆ ਅਧਿਕਾਰੀਆਂ ਨੂੰ ਭਾਜੜਾਂ ਪਾ ਦਿੱਤੀਆਂ। ਕਾਲੀਆਂ ਪੱਟੀਆਂ ਬੰਨ੍ਹ ਕੇ ਵਿਧਾਨ ਸਭਾ ਵਿੱਚ ਪੁੱਜੇ 'ਆਪ' ਦੇ ਵਿਧਾਇਕਾਂ ਨੇ ਵਿਧਾਨ ਸਭਾ ਦੇ ਸੈਸ਼ਨ ਦਾ ਸਮਾਂ ਸੀਮਤ ਕਰਨ ਸਮੇਤ ਹੋਰ ਮਸਲਿਆਂ ਉਪਰ ਵਾਕਆਊਟ ਕੀਤਾ।

### ਸਦਨ ਵੱਲੋਂ 4 ਬਿੱਲ ਪਾਸ

ਪੰਜਾਬ ਵਿਧਾਨ ਸਭਾ ਵੱਲੋਂ 4 ਬਿੱਲ ਵੀ ਪਾਸ ਕੀਤੇ ਗਏ। ਪੰਜਾਬ ਪੰਚਾਇਤੀ ਰਾਜ ਸੋਧਨਾ ਬਿੱਲ 2018 ਨੂੰ ਪਾਸ ਕਰਨ ਮੌਕੇ ਪੰਚਾਇਤੀ ਚੋਣਾਂ ਨੂੰ ਲੈ ਕੇ ਸਦਨ ਵਿਚ ਕਾਫੀ ਤਿੱਖੀ ਬਹਿਸ ਹੋਈ ਅਤੇ ਹੁਕਮਰਾਨ ਪਾਰਟੀ ਦੇ ਵਿਧਾਇਕ ਨਵਤੇਜ ਸਿੰਘ ਚੀਮਾ ਤੇ ਕੁਝ ਹੋਰ ਵਿਧਾਇਕਾਂ ਨੇ ਰਾਖਵੇਂਕਰਨ ਦੀ ਪ੍ਰਕਿਰਿਆ ਦੀ ਤਿੱਖੀ ਨੁਕਤਾਚੀਨੀ ਕੀਤੀ। ਸਦਨ ਵੱਲੋਂ ਪੰਜਾਬ ਪਸ਼ੂ ਖਾਦ ਖਾਲਸ ਤੇ ਖਣਿਜ ਮਿਸ਼ਰਨ ਵਿਨਿਯਮਨ ਬਿੱਲ 2018, ਪੰਜਾਬ ਦੇ ਕੈਦੀਆਂ ਦੇ ਚੰਗੇ ਆਚਰਨ (ਆਰਜ਼ੀ ਰਿਹਾਈ) ਸੋਧਨਾ ਬਿੱਲ 2018 ਤੇ ਪੰਜਾਬ ਵਸਤੂਆਂ ਤੇ ਸੇਵਾਵਾਂ ਕਰ (ਸੋਧਨਾ) ਬਿੱਲ 2018 ਨੂੰ ਪਾਸ ਕਰ ਦਿੱਤਾ। ਰਾਜ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਜੀ.ਐਸ.ਟੀ. ਬਿੱਲ 'ਤੇ ਬੋਲਦਿਆਂ ਕਿਹਾ ਕਿ ਦੁਨੀਆ ਦੇ ਜਿਨ੍ਹਾਂ 161 ਦੇਸ਼ਾਂ 'ਚ ਜੀ.ਐਸ.ਟੀ. ਨਿਜ਼ਾਮ ਲਾਗੂ ਹੋਇਆ ਹੈ, ਭਾਰਤ ਵੱਲੋਂ ਕੇਵਲ ਉਨ੍ਹਾਂ ਦੀ ਨਕਲ ਹੀ ਕੀਤੀ ਜਾਣੀ ਸੀ, ਪਰ ਇਸ ਲਈ ਸ਼ਾਇਦ ਅਕਲ ਵੀ ਚਾਹੀਦੀ ਸੀ।

# ਨਵਜੋਤ ਸਿੰਘ ਸਿੱਧੂ ਦਾ ਕਾਂਗਰਸ ਦੀ ਕੌਮੀ ਸਿਆਸਤ ਵਿਚ ਵਧਿਆ ਕੱਦ

**ਚੰਡੀਗੜ੍ਹ:** ਕਰਤਾਰਪੁਰ ਸਾਹਿਬ ਲਾਂਘਾ ਮਿਲਣ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਦੀ ਅੰਤਰਰਾਸ਼ਟਰੀ ਪੱਧਰ 'ਤੇ ਇਕ ਵੱਖਰੀ ਪੁਜ਼ੀਸ਼ਨ ਬਣੀ ਹੈ। ਉਹ ਪੰਜਾਬੀਆਂ ਤੇ ਸਿੱਖਾਂ ਵਿਚ ਹੀ ਨਹੀਂ, ਪਾਕਿਸਤਾਨੀ ਮੁਸਲਮਾਨਾਂ ਵਿਚ ਵੀ ਵਿਸ਼ੇਸ਼ ਸਤਿਕਾਰ ਦਾ ਹੱਕਦਾਰ ਬਣ ਗਿਆ ਹੈ। ਪਰ ਇਸ ਤੋਂ ਬਾਅਦ ਪੂਰੇ ਭਾਰਤੀ ਮੀਡੀਏ ਵਿਚ ਉਸ ਖਿਲਾਫ਼ ਚੱਲੇ ਭੰਡੀ ਪ੍ਰਚਾਰ ਅਤੇ ਭਾਜਪਾ ਨੇਤਾਵਾਂ ਵੱਲੋਂ ਗੱਦਾਰ ਤੱਕ ਕਹਿ ਦਿੱਤੇ ਜਾਣ ਤੋਂ ਪਿੱਛੋਂ ਵੀ ਜਿਸ ਤਰ੍ਹਾਂ ਕਾਂਗਰਸ ਨੇ ਉਸ ਨੂੰ ਸਟਾਰ ਪ੍ਰਚਾਰਕ ਬਣਾਇਆ ਤੇ ਉਸ ਨੇ 70 ਦੇ ਕਰੀਬ ਰੈਲੀਆਂ ਨੂੰ ਸੰਬੋਧਨ ਕੀਤਾ, ਉਸ ਨਾਲ ਉਸ ਦਾ ਕੱਦ ਕਾਂਗਰਸ ਦੇ ਇਕ ਕੌਮੀ ਨੇਤਾ ਵਜੋਂ ਵੀ ਉੱਭਰਨਾ ਸ਼ੁਰੂ ਹੋ ਗਿਆ ਹੈ।

ਤਿੰਨ ਵਿਧਾਨ ਸਭਾਵਾਂ ਦੀ ਜਿੱਤ ਤੋਂ ਬਾਅਦ ਰਾਹੁਲ ਗਾਂਧੀ ਵੱਲੋਂ ਪ੍ਰੈੱਸ ਕਾਨਫਰੰਸ ਕਰਨ ਵੇਲੇ ਜਿਸ ਤਰ੍ਹਾਂ ਸਿੱਧੂ ਨੂੰ ਸਟੇਜ 'ਤੇ ਬੈਠਣ ਲਈ ਬੁਲਾਇਆ ਗਿਆ, ਉਹ ਵੀ ਇਹ ਸੰਕੇਤ ਦਿੰਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਿੱਧੂ ਦਾ ਕਾਂਗਰਸ ਦੀ ਕੌਮੀ ਰਾਜਨੀਤੀ ਵਿਚ ਵਿਸ਼ੇਸ਼ ਸਥਾਨ ਹੋਵੇਗਾ ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਹ ਰਾਹੁਲ ਟੀਮ ਦਾ ਇਕ ਪ੍ਰਮੁੱਖ ਮੈਂਬਰ ਵੀ ਹੋਵੇਗਾ ਪਰ ਇਹ ਸਥਿਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੂਤ ਨਹੀਂ ਬੈਠ ਰਹੀ। ਭਾਵੇਂ ਉਹ ਸਿੱਧੂ ਦੇ ਖਿਲਾਫ਼ ਸਿੱਧੇ ਰੂਪ ਵਿਚ ਕੁਝ ਵੀ ਨਹੀਂ ਬੋਲੇ ਪਰ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਜਿਸ ਤਰ੍ਹਾਂ ਦਾ ਰਵੱਈਆ ਅਪਣਾਇਆ ਹੈ, ਉਹ ਅਸਿੱਧੇ ਰੂਪ ਵਿਚ ਸਿੱਧੂ ਦੀ ਪ੍ਰਾਪਤੀ ਨੂੰ ਛੁਟਿਆਉਣ ਦੇ ਨਾਲ-ਨਾਲ ਇਹ ਪ੍ਰਭਾਵ ਵੀ ਦਿੰਦਾ ਹੈ ਕਿ ਜਿਵੇਂ ਕੈਪਟਨ ਕਾਂਗਰਸ ਦੀ ਨੀਤੀ ਦੇ ਉਲਟ ਕੇਂਦਰ ਸਰਕਾਰ ਅਤੇ ਭਾਜਪਾ ਦੀ ਨੀਤੀ ਅਨੁਸਾਰ ਬੋਲ ਰਹੇ ਹੋਣ, ਇਸ ਤੋਂ ਪਹਿਲਾਂ ਵੀ ਉਹ ਪਾਰਟੀ ਨੀਤੀ ਦੇ ਉਲਟ ਬੋਲ ਚੁੱਕੇ ਹਨ। ਪਰ ਉਨ੍ਹਾਂ ਵੱਲੋਂ ਕਰਤਾਰਪੁਰ ਦੇ ਲਾਂਘੇ ਅਤੇ ਸਿੱਧੂ ਦੇ ਵਿੰਗੇ-ਟੇਢੇ ਢੰਗ ਨਾਲ ਕੀਤੇ ਜਾ ਰਹੇ ਵਿਰੋਧ ਦਾ ਉਨ੍ਹਾਂ ਨੂੰ ਪੰਜਾਬ 'ਚ ਸਿਆਸੀ ਤੌਰ 'ਤੇ ਨੁਕਸਾਨ ਤਾਂ ਹੋ ਹੀ ਰਿਹਾ ਹੈ, ਦੂਜੇ ਪਾਸੇ ਹਾਈ ਕਮਾਨ ਵੀ ਪ੍ਰੇਸ਼ਾਨੀ ਮਹਿਸੂਸ ਕਰ ਰਹੀ ਹੈ।

ਕਾਂਗਰਸ ਹਾਈ ਕਮਾਨ ਵੱਲੋਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਦੀ ਸੁਰੱਖਿਆ ਸਮੀਖਿਆ ਬਾਰੇ ਵੀ ਕਿਹਾ ਗਿਆ ਹੈ। ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਅਤੇ ਡੀ.ਜੀ.ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਵੱਲੋਂ ਸ੍ਰੀ ਸਿੱਧੂ ਨਾਲ ਮੀਟਿੰਗ ਵੀ ਕੀਤੀ ਗਈ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ 'ਤੇ ਪੁਲਿਸ ਨੇ ਇਸ ਮੰਤਰੀ ਨੂੰ ਬੁਲੇਟ ਪਰੂਫ ਗੱਡੀਆਂ ਸਣੇ ਸੁਰੱਖਿਆ ਵਧਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਪੁਲਿਸ ਨੇ ਸੀ. ਆਈ. ਐਸ. ਐਫ. ਦੀ ਸੁਰੱਖਿਆ ਛਤਰੀ ਦੀ ਮੰਗ ਵੀ ਕੀਤੀ ਜਾ ਰਹੀ ਹੈ।

ਕਾਂਗਰਸ ਹਾਈ ਕਮਾਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੇ ਪੱਤਰ ਰਾਹੀਂ ਵੀ ਸਿੱਧੂ ਦੀ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਸੀ। ਤਿੰਨ ਸੂਬਿਆਂ 'ਚ ਤਿੱਖੇ ਚੋਣ ਪ੍ਰਚਾਰ ਕਾਰਨ ਹਿੰਦੂ ਜਥੇਬੰਦੀਆਂ ਦੇ ਕਾਰਕੁਨਾਂ ਦੀਆਂ ਧਮਕੀਆਂ ਦੇ ਮੱਦੇਨਜ਼ਰ ਵੀ ਸੁਰੱਖਿਆ ਨੂੰ ਲੈ ਕੇ ਪੰਜਾਬ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਸਿੱਧੂ ਨੂੰ ਸਾਵਧਾਨੀ ਵਰਤਣ ਲਈ ਕਿਹਾ ਹੈ।

## ਤਿੱਤਰ ਦੇ ਤੋਹਫੇ ਨੇ ਸਿੱਧੂ ਲਈ ਨਵਾਂ ਵਿਵਾਦ ਛੇੜਿਆ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਨਵਾਂ ਵਿਵਾਦ ਸਹੇੜ ਲਿਆ ਹੈ। ਹੁਣ ਜੰਗਲੀ ਜੀਵ ਸੁਰੱਖਿਆ ਨਾਲ ਜੁੜੇ ਇਕ ਕਾਰਕੁਨ ਨੇ ਮੰਤਰੀ ਖਿਲਾਫ਼ ਮਰੇ ਹੋਏ ਕਾਲੇ ਤਿੱਤਰ (ਜਿਨ੍ਹਾਂ 'ਚ ਫੂਸ ਭਰਿਆ ਹੋਇਆ ਹੈ) ਲਿਆਉਣ ਉਤੇ ਜੰਗਲੀ ਜੀਵ ਸੁਰੱਖਿਆ ਐਕਟ 1972 ਦੀ ਉਲੰਘਣਾ ਦੇ ਦੋਸ਼ ਲਾਉਂਦਿਆਂ ਜੰਗਲੀ ਜੀਵ ਸੁਰੱਖਿਆ ਬਿਊਰੋ ਨੂੰ ਸ਼ਿਕਾਇਤ ਦਿੱਤੀ ਹੈ। ਜੰਗਲੀ ਜੀਵ ਸੁਰੱਖਿਆ ਐਕਟ ਤਹਿਤ ਕਾਲੇ ਤਿੱਤਰ ਨੂੰ ਮਾਰਨਾ ਅਪਰਾਧ ਹੈ। ਜੰਗਲੀ ਜੀਵ ਅਪਰਾਧ ਕੰਟਰੋਲ ਬਿਊਰੋ, ਭਾਰਤ ਸਰਕਾਰ ਵੱਲੋਂ ਵਣ ਅਤੇ ਵਾਤਾਵਰਨ ਮੰਤਰਾਲੇ ਅਧੀਨ ਸਥਾਪਤ ਸੰਸਥਾ ਹੈ। ਇਹ ਸੰਸਥਾ ਮੁਲਕ ਵਿਚ ਜੰਗਲੀ ਜੀਵ ਅਪਰਾਧਾਂ ਨੂੰ ਰੋਕਦੀ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਆਪਣੀ ਮੀਟਿੰਗ ਦੌਰਾਨ ਉਨ੍ਹਾਂ ਨੂੰ ਕਾਲੇ ਤਿੱਤਰ ਦਾ ਮਾਡਲ ਭੇਟ ਕੀਤਾ ਸੀ। ਸਿੱਧੂ ਨੇ ਇਸ ਨਾਲ ਕਿਸੇ ਤਰ੍ਹਾਂ ਦਾ ਵਿਵਾਦ ਹੋਣ ਤੋਂ ਨਾਂਹ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਮੁੱਖ ਮੰਤਰੀ ਨੂੰ ਮਾਡਲ ਭੇਟ ਕੀਤਾ ਸੀ ਤੇ ਉਹ ਹੀ ਇਸ ਬਾਰੇ ਕੁਝ ਬੋਲ ਸਕਦੇ ਹਨ। ਹਰਿਆਣਾ ਦੇ ਵਾਲੰਟੀਅਰ ਨਰੇਸ਼ ਕਾਦਿਆਨ ਨੇ ਬਿਊਰੋ ਵਿਚ ਸ਼ਿਕਾਇਤ ਦੇ ਕੇ ਮੰਤਰੀ ਖਿਲਾਫ ਜੰਗਲੀ ਜੀਵ ਸੁਰੱਖਿਆ ਐਕਟ ਦੀ ਧਾਰਾ 39 ਦੀ ਉਲੰਘਣਾ ਦੇ ਦੋਸ਼ ਹੇਠ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।




## ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ

# ਦੂਜਾ ਸਾਲਾਨਾ ਖਾਲਸਾ ਦਰਬਾਰ

## 25 ਦਸੰਬਰ 2018 (ਮੰਗਲਵਾਰ)

### ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ



**ਗੁਰਬਾਣੀ ਕੀਰਤਨ ਦਾ ਸਮਾਂ**

ਸਵੇਰੇ 10 ਤੋਂ 11 ਵਜੇ ਤੱਕ
ਭਾਈ ਹਰਚਰਨ ਸਿੰਘ ਖਾਲਸਾ, ਸ੍ਰੀ ਦਰਬਾਰ ਸਾਹਿਬ ਵਾਲੇ
ਸਵੇਰੇ 11 ਤੋਂ 12 ਵਜੇ ਤੱਕ
ਭਾਈ ਸਤਵਿੰਦਰ ਸਿੰਘ, ਦਿੱਲੀ ਵਾਲੇ
ਦੁਪਹਿਰ 12 ਤੋਂ 1 ਵਜੇ ਤੱਕ
ਭਾਈ ਹਰਜਿੰਦਰ ਸਿੰਘ, ਸ੍ਰੀ ਨਗਰ ਵਾਲੇ
ਦੁਪਹਿਰ 1 ਵਜੇ ਤੋਂ 2 ਵਜੇ ਤੱਕ
ਭਾਈ ਤਾਜਵਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ ਵਾਲੇ
2 ਵਜੇ ਤੋਂ 3 ਵਜੇ ਤੱਕ
ਭਾਈ ਇੰਦਰਜੀਤ ਸਿੰਘ ਖਾਲਸਾ, ਸ੍ਰੀ ਦਰਬਾਰ ਸਾਹਿਬ ਵਾਲੇ
3 ਤੋਂ 4 ਵਜੇ ਤੱਕ
ਭਾਈ ਸਤਵਿੰਦਰ ਸਿੰਘ, ਦਿੱਲੀ ਵਾਲੇ
ਸ਼ਾਮ 4 ਤੋਂ 5 ਵਜੇ ਤੱਕ
ਭਾਈ ਹਰਜਿੰਦਰ ਸਿੰਘ, ਸ੍ਰੀ ਨਗਰ ਵਾਲੇ

## ਪਹੁੰਚ ਰਹੇ ਪੰਥ ਪ੍ਰਸਿਧ ਰਾਗੀ ਜਥੇ



ਭਾਈ ਇੰਦਰਜੀਤ ਸਿੰਘ ਖਾਲਸਾ
ਸ੍ਰੀ ਦਰਬਾਰ ਸਾਹਿਬ,
ਅੰਮ੍ਰਿਤਸਰ



ਭਾਈ ਹਰਚਰਨ ਸਿੰਘ ਖਾਲਸਾ
ਸ੍ਰੀ ਦਰਬਾਰ ਸਾਹਿਬ,
ਅੰਮ੍ਰਿਤਸਰ



ਭਾਈ ਤਾਜਵਿੰਦਰ ਸਿੰਘ
ਸ੍ਰੀ ਦਰਬਾਰ ਸਾਹਿਬ,
ਅੰਮ੍ਰਿਤਸਰ



ਭਾਈ ਹਰਜਿੰਦਰ ਸਿੰਘ
ਸ੍ਰੀ ਨਗਰ ਵਾਲੇ



ਭਾਈ ਸਤਵਿੰਦਰ ਸਿੰਘ
ਦਿੱਲੀ ਵਾਲੇ

*ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ ਗੁਰਬਾਣੀ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

**3636 Gurdwara Ave., San Jose, CA 95148 (Ph: 408-274-9373)**

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch "Donate" tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.

# ਬਾਦਲਾਂ ਨੂੰ ਟੱਕਰ ਦੇਣ ਲਈ ਬਾਗੀ ਆਗੂਆਂ ਵੱਲੋਂ ਨਵੇਂ ਅਕਾਲੀ ਦਲ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਹੋ ਕੇ ਬਾਗੀ ਹੋਏ ਟਕਸਾਲੀ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਏ ਵੱਡੇ ਇਕੱਠ ਵਿਚ ਨਵੇਂ ਅਕਾਲੀ ਦਲ 'ਸ਼੍ਰੋਮਣੀ ਅਕਾਲੀ ਦਲ (ਟਕਸਾਲੀ)' ਦੀ ਸਥਾਪਨਾ ਦਾ ਐਲਾਨ ਕੀਤਾ। ਲੋਕ ਸਭਾ ਮੈਂਬਰ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਨਵੇਂ ਅਕਾਲੀ ਦਲ ਦਾ ਪ੍ਰਧਾਨ ਥਾਪਿਆ ਗਿਆ ਹੈ। ਅਕਾਲੀ ਦਲ ਦੀ ਸਥਾਪਨਾ ਦੇ ਐਲਾਨ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਅਰਦਾਸੀਏ ਭਾਈ ਧਰਮ ਸਿੰਘ ਨੇ ਅਰਦਾਸ ਕੀਤੀ।

ਅਕਾਲ ਤਖ਼ਤ 'ਤੇ ਅਰਦਾਸ ਕਰਨ ਲਈ ਜਾਣ ਤੋਂ ਪਹਿਲਾਂ ਦਰਬਾਰ ਸਾਹਿਬ ਦੇ ਸਾਹਮਣੇ ਬਣੇ ਪਲਾਜ਼ਾ ਵਿਚ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ, ਰਵਿੰਦਰ ਸਿੰਘ ਬ੍ਰਹਮਪੁਰਾ, ਅਮਰਪਾਲ ਸਿੰਘ ਬੋਨੀ ਦੀ ਅਗਵਾਈ ਹੇਠ ਪਾਰਟੀ ਦੇ ਸਮਰਥਕ ਇਕੱਠੇ ਹੋਏ। ਅਕਾਲੀ ਦਲ ਦੀ ਸਥਾਪਨਾ ਲਈ ਅਰਦਾਸ ਕਰਨ ਮਗਰੋਂ ਵਿਧਾਇਕ ਮਨਮੋਹਨ ਸਿੰਘ ਸਠਿਆਲਾ ਨੇ ਬਾਦਲ ਪਰਿਵਾਰ 'ਤੇ ਸਿੱਖ ਸਿਧਾਂਤਾਂ ਦਾ ਘਾਣ ਕਰਨ ਦੇ ਦੋਸ਼ ਲਾਏ। ਇਸ ਮੌਕੇ ਪੜ੍ਹੇ ਗਏ ਮਤੇ ਵਿਚ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਮੁਆਫੀ ਦੇਣ, ਸ਼੍ਰੋਮਣੀ ਕਮੇਟੀ ਦਾ ਸਿਆਸੀਕਰਨ ਕਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਰਗਾੜੀ ਤੇ ਬਹਿਬਲ ਕਲਾਂ ਵਿਚ ਲਾਠੀਆਂ ਅਤੇ ਗੋਲੀਆਂ ਚਲਾ ਕੇ



ਨਿਹੱਥੇ ਸਿੰਘਾਂ ਨੂੰ ਸ਼ਹੀਦ ਕਰਨ ਦੀਆਂ ਘਟਨਾਵਾਂ ਦੀ ਨਿੰਦਾ ਕੀਤੀ ਗਈ।

ਮਤੇ ਵਿਚ ਇਹ ਵੀ ਕਿਹਾ ਗਿਆ ਕਿ ਬਾਦਲ ਪਰਿਵਾਰ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਸ੍ਰੀ ਸੇਖਵਾਂ ਨੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਨਾਂ ਪ੍ਰਧਾਨਗੀ ਲਈ ਪੇਸ਼ ਕੀਤਾ, ਜਿਸ ਦੀ ਤਾਈਦ ਡਾ. ਰਤਨ ਸਿੰਘ ਅਜਨਾਲਾ ਤੇ ਸਾਬਕਾ ਵਿਧਾਇਕ ਉਜਾਗਰ ਸਿੰਘ ਬਡਾਲਾ ਨੇ ਕੀਤੀ।

ਇਸ ਮੌਕੇ ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਜਾਣਬੁੱਝ ਕੇ ਅਨੇਕਾਂ ਗਲਤੀਆਂ ਕੀਤੀਆਂ, ਸਿੱਖ ਸਿਧਾਂਤਾਂ ਨੂੰ ਢਾਹ ਲਾਈ, ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਈ। ਉਨ੍ਹਾਂ ਕਿਹਾ ਕਿ 1920 ਦੇ ਸੰਵਿਧਾਨ ਵਾਲੇ ਅਕਾਲੀ ਦਲ ਦੀ ਭਾਵਨਾ ਨੂੰ ਸਾਕਾਰ ਰੂਪ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੀ ਸਥਾਪਨਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਪਾਰਟੀ ਦੀ ਮੈਂਬਰਸ਼ਿਪ ਸ਼ੁਰੂ ਕੀਤੀ ਜਾਵੇਗੀ ਅਤੇ ਵਿਸਾਖੀ ਤੱਕ ਪਾਰਟੀ ਦੇ ਮੁਕੰਮਲ ਢਾਂਚੇ ਦਾ ਐਲਾਨ ਕਰ ਦਿੱਤਾ ਜਾਵੇਗਾ ਤੇ ਪਾਰਟੀ ਦੀ ਰਜਿਸਟਰੇਸ਼ਨ ਲਈ ਵੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਲੋਕ ਸਭਾ ਦੀ ਚੋਣ ਨਹੀਂ ਲੜਨਗੇ। ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਸਮੂਹ ਪੰਥ ਅਤੇ ਪੰਜਾਬੀਆਂ ਦੇ ਹੱਕਾਂ ਤੇ ਹਿੱਤਾਂ ਦੀ ਰਾਖੀ ਕਰੇਗਾ।

### ਸ਼੍ਰੋਮਣੀ ਅਕਾਲੀ ਦਲ ਖਿਲਾਫ ਬਣੇ 'ਅਕਾਲੀ ਦਲਾਂ' ਨੂੰ ਲੋਕਾਂ ਨੇ ਨਕਾਰਿਆ: ਬਾਦਲ

**ਲੰਬੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਨੇ ਸਾਜ਼ਿਸ਼ਾਂ ਤਹਿਤ ਸਿੱਧੇ-ਅਸਿੱਧੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਖਿਲਾਫ ਕਈ ਵਾਰ ਅਕਾਲੀ ਦਲ ਖੜ੍ਹੇ ਕੀਤੇ ਹਨ। ਇਤਿਹਾਸ ਗਵਾਹ ਹੈ ਕਿ ਕਾਂਗਰਸ ਦੇ ਅਜਿਹੇ ਸਾਜ਼ਿਸ਼ੀ ਤਜਰਬਿਆਂ ਨੂੰ ਪੰਜਾਬੀਆਂ ਅਤੇ ਖਾਲਸਾ ਪੰਥ ਨੇ ਕਦੇ ਨਹੀਂ ਅਪਣਾਇਆ। ਅਜਿਹੇ ਕਦਮ ਚੁੱਕਣ ਵਾਲੇ ਵੱਡੇ-ਵੱਡੇ ਆਗੂਆਂ ਦਾ ਲੋਕਾਂ ਨੇ ਰੱਤੀ ਭਰ ਸਾਥ ਨਹੀਂ ਦਿੱਤਾ। ਸਾਬਕਾ ਮੁੱਖ ਮੰਤਰੀ ਦਾ ਕਹਿਣਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਅਕਾਲੀ ਦਲ ਨੇ ਦੇਸ਼, ਪੰਜਾਬ, ਸਿੱਖ ਪੰਥ ਤੇ ਲੋਕ-ਹਿੱਤਾਂ ਲਈ ਵੱਡੇ ਸੰਘਰਸ਼ ਕੀਤੇ ਹਨ।

## ਬਾਗੀ ਟਕਸਾਲੀਆਂ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਐਲਾਨ

**ਅੰਮ੍ਰਿਤਸਰ:** ਅਕਾਲੀ ਦਲ ਬਾਦਲ ਤੋਂ ਵੱਖ ਹੋਏ ਸੀਨੀਅਰ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਆਦਿ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜੇਗੀ। ਸੰਸਦ ਮੈਂਬਰ ਸ੍ਰੀ ਬ੍ਰਹਮਪੁਰਾ ਨੇ ਆਖਿਆ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣ ਦੀ ਸੰਭਾਵਨਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦਾ ਸਮਾਂ ਪੂਰਾ ਹੋ ਚੁੱਕਾ ਹੈ। ਜੇਕਰ ਚੋਣਾਂ ਕਰਾਉਣ ਵਿਚ ਅੜਿੱਕਾ ਖੜ੍ਹਾ ਕੀਤਾ ਗਿਆ ਤਾਂ ਉਹ ਇਸ ਸਬੰਧੀ ਕਾਨੂੰਨੀ ਚਾਰਾਜੋਈ ਵੀ ਕਰਨਗੇ। ਉਨ੍ਹਾਂ ਖੁਲਾਸਾ ਕੀਤਾ ਕਿ ਬਾਦਲ ਦਲ ਤੋਂ ਨਾਰਾਜ਼ ਤੇ ਨਿਰਾਸ਼ ਆਗੂਆਂ, ਕਾਰਕੁਨਾਂ ਅਤੇ ਲੋਕਾਂ ਵਲੋਂ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਇਸ ਤੋਂ ਪਹਿਲਾਂ ਸੰਸਦ ਮੈਂਬਰ ਨੇ ਦੋਸ਼ ਲਾਇਆ ਕਿ ਬਾਦਲ ਪਰਿਵਾਰ ਵੱਲੋਂ ਅਕਾਲ ਤਖਤ ਦੀ ਮਾਣ ਮਰਿਆਦਾ ਨੂੰ ਢਾਹ ਲਾਈ ਗਈ ਹੈ। ਬਿਨਾਂ ਮੁਆਫੀ ਮੰਗਿਆਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਾਉਣਾ, ਬੇਅਦਬੀ ਘਟਨਾਵਾਂ ਅਤੇ ਬਰਗਾੜੀ ਗੋਲੀ ਕਾਂਡ ਸਾਧਾਰਨ ਗਲਤੀਆਂ ਨਹੀਂ ਬਲਕਿ ਬੱਜਰ ਪਾਪ ਹੈ ਜਿਸ ਨੂੰ ਬਖਸ਼ਿਆ ਨਹੀਂ ਜਾ ਸਕਦਾ।

## ਅਕਾਲ ਤਖਤ ਦੇ ਜਥੇਦਾਰ ਵੱਲੋਂ ਅਕਾਲੀ ਦਲ ਨੂੰ 'ਕਲੀਨ ਚਿੱਟ'

**ਲੁਧਿਆਣਾ:** ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਅਕਾਲ ਤਖ਼ਤ 'ਤੇ ਭੁੱਲਾਂ ਬਖਸ਼ਾਉਣ ਲਈ ਅਰਦਾਸ ਕਰਕੇ ਕੋਈ ਗਲਤੀ ਨਹੀਂ ਕੀਤੀ ਅਤੇ ਨਾ ਹੀ ਮਰਿਆਦਾ ਭੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਗੁਰਮਤਿ ਅਨੁਸਾਰ ਹਰ ਸਿੱਖ ਨੂੰ ਹੱਕ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਾ ਕੇ ਭੁੱਲਾਂ ਦੀ ਮੁਆਫੀ ਦੀ ਅਰਦਾਸ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਭੁੱਲਾਂ ਬਖ਼ਸ਼ਾਉਣ ਦੀ ਅਰਦਾਸ ਗੁਰਮਤਿ ਮਰਿਆਦਾ ਤੇ ਪਰੰਪਰਾ ਅਨੁਸਾਰ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਜ਼ਿੰਦਗੀ ਵਿਚ ਹੋਈਆਂ ਭੁੱਲਾਂ ਦੀ ਅਰਦਾਸ ਕਰਦਾ ਰਹੇ।

ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖ਼ਤ ਵੱਲੋਂ ਦਿੱਤਾ 'ਫਖ਼ਰ-ਏ-ਕੌਮ' ਐਵਾਰਡ ਵਾਪਸ ਲੈਣ ਲਈ ਅਜੇ ਕਿਸੇ ਵੀ ਜਥੇਬੰਦੀ ਜਾਂ ਵਿਅਕਤੀ ਨੇ ਅਕਾਲ ਤਖ਼ਤ ਨੂੰ ਨਹੀਂ ਕਿਹਾ ਅਤੇ ਨਾ ਹੀ ਕੋਈ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਇਹ ਐਵਾਰਡ ਵਾਪਸ ਲੈਣ ਸਬੰਧੀ ਅਕਾਲ ਤਖ਼ਤ ਸਾਹਿਬ ਅੱਗੇ ਕੋਈ ਗੱਲ ਆਵੇਗੀ ਤਾਂ ਸਿੰਘ ਸਾਹਿਬਾਨ ਉਸ ਬਾਰੇ ਸੋਚ-ਵਿਚਾਰ ਕਰਨਗੇ। ਕਰਤਾਰਪੁਰ ਲਾਂਘੇ ਬਾਰੇ ਕੁਝ ਵਿਅਕਤੀਆਂ ਵੱਲੋਂ



ਕੀਤੀ ਜਾ ਰਹੀ ਆਲੋਚਨਾ ਸਬੰਧੀ ਉਨ੍ਹਾਂ ਕਿਹਾ ਕਿ ਕਰੋੜਾਂ ਸਿੱਖਾਂ ਦੀਆਂ ਅਰਦਾਸਾਂ ਮਗਰੋਂ ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ ਬਖਸ਼ਿਸ਼ ਹੋਈ ਹੈ, ਪਰ ਦੁੱਖ ਹੈ ਕਿ ਇਸ ਮਹੱਤਵਪੂਰਨ ਅਤੇ ਸੰਜੀਦਾ ਮੁੱਦੇ 'ਤੇ ਕੁਝ ਲੋਕ ਸਿਆਸਤ ਕਰ ਰਹੇ ਹਨ।

## ਰਵਾਇਤੀ ਧਿਰਾਂ ਨੂੰ ਘੇਰਨ ਲਈ ਬਣਿਆ 'ਪੰਜਾਬ ਡੈਮੋਕ੍ਰੈਟਿਕ ਅਲਾਇੰਸ'

**ਪਟਿਆਲਾ:** ਦਮਦਮਾ ਸਾਹਿਬ ਤੋਂ 8 ਦਸੰਬਰ ਨੂੰ ਚੱਲੇ ਇਨਸਾਫ ਮਾਰਚ ਦੀ ਸਮਾਪਤੀ ਮੌਕੇ ਸੁਖਪਾਲ ਸਿੰਘ ਖਹਿਰਾ ਧੜੇ, ਲੋਕ ਇਨਸਾਫ ਪਾਰਟੀ ਅਤੇ ਪੰਜਾਬ ਮੰਚ ਨੇ 'ਪੰਜਾਬ ਡੈਮੋਕ੍ਰੈਟਿਕ ਅਲਾਇੰਸ' (ਪੀ.ਡੀ.ਏ.) ਬਣਾਉਣ ਦਾ ਐਲਾਨ ਕੀਤਾ। ਆਉਂਦੇ ਦਿਨਾਂ 'ਚ ਅਲਾਇੰਸ ਦੇ ਮੁਖੀ ਦਾ ਐਲਾਨ ਕਰ ਦਿੱਤਾ ਜਾਵੇਗਾ। ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਰੈਲੀ ਵਿਚ ਪੁੱਜ ਕੇ ਅਲਾਇੰਸ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਦਾ ਐਲਾਨ ਕੀਤਾ।

ਪਹਿਲਾ ਮਤਾ ਪੇਸ਼ ਕਰਦਿਆਂ ਆਮ ਆਦਮੀ ਪਾਰਟੀ ਦੇ ਬਾਗ਼ੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਨੂੰ ਜੇਕਰ ਪੰਜਾਬ ਸਰਕਾਰ ਨੇ ਮਾਘੀ ਤੱਕ ਸਜ਼ਾਵਾਂ ਨਾ ਦਿੱਤੀਆਂ ਤਾਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਥੇ ਮਹਿਮਦਪੁਰ ਮੰਡੀ ਵਿਚ ਹੋਈ ਰੈਲੀ ਦੌਰਾਨ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਖਹਿਰਾ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਬਹਿਬਲ ਕਲਾਂ ਵਿਚ ਗੋਲੀ ਚਲਾਉਣ ਦਾ ਦੋਸ਼ੀ ਕਰਾਰ ਦਿੰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਮੰਗ ਕੀਤੀ ਕਿ ਸ੍ਰੀ ਬਾਦਲ ਨੂੰ ਦਿੱਤਾ ਗਿਆ ਫਖ਼ਰ-ਏ-ਕੌਮ ਦਾ ਖ਼ਿਤਾਬ ਵਾਪਸ ਲਿਆ ਜਾਵੇ। ਤੀਜੇ ਮਤੇ 'ਚ ਕਿਹਾ ਗਿਆ ਕਿ ਬਾਦਲ ਧਿਰ ਕੋਲੋਂ



ਸ਼੍ਰੋਮਣੀ ਕਮੇਟੀ ਨੂੰ ਆਜ਼ਾਦ ਕਰਾਉਣ ਲਈ ਸਾਰੇ ਪੰਜਾਬ ਨੂੰ ਇੱਕਮੁੱਠ ਹੋਣਾ ਪਵੇਗਾ।

ਸ੍ਰੀ ਖਹਿਰਾ ਨੇ ਚੌਥਾ ਮਤਾ ਪੇਸ਼ ਕਰਦਿਆਂ ਕਿਹਾ ਕਿ ਜੋ ਲੋਕ ਕਾਂਗਰਸ, ਅਕਾਲੀ ਦਲ ਤੇ ਭਾਜਪਾ ਨਾਲ ਖੜ੍ਹੇ ਹਨ, ਉਹ ਬੇਈਮਾਨੀ ਅਤੇ ਪੀਡੀਏ ਨਾਲ ਖੜ੍ਹੇ ਰਹਿਣ ਵਾਲੇ ਇਮਾਨਦਾਰੀ ਦਾ ਸਾਥ ਦੇ ਰਹੇ ਹਨ। ਉਨ੍ਹਾਂ ਅਲਾਇੰਸ ਦੇ ਲੋਕ ਸਭਾ ਚੋਣਾਂ ਲੜਨ ਦਾ ਐਲਾਨ ਵੀ ਕੀਤਾ। ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੇ ਕਿਹਾ, 'ਸਾਡੇ ਨਾਲ ਲੋਕ ਆਪ ਮੁਹਾਰੇ ਹੀ ਤੁਰੇ ਹਨ ਕਿਉਂਕਿ ਪੰਜਾਬ ਨੂੰ ਲੁੱਟਣ ਵਾਲਿਆਂ ਦੀ ਉਨ੍ਹਾਂ ਨੂੰ ਪਛਾਣ ਹੋ ਗਈ ਹੈ।'

ਸਿਮਰਜੀਤ ਸਿੰਘ ਬੈਂਸ ਨੇ ਦਾਅਵਾ ਕੀਤਾ ਕਿ ਸਿਟੀ ਸੈਂਟਰ ਘੁਟਾਲੇ ਨੂੰ ਦਬਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਪੀਏ ਫੋਨ ਕਰਕੇ 'ਮਹਾਰਾਜੇ' ਨਾਲ ਮੀਟਿੰਗ ਕਰਾਉਣ ਲਈ ਵਾਰ-ਵਾਰ ਆਖ ਰਿਹਾ ਹੈ ਪਰ ਉਹ ਕਿਸੇ ਦਬਾਅ ਹੇਠ ਨਹੀਂ ਆਉਣਗੇ। ਉਨ੍ਹਾਂ ਕਿਹਾ ਕਿ ਉਹ ਵਿਧਾਨ ਸਭਾ ਮੈਂਬਰਾਂ ਦੀਆਂ ਵਧਾਈਆਂ ਤਨਖਾਹਾਂ ਵੀ ਨਹੀਂ ਲੈਣਗੇ। ਸ੍ਰੀ ਬੈਂਸ ਨੇ ਕਿਹਾ ਕਿ ਉਹ ਭਾਰਤ ਦੇ ਸੰਵਿਧਾਨ ਨੂੰ ਮੰਨਣ ਵਾਲੀ ਕਿਸੇ ਵੀ ਪਾਰਟੀ ਨਾਲ ਸਮਝੌਤਾ ਕਰਨ ਲਈ ਤਿਆਰ ਹਨ।

ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਸੂਬੇ ਦੀਆਂ ਸਰਕਾਰਾਂ ਦੀ ਪੰਜਾਬ ਵਿਰੋਧੀ ਨੀਤੀਆਂ ਕਰ ਕੇ 18000 ਸਨਅਤ ਪੰਜਾਬ ਤੋਂ ਬਾਹਰ ਚਲੀ ਗਈ। 'ਜੇਕਰ ਧਰਤੀ ਦਾ ਪਾਣੀ ਨਾ ਸਾਂਭਿਆ ਗਿਆ ਤਾਂ 25 ਸਾਲਾਂ ਵਿੱਚ ਪੰਜਾਬ ਬੰਜਰ ਹੋ ਜਾਵੇਗਾ।' ਉਨ੍ਹਾਂ ਕਿਹਾ ਕਿ ਸੂਬੇ ਵਿਚ ਅਤਿਵਾਦ ਕੇਂਦਰ ਸਰਕਾਰ ਦੀ ਸਾਜ਼ਿਸ਼ ਦਾ ਨਤੀਜਾ ਸੀ।

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਅਚਾਨਕ ਰੈਲੀ ਵਿਚ ਪੁੱਜ ਕੇ ਪੀ.ਡੀ.ਏ. ਵਿਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਹ ਇਸ ਅਲਾਇੰਸ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣਗੇ। ਖਰੜ ਤੋਂ ਵਿਧਾਇਕ ਕੰਵਰ ਸੰਧੂ ਨੇ ਕਿਹਾ ਕਿ ਉਨ੍ਹਾਂ ਦੇ ਸਾਥੀ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਕੇ ਸੂਬੇ ਦੇ ਲੋਕਾਂ 'ਤੇ ਜ਼ਿਮਨੀ ਚੋਣ ਨਹੀਂ ਥੋਪਣਾ ਚਾਹੁੰਦੇ ਸਗੋਂ ਉਹ ਇਸੇ ਤਰ੍ਹਾਂ ਹੀ ਲੋਕਾਂ ਦੇ ਭਲੇ ਲਈ ਕੰਮ ਕਰਦੇ ਰਹਿਣਗੇ।

## ਵਕੀਲ ਦਲਜੀਤ ਕੌਰ ਨੂੰ ਕਨਫਲੂਐਂਸ ਐਕਸੀਲੈਂਸ ਐਵਾਰਡ

**ਚੰਡੀਗੜ੍ਹ:** ਲੰਡਨ ਵਿਚ ਬਰਤਾਨੀਆ ਦੇ ਉਪਰਲੇ ਸੰਸਦ 'ਹਾਊਸ ਆਫ ਕਾਮਨਜ਼' ਵਿਚ ਵਿਸ਼ੇਸ਼ ਸਨਮਾਨ ਸਮਾਰੋਹ ਦੌਰਾਨ ਸਮਾਜ ਸੇਵਿਕਾ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਵਕੀਲ ਦਲਜੀਤ ਕੌਰ ਨੂੰ 'ਕਨਫਲੂਐਂਸ ਐਕਸੀਲੈਂਸ ਐਵਾਰਡ' ਦਿੱਤਾ ਗਿਆ। ਇਹ ਸਨਮਾਨ ਲਾਰਡ ਰਾਜ ਲੂੰਬਾ ਵੱਲੋਂ ਬੈਰੋਨੈਸ ਸੰਦੀਪ ਵਰਮਾ ਤੇ ਨਵਨੀਤ ਢੋਲਕੀਆ ਸਣੇ ਪਰਵਾਸੀ ਭਾਰਤੀ ਲੇਖਕ ਫਾਰੂਖ ਧੌਂਦੀ ਅਤੇ ਗੁਜਰਾਤ ਵਿਚ ਬਰਤਾਨਵੀ ਉਪ ਹਾਈ ਕਮਿਸ਼ਨਰ ਜ਼ਿਓਫ ਵੇਨ ਦੀ ਹਾਜ਼ਰੀ ਵਿਚ ਦਿੱਤਾ ਗਿਆ।

ਇਹ ਐਵਾਰਡ ਦਲਜੀਤ ਕੌਰ ਵੱਲੋਂ ਐਨ.ਆਰ.ਆਈ. ਵਿਆਹਾਂ ਦੇ ਮੁੱਦੇ ਨੂੰ ਲੈ ਕੇ ਦੇਸ਼-ਵਿਦੇਸ਼ ਵਿਚ ਜਾਗਰੂਕਤਾ ਫੈਲਾਉਣ ਅਤੇ ਪੀੜਤ ਲੜਕੀਆਂ ਦੇ ਹਿੱਤਾਂ ਲਈ ਕੰਮ ਕਰਨ ਬਦਲੇ ਦਿੱਤਾ ਗਿਆ। ਐਵਾਰਡ ਪ੍ਰਾਪਤ ਕਰਨ ਮੌਕੇ ਉਨ੍ਹਾਂ ਦੱਸਿਆ ਕਿ ਪਰਵਾਸੀ ਲਾੜਿਆਂ ਦੇ ਵਿਆਹਾਂ ਦੇ ਮੁੱਦੇ ਨੂੰ ਲੈ ਕੇ ਸਾਲ 2002 ਵਿਚ ਉਨ੍ਹਾਂ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਯਾਦ ਪੱਤਰ ਦਿੱਤਾ ਸੀ। ਇਸ ਤੋਂ ਬਾਅਦ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਇਸ ਮੁੱਦੇ ਨੂੰ ਹੁੰਗਾਰਾ ਮਿਲਿਆ।



## ਜੀ. ਕੇ. ਅਤੇ ਹੋਰਨਾਂ 'ਤੇ 7 ਜਨਵਰੀ ਤੱਕ ਕੇਸ ਦਰਜ ਕਰਨ 'ਤੇ ਰੋਕ

**ਨਵੀਂ ਦਿੱਲੀ:** ਸੈਸ਼ਨ ਅਦਾਲਤ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਹੋਰਨਾਂ ਖਿਲਾਫ਼ ਮਾਮਲਾ ਦਰਜ ਕਰਨ 'ਤੇ 7 ਜਨਵਰੀ 2019 ਤੱਕ ਰੋਕ ਲਗਾ ਦਿੱਤੀ ਹੈ। ਇਸ ਤੋਂ ਪਹਿਲਾਂ ਪਟਿਆਲਾ ਹਾਊਸ ਕੋਰਟ ਵੱਲੋਂ ਦਿੱਲੀ ਪੁਲਿਸ ਨੂੰ ਜੀ.ਕੇ. ਤੇ ਹੋਰਨਾਂ ਖਿਲਾਫ਼ 24 ਘੰਟੇ ਅੰਦਰ ਮਾਮਲਾ ਦਰਜ ਕਰਨ ਦਾ ਹੁਕਮ ਸੁਣਾਇਆ ਸੀ ਪਰ ਦਿੱਲੀ ਕਮੇਟੀ ਦੇ ਸਾਬਕਾ ਜਨਰਲ ਮੈਨੇਜਰ ਹਰਜੀਤ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਫਿਲਹਾਲ ਜੀ.ਕੇ. ਅਤੇ ਹੋਰਨਾਂ ਖਿਲਾਫ਼ 7 ਜਨਵਰੀ ਤੱਕ ਮਾਮਲਾ ਦਰਜ ਕਰਨ 'ਤੇ ਰੋਕ ਲਗਾ ਦਿੱਤੀ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 7 ਜਨਵਰੀ ਨੂੰ ਹੋਵੇਗੀ।

# ਬਰਗਾੜੀ ਮੋਰਚੇ ਦੀ ਸਮਾਪਤੀ ਬਾਰੇ ਫੈਸਲਾ ਸਵਾਲਾਂ ਦੇ ਘੇਰੇ ਵਿਚ

**ਅੰਮ੍ਰਿਤਸਰ:** ਬਰਗਾੜੀ ਇਨਸਾਫ ਮੋਰਚਾ ਦੇ ਲੀਡਰ ਦੋਫਾੜ ਹੋ ਗਏ ਹਨ। ਇਸ ਨਾਲ ਸਿੱਖ ਸੰਗਤਾਂ ਵੀ ਨਿਰਾਸ਼ ਹਨ। ਦਰਅਸਲ, ਬਰਗਾੜੀ ਇਨਸਾਫ ਮੋਰਚਾ ਖਤਮ ਕਰਨ ਬਾਰੇ ਫੈਸਲੇ ਨੂੰ ਲੈ ਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ



ਮੰਡ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਵਿਚਾਲੇ ਮਤਭੇਦ ਹੋ ਗਿਆ ਹੈ। ਜਥੇਦਾਰ ਦਾਦੂਵਾਲ ਨੇ ਰੋਸ ਪ੍ਰਗਟ ਕਰਦਿਆਂ ਜਥੇਦਾਰ ਮੰਡ ਦੇ ਬਰਗਾੜੀ ਮੋਰਚਾ ਖਤਮ ਕਰਨ ਦੇ ਫੈਸਲੇ ਨੂੰ ਨਾਦਰਸ਼ਾਹੀ ਕਰਾਰ ਦਿੱਤਾ ਹੈ।

ਉਨ੍ਹਾਂ ਸੰਕੇਤ ਦਿੱਤਾ ਕਿ ਉਹ ਇਸ ਸੰਘਰਸ਼ ਨੂੰ ਆਪਣੇ ਤੌਰ 'ਤੇ ਵੱਖ ਰੂਪ ਵਿਚ ਅਗਾਂਹ ਚਲਾਉਣਗੇ। ਹਾਲਾਂ ਕਿ ਇਕ ਸਮਾਂ ਸੀ ਕਿ ਬਰਗਾੜੀ ਮੋਰਚੇ ਦੀ ਚੜ੍ਹਤ ਵਿਚੋਂ ਪੰਜਾਬੀਆਂ ਖਾਸ ਕਰ ਸਿੱਖਾਂ ਦੀਆਂ ਆਸ਼ਾਵਾਂ ਪੂਰੀਆਂ ਕਰਨ ਵਾਲੀ ਕੋਈ ਪਾਰਟੀ ਨਿਕਲਦੀ ਨਜ਼ਰ ਆ ਰਹੀ ਸੀ। ਭਾਈ ਧਿਆਨ ਸਿੰਘ ਮੰਡ ਨੇ ਤਾਂ ਇਥੋਂ ਤੱਕ ਬਿਆਨ ਦੇ ਦਿੱਤਾ ਸੀ ਕਿ ਬਰਗਾੜੀ ਮੋਰਚਾ ਭਾਵੇਂ ਬਿਨਾਂ ਕੋਈ ਜਥੇਬੰਦੀ ਬਣਾਏ 2019 ਦੀਆਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦੇਵੇ ਤਾਂ ਲੋਕ ਉਨ੍ਹਾਂ ਨੂੰ ਆਪੇ ਹੀ ਜਿਤਾ ਦੇਣਗੇ। ਪਰ ਹੌਲੀ-ਹੌਲੀ ਬਰਗਾੜੀ ਮੋਰਚੇ ਨੇ ਆਪਣੀ ਚੜ੍ਹਤ ਗੁਆ ਲਈ ਹੈ। ਇਹ ਨਹੀਂ ਕਿ ਬਰਗਾੜੀ ਮੋਰਚੇ ਦੀ ਕੋਈ ਪ੍ਰਾਪਤੀ ਹੀ ਨਹੀਂ।

ਬਰਗਾੜੀ ਮੋਰਚੇ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਕਰੀਬ 27 ਵਿਅਕਤੀ ਜੇਲ੍ਹਾਂ ਵਿਚ ਪੁੱਜੇ ਹਨ। ਅਜੇ ਇਕ ਭਗੌੜਾ ਹੈ ਤੇ ਕੁਝ ਮਹੱਤਵਪੂਰਨ ਵਿਅਕਤੀਆਂ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਬੇਅਦਬੀ ਦਾ ਵਿਰੋਧ ਕਰਦੇ ਮਾਰੇ ਗਏ ਤੇ ਜ਼ਖ਼ਮੀਆਂ ਨੂੰ ਠੀਕ ਮੁਆਵਜ਼ਾ ਮਿਲਿਆ ਹੈ। ਗੋਲੀ ਚਲਾਉਣ ਵਾਲੇ ਪੁਲਿਸ ਅਧਿਕਾਰੀਆਂ ਦੇ ਨਾਂ ਐਫ.ਆਈ.ਆਰ. ਵਿਚ ਦਰਜ ਹੋਏ ਹਨ। ਇਸ ਸਬੰਧ ਵਿਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਅਕਸ਼ੈ ਕੁਮਾਰ ਅਤੇ ਕੁਝ ਹੋਰ ਨਾਮਵਰ ਵਿਅਕਤੀਆਂ ਨੂੰ ਜਾਂਚ ਦੇ ਘੇਰੇ ਵਿਚ ਲਿਆ ਗਿਆ ਹੈ। ਪਰ ਇਹ ਬਰਗਾੜੀ ਮੋਰਚੇ ਦੀ ਮੁਕੰਮਲ ਜਿੱਤ ਨਹੀਂ। ਮੋਰਚੇ ਨੂੰ ਖਤਮ ਕਰਨ ਸਮੇਂ ਕਾਹਲੀ ਕੀਤੀ ਗਈ ਤੇ ਬਹੁਤ ਸਾਰੀਆਂ ਧਿਰਾਂ ਨੂੰ ਵਿਸ਼ਵਾਸ ਵਿਚ ਵੀ ਨਹੀਂ ਲਿਆ ਗਿਆ।

ਮੋਰਚੇ ਦੀ ਤੀਸਰੀ ਮੰਗ ਜੋ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਸਬੰਧੀ ਸੀ, ਉਹ ਵੀ ਅਜੇ ਅਧਵਾਟੇ ਹੀ ਹੈ। ਇਸ ਤਰ੍ਹਾਂ ਦੀ ਸਥਿਤੀ ਨੇ ਮੋਰਚਾ ਚਲਾਉਣ ਵਾਲੀਆਂ ਧਿਰਾਂ ਨੂੰ ਹੀ ਲੋਕ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਉਪਰੋਂ ਆਪਸ ਵਿਰੋਧੀ ਬਿਆਨਬਾਜ਼ੀ, ਇਨ੍ਹਾਂ ਮੋਰਚਾ ਚਲਾਉਣ ਵਾਲੀਆਂ ਧਿਰਾਂ ਦੇ ਅਕਸ ਨੂੰ ਖਰਾਬ ਕਰ ਰਹੀ ਹੈ। ਭਾਵੇਂ ਸਰਕਾਰ ਦੇ ਮੰਤਰੀ ਮੋਰਚਾ ਖਤਮ ਕਰਵਾਉਣ ਲਈ ਬਰਗਾੜੀ ਆਏ ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਨੂੰ ਆਉਣ ਲਈ ਮਨਾਉਣ ਵਾਸਤੇ ਵੀ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ ਵੱਲੋਂ ਪਹੁੰਚ ਕੀਤੀ ਗਈ ਸੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਮੋਰਚਾ ਖਤਮ ਕਰ ਦਿੱਤਾ ਗਿਆ। ਪਰ ਇਸ ਪਿਛੋਂ ਅਜਿਹੀਆਂ ਸਥਿਤੀਆਂ ਬਣਦੀਆਂ ਦਿਖਾਈ ਦੇ ਰਹੀਆਂ ਹਨ, ਉਹ ਇਹੀ ਪ੍ਰਭਾਵ ਦੇ ਰਹੀਆਂ ਹਨ ਕਿ ਬਰਗਾੜੀ ਮੋਰਚੇ ਵਿਚੋਂ ਸਿੱਖਾਂ ਦੀ ਕਿਸੇ ਸਰਬ ਪ੍ਰਵਾਨਿਤ ਜਥੇਬੰਦੀ ਦੇ ਉੱਭਰਨ ਦੀ ਬਹੁਤੀ ਆਸ ਨਹੀਂ ਹੈ।

**ਮੋਰਚਾ ਸਰਕਾਰ ਨੇ ਲਵਾਇਆ ਤੇ ਸਰਕਾਰ ਨੇ ਹੀ ਚੁਕਵਾਇਆ: ਬਾਦਲ**

**ਮਲੋਟ:** ਸਾਬਕਾ ਮੁੱਖ ਮੰਤਰੀ ਤੇ ਅਕਾਲੀ ਦਲ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਬਰਗਾੜੀ ਸਾਹਿਬ ਦੇ ਮੋਰਚੇ ਬਾਰੇ ਕਿਹਾ ਕਿ ਇਹ ਮੋਰਚਾ ਸਰਕਾਰ ਨੇ ਲਵਾਇਆ ਸੀ ਅਤੇ ਸਰਕਾਰ ਨੇ ਚੁਕਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਲਾਂਘਾ ਸੰਗਤਾਂ ਦੀ ਅਰਦਾਸ ਨਾਲ ਖੁੱਲ੍ਹ ਰਿਹਾ ਹੈ, ਕਿਸੇ ਨੂੰ ਵੀ ਆਪਣੇ ਸਿਰ ਸਿਹਰਾ ਨਹੀਂ ਲੈਣਾ ਚਾਹੀਦਾ।

# ਜੱਸੀ ਦੇ ਕਾਤਲਾਂ ਨੂੰ ਫੜਨ ਕੈਨੇਡਾ ਜਾਵੇਗੀ ਪੰਜਾਬ ਪੁਲਿਸ

**ਚੰਡੀਗੜ੍ਹ:** ਅਣਖ ਖਾਤਰ ਕਤਲ ਕੀਤੀ ਜਸਵਿੰਦਰ ਕੌਰ ਸਿੱਧੂ ਉਰਫ ਜੱਸੀ ਦੇ ਕਤਲ ਦੇ ਮੁਲਜ਼ਮ ਉਸ ਦੀ ਮਾਂ ਤੇ ਮਾਮੇ ਨੂੰ ਭਾਰਤ ਲਿਆਉਣ ਲਈ ਪੰਜਾਬ ਪੁਲਿਸ ਦੀ ਟੀਮ ਕੈਨੇਡਾ ਜਾਵੇਗੀ। ਦਰਅਸਲ, ਕੈਨੇਡਾ ਦੀ ਅਦਾਲਤ ਨੇ ਮਲਕੀਤ ਕੌਰ ਤੇ ਉਸ ਦੇ ਭਰਾ ਸੁਰਜੀਤ ਬਦੇਸ਼ਾ ਵੱਲੋਂ ਭਾਰਤ ਵਾਪਸ ਨਾ ਭੇਜਣ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਹੈ।



ਪੰਜਾਬ ਪੁਲਿਸ ਮੁਖੀ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਕਿਹਾ ਹੈ ਕਿ ਉਹ ਛੇਤੀ ਹੀ ਟੀਮ ਬਣਾ ਕੇ ਕੈਨੇਡਾ ਭੇਜਣਗੇ ਤਾਂ ਜੋ ਦੋਵਾਂ ਮੁਲਜ਼ਮਾਂ ਨੂੰ ਵਾਪਸ ਭਾਰਤ ਲਿਆਂਦਾ ਜਾ ਸਕੇ।

ਜਸਵਿੰਦਰ ਸਿੱਧੂ ਨੇ ਮਈ 2000 'ਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਾਉਂਕੇ ਖੋਸਾ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਉਰਫ ਮਿੱਠੂ ਨਾਲ ਵਿਆਹ ਕਰਵਾ ਲਿਆ ਸੀ। ਇਸ ਪਿਛੋਂ ਕੈਨੇਡਾ ਦੀ ਜੰਮਪਲ 25 ਸਾਲਾ ਜਸਵਿੰਦਰ ਸਿੱਧੂ ਦੀ ਗਲ ਵੱਢੀ ਲਾਸ਼ ਬਰਾਮਦ ਹੋਈ ਸੀ। ਪੁਲਿਸ ਮੁਤਾਬਕ ਜੱਸੀ ਤੇ ਮਿੱਠੂ ਨੂੰ ਅਣਖ ਖਾਤਰ ਕਤਲ ਕਰਨ ਲਈ ਸੁਪਾਰੀ ਦਿੱਤੀ ਗਈ ਸੀ, ਪਰ ਮਿੱਠੂ ਬਚ ਗਿਆ ਸੀ। ਹੁਣ ਇਸੇ ਅਣਖ ਖਾਤਰ ਕਤਲ ਦੇ ਮਾਮਲੇ 'ਚ ਜੱਸੀ ਦੀ ਮਾਂ ਮਲਕੀਤ ਕੌਰ (65) ਤੇ ਉਸ ਦੇ ਮਾਮੇ ਸੁਖਵਿੰਦਰ ਸਿੰਘ ਨੂੰ ਪੰਜਾਬ ਲਿਆਂਦਾ ਜਾਵੇਗਾ।


## ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
49-52

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਰਤਾਨਵੀ ਸਿੱਖ ਸੰਸਦ ਮੈਂਬਰਾਂ ਨੇ ਮੁਹਿੰਮ ਭਖਾਈ

**ਲੰਡਨ:** ਬਰਤਾਨਵੀ ਸੰਸਦ ਮੈਂਬਰਾਂ ਦੇ ਇਕ ਸਮੂਹ ਨੇ ਯੂ.ਕੇ. ਵਿਚ 2021 ਵਿਚ ਹੋਣ ਵਾਲੀ ਮਰਦਮਸ਼ੁਮਾਰੀ ਮੌਕੇ ਸਿੱਖ ਧਰਮ ਲਈ ਜਨਗਣਨਾ ਫਾਰਮ ਵਿਚ ਵੱਖਰਾ ਕਾਲਮ ਸ਼ਾਮਲ ਕੀਤੇ ਜਾਣ ਲਈ ਹਮਾਇਤ ਜੁਟਾਉਣ ਦੇ ਇਰਾਦੇ ਨਾਲ ਮੁਹਿੰਮ ਸ਼ੁਰੂ ਕੀਤੀ ਹੈ, ਜੋ ਸਾਲ ਭਰ ਚੱਲੇਗੀ। ਹਾਲਾਂਕਿ ਮੁਲਕ ਦਾ ਅੰਕੜਾ ਵਿਭਾਗ ਸਿੱਖਾਂ ਦੀ ਇਸ ਮੰਗ 'ਲੋੜ ਨਹੀਂ' ਦੱਸ ਕੇ ਖਾਰਜ ਕਰ ਚੁੱਕਾ ਹੈ, ਜਿਸ ਕਰਕੇ ਮੁਹਿੰਮ ਨੂੰ ਭਖਾਉਣ ਦੀ ਲੋੜ ਪਈ ਹੈ।

ਬਰਤਾਨਵੀ ਸਿੱਖਾਂ ਦੇ ਸਰਬ ਪਾਰਟੀ ਸੰਸਦੀ ਸਮੂਹ (ਏ.ਪੀ.ਪੀ.ਜੀ.) ਨੇ ਕੌਮੀ ਅੰਕੜਾ ਦਫ਼ਤਰ (ਓ.ਐਨ.ਐਸ.) 'ਤੇ ਦੋਸ਼ ਲਾਇਆ ਹੈ ਕਿ ਸਿੱਖ ਭਾਈਚਾਰੇ ਵੱਲੋਂ ਵਧੀਕ ਸ਼੍ਰੇਣੀ ਦੀ ਮੰਗ ਲਈ 'ਵਧ ਚੜ੍ਹ ਕੇ' ਜੁਟਾਈ ਹਮਾਇਤ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸਮੂਹ ਨੇ ਕਿਹਾ ਕਿ ਜਨਗਣਨਾ ਫਾਰਮ ਵਿਚ ਸਿੱਖ ਧਰਮ ਲਈ ਵੱਖਰੇ ਕਾਲਮ ਦੀ ਮੰਗ ਕੀਤੇ ਜਾਣ ਪਿੱਛੇ ਮੁੱਖ ਆਸਾ ਬਰਤਾਨਵੀ ਸਿੱਖਾਂ ਨਾਲ ਨਿਰਪੱਖ ਵਤੀਰਾ ਯਕੀਨੀ ਬਣਾਉਣ ਦੇ ਨਾਲ ਭਾਈਚਾਰੇ ਨੂੰ ਦਰਪੇਸ਼ ਨਸਲੀ ਵਿਤਕਰੇ ਦੀਆਂ ਘਟਨਾਵਾਂ ਨੂੰ ਮੁਖਾਤਬ ਹੋਣਾ ਹੈ। ਲੇਬਰ ਪਾਰਟੀ ਦੀ ਐਮ.ਪੀ. ਤੇ ਏ.ਪੀ.ਪੀ.ਜੀ. ਦੀ ਮੁਖੀ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਓ.ਐਨ.ਐਸ. ਨੇ ਸਫ਼ੇਦ ਪੇਪਰ 'ਤੇ ਜਿਹੜੀ ਸੱਜਰੀ ਤਜਵੀਜ਼ ਰੱਖੀ ਹੈ, ਉਸ ਨਾਲ ਦਫ਼ਤਰ ਖਿਲਾਫ਼ ਕਾਨੂੰਨੀ ਕਾਰਵਾਈ ਦਾ ਰਾਹ ਖੁੱਲ੍ਹ ਗਿਆ ਹੈ ਤੇ ਇਹ ਸਿੱਖਾਂ ਖਿਲਾਫ਼ ਸੰਸਥਾਗਤ ਵਿਤਕਰੇ ਦੇ ਦਾਅਵੇ ਦੀ ਵੀ ਪੁਸ਼ਟੀ ਕਰਦਾ ਹੈ। ਗਿੱਲ ਨੇ ਕਿਹਾ ਕਿ ਐਮ.ਪੀ.ਜ਼ ਨੇ ਗੁਰਦੁਆਰਿਆਂ, ਸਿੱਖ ਜਥੇਬੰਦੀਆਂ ਤੇ ਭਾਈਚਾਰੇ ਦੀ ਹਮਾਇਤ ਨਾਲ ਸਾਲ ਭਰ ਚੱਲਣ ਵਾਲੀ ਕੌਮੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ ਤਾਂ ਕਿ ਮਰਦਮਸ਼ੁਮਾਰੀ ਆਡਰ 2019 ਨੂੰ ਹਾਊਸ ਆਫ ਕਾਮਨਜ਼ ਵਿਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਸਿੱਖ ਧਰਮ ਬਾਰੇ ਵੱਖਰਾ ਕਾਲਮ ਜਨਗਣਨਾ ਫਾਰਮ ਵਿਚ ਸ਼ਾਮਲ ਕੀਤਾ ਜਾ ਸਕੇ।

# 102 ਸਾਲਾ ਬੇਬੇ ਨੇ 14000 ਫੁੱਟ ਤੋਂ ਮਾਰੀ ਛਾਲ

**ਸਿਡਨੀ:** ਆਸਟਰੇਲੀਆ ਦੇ ਐਡੀਲੇਡ 'ਚ ਰਹਿਣ ਵਾਲੀ 102 ਸਾਲ ਦੀ ਆਈਰੀਨ ਓ'ਸ਼ੀਆ ਦੁਨੀਆਂ ਦੀ ਸਭ ਤੋਂ ਵਧੇਰੇ ਉਮਰ ਦੀ ਸਕਾਈਡਾਈਵਰ ਬਣ ਗਈ ਹੈ। ਉਸ ਨੇ ਜਹਾਜ਼ ਵਿਚੋਂ 14,000 ਫੁੱਟ ਦੀ ਉਚਾਈ ਤੋਂ ਛਾਲ ਮਾਰ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਛਾਲ ਮਾਰਨ ਵੇਲੇ ਆਈਰੀਨ ਦੀ ਰਫਤਾਰ 220 ਕਿਲੋਮੀਟਰ ਪ੍ਰਤੀ ਘੰਟਾ ਸੀ, ਜਿਸ ਤੋਂ ਬਾਅਦ ਵੀ ਉਸ ਨੇ ਕਾਮਯਾਬ ਲੈਂਡਿੰਗ ਕੀਤੀ।

ਆਈਰੀਨ ਨੇ ਪਹਿਲੀ ਵਾਰ ਇਹ ਕਾਰਨਾਮਾ ਆਪਣੇ 100ਵੇਂ ਜਨਮ ਦਿਨ ਮੌਕੇ ਕੀਤਾ ਸੀ। ਆਈਰੀਨ ਮੁਤਾਬਕ, ਤੀਜੀ ਵਾਰ ਸਕਾਈਡਾਈਵਿੰਗ ਲਈ ਉਹ ਨਾਰਮਲ ਸੀ ਤੇ ਉਸ ਨੂੰ ਬਿਲਕੁਲ ਡਰ ਨਹੀਂ ਲੱਗਿਆ। ਇਸ ਦੇ ਨਾਲ ਹੀ ਆਈਰੀਨ ਨੇ ਦਾਅਵਾ ਕੀਤਾ ਹੈ ਕਿ ਇਹ ਉਸ ਦੀ ਆਖਰੀ ਛਾਲ ਨਹੀਂ ਸੀ। ਹੁਣ ਉਹ 105 ਸਾਲ ਦੀ ਹੋ ਕੇ ਵੀ ਸਕਾਈਡਾਈਵਿੰਗ ਕਰੇਗੀ। ਆਈਰੀਨ ਸਕਾਈਡਾਈਵਿੰਗ ਕਿਸੇ ਰਿਕਾਰਡ ਨੂੰ ਬਣਾਉਣ ਲਈ ਨਹੀਂ ਸਗੋਂ ਇਸ ਨਾਲ ਉਹ ਮੋਟਰ ਨਿਊਰਾਨ ਬਿਮਾਰੀ ਨਾਲ ਪੀੜਤਾਂ 'ਤੇ ਰਿਸਰਚ ਲਈ ਪੈਸੇ ਇਕੱਠੇ ਕਰਨਾ ਚਾਹੁੰਦੀ ਹੈ। ਇਸੇ ਬਿਮਾਰੀ ਨਾਲ 67 ਸਾਲ ਦੀ ਉਮਰ 'ਚ ਉਸ ਦੀ ਧੀ ਦੀ ਮੌਤ ਹੋ ਗਈ ਸੀ। 2016 ਵਿਚ ਸਕਾਈਡਾਈਵਿੰਗ ਨਾਲ ਉਸ ਨੇ 12 ਹਜ਼ਾਰ ਡਾਲਰ ਕਰੀਬ 8.5 ਲੱਖ ਰੁਪਏ ਇਕੱਠੇ ਕੀਤੇ ਸੀ। 102 ਸਾਲ ਦੀ ਉਮਰ 'ਚ ਵੀ ਆਈਰੀਨ ਆਪਣੇ ਸਾਰੇ ਕੰਮ ਆਪ ਹੀ ਕਰਦੀ ਹੈ। ਇੰਨਾ ਹੀ ਨਹੀਂ ਉਹ ਆਪਣੀ ਕਾਰ ਵੀ ਆਪ ਹੀ ਚਲਾਉਂਦੀ ਹੈ। ਆਈਰੀਨ ਨੇ ਸਕਾਈਡਾਈਵਿੰਗ ਨਾਲ ਨਿਊਜਰਸੀ 'ਚ ਰਹਿਣ ਵਾਲੇ ਮੇਅਰ ਕੇਨੇਥ ਦਾ ਰਿਕਾਰਡ ਤੋੜਿਆ ਹੈ। ਉਹ ਮੇਅਰ ਤੋਂ 21 ਦਿਨ ਵੱਡੀ ਹੈ।

# ਕੈਪਟਨ ਵੱਲੋਂ ਐਸ.ਐਫ.ਜੇ. ਤੇ ਆਈ.ਐਸ.ਆਈ. ਦੀ ਗੰਢਤੁੱਪ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਖਜ਼ ਫਾਰ ਜਸਟਿਸ (ਐਸ.ਐਫ.ਜੇ.) ਵੱਲੋਂ ਪੰਜਾਬ ਨੂੰ ਭਾਰਤ ਤੋਂ 'ਆਜ਼ਾਦ' ਕਰਾਉਣ ਲਈ ਪਾਕਿਸਤਾਨ ਦੀ ਮਦਦ ਮੰਗਣ ਬਾਰੇ ਦਿੱਤੇ ਬਿਆਨ ਨਾਲ ਇਸ ਜਥੇਬੰਦੀ ਦੇ ਇਰਾਦਿਆਂ ਅਤੇ ਪਾਕਿਸਤਾਨੀ ਫ਼ੌਜ ਅਤੇ ਆਈ.ਐਸ.ਆਈ. ਨਾਲ ਗੰਢਤੁੱਪ ਦਾ ਪਰਦਾਫਾਸ਼ ਹੋ ਗਿਆ ਹੈ।

ਗੁਰਪਤਵੰਤ ਸਿੰਘ ਪੰਨੂ ਦੇ ਇਕ ਬਿਆਨ 'ਤੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਇਹ ਹੁਣ ਪ੍ਰਤੱਖ ਰੂਪ ਵਿਚ ਸਾਹਮਣੇ ਆਇਆ ਹੈ ਕਿ ਐਸ.ਐਫ.ਜੇ. ਵੱਲੋਂ ਪਾਕਿਸਤਾਨੀ ਫ਼ੌਜ ਅਤੇ ਆਈ.ਐਸ.ਆਈ. ਦੇ ਸਮਰਥਨ ਨਾਲ ਭਾਰਤੀ ਪੰਜਾਬ ਵਿਚ ਗੜਬੜ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਐਸ.ਐਫ.ਜੇ. ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਕਰਤਾਰਪੁਰ ਕਨਵੈਨਸ਼ਨ-2019' ਕਰਵਾਉਣ ਦੀ ਯੋਜਨਾ 'ਤੇ ਵੀ ਸਖਤ ਪ੍ਰਤੀਕਿਰਿਆ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫੈਸਲਾ ਐਸ.ਐਫ.ਜੇ. ਸਮੇਤ ਭਾਰਤ ਵਿਰੋਧੀ ਤਾਕਤਾਂ ਦੀ ਮਦਦ ਕਰਨ ਬਾਰੇ ਆਈ.ਐਸ.ਆਈ. ਦੀ ਸਾਜ਼ਿਸ਼ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਇਕ ਵਾਰ ਮੁੜ ਸਿੱਧ ਹੋ ਗਿਆ ਹੈ ਕਿ ਪਾਕਿਸਤਾਨ ਸਰਕਾਰ ਕਠਪੁਤਲੀ ਸ਼ਾਸਨ ਵਾਂਗ ਹਮੇਸ਼ਾ ਹੀ ਉਥੋਂ ਦੀ ਫ਼ੌਜ ਦੇ ਇਸ਼ਾਰੇ 'ਤੇ ਕੰਮ ਕਰਦੀ ਰਹੀ ਹੈ।

ਉਨ੍ਹਾਂ ਕਿਹਾ ਕਿ ਉਹ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਦੀ ਪੂਰਤੀ ਲਈ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਪੂਰੀ ਤਰ੍ਹਾਂ ਹੱਕ ਵਿਚ ਹਨ, ਪਰ ਉਹ ਇਸ ਉਪਰਾਲੇ ਦੀ ਦੁਰਵਰਤੋਂ ਦਾ ਵਿਰੋਧ ਕਰ ਰਹੇ ਹਨ। ਜੇਕਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਸੱਚੇ ਦਿਲੋਂ ਇਸ ਲਾਂਘੇ ਰਾਹੀਂ ਭਾਰਤ ਨਾਲ ਸ਼ਾਂਤੀ ਦੇ ਦਰਵਾਜ਼ੇ ਖੋਲ੍ਹਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਨਾ ਸਿਰਫ ਐਸ. ਐਫ. ਜੇ. ਦੇ ਬਿਆਨ ਦੀ ਸਪੱਸ਼ਟ ਨਿੰਦਾ ਕਰਨੀ ਚਾਹੀਦੀ ਹੈ ਸਗੋਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਾਰਤ ਵਿਰੋਧੀ ਵੱਖਵਾਦੀ ਤਾਕਤ ਆਪਣੀ ਮੁਹਿੰਮ ਚਲਾਉਣ ਲਈ ਪਾਕਿਸਤਾਨ ਦੀ ਧਰਤੀ ਦੀ ਵਰਤੋਂ ਨਾ ਕਰੇ। ਉਨ੍ਹਾਂ ਪਾਕਿਸਤਾਨੀ ਨੇਤਾ ਨੂੰ 'ਕਰਤਾਰਪੁਰ ਸਾਹਿਬ ਕਨਵੈਨਸ਼ਨ-2019' ਕਰਵਾਉਣ ਤੋਂ ਵੀ ਰੋਕਣ ਲਈ ਆਖਿਆ।

# ਕੈਨੇਡਾ ਸਰਕਾਰ ਨੇ ਗਰਮਖਿਆਲ ਸਿੱਖਾਂ ਦੀ ਨਾਰਾਜ਼ਗੀ ਸਹੇੜੀ

*(ਸਫਾ ਇਕ ਦੀ ਬਾਕੀ)*

ਰਿਪੋਰਟ ਵਿਚ ਸੰਨ 1985 ਕਨਿਸ਼ਕ ਬੰਬ ਕਾਂਡ ਤੋਂ ਇਲਾਵਾ ਖ਼ਾਲਿਸਤਾਨ ਸਬੰਧੀ ਕਿਸੇ ਵੀ ਹਾਲੀਆ ਘਟਨਾ ਦਾ ਜ਼ਿਕਰ ਨਹੀਂ। ਰਿਪੋਰਟ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨੂੰ ਦੇਸ਼ ਦੀਆਂ ਅਪਰਾਧਿਕ ਜਥੇਬੰਦੀਆਂ ਵਿਚ ਰੱਖਿਆ ਗਿਆ ਹੈ।

ਰਿਪੋਰਟ ਦੇ ਆਉਣ ਤੋਂ ਬਾਅਦ ਸਿੱਖ ਵੱਖਵਾਦੀ ਸੰਗਠਨਾਂ ਵਲੋਂ ਵਿਰੋਧ ਦਾ ਪ੍ਰਗਟਾਵਾ ਸ਼ੁਰੂ ਹੋ ਗਿਆ ਹੈ। ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਪ੍ਰਧਾਨ ਮੁਖਬੀਰ ਸਿੰਘ ਨੇ ਕਿਹਾ ਹੈ ਕਿ ਕੈਨੇਡਾ ਸਰਕਾਰ ਦਾ ਇਹ ਕਦਮ ਨਿਰਾਸ਼ਾਜਨਕ ਹੈ। ਇਸ ਨਾਲ ਇਥੇ ਰਹਿਣ ਵਾਲੇ ਸਿੱਖਾਂ ਦੇ ਅਕਸ 'ਤੇ ਮਾੜਾ ਅਸਰ ਪਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਕੈਨੇਡਾ ਸਰਕਾਰ ਨੇ ਅਜਿਹਾ ਭਾਰਤ ਸਰਕਾਰ ਦੀ ਗੱਲ ਮੰਨਦਿਆਂ ਕੀਤਾ ਹੈ। ਲਿਬਰਲ ਪਾਰਟੀ ਦੇ ਸਰੀ ਕੇਂਦਰੀ ਹਲਕੇ ਤੋਂ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਨੇ ਸਿੱਖਾਂ ਨਾਲ ਅਜਿਹੇ ਸ਼ਬਦ ਜੋੜੇ ਜਾਣ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਸਰਾਏ ਨੇ ਕਿਹਾ ਕਿ ਕੈਨੇਡਾ ਵੱਸਦੇ ਸਿੱਖ ਅਮਨ-ਸ਼ਾਂਤੀ ਨਾਲ ਦੇਸ਼ ਨੂੰ ਆਪਣਾ ਘਰ ਸਮਝਦੇ ਹਨ। 31 ਸਫ਼ਿਆਂ ਦੀ ਰਿਪੋਰਟ ਨੂੰ ਘੋਖਣ ਤੋਂ ਬਾਅਦ ਇਹੀ ਪ੍ਰਭਾਵ ਬਣਦਾ ਹੈ ਕਿ ਲੋਕਾਂ ਦਾ ਸਿੱਖਾਂ ਬਾਰੇ ਗਲਤ ਨਜ਼ਰੀਆ ਬਣਿਆ ਹੋਇਆ ਹੈ, ਜਿਸ ਨੂੰ ਬਦਲਣ ਦੀ ਲੋੜ ਹੈ।

# ਕੁਫਰ ਟੁੱਟਾ ਖੁਦਾ ਖੁਦਾ ਕਰਕੇ...

*(ਸਫਾ ਇਕ ਦੀ ਬਾਕੀ)*

ਤੱਕ ਫਿਰਕੂ ਜਨੂੰਨ ਵਿਚ 2733 ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਘਰ ਤਬਾਹ ਕਰ ਦਿੱਤੇ ਗਏ। ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ 2000 ਤੋਂ ਵੱਧ ਸਿੱਖ ਮਾਰੇ ਗਏ ਸਨ। ਬੈਂਚ ਨੇ ਇਹ ਵੀ ਕਿਹਾ ਕਿ ਇਨ੍ਹਾਂ ਘਿਨਾਉਣੇ ਜੁਰਮਾਂ ਦੇ ਬਹੁਤੇ ਸਾਜ਼ਿਸ਼ਕਾਰੀਆਂ ਨੂੰ ਰਾਜਸੀ ਸਰਪ੍ਰਸਤੀ ਹਾਸਲ ਸੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਵੱਖ-ਵੱਖ ਏਜੰਸੀਆਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ।

ਯਾਦ ਰਹੇ ਕਿ ਸੰਨ 2000 ਵਿਚ ਬਣਾਏ ਗਏ ਨਾਨਾਵਤੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ 2005 ਵਿਚ ਸੀ.ਬੀ.ਆਈ. ਨੇ ਕੇਸ ਦਰਜ ਕੀਤਾ ਸੀ ਅਤੇ ਇਸ ਦਾ ਚਲਾਨ 2010 ਵਿਚ ਪੇਸ਼ ਕੀਤਾ ਗਿਆ। ਹੇਠਲੀ ਅਦਾਲਤ ਨੇ ਪੰਜ ਦੋਸ਼ੀਆਂ ਨੂੰ ਸਜ਼ਾ ਦਿੱਤੀ ਪਰ ਸੱਜਣ ਕੁਮਾਰ ਨੂੰ ਰਿਹਾਅ ਕਰ ਦਿੱਤਾ। ਹਾਈ ਕੋਰਟ ਨੇ ਸੱਜਣ ਕੁਮਾਰ ਦੇ ਨਾਲ ਨਾਲ ਦੋ ਹੋਰ ਵਿਧਾਇਕਾਂ ਮਹਿੰਦਰ ਯਾਦਵ ਤੇ ਕ੍ਰਿਸ਼ਨ ਖੋਖਰ ਨੂੰ ਦਸ-ਦਸ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਅਤੇ ਬਲਵਨ ਖੋਖਰ, ਭਾਗਮੱਲ ਤੇ ਗਿਰਧਾਰੀ ਲਾਲ ਨੂੰ ਉਮਰ ਕੈਦ ਦੀ ਸਜ਼ਾ ਬਹਾਲ ਰੱਖੀ ਹੈ। ਦਸੰਬਰ 2014 ਵਿਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾਈ ਗਈ ਜਿਸ ਨੇ 293 ਕੇਸਾਂ ਦੀ ਦੁਬਾਰਾ ਜਾਂਚ-ਪੜਤਾਲ ਕਰਨੀ ਸੀ।

ਅਗਸਤ 2017 ਵਿਚ ਇਸ 'ਸਿੱਟ' ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ 199 ਕੇਸਾਂ ਵਿਚ ਹੋਰ ਤਫਤੀਸ਼ ਕਰਨ ਦਾ ਕੋਈ ਫਾਇਦਾ ਨਹੀਂ ਅਤੇ ਇਨ੍ਹਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਉਤੇ ਸੁਪਰੀਮ ਕੋਰਟ ਨੇ 'ਸਿੱਟ' ਦੀ ਨਿਗਰਾਨੀ ਕਰਨ ਲਈ ਸੁਪਰੀਮ ਕੋਰਟ ਦੇ ਹੀ ਦੋ ਸੇਵਾ ਮੁਕਤ ਜੱਜਾਂ ਨੂੰ ਨਿਯੁਕਤ ਕੀਤਾ। ਇਨ੍ਹਾਂ ਕੇਸਾਂ ਦੀ ਲੰਬੇ ਸਮੇਂ ਤੋਂ ਪੈਰਵੀ ਕਰਨ ਰਹੇ ਐਡਵੋਕੇਟ ਐਚ.ਐਸ. ਫੂਲਕਾ ਅਨੁਸਾਰ 'ਸਿੱਟ' ਨੇ 280 ਕੇਸਾਂ ਵਿਚ ਕੋਈ ਖਾਸ ਕੰਮ ਨਹੀਂ ਕੀਤਾ ਤੇ ਸਿਰਫ 13 ਵਿਚ ਤਫਤੀਸ਼ ਕੀਤੀ ਹੈ ਅਤੇ ਪੰਜਾਂ ਵਿਚ ਚਲਾਨ ਪੇਸ਼ ਕੀਤਾ ਹੈ। ਸੱਜਣ ਕੁਮਾਰ ਤਿੰਨਾਂ ਕੇਸਾਂ ਵਿਚ ਨਾਮਜ਼ਦ ਦੋਸ਼ੀ ਹੈ। ਜਨਵਰੀ 2018 ਵਿਚ ਸੁਪਰੀਮ ਕੋਰਟ ਨੇ ਨਵੀਂ ਤਿੰਨ ਮੈਂਬਰੀ 'ਸਿੱਟ' ਬਣਾਈ ਪਰ ਉਸ ਦੇ ਕੰਮ ਦੀ ਰਫਤਾਰ ਵੀ ਤੇਜ਼ੀ ਵਾਲੀ ਨਹੀਂ।

## 33 ਐਨ. ਆਰ. ਆਈ. ਲਾੜਿਆਂ ਦੇ ਪਾਸਪੋਰਟ ਰੱਦ

**ਨਵੀਂ ਦਿੱਲੀ:** ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦਾ ਕਹਿਣਾ ਹੈ ਕਿ ਆਪਣੀਆਂ ਪਤਨੀਆਂ ਨੂੰ ਛੱਡਣ ਵਾਲੇ 33 ਐਨ.ਆਰ.ਆਈ. ਲਾੜਿਆਂ ਦੇ ਪਾਸਪੋਰਟ ਰੱਦ ਕੀਤੇ ਗਏ ਹਨ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਹੀ ਆਈ.ਐਨ.ਏ. ਫਰਾਰ ਲਾੜਿਆਂ ਨੂੰ ਲੁੱਕ ਆਊਟ ਨੋਟਿਸ ਜਾਰੀ ਕਰ ਰਹੀ ਹੈ ਅਤੇ ਹੁਣ ਤੱਕ 8 ਲੁੱਕ ਆਊਟ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ਤੇ ਵਿਦੇਸ਼ ਮੰਤਰਾਲੇ ਵੱਲੋਂ 33 ਫਰਾਰ ਲਾੜਿਆਂ ਦੇ ਪਾਸਪੋਰਟ ਰੱਦ ਕੀਤੇ ਜਾ ਚੁੱਕੇ ਹਨ। ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨੇ ਇਕ ਟਵੀਟ ਰਾਹੀਂ ਵੀ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਐਨ. ਆਰ. ਆਈ. ਵਿਆਹਾਂ 'ਚ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮਹਿਲਾ-ਬਾਲ ਵਿਕਾਸ ਮੰਤਰਾਲਾ ਅਤੇ ਰਾਸ਼ਟਰੀ ਮਹਿਲਾ ਕਮਿਸ਼ਨ ਹਰ ਸੰਭਵ ਯਤਨ ਕਰ ਰਿਹਾ ਹੈ।

# ਟੈਰੇਜ਼ਾ ਮੇਅ ਨੇ ਆਪਣੀ ਪਾਰਟੀ 'ਚ ਵਿਸ਼ਵਾਸ ਮੱਤ ਜਿੱਤਿਆ

**ਲੰਡਨ:** ਬਰਤਾਨੀਆ ਦੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਆਪਣੀ ਅਗਵਾਈ ਵਿਚ ਵਿਸ਼ਵਾਸ ਮਤ ਜਿੱਤ ਲਿਆ ਹੈ। ਕੰਜ਼ਰਵੇਟਿਵ ਪਾਰਟੀ ਦੇ ਕੁੱਲ 317 ਸੰਸਦ ਮੈਂਬਰਾਂ ਵਿਚੋਂ 200 ਨੇ ਉਨ੍ਹਾਂ ਦੇ ਪੱਖ ਵਿਚ ਵੋਟ ਦਿੱਤੇ ਜਦਕਿ 117 ਵੋਟਾਂ ਉਨ੍ਹਾਂ ਦੇ ਖਿਲਾਫ ਪਈਆਂ।

ਉਨ੍ਹਾਂ ਦੀ ਪਾਰਟੀ ਦੇ 48 ਸੰਸਦ ਮੈਂਬਰਾਂ ਨੇ ਅਵਿਸ਼ਵਾਸ ਪੱਤਰ ਦਿੱਤਾ ਸੀ, ਜਿਸ ਤੋਂ ਬਾਅਦ ਇਹ ਵਿਸ਼ਵਾਸ ਮਤ ਕਰਵਾਇਆ ਗਿਆ ਸੀ। ਮੇਅ ਨੇ ਨਤੀਜਿਆਂ ਦਾ ਐਲਾਨ ਹੋਣ ਤੋਂ ਤੁਰਤ ਬਾਅਦ ਡਾਊਨਿੰਗ ਸਟਰੀਟ ਦੇ ਬਾਹਰ ਇਕ ਬਿਆਨ 'ਚ ਕਿਹਾ, 'ਮੈਂ ਸਮਰਥਨ ਲਈ ਧੰਨਵਾਦੀ ਹਾਂ। ਮੇਰੇ ਕਈ ਸਹਿਯੋਗੀਆਂ ਨੇ ਮੇਰੇ ਖਿਲਾਫ ਵੋਟ ਦਿੱਤੀ ਅਤੇ ਉਨ੍ਹਾਂ ਨੇ ਜੋ ਕਿਹਾ, ਮੈਂ ਉਸ ਨੂੰ ਸੁਣਿਆ।' ਉਨ੍ਹਾਂ ਕਿਹਾ ਕਿ ਇਸ ਵੋਟਿੰਗ ਪਿਛੋਂ ਸਾਨੂੰ ਬ੍ਰਿਟਿਸ਼ ਲੋਕਾਂ ਦੇ ਲਈ ਬ੍ਰੈਗਜ਼ਿਟ ਅਤੇ ਇਸ ਮੁਲਕ ਲਈ ਬਿਹਤਰ ਭਵਿੱਖ ਬਣਾਉਣ ਲਈ ਕੰਮ ਉਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਕਰਤਾਰਪੁਰ ਸਾਹਿਬ ਲਾਂਘੇ ‘ਤੇ ਸਿਆਸਤ ਮੁੜ ਭਖੀ

**ਚੰਡੀਗੜ੍ਹ:** ਕਰਤਾਰਪੁਰ ਸਾਹਿਬ ਲਾਂਘੇ ਬਾਰੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਨਾਲ ਸਿਆਸਤ ਮੁੜ ਭਖ ਗਈ ਹੈ। ਲਾਂਘਾ ਖੋਲ੍ਹਣ ਪਿੱਛੇ ਪਾਕਿਸਤਾਨੀ ਫ਼ੌਜ ਦੀ ਸਾਜ਼ਿਸ਼ ਵਾਲੇ ਬਿਆਨ ਦਾ ਪ੍ਰਭਾਵ ਇਹੀ ਲਿਆ ਗਿਆ ਕਿ ਕੈਪਟਨ ਲਾਂਘਾ ਖੋਲ੍ਹਣ ਦੇ ਹੱਕ ਵਿਚ ਨਹੀਂ ਹਨ। ਅਕਾਲੀ ਦਲ ਤੇ ਹੋਰ ਧਿਰਾਂ ਨੇ ਇਸ ਨੂੰ ਮੁੱਦਾ ਬਣਾ ਲਿਆ ਹੈ।

ਕੈਪਟਨ ਨੇ ਹਾਲਾਂਕਿ ਸਪੱਸ਼ਟੀਕਰਨ ਵੀ ਦਿੱਤਾ ਹੈ ਕਿ ਕਾਂਗਰਸ ਪਾਰਟੀ ਅਤੇ ਉਹ ਨਿੱਜੀ ਤੌਰ ਉਤੇ ਲਾਂਘਾ ਖੋਲ੍ਹਣ ਦੇ ਹੱਕ ਵਿਚ ਰਹੇ ਹਨ ਅਤੇ ਪਾਕਿਸਤਾਨੀ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੂੰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਤੱਕ ਵਾਅਦਾ ਪੂਰਾ ਕਰਨ ਦੀ ਅਪੀਲ ਵੀ ਕੀਤੀ ਹੈ, ਇਸ ਸਭ ਦੇ ਬਾਵਜੂਦ ਪਾਕਿਸਤਾਨ ਨਾਲ ਸਬੰਧਾਂ ਜਾਂ ਲਾਂਘੇ ਬਾਰੇ ਕੈਪਟਨ ਦੇ ਬਿਆਨ ਕਾਂਗਰਸ ਪਾਰਟੀ ਜਾਂ ਉਨ੍ਹਾਂ ਦੀ ਖ਼ੁਦ ਦੀ ਪੁਰਾਣੀ ਸਮਝ ਤੋਂ ਹਟ ਕੇ ਆਉਣ ਕਰਕੇ ਧਿਆਨ ਖਿੱਚਦੇ ਰਹੇ ਹਨ। ਕੈਪਟਨ ਵੱਲੋਂ 26 ਦਸੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਲਾਂਘਾ ਖੋਲ੍ਹਣ ਦੇ ਉਦਘਾਟਨ ਮੌਕੇ ਪਾਕਿਸਤਾਨੀ ਫ਼ੌਜ ਦੇ ਜਨਰਲ ਨੂੰ ਦਿੱਤੀਆਂ ਚਿਤਾਵਨੀਆਂ ਵੀ ਉਵੇਂ ਬੇਲੋੜੀਆਂ ਸਮਝੀਆਂ ਗਈਆਂ ਜਿਵੇਂ ਇਮਰਾਨ ਖਾਨ ਵੱਲੋਂ ਕਰਤਾਰਪੁਰ ਲਾਂਘੇ ਦੀ ਬੁਨਿਆਦ ਰੱਖਦੇ ਹੋਏ ਕਸ਼ਮੀਰ ਦਾ ਕੀਤਾ ਗਿਆ ਜ਼ਿਕਰ। ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਅਠਾਰਾਂ ਵਰ੍ਹੇ ਕਿਰਤ ਕਰਕੇ ਆਪਣੇ ਦਰਸ਼ਨ ਨੂੰ ਹਕੀਕੀ ਰੂਪ ਦਿੱਤਾ।



ਸਿੱਖ ਸੱਤ ਦਹਾਕਿਆਂ ਤੋਂ ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਅਰਦਾਸ ਕਰਦੇ ਆਏ ਹਨ ਤੇ ਕਈ ਵਾਰ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦੇ ਪੱਧਰ ਉੱਤੇ ਗੱਲਬਾਤ ਵੀ ਹੋਈ ਪਰ ਇਮਰਾਨ ਖਾਨ ਦੇ ਹਲਫ਼ਦਾਰੀ ਸਮਾਗਮ ਵਿਚ ਨਵਜੋਤ ਸਿੰਘ ਸਿੱਧੂ ਦੇ ਜਾਣ ਅਤੇ ਉੱਥੇ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਸਿੱਧੂ ਨੂੰ ਲਾਂਘਾ ਖੋਲ੍ਹਣ ਦੀ ਸੂਚਨਾ ਦਿੱਤੀ। ਭਾਰਤ ਵਾਲੇ ਪਾਸੇ ਬਹੁਤ ਸਾਰੇ ਲੋਕਾਂ ਨੇ ਸਿੱਧੂ ਅਤੇ ਬਾਜਵਾ ਦੀ ਜੱਫ਼ੀ ਨੂੰ ਹੀ ਮੁੱਦਾ ਬਣਾ ਲਿਆ। ਇਸੇ ਦੌਰਾਨ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਦੇ ਪੱਧਰ ਉੱਤੇ ਗੱਲਬਾਤ ਹੋਈ ਤੇ ਲਾਂਘਾ ਖੋਲ੍ਹਣ ਦਾ ਉਦਘਾਟਨੀ ਦਿਨ ਵੀ ਆਣ ਢੁੱਕਾ। ਇਸ ਵਿਚ ਨਵਜੋਤ ਸਿੱਧੂ ਨੇ ਨਾਮਣਾ ਖੱਟਿਆ, ਭਾਵੇਂ ਕਾਂਗਰਸ, ਭਾਜਪਾ ਤੇ ਅਕਾਲੀ ਵੀ ਆਪਣੀ ਪਿੱਠ ਥਾਪੜਦੇ ਰਹੇ।

ਕਰਤਾਰਪੁਰ ਲਾਂਘਾ ਕੇਵਲ ਆਸਥਾ ਦਾ ਮਾਮਲਾ ਨਹੀਂ ਹੈ ਬਲਕਿ ਭਾਰਤ ਅਤੇ ਪਾਕਿਸਤਾਨ ਦੀ ਤਰੱਕੀ ਦਾ ਲਾਂਘਾ ਵੀ ਬਣ ਸਕਦਾ ਹੈ। ਗੁਰੂ ਨਾਨਕ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਦਿਹਾੜੇ ਉੱਤੇ ਲਾਂਘਾ ਖੁੱਲ੍ਹਣ ਨਾਲ ਦੋਵੇਂ ਪਾਸਿਆਂ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਨਾਲ ਨਾਲ ਧਾਰਮਿਕ ਸਥਾਨਾਂ ਨਾਲ ਜੁੜਿਆ ਟੂਰਿਜ਼ਮ ਵੀ ਵਿਕਸਿਤ ਹੋਵੇਗਾ। ਆਰਥਿਕ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਅਤੇ ਬੇਰੁਜ਼ਗਾਰੀ, ਗ਼ਰੀਬੀ ਤੇ ਖੇਤੀ ਸੰਕਟ ਨਾਲ ਜੂਝ ਰਹੇ ਭਾਰਤ ਲਈ ਵੀ ਭਾਰਤ-ਪਾਕਿ ਸਰਹੱਦਾਂ ਮੋਕਲੀਆਂ ਕਰਨ ਲਈ ਰਾਹ ਖੁੱਲ੍ਹ ਸਕਦੇ ਹਨ।

## ਲਾਂਘੇ ਬਾਰੇ ਸਿਆਸਤ ਨਹੀਂ ਕਰਨੀ ਚਾਹੀਦੀ: ਸਿੱਧੂ

**ਚੰਡੀਗੜ੍ਹ:** ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਬਾਰੇ ਸਿਆਸਤ ਨਹੀਂ ਕਰਨੀ ਚਾਹੀਦੀ। ਲਾਂਘਾ ਕਿਸਾਨਾਂ ਤੇ ਮਜ਼ਦੂਰਾਂ ਦੀ ਖ਼ੁਸ਼ਹਾਲੀ ਦਾ ਰਾਹ ਖੋਲ੍ਹੇਗਾ। ਇਸ ਨਾਲ ਕੌਮਾਂਤਰੀ ਸਰਹੱਦ ‘ਤੇ ਲੱਗੇ ਗ੍ਰਹਿਣ ਛਟ ਜਾਣਗੇ। ਉਨ੍ਹਾਂ ਕਿਹਾ ਕਿ ਲਾਂਘੇ ਬਾਰੇ ਕੋਈ ਸਿਆਸਤ ਨਹੀਂ ਹੋਣੀ ਚਾਹੀਦੀ ਤੇ ਜੇ ਕੋਈ ਇਸ ਮੁੱਦੇ ‘ਤੇ ਉਨ੍ਹਾਂ ਦੀ ਨਿਖੇਧੀ ਕਰਦਾ ਹੈ ਤਾਂ ਉਹ ਉਸ ਨੂੰ ਅਣਗੌਲਿਆ ਕਰਨ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਰਹੱਦ ‘ਤੇ ਖ਼ੂਨ ਖਰਾਬਾ ਬੰਦ ਹੋਵੇ।

## ਲਾਂਘੇ ਵਿਰੋਧੀ ਬਿਆਨ ਦੇਣ ਵਾਲਿਆਂ ਦੀ ਆਲੋਚਨਾ

**ਜਲੰਧਰ:** ਦੱਖਣੀ ਏਸ਼ੀਆ ਖਾਸ ਕਰਕੇ ਭਾਰਤ ਤੇ ਪਾਕਿਸਤਾਨ ਦਰਮਿਆਨ ਅਮਨ ਤੇ ਸਦਭਾਵਨਾ ਦੀ ਬਹਾਲੀ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ ਹਿੰਦ-ਪਾਕਿ ਦੋਸਤੀ ਮੰਚ, ਫ਼ੋਕਲੋਰ ਰਿਸਰਚ ਅਕਾਦਮੀ, ਪਾਕਿਸਤਾਨ-ਇੰਡੀਆ ਪੀਪਲਜ਼ ਫੋਰਮ ਫਾਰ ਪੀਸ ਐਂਡ ਡੈਮੋਕ੍ਰੇਸੀ, ‘ਸਾਫਮਾ’ ਅਤੇ ਪੰਜਾਬ ਜਾਗ੍ਰਿਤੀ ਮੰਚ ਦੇ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਵੱਲੋਂ ਪਿਛਲੇ ਦਿਨੀਂ ਕਰਤਾਰਪੁਰ ਲਾਂਘਾ ਖੁੱਲ੍ਹਣ ਦੇ ਕੀਤੇ ਗਏ ਫੈਸਲੇ ਦਾ ਪੁਰਜ਼ੋਰ ਸਵਾਗਤ ਕੀਤਾ ਹੈ ਅਤੇ ਦੋਵਾਂ ਸਰਕਾਰਾਂ ਨੂੰ ਇਸ ਨੂੰ ਛੇਤੀ ਤੋਂ ਛੇਤੀ ਮੁਕੰਮਲ ਕਰਨ ਦੀ ਬੇਨਤੀ ਕੀਤੀ ਹੈ। ਇਨ੍ਹਾਂ ਆਗੂਆਂ ਨੇ ਇਹ ਵੀ ਕਿਹਾ ਕਿ ਜੇਕਰ ਸਫਲਤਾ ਨਾਲ ਕਰਤਾਰਪੁਰ ਲਾਂਘਾ ਖੁੱਲ੍ਹ ਜਾਂਦਾ ਹੈ ਅਤੇ ਲੋਕਾਂ ਨੂੰ ਕਰਤਾਰਪੁਰ (ਪਾਕਿਸਤਾਨ) ਸਥਿਤ ਗੁਰਦੁਆਰਾ ਦਰਬਾਰ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰਨ ਦਾ ਅਵਸਰ ਮਿਲਦਾ ਹੈ ਤਾਂ ਇਸ ਨਾਲ ਦੋਵਾਂ ਦੇਸ਼ਾਂ ਦਰਮਿਆਨ ਸਦਭਾਵਨਾ ਅਤੇ ਵਿਸ਼ਵਾਸ ਦਾ ਮਾਹੌਲ ਪੈਦਾ ਹੋਵੇਗਾ, ਜਿਸ ਨਾਲ ਅੱਗੇ ਲੋਕਾਂ ਲਈ ਅਟਾਰੀ-ਵਾਹਗਾ ਸਰਹੱਦ ਖੋਲ੍ਹਣ ਅਤੇ ਸਾਰੇ ਦੁਵੱਲੇ ਗੁੰਝਲਦਾਰ ਮਸਲੇ ਪੁਰ ਅਮਨ ਗੱਲਬਾਤ ਰਾਹੀਂ ਹੱਲ ਕਰਨ ਦੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਉਪਰੋਕਤ ਜਥੇਬੰਦੀਆਂ ਦੇ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਦੇ ਕੁਝ ਆਗੂਆਂ ਨੇ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਵਿਰੁੱਧ ਬਿਆਨ ਦੀ ਸਖ਼ਤ ਆਲੋਚਨਾ ਕੀਤੀ।

# ਕਰਤਾਰਪੁਰ ਲਾਂਘੇ ਲਈ ਡੇਰਾ ਬਾਬਾ ਨਾਨਕ ਤੋਂ ਚਾਰ ਕਿਲੋਮੀਟਰ ਲੰਬਾ ਮਾਰਗ ਬਣੇਗਾ

**ਨਵੀਂ ਦਿੱਲੀ:** ਭਾਰਤ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਨਾਲ ਸਬੰਧਤ ਕਰਤਾਰਪੁਰ ਸਾਹਿਬ (ਪਾਕਿਸਤਾਨ) ਲਾਂਘੇ ਲਈ ਚਾਰ ਕਿਲੋਮੀਟਰ ਲੰਬੇ ਮਾਰਗ ਨੂੰ ਵਿਕਸਤ ਕੀਤਾ ਜਾਵੇਗਾ। ਲੋਕ ਸਭਾ ‘ਚ ਲਿਖਤੀ ਜਵਾਬ ਦੌਰਾਨ ਰਾਜ ਮਾਰਗਾਂ ਬਾਰੇ ਰਾਜ ਮੰਤਰੀ ਮਨਸੁਖ ਐਲ ਮਾਂਡਵੀਆ ਨੇ ਇਹ ਜਾਣਕਾਰੀ ਦਿੱਤੀ। ਇਹ ਲਾਂਘਾ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ ਵਾਲੇ ਅਸਥਾਨ ਕਰਤਾਰਪੁਰ ਦੇ ਦਰਬਾਰ ਸਾਹਿਬ ਨਾਲ ਸਿੱਧਾ ਜੁੜੇਗਾ।




ਸ੍ਰੀ ਮਾਂਡਵੀਆ ਤੋਂ ਸਵਾਲ ਪੁੱਛਿਆ ਗਿਆ ਸੀ ਕਿ ਕੀ ਕੌਮੀ ਰਾਜ ਮਾਰਗ ਅਥਾਰਟੀ ਵੱਲੋਂ ਲਾਂਘੇ ਸਬੰਧੀ ਕਿਸੇ ਪ੍ਰੋਜੈਕਟ ਨੂੰ ਵਿਕਸਤ ਕਰਨ ਦੀ ਕੋਈ ਯੋਜਨਾ ਹੈ। ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਡੇਰਾ ਬਾਬਾ ਨਾਨਕ ਤੋਂ ਲੈ ਕੇ ਪਾਕਿਸਤਾਨ ਨਾਲ ਲਗਦੀ ਕੌਮਾਂਤਰੀ ਸਰਹੱਦ ਤਕ ਲਾਂਘਾ ਵਿਕਸਤ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸਿੱਧੀ ਸੜਕ ਕੱਢਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ।

ਜ਼ਿਕਰਯੋਗ ਹੈ ਕਿ 26 ਨਵੰਬਰ ਨੂੰ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲਾਂਘੇ ਦਾ ਨੀਂਹ ਪੱਥਰ ਰੱਖਿਆ ਸੀ। ਲਾਂਘਾ ਬਣਾਉਣ ਦਾ ਫੈਸਲਾ 22 ਨਵੰਬਰ ਨੂੰ ਕੇਂਦਰੀ ਵਜ਼ਾਰਤ ‘ਚ ਲਿਆ ਗਿਆ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ 28 ਨਵੰਬਰ ਨੂੰ ਮੁਲਕ ‘ਚ ਲਾਂਘੇ ਦਾ ਨੀਂਹ ਪੱਥਰ ਰੱਖਿਆ ਸੀ।

## *ਪੱਕੇ ਹੱਲ ਲਈ ਪਾਕਿਸਤਾਨ ਨਾਲ ਜਮੀਨ ਦਾ ਤਬਾਦਲਾ*

**ਅੰਮ੍ਰਿਤਸਰ:** ਕਾਂਗਰਸ ਦੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਗੁਰਦੁਆਰਾ ਕਰਤਾਰਪੁਰ ਲਾਂਘੇ ਦਾ ਪੱਕਾ ਹੱਲ ਕਰਨ ਲਈ ਪਾਕਿਸਤਾਨ ਨਾਲ ਜ਼ਮੀਨ ਦਾ ਤਬਾਦਲਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 2011 ਵਿਚ ਲੋਕ ਸਭਾ ’ਚ ਗੁਰਦੁਆਰਾ ਕਰਤਾਰਪੁਰ ਲਾਂਘੇ ਦੇ ਪੱਕੇ ਹੱਲ ਸਬੰਧੀ ਜ਼ਮੀਨ ਤਬਾਦਲਾ ਨੀਤੀ ਦਾ ਹਵਾਲਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਗੁਰਦੁਆਰਾ ਕਰਤਾਰਪੁਰ ਲਾਂਘੇ ਦਾ ਪੱਕਾ ਹੱਲ ਇਹੀ ਹੈ ਕਿ ਭਾਰਤ ਸਰਕਾਰ ਇਸ ਮਾਮਲੇ ਵਿਚ ਪਾਕਿਸਤਾਨ ਸਰਕਾਰ ਨਾਲ ਜ਼ਮੀਨ ਦਾ ਤਬਾਦਲਾ ਕਰੇ।

## ਟਰੰਪ ਦੇ ਸਾਬਕਾ ਵਕੀਲ ਨੂੰ ਤਿੰਨ ਸਾਲ ਕੈਦ

**ਨਿਊ ਯਾਰਕ:** ਡੋਨਾਲਡ ਟਰੰਪ ਦੇ ਸਾਬਕਾ ਵਕੀਲ ਅਤੇ ਲੰਬੇ ਸਮੇਂ ਤੋਂ ਚਲੇ ਆ ਰਹੇ ਵਿਚੋਲੇ ਮਾਈਕਲ ਕੋਹਨ ਨੂੰ ਕਾਂਗਰਸ ਸਾਹਮਣੇ ਝੂਠ ਬੋਲਣ ਅਤੇ ਉਨ੍ਹਾਂ ਔਰਤਾਂ ਦਾ ਪੈਸੇ ਦੇ ਕੇ ਮੂੰਹ ਬੰਦ ਕਰਨ ਜਿਨ੍ਹਾਂ ਦੇ ਟਰੰਪ ਨਾਲ ਸਬੰਧ ਰਹੇ ਹਨ, ਸਣੇ ਕਈ ਜੁਰਮਾਂ ਲਈ ਤਿੰਨ ਸਾਲ ਜੇਲ੍ਹ ਵਿਚ ਰਹਿਣਾ ਪਵੇਗਾ। ਕੋਹਨ ਨੇ ਅਮਰੀਕੀ ਜ਼ਿਲ੍ਹਾ ਜੱਜ ਵਿਲੀਅਮ ਐਚ ਪੌਲੇ ਸਾਹਮਣੇ ਮੁਕੰਮਲ ਜ਼ਿੰਮੇਵਾਰੀ ਲੈਂਦਿਆਂ ਮੁਆਫੀ ਮੰਗੀ। 52 ਸਾਲਾ ਕੋਹਨ ਨੂੰ ਜ਼ਿਲ੍ਹਾ ਜੱਜ ਨੇ 36 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ।

## ਕਰਨਾਟਕ ‘ਚ ਪ੍ਰਸ਼ਾਦ ਖਾਣ ਨਾਲ 13 ਮੌਤਾਂ

**ਬੰਗਲੂਰੂ:** ਚਮਰਾਜ ਨਗਰ ਜ਼ਿਲ੍ਹੇ ਦੇ ਸੁਲਾਵਾੜੀ ਪਿੰਡ ਵਿਚ ਸਥਿਤ ਮੰਦਿਰ ਵਿਚ ‘ਪ੍ਰਸ਼ਾਦ’ ਖਾਣ ਨਾਲ 13 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 80 ਬਿਮਾਰ ਹੋ ਗਏ, ਜਿਨ੍ਹਾਂ ’ਚੋਂ ਅੱਠ ਦੀ ਹਾਲਤ ਗੰਭੀਰ ਹੈ। ਮਰਨ ਵਾਲਿਆਂ ਵਿਚ ਇਕ ਬੱਚੀ ਅਤੇ ਔਰਤ ਵੀ ਸ਼ਾਮਲ ਹੈ।

ਮੁੱਖ ਮੰਤਰੀ ਐਚ.ਡੀ. ਕੁਮਾਰਸਵਾਮੀ ਨੇ ਮਰਨ ਵਾਲਿਆਂ ਦੇ ਪਰਿਵਾਰ ਵਾਲਿਆਂ ਨੂੰ 5 ਲੱਖ ਰੁਪਏ ਦੀ ਮਾਲੀ ਮਦਦ ਦੇਣ ਦਾ ਐਲਾਨ ਕੀਤਾ ਹੈ। ਪੁਲਿਸ ਨੇ ਮੰਦਰ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ ਨੂੰ ਪੁੱਛਗਿਛ ਲਈ ਹਿਰਾਸਤ ਵਿਚ ਲਿਆ ਹੈ।

## Matrimonials

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਲੜਕੇ, 33, ਐਮ. ਇੰਜੀਨੀਅਰਿੰਗ (ਇਲੈਕਟ੍ਰੀਕਲ ਤੇ ਕੰਪਿਊਟਰ ਸਾਇੰਸ) ਲਈ ਅਮਰੀਕਾ/ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਪਾਸ ਅਮਰੀਕਾ ਵਿਚ ਚੰਗੀ ਜਾਬ ਹੈ ਤੇ ਪੰਜਾਬ ਵਿਚ ਨਵਾਂਸ਼ਹਿਰ ਤੋਂ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 860-833-9913 ਜਾਂ email: balisaini2284@gmail.com

50-51

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799

44-51

### ਲੜਕੇ ਦੀ ਲੋੜ ਹੈ

Wanted suitable match for Sikh Khatri, pretty girl, 34, 5'-5", MS, Green Card holder, working US based MNC in New York. Innocently divorced issueless. Professionally qualified working boy in New York area preferred. E-mail: ajsw399@gmail.com


49-50

## ਉਤਰੀ ਭਾਰਤ ‘ਚ ਪਹਿਲੀ ਏ. ਸੀ. ਰੇਲਗੱਡੀ ਅਗਲੇ ਸਾਲ ਤੋਂ

**ਨਵੀਂ ਦਿੱਲੀ:** ਉਤਰੀ ਭਾਰਤ ਵਿਚ ਪਹਿਲੀ ਏ. ਸੀ॥ ਰੇਲਗੱਡੀ ਅਗਲੇ ਸਾਲ ਤੋਂ ਸ਼ੁਰੂ ਹੋ ਜਾਵੇਗੀ। ਮੇਨਲਾਈਨ ਇਲੈਕਟ੍ਰਿਕ ਮਲਟੀਪਲ ਯੂਨਿਟ (ਮੇਮੂ) ਰੇਲਗੱਡੀ ਦਿੱਲੀ ਤੋਂ 200-300 ਕਿਲੋਮੀਟਰ ਦੇ ਦਾਇਰੇ ਵਿਚ ਪੈਂਦੇ ਯੂ.ਪੀ. ਦੇ ਸ਼ਹਿਰਾਂ ਦੀਆਂ ਲੋੜਾਂ ਪੂਰੀਆਂ ਕਰੇਗੀ।

ਵੇਟਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 262-391-7666
49-51

ਕਿਚਨ ਹੈਲਪਰ ਦੀ ਲੋੜ ਹੈ
ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ
ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ
ਸੰਪਰਕ ਕਰੋ:
ਫੋਨ: 916-468-8885
50-51

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605
www.princebarbershop.com

# '84 ਕਤਲੇਆਮ: ਮੁਸੀਬਤਾਂ ਦੇ ਪਹਾੜ ਅੱਗੇ ਵੀ ਨਾ ਡੋਲੇ ਗਵਾਹ

**ਨਵੀਂ ਦਿੱਲੀ:** ਨਵੰਬਰ 1984 ਵਿਚ ਦਿੱਲੀ ਵਿਚ ਹੋਏ ਸਿੱਖਾਂ ਦੇ ਕਤਲੇਆਮ ਦੌਰਾਨ ਨਿਰਪ੍ਰੀਤ ਦੀਆਂ ਅੱਖਾਂ ਸਾਹਮਣੇ ਉਸੇ ਦੇ ਪਿਤਾ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ ਅਤੇ ਉਨ੍ਹਾਂ ਦਾ ਕਾਰੋਬਾਰ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ। ਨਿਰਪ੍ਰੀਤ ਦੀ ਜਾਨ ਨੂੰ ਖ਼ਤਰਾ ਵੇਖ ਘਰਦਿਆਂ ਨੇ ਉਸ ਨੂੰ ਜਲੰਧਰ ਦੇ ਕਾਲਜ ਵਿਚ ਪੜ੍ਹਾਈ ਲਈ ਭੇਜ ਦਿੱਤਾ ਸੀ। ਨਿਰਪ੍ਰੀਤ ਨੇ ਦੱਸਿਆ ਕਿ ਜਲੰਧਰ ਉਹ ਆ ਤਾਂ ਗਈ ਪਰ ਅੰਦਰੋਂ-ਅੰਦਰੀ ਪਿਤਾ ਦੀ ਮੌਤ ਦਾ ਬਦਲਾ ਉਸ ਦੇ ਦਿਮਾਗ਼ ਵਿਚ ਹਰ ਸਮੇਂ ਘੁੰਮਦਾ ਰਹਿੰਦਾ। ਬਦਲੇ ਦੀ ਅੱਗ ਤੇ ਇਨਸਾਫ ਲੈਣ ਲਈ ਇੱਕ ਖਾੜਕੂ ਲਹਿਰ ਦੇ ਕਾਰਕੁਨ ਨਾਲ ਵਿਆਹ ਕਰਵਾ ਲਿਆ।

ਨਿਰਪ੍ਰੀਤ ਮੁਤਾਬਕ ਇਸ ਤੋਂ ਪਹਿਲਾਂ ਉਹ ਪਿਤਾ ਦੀ ਮੌਤ ਦਾ ਬਦਲਾ ਲੈਂਦੀ, ਵਿਆਹ ਤੋਂ ਠੀਕ 12 ਦਿਨ ਬਾਅਦ ਉਸ ਦੇ ਪਤੀ ਦੀ ਪੁਲਿਸ ਮੁਕਾਬਲੇ ਦੌਰਾਨ ਮੌਤ ਹੋ ਗਈ। ਨਿਰਪ੍ਰੀਤ ਇਸ ਮੁਕਾਬਲੇ ਉੱਤੇ ਵੀ ਸਵਾਲ ਚੁੱਕਦੀ ਹੈ। ਨਿਰਪ੍ਰੀਤ ਮੁਤਾਬਕ ਜਿਸ ਰਸਤੇ ਉੱਤੇ ਉਹ ਤੁਰ ਪਈ ਸੀ ਬਿਨਾਂ ਮਕਸਦ ਪੂਰਾ ਕੀਤੇ ਉਹ ਉੱਥੋਂ ਵਾਪਸ ਨਹੀਂ ਪਰਤ ਸਕਦੀ ਸੀ। ਇਸ ਲਈ ਉਸ ਨੇ ਆਪਣੀ ਲੜਾਈ ਹੁਣ ਖ਼ੁਦ ਲੜਨ ਦਾ ਫੈਸਲਾ ਕੀਤਾ। ਉਦੋਂ ਤੱਕ ਨਿਰਪ੍ਰੀਤ ਨੂੰ ਪੁਲਿਸ ਨੇ ਭਗੌੜਾ ਕਰਾਰ ਦੇ ਦਿੱਤਾ ਸੀ। ਇਸ ਦੌਰਾਨ ਨਿਰਪ੍ਰੀਤ ਇੱਕ ਬੱਚੇ ਦੀ ਮਾਂ ਵੀ ਬਣ ਚੁੱਕੀ ਸੀ। ਨਿਰਪ੍ਰੀਤ ਨੇ ਦੱਸਿਆ ਕਿ ਕਈ ਵਾਰ ਉਸ ਨੇ ਬਦਲਾ ਲੈਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਹੀਂ ਮਿਲੀ। 1988 ਵਿਚ



ਅਪਰੇਸ਼ਨ ਬਲੈਕ ਥੰਡਰ ਦੌਰਾਨ ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਦੇ ਮੁੰਡੇ ਨਾਲ ਉਸ ਨੂੰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਰੱਖਿਆ ਗਿਆ। ਪੰਜਾਬ ਤੋਂ ਬਾਅਦ ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਵੀ ਰਹੀ। ਉਸ ਦਾ ਮੁੰਡਾ ਵੀ ਜੇਲ੍ਹ ਵਿਚ ਉਸ ਦੇ ਨਾਲ ਸੀ। ਜੇਲ੍ਹ ਦੀ ਜ਼ਿੰਦਗੀ ਦੌਰਾਨ ਨਿਰਪ੍ਰੀਤ ਨੇ ਆਪਣੀ ਲੜਾਈ ਜਾਰੀ ਰੱਖਣ ਦਾ ਫੈਸਲਾ ਕੀਤਾ ਪਰ ਉਹ ਹੁਣ ਹਥਿਆਰਬੰਦ ਤਰੀਕੇ ਨਾਲ ਨਹੀਂ, ਕਾਨੂੰਨੀ ਤਰੀਕੇ ਨਾਲ ਲੜਾਈ ਲੜਨਾ ਚਾਹੁੰਦੀ ਸੀ।

1990 ਵਿਚ ਜ਼ਮਾਨਤ ਉੱਤੇ ਰਿਹਾਅ ਹੋਈ। ਇਸ ਤੋਂ ਬਾਅਦ ਨਿਰਪ੍ਰੀਤ ਕੌਰ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ। 1996 ਵਿਚ ਉਹ ਮੁੜ ਬਰੀ ਹੋ ਗਈ। ਜੇਲ੍ਹ ਵਿਚੋਂ ਬਾਹਰ ਆਉਣ ਤੋਂ ਬਾਅਦ ਨਿਰਪ੍ਰੀਤ ਲਈ ਸਭ ਤੋਂ ਔਖਾ ਸੀ ਜ਼ਿੰਦਗੀ ਨੂੰ ਮੁੜ ਤੋਂ ਸ਼ੁਰੂ ਕਰਨਾ ਇਸ ਲਈ ਉਸ ਨੂੰ ਕਾਫੀ ਮਿਹਨਤ ਵੀ ਕਰਨੀ ਪਈ। ਨਿਰਪ੍ਰੀਤ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ ਹੈ ਕਿ ਉਸ ਨੇ ਸਬੂਤਾਂ ਨਾਲ ਅਦਾਲਤ ਵਿਚ ਜਾ ਕੇ ਆਪਣੇ ਪਰਿਵਾਰ ਨਾਲ ਹੋਈ ਵਧੀਕੀ ਖ਼ਿਲਾਫ ਲੜਾਈ ਲੜਨ ਦਾ ਫੈਸਲਾ ਕੀਤਾ। ਪਿਛਲੇ ਕਈ ਸਾਲਾਂ ਤੋਂ ਨਿਰਪ੍ਰੀਤ ਕਾਨੂੰਨੀ ਲੜਾਈ ਲੜ ਰਹੀ ਹੈ। ਉਸ ਦਾ ਕਹਿਣਾ ਹੈ ਕਿ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਲੜਾਈ ਲੜਨੀ ਲੰਬੀ ਅਤੇ ਔਖੀ ਤਾਂ ਜ਼ਰੂਰ ਹੈ ਪਰ ਉਸ ਨੂੰ ਉਮੀਦ ਹੈ ਕਿ ਇਨਸਾਫ ਜ਼ਰੂਰ ਮਿਲੇਗਾ।

ਨਿਰਪ੍ਰੀਤ ਕੌਰ ਦਾ ਕਹਿਣਾ ਹੈ ਕਿ ਉਸ ਦੀਆਂ ਅੱਖਾਂ ਸਾਹਮਣੇ ਪਿਤਾ ਨੂੰ ਜ਼ਿੰਦਾ ਸਾੜਿਆ ਗਿਆ ਸੀ। ਬਲਵਾਨ ਖੋਖਰ ਸਮਝੌਤੇ ਦੇ ਬਹਾਨੇ ਸਾਬਕਾ ਐਮ.ਐਲ.ਏ .ਮਹਿੰਦਰ ਯਾਦਵ ਕੋਲ ਲੈ ਕੇ ਗਏ ਸੀ, ਜਿੱਥੇ ਉਸ ਦੇ ਪਿਤਾ ਨੂੰ ਜ਼ਿੰਦਾ ਸਾੜ ਦਿੱਤਾ ਸੀ। ਉਸ ਨੇ ਸੱਜਣ ਕੁਮਾਰ ਨੂੰ ਭਾਸ਼ਣ ਦਿੰਦੇ ਦੇਖਿਆ ਸੀ ਕਿ ਇੱਕ ਵੀ ਸਰਦਾਰ ਬਚਣਾ ਨਹੀਂ ਚਾਹੀਦਾ, ਇਨ੍ਹਾਂ ਨੇ ਇੰਦਰਾ ਗਾਂਧੀ ਨੂੰ ਮਾਰਿਆ ਹੈ, ਇਹ ਸੱਪ ਦੇ ਬੱਚੇ ਹਨ। ਸੱਜਣ ਕੁਮਾਰ ਉਸ ਵੇਲੇ ਪੁਲਿਸ ਦੀ ਜੀਪ ਵਿਚ ਸੀ। ਉਨ੍ਹਾਂ ਕਿਹਾ ਕਿ ਮੇਰੀ ਜ਼ਿੰਦਗੀ ਤਬਾਹ ਕਰ ਦਿੱਤੀ ਗਈ। ਮੇਰੇ ਉੱਤੇ ਝੂਠੇ ਕੇਸ ਪਾ ਕੇ ਟਾਡਾ ਵਿਚ ਫਸਾਇਆ ਗਿਆ। ਇੱਥੇ ਤੱਕ ਉਨ੍ਹਾਂ ਨੇ ਮੇਰੀ ਮਾਂ ਨੂੰ ਵੀ ਨਹੀਂ ਛੱਡਿਆ। ਉਸ ਦੀ ਮਾਂ ਤਿੰਨ ਸਾਲ ਇੱਕ ਮਹੀਨੇ ਜੇਲ੍ਹ ਕੱਟ ਕੇ ਆਈ ਹੈ। ਸਿਰਫ ਇੱਕ ਗਵਾਹੀ ਦੇ ਚੱਕਰ ਵਿਚ ਉਸ ਦੀ ਸਾਰੀ ਜ਼ਿੰਦਗੀ ਤਬਾਹ ਹੋ ਗਈ। ਹਰ ਕਮਿਸ਼ਨ ਕਮੇਟੀ ਵਿਚ ਇਹ ਬਚਦਾ ਹੀ ਰਿਹਾ।

## ਸੱਜਣ ਨੂੰ ਗੁਨਾਹ ਦੇ ਮੁਕਾਬਲੇ ਘੱਟ ਸਜ਼ਾ ਮਿਲੀ: ਜਗਦੀਸ਼ ਕੌਰ

**ਨਵੀਂ ਦਿੱਲੀ:** ਪਹਿਲੀ ਨਵੰਬਰ 1984 ਨੂੰ ਆਪਣੇ ਪਤੀ ਤੇ ਪੁੱਤ ਦੀ ਮੌਤ ਦਾ ਦਰਦ ਸਹਿਣ ਵਾਲੀ ਜਗਦੀਸ਼ ਕੌਰ ਨੂੰ 34 ਸਾਲ ਬਾਅਦ ਆਏ ਹਾਈ ਕੋਰਟ ਦੇ ਫੈਸਲੇ ਤੋਂ ਥੋੜੀ ਜਿਹੀ ਰਾਹਤ ਤਾਂ ਜ਼ਰੂਰ ਮਿਲੀ ਪਰ ਸੰਤੁਸ਼ਟੀ ਨਹੀਂ। ਜਿਸ ਮਾਮਲੇ 'ਚ ਕਾਂਗਰਸੀ ਲੀਡਰ ਸੱਜਣ ਕੁਮਾਰ ਨੂੰ ਸਜ਼ਾ ਹੋਈ ਹੈ, ਜਗਦੀਸ਼ ਕੌਰ ਉਸ ਮਾਮਲੇ ਵਿਚ ਮੁੱਖ ਗਵਾਹ ਹੈ।

ਜਗਦੀਸ਼ ਕੌਰ ਦਾ ਕਹਿਣਾ ਹੈ ਕਿ ਉਸ ਨੇ ਇਸ ਕਤਲੇਆਮ 'ਚ ਆਪਣਾ ਪਰਿਵਾਰ ਗਵਾਇਆ। ਉਸ ਦੇ ਪਿਤਾ ਨੇ ਆਜ਼ਾਦੀ ਦੀ ਲੜਾਈ ਲੜੀ ਤੇ ਪਤੀ ਨੇ ਦੇਸ਼ ਦੀ ਸੇਵਾ ਕੀਤੀ ਪਰ ਇਸ ਦੇ ਬਾਵਜੂਦ ਨਾ ਪਿਤਾ ਦੀ ਕੁਰਬਾਨੀ ਕੰਮ ਆਈ ਤੇ ਨਾ ਪਤੀ ਵੱਲੋਂ ਕੀਤੀ ਦੇਸ਼ ਸੇਵਾ। ਉਸ ਨੇ ਕਿਹਾ ਕਿ ਸੱਜਣ ਕੁਮਾਰ ਨੂੰ ਜੋ ਸਜ਼ਾ ਮਿਲੀ ਹੈ, ਉਸ ਦੇ ਗੁਨਾਹ ਦੇ ਮੁਕਾਬਲੇ ਉਹ ਬਹੁਤ ਘੱਟ ਹੈ। ਜਗਦੀਸ਼ ਕੌਰ ਨੇ ਇਹ ਵੀ ਖੁਲਾਸਾ ਕੀਤਾ ਕਿ ਉਸ ਨੂੰ ਕਰੋੜਾਂ ਰੁਪਏ ਤੇ ਵਿਦੇਸ਼ਾਂ 'ਚ ਸੈੱਟ ਕਰਨ ਦਾ ਲਾਲਚ ਵੀ ਦਿੱਤੇ ਗਏ ਤਾਂ ਜੋ ਉਹ ਗਵਾਹੀ ਤੋਂ ਮੁੱਕਰ ਜਾਵੇ ਪਰ ਉਹ ਆਪਣੇ ਫੈਸਲੇ 'ਤੇ ਡਟੀ ਰਹੀ। ਇਸ ਤੋਂ ਇਲਾਵਾ ਉਸ ਨੂੰ ਤੇ ਉਸ ਦੇ ਪੁੱਤਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ।

# ਪੀੜਤਾਂ ਵੱਲੋਂ ਨਿਆਂ ਲਈ ਲੜਾਈ ਜਾਰੀ ਰੱਖਣ ਦਾ ਅਹਿਦ

**ਚੰਡੀਗੜ੍ਹ:** ਦਿੱਲੀ ਹਾਈ ਕੋਰਟ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ '84 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇਕ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਨੂੰ ਦੰਗਾ ਪੀੜਤਾਂ ਨੇ ਆਰਜ਼ੀ ਰਾਹਤ ਦੱਸਿਆ ਹੈ। ਪੀੜਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਫੈਸਲੇ ਨਾਲ ਥੋੜ੍ਹੀ ਰਾਹਤ ਜ਼ਰੂਰ ਮਿਲੀ ਹੈ, ਪਰ ਉਨ੍ਹਾਂ ਵੱਲੋਂ ਨਿਆਂ ਲਈ ਵਿੱਢੀ ਲੜਾਈ ਜਾਰੀ ਰਹੇਗੀ।

ਪੀੜਤਾਂ ਨੇ ਕਿਹਾ ਕਿ ਉਨ੍ਹਾਂ ਨੂੰ 34 ਸਾਲਾਂ ਦੀ ਲੰਮੀ ਉਡੀਕ ਮਗਰੋਂ ਨਿਆਂ ਮਿਲਿਆ ਹੈ, ਪਰ ਇਸ ਦੌਰਾਨ ਜਿੱਥੇ ਉਨ੍ਹਾਂ ਨੂੰ ਕਈ ਪਾਸਿਉਂ ਧਮਕੀਆਂ ਮਿਲਦੀਆਂ ਰਹੀਆਂ, ਉੱਥੇ ਉਨ੍ਹਾਂ 'ਤੇ ਲਗਾਤਾਰ ਜ਼ੁਲਮ ਵੀ ਕੀਤੇ ਗਏ। ਜਗਦੀਸ਼ ਕੌਰ ਤੇ ਨਰਪ੍ਰੀਤ ਕੌਰ, ਜਿਨ੍ਹਾਂ ਦੇ ਪਰਿਵਾਰ '84 ਦੇ ਦੰਗਿਆਂ (ਜਿਸ ਵਿਚ ਕਰੀਬ ਤਿੰਨ ਹਜ਼ਾਰ ਲੋਕ ਮਾਰੇ ਗਏ) ਦੌਰਾਨ ਤਬਾਹ ਹੋ ਗਏ, ਨੇ ਕਿਹਾ ਕਿ 34 ਸਾਲ ਦਾ ਅਰਸਾ ਲੰਮਾ ਸਮਾਂ ਹੁੰਦਾ ਹੈ, ਪਰ ਉਹ 'ਮੁਲਜ਼ਮਾਂ ਨੂੰ ਬੇਨਕਾਬ' ਕਰਨ ਲਈ ਦ੍ਰਿੜ੍ਹ ਹਨ ਤੇ ਨਿਆਂ ਲਈ ਉਨ੍ਹਾਂ ਦੀ ਲੜਾਈ ਅੱਗੇ ਵੀ ਜਾਰੀ ਰਹੇਗੀ।

ਜਗਦੀਸ਼ ਕੌਰ ਨੇ ਕਿਹਾ, 'ਹਾਈ ਕੋਰਟ ਦੇ ਫੈਸਲੇ ਨਾਲ ਥੋੜ੍ਹੀ ਰਾਹਤ ਮਿਲੀ ਹੈ। ਅਰਦਾਸ ਕਰਦੀ ਹਾਂ ਕਿ ਕਿਸੇ ਨਾਲ ਵੀ ਇੰਨਾ ਧੱਕਾ (ਅਨਿਆਂ) ਨਾ ਹੋਵੇ, ਜਿੰਨਾ ਅਸੀਂ ਇੰਨੇ ਸਾਲਾਂ ਦੌਰਾਨ ਪਿੰਡੇ 'ਤੇ ਹੰਢਾਇਆ ਹੈ।' ਸੱਜਣ ਕੁਮਾਰ ਨੂੰ ਦੰਗਿਆਂ ਦੌਰਾਨ 1 ਤੇ 2 ਨਵੰਬਰ ਨੂੰ ਦੱਖਣ ਪੱਛਮੀ ਦਿੱਲੀ ਦੀ ਪਾਲਮ ਕਲੋਨੀ ਦੇ ਰਾਜ ਨਗਰ -1 ਖੇਤਰ ਵਿਚ ਜਗਦੀਸ਼ ਕੌਰ ਦੇ ਪਤੀ ਕੇਹਰ ਸਿੰਘ, ਪੁੱਤ ਗੁਰਪ੍ਰੀਤ ਸਿੰਘ ਤੇ ਰਿਸ਼ਤੇਦਾਰੀ 'ਚੋਂ ਤਿੰਨ ਭਰਾਵਾਂ ਰਘੁਵੇਂਦਰ ਸਿੰਘ, ਨਰਿੰਦਰ ਪਾਲ ਸਿੰਘ ਤੇ ਕੁਲਦੀਪ ਸਿੰਘ ਦੀਆਂ ਹੱਤਿਆਵਾਂ ਤੇ ਰਾਜ ਨਗਰ 2 ਦੇ ਗੁਰਦੁਆਰੇ ਨੂੰ ਸਾੜਨ ਨਾਲ ਸਬੰਧਤ ਮਾਮਲੇ ਵਿਚ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ ਗਈ ਹੈ।

## ਕੈਪਟਨ ਵੱਲੋਂ ਸਜ਼ਾ ਦੇ ਫੈਸਲੇ ਦਾ ਸਵਾਗਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 1984 ਦੇ ਦੰਗਿਆਂ ਦੇ ਮਾਮਲੇ 'ਚ ਕਾਂਗਰਸ ਆਗੂ ਸੱਜਣ ਕੁਮਾਰ ਨੂੰ ਸਜ਼ਾ ਦਿੱਤੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਆਜ਼ਾਦ ਭਾਰਤ ਦੇ ਇਤਿਹਾਸ ਦੀ ਫਿਰਕੂ ਹਿੰਸਾ ਦੀ ਇਸ ਭਿਆਨਕ ਘਟਨਾ ਵਿਚ ਪੀੜਤਾਂ ਨੂੰ ਆਖ਼ਰਕਾਰ ਨਿਆਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੇਠਲੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਮੁਕਤ ਕਰਨ ਦੇ ਫੈਸਲੇ ਨੂੰ ਪਲਟਦਿਆਂ ਹਾਈ ਕੋਰਟ ਨੇ ਫਿਰ ਸਿੱਧ ਕਰ ਦਿੱਤਾ ਹੈ ਕਿ ਨਿਆਂਪਾਲਿਕਾ ਦੇਸ਼ ਦੀ ਜਮਹੂਰੀ ਪ੍ਰਣਾਲੀ ਦੇ ਥੰਮ੍ਹ ਵਜੋਂ ਮਜ਼ਬੂਤੀ ਨਾਲ ਖੜ੍ਹੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਹੋਰ ਦੋਸ਼ੀਆਂ ਲਈ ਵੀ ਸਖਤ ਸਜ਼ਾ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਬੇਸ਼ੱਕ ਸੱਜਣ ਕੁਮਾਰ ਉਮਰ ਕੈਦ ਦਾ ਨਹੀਂ, ਸਗੋਂ ਫਾਂਸੀ ਦੀ ਸਜ਼ਾ ਦਾ ਹੱਕਦਾਰ ਸੀ, ਪਰ ਨਿਆਂਪਾਲਿਕਾ ਵੱਲੋਂ ਉਸ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਉਸ ਦੇ ਗੁਨਾਹਾਂ ਨੂੰ ਸਾਬਤ ਕਰ ਦਿੱਤਾ ਹੈ। ਅਜੇ ਵੀ ਬਹੁਤ ਸਾਰੇ ਦੋਸ਼ੀ ਕਾਨੂੰਨ ਦੀ ਗ੍ਰਿਫਤ 'ਚੋਂ ਬਾਹਰ ਹਨ। ਉਨ੍ਹਾਂ ਜਗਦੀਸ਼ ਟਾਈਟਲਰ ਸਮੇਤ ਸਿੱਖ ਕਤਲੇਆਮ ਦੇ ਹੋਰਨਾਂ ਦੋਸ਼ੀਆਂ ਨੂੰ ਵੀ ਸਖ਼ਤ ਸਜ਼ਾਵਾਂ ਦੇਣ ਦੀ ਵਕਾਲਤ ਕੀਤੀ।

## ਲੋਕਾਂ ਦਾ ਨਿਆਂਪਾਲਿਕਾ 'ਚ ਭਰੋਸਾ ਵਧਿਆ: ਬਾਦਲ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਆਖ਼ਰ ਕਾਨੂੰਨ ਦੇ ਹੱਥ ਕਾਂਗਰਸ ਹਾਈ ਕਮਾਂਡ ਦੇ ਤਾਕਤਵਰ ਅਤੇ ਰਸੂਖਵਾਨਾਂ ਦੇ ਨੇੜੇ ਪਹੁੰਚ ਗਏ ਹਨ। ਸੱਜਣ ਕੁਮਾਰ ਨੂੰ ਸਜ਼ਾ ਹੋਣ ਮਗਰੋਂ ਕਾਨੂੰਨ ਦਾ ਸ਼ਿਕੰਜਾ ਕਮਲ ਨਾਥ ਅਤੇ ਜਗਦੀਸ਼ ਟਾਈਟਲਰ ਵਰਗੇ ਦੂਜੇ ਦੋਸ਼ੀਆਂ ਉੱਤੇ ਪੈਣ ਲਈ ਰਸਤਾ ਸਾਫ ਹੋ ਚੁੱਕਿਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਆਜ਼ਾਦੀ ਮਗਰੋਂ ਦੇਸ਼ ਵਿਚ ਵਾਪਰੇ ਸਭ ਤੋਂ ਭਿਆਨਕ ਕਤਲੇਆਮ ਉੱਤੇ ਨਿਆਂਪਾਲਿਕਾ ਦੇ ਫੈਸਲੇ ਨੇ ਲੋਕਾਂ ਦਾ ਨਿਆਂ ਵਿਵਸਥਾ ਵਿਚ ਭਰੋਸਾ ਵਧਾ ਦਿੱਤਾ ਹੈ।

## ਸੱਜਣ ਨੂੰ ਫਾਂਸੀ ਲਈ ਸੁਪਰੀਮ ਕੋਰਟ ਪਹੁੰਚ ਦੀ ਤਿਆਰੀ

**ਨਵੀਂ ਦਿੱਲੀ:** ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦਿੱਲੀ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਫੈਸਲੇ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਪਰੀਮ ਕੋਰਟ 'ਚ ਚੁਣੌਤੀ ਦੇਵੇਗੀ। ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਸੱਜਣ ਕੁਮਾਰ ਦੇ ਗੁਨਾਹ ਵੱਡੇ ਹਨ। ਇਸ ਲਈ ਉਸ ਨੂੰ ਉਮਰ ਕੈਦ ਦੀ ਜਗ੍ਹਾ ਫਾਂਸੀ ਮਿਲਣੀ ਚਾਹੀਦੀ ਹੈ। ਦਿੱਲੀ ਕਮੇਟੀ ਪੀੜਤਾਂ ਨੂੰ ਨਾਲ ਲੈ ਕੇ ਇਸ ਸਬੰਧੀ ਸੁਪਰੀਮ ਕੋਰਟ 'ਚ ਪਹੁੰਚ ਕਰੇਗੀ।

# ਇਨਸਾਨੀਅਤ ਭੁੱਲ ਬੈਠਾ ਸੀ ਸੱਜਣ ਕੁਮਾਰ

**ਚੰਡੀਗੜ੍ਹ:** 1984 ਸਿੱਖ ਕਤਲੇਆਮ ਮਾਮਲੇ ਵਿਚ ਕਾਂਗਰਸੀ ਨੇਤਾ ਸੱਜਣ ਕੁਮਾਰ ਨੂੰ ਦਿੱਲੀ ਹਾਈ ਕੋਰਟ ਵੱਲੋਂ ਸਜ਼ਾ ਸੁਣਾਈ ਜਾ ਚੁੱਕੀ ਹੈ। ਦਿੱਲੀ ਛਾਉਣੀ ਵਿਚ ਪੰਜ ਸਿੱਖਾਂ ਦੇ ਕਤਲ ਦੇ ਮਾਮਲੇ ਵਿਚ ਸੱਜਣ ਕੁਮਾਰ ਸਮੇਤ ਛੇ ਜਣਿਆਂ ਨੂੰ ਧਾਰਾ 302 ਤਹਿਤ ਦੋਸ਼ੀ ਠਹਿਰਾਇਆ ਗਿਆ ਤੇ ਉਮਰ ਕੈਦ ਦੀ ਸਜ਼ਾ ਸੁਣਾਈ। ਮੁੱਖ ਗਵਾਹ ਚਾਮ ਕੌਰ ਸਮੇਤ ਹੋਰਾਂ ਨੇ 16 ਨਵੰਬਰ ਨੂੰ ਸੱਜਣ ਕੁਮਾਰ ਦੀ ਸ਼ਨਾਖ਼ਤ ਤੇ ਸਿੱਖਾਂ ਦੇ ਕਤਲ ਵਿਚ ਉਸ ਦੀ ਸ਼ਮੂਲੀਅਤ 'ਤੇ ਮੋਹਰ ਲਾਈ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪਹਿਲੀ ਨਵੰਬਰ 1984 ਨੂੰ ਭੀੜ ਨੇ ਦਿੱਲੀ ਕੈਂਟ ਦੇ ਰਾਜ ਨਗਰ ਇਲਾਕੇ ਵਿਚ ਜਗਦੀਸ਼ ਕੌਰ ਦੇ ਘਰ 'ਤੇ ਹਮਲਾ ਕਰ ਦਿੱਤਾ ਸੀ। ਇਸ ਹਮਲੇ ਵਿਚ ਜਗਦੀਸ਼ ਕੌਰ ਦੇ ਵੱਡੇ ਪੁੱਤਰ ਤੇ ਪਤੀ ਸਣੇ ਪੰਜ ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ। ਸੱਜਣ ਕੁਮਾਰ 'ਤੇ ਦੋਸ਼ ਤੈਅ ਹੋਏ ਹਨ ਕਿ ਉਹ ਵੀ ਭੀੜ ਵਿਚ ਸ਼ਾਮਲ ਸੀ, ਜਿਸ ਨੇ ਇਨ੍ਹਾਂ ਪੰਜ ਵਿਅਕਤੀਆਂ ਨੂੰ ਮਾਰਿਆ ਸੀ।

ਪੀੜਤ ਤੇ ਗਵਾਹ ਨਿਰਪ੍ਰੀਤ ਕੌਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਸੱਜਣ ਕੁਮਾਰ ਦੀ ਅਗਵਾਈ ਵਾਲੀ ਭੀੜ ਨੇ ਸਿੱਖਾਂ ਨੂੰ ਸਾੜਨਾ ਸ਼ੁਰੂ ਕਰ ਕੀਤਾ ਸੀ। ਬਲਵਾਨ ਅਤੇ ਕਿਸ਼ਨ ਖੋਖਰ ਨੇ ਉਸ ਦੇ ਪਿਤਾ ਨਿਰਮਲ ਸਿੰਘ ਨੂੰ ਸਾੜਨ ਲਈ ਪੁਲਿਸ ਇੰਸਪੈਕਟਰ ਤੋਂ ਮਾਚਿਸ ਮੰਗੀ। ਇਹ ਸਭ ਉਸ ਦੀਆਂ ਅੱਖਾਂ ਸਾਹਮਣੇ ਹੋਇਆ। ਇਹੀ ਬਿਆਨ ਸੀ.ਬੀ.ਆਈ. ਦੇ ਸਾਹਮਣੇ ਦਿੱਤਾ। ਨਿਰਪ੍ਰੀਤ ਨੇ ਕਿਹਾ ਉਸ ਵੇਲੇ ਉਸ ਦੀ ਉਮਰ 16 ਸਾਲ ਸੀ।

ਗਵਾਹ ਜਗਸ਼ੇਰ ਸਿੰਘ ਨੇ ਦੱਸਿਆ ਕਿ ਮੇਰੇ ਭਾਈ ਨਰਿੰਦਰ ਸਿੰਘ, ਕੁਲਵਿੰਦਰ ਸਿੰਘ ਅਤੇ ਨਿਰਮਲ ਸਿੰਘ ਨੂੰ ਮਾਰਨ ਵਾਲੀ ਭੀੜ ਨੂੰ ਸੱਜਣ ਕੁਮਾਰ ਨੇ ਉਕਸਾਇਆ ਸੀ। ਫੌਜ ਦੇ ਇਕ ਮੇਜਰ ਨੇ ਭੀੜ ਨੂੰ ਉੱਥੋਂ ਭਜਾਇਆ ਪਰ ਉਦੋਂ ਤੱਕ ਮੇਰੇ ਭਰਾਵਾਂ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਦਿੱਲੀ ਵਿਚ ਸਾਡਾ ਹੱਸਦਾ ਖੇਡਦਾ ਪਰਿਵਾਰ ਇਕ ਭੜਕਾਊ ਭਾਸ਼ਣ ਤੋਂ ਬਾਅਦ ਉਜੜ ਗਿਆ। ਦੰਗਿਆਂ ਤੋਂ ਬਾਅਦ ਮੈਂ ਪੰਜਾਬ ਆ ਕੇ ਰਹਿਣ ਲੱਗਾ।

# ਸੱਜਣ ਕੁਮਾਰ ਨੂੰ ਉਮਰ ਕੈਦ, ਮੌਤ ਤੋਂ ਬਿਹਤਰ: ਫੂਲਕਾ

**ਅੰਮ੍ਰਿਤਸਰ:** ਦਿੱਲੀ ਸਿੱਖ ਕਤਲੇਆਮ ਮਾਮਲੇ ਵਿਚ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਲੰਮੇ ਸਮੇਂ ਤੋਂ ਜੱਦੋ ਜਹਿਦ ਕਰ ਰਹੇ 'ਆਪ' ਆਗੂ ਅਤੇ ਐਡਵੋਕੇਟ ਐਚ.ਐਸ. ਫੂਲਕਾ ਨੇ ਪੀੜਤਾਂ ਅਤੇ ਸਿੱਖ ਸੰਗਤ ਨੂੰ ਆਖਿਆ ਕਿ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਇਸ ਮਾਮਲੇ ਵਿਚ ਅਦਾਲਤ ਵੱਲੋਂ ਦਿੱਤੀ ਗਈ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਣ ਲਈ ਯਤਨ ਕਰਨਾ ਚਾਹੀਦਾ ਹੈ ਅਤੇ ਫਾਂਸੀ ਦੀ ਸਜ਼ਾ ਦਿਵਾਉਣ ਲਈ ਸੁਪਰੀਮ ਕੋਰਟ ਜਾਣ ਦੀ ਲੋੜ ਨਹੀਂ ਹੈ।

ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਐਡਵੋਕੇਟ ਫੂਲਕਾ ਨੇ ਹਾਈ ਕੋਰਟ ਵੱਲੋਂ ਕਾਂਗਰਸੀ ਆਗੂ ਨੂੰ ਉਮਰ ਕੈਦ ਦੀ ਸੁਣਾਈ ਗਈ ਸਜ਼ਾ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਮੌਤ ਦੀ ਸਜ਼ਾ ਨਾਲੋਂ ਸਾਰੀ ਉਮਰ ਜੇਲ੍ਹ ਵਿਚ ਬਿਤਾਉਣ ਦੀ ਸਜ਼ਾ ਚੰਗੀ ਹੈ। ਉਨ੍ਹਾਂ ਦੰਗਾ ਪੀੜਤਾਂ ਤੇ ਸਿੱਖ ਜਗਤ ਨੂੰ ਆਖਿਆ ਕਿ ਅਦਾਲਤ ਵੱਲੋਂ ਦਿੱਤੇ ਗਏ ਫੈਸਲੇ ਦਾ ਸਤਿਕਾਰ ਕਰਨ ਤੇ ਕਾਂਗਰਸੀ ਆਗੂ ਨੂੰ ਮੌਤ ਦੀ ਸਜ਼ਾ ਫਾਂਸੀ ਦਿਵਾਉਣ ਵਾਸਤੇ ਸੁਪਰੀਮ ਕੋਰਟ ਨਾ ਜਾਣ।

ਉਨ੍ਹਾਂ ਸੁਝਾਅ ਦਿੱਤਾ ਕਿ ਜੇਕਰ ਪੀੜਤ ਇਸ ਮਾਮਲੇ 'ਚ ਸੁਪਰੀਮ ਕੋਰਟ ਜਾਂਦੇ ਹਨ ਅਤੇ ਦੂਜੇ ਪਾਸੇ ਸੱਜਣ ਕੁਮਾਰ ਵੀ ਸੁਪਰੀਮ



ਕੋਰਟ 'ਚ ਅਪੀਲ ਕਰਦਾ ਹੈ ਤਾਂ ਅਜਿਹੇ ਮਾਮਲੇ ਵਿਚ ਅਦਾਲਤ ਵੱਲੋਂ ਕੇਸ ਨੂੰ ਮੁੜ ਲਟਕਾਇਆ ਜਾ ਸਕਦਾ ਹੈ। ਜੇਕਰ ਸੱਜਣ ਕੁਮਾਰ ਸੁਪਰੀਮ ਕੋਰਟ ਵਿਚ ਸਜ਼ਾ ਖ਼ਿਲਾਫ ਅਪੀਲ ਦਾਇਰ ਕਰਦਾ ਹੈ ਤਾਂ ਸਿੱਖ ਜਗਤ ਇਸ ਖ਼ਿਲਾਫ ਸਰਵਉੱਚ ਅਦਾਲਤ ਵਿਚ ਵੀ ਲੜਾਈ ਲੜੇਗਾ।

## ਸੋਸ਼ਲ ਮੀਡੀਆ 'ਤੇ ਲਾਹਾ ਲੈਣ ਲਈ ਭਖੀ ਜੰਗ

**ਲੁਧਿਆਣਾ:** ਸਿੱਖ ਕਤਲੇਆਮ ਮਾਮਲੇ ਵਿਚ ਸੱਜਣ ਕੁਮਾਰ ਨੂੰ ਸੁਣਾਈ ਸਜ਼ਾ ਦੇ ਮਾਮਲੇ ਵਿਚ ਹੁਣ 'ਕ੍ਰੈਡਿਟ' ਲੈਣ ਲਈ ਮਾਰੋ-ਮਾਰ ਸ਼ੁਰੂ ਹੋ ਗਈ ਹੈ। ਹਾਈ ਕੋਰਟ ਦਾ ਫ਼ੈਸਲਾ ਆਉਂਦੇ ਸਾਰ ਹੀ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ 'ਆਪ' ਆਗੂਆਂ ਨੇ ਸੋਸ਼ਲ ਮੀਡੀਆ 'ਤੇ ਕ੍ਰੈਡਿਟ ਲੈਣ ਵਾਲੀਆਂ ਪੋਸਟਾਂ ਪਾ ਦਿੱਤੀਆਂ ਹਨ। ਇਨ੍ਹਾਂ ਸਾਰਿਆਂ ਵਿਚੋਂ ਵਕੀਲ ਐਚ.ਐਸ. ਫੂਲਕਾ ਦੀਆਂ ਪੋਸਟਾਂ ਨੂੰ ਸਭ ਤੋਂ ਵੱਧ ਲਾਈਕ ਮਿਲੇ ਹਨ।

ਸ੍ਰੀ ਐਚ. ਐਸ. ਫੂਲਕਾ ਨੇ ਫੇਸਬੁੱਕ ਅਤੇ ਟਵਿੱਟਰ 'ਤੇ ਪਾਈ ਪੋਸਟ 'ਚ ਲਿਖਿਆ ਹੈ ਕਿ ਉਨ੍ਹਾਂ ਦੇ 34 ਸਾਲਾਂ ਦੇ ਸੰਘਰਸ਼ ਤੋਂ ਬਾਅਦ ਆਖ਼ਰ ਉਨ੍ਹਾਂ ਦੀ ਜ਼ਿੰਦਗੀ ਵਿਚ ਵੱਡਾ ਦਿਨ ਆਇਆ। ਇਸ ਕੇਸ ਕਾਰਨ ਹੀ ਉਨ੍ਹਾਂ ਨੇ ਪੰਜਾਬ ਵਿਚ ਐਲ.ਓ.ਪੀ. ਦੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ।

ਇਸੇ ਦੌਰਾਨ ਦਿੱਲੀ ਹਾਈ ਕੋਰਟ ਵੱਲੋਂ ਸਜ਼ਾ ਸੁਣਾਏ ਜਾਣ ਦੇ ਕੁਝ ਹੀ ਮਿੰਟਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਈਟੀ ਵਿੰਗ ਦੇ ਮੈਂਬਰਾਂ ਅਤੇ ਹੋਰ ਪਾਰਟੀਆਂ ਵੱਲੋਂ ਹਾਈ ਕੋਰਟ ਦਾ ਫੈਸਲਾ ਵਟਸਐਪ ਗਰੁੱਪਾਂ 'ਤੇ ਪਾ ਦਿੱਤੀ ਗਈ।

## ਤੇਰਾਂ ਸਾਲਾ ਆਦਿੱਤਅਨ ਸਾਫਟਵੇਅਰ ਕੰਪਨੀ ਦਾ ਮਾਲਕ

**ਦੁਬਈ:** ਚਾਰ ਵਰ੍ਹੇ ਪਹਿਲਾਂ ਮੋਬਾਈਲ ਐਪ ਵਿਕਸਿਤ ਕਰਨ ਵਾਲਾ 13 ਸਾਲਾ ਆਦਿੱਤਅਨ ਰਾਜੇਸ਼ ਇਕ ਸਾਫਟਵੇਅਰ ਕੰਪਨੀ ਵੀ ਚਲਾ ਰਿਹਾ ਹੈ। ਰਾਜੇਸ਼ ਕੇਰਲ ਤੋਂ ਹੈ। ਉਸ ਨੇ ਸ਼ੌਕ ਵੱਜੋਂ ਹੀ ਮੋਬਾਈਲ ਐਪ ਵਿਕਸਿਤ ਕੀਤੀ ਸੀ ਤੇ ਉਹ ਲੋਗੋ ਅਤੇ ਵੈੱਬਸਾਈਟ ਵੀ ਬਣਾਉਂਦਾ ਹੈ। ਖਲੀਜ ਟਾਈਮਜ਼ ਦੀ ਰਿਪੋਰਟ ਮੁਤਾਬਕ ਆਦਿੱਤਅਨ ਨੇ 13 ਸਾਲ ਦੀ ਉਮਰ 'ਚ ਹੁਣ 'ਟਰਾਈਨੈੱਟ ਸਲਿਊਸ਼ਨਜ਼' ਨਾਂ ਦੀ ਕੰਪਨੀ ਸ਼ੁਰੂ ਕੀਤੀ ਹੈ।

# ਸਿੱਖ ਕਤਲੇਆਮ: ਸਿਆਸੀ ਸ਼ਹਿ ਨੇ ਉਲਝਾਈ ਰੱਖੀ ਨਿਆਂ ਪ੍ਰਣਾਲੀ

## 10 ਕਮਿਸ਼ਨ, 650 ਕੇਸ ਵਿਚੋਂ 268 ਦੀਆਂ ਫਾਈਲਾਂ ਗੁੰਮ

**ਚੰਡੀਗੜ੍ਹ:** ਭਾਵੇਂ ਸੱਜਣ ਕੁਮਾਰ ਨੂੰ ਸਿੱਖ ਕਤਲੇਆਮ ਦੇ 34 ਸਾਲਾਂ ਬਾਅਦ ਸਜ਼ਾ ਸੁਣਾ ਦਿੱਤੀ ਗਈ ਹੈ ਪਰ 186 ਮਾਮਲਿਆਂ ਦੇ ਮੁਲਜ਼ਮਾਂ ਜਾਂ ਪੀੜਤਾਂ ਦੀ ਮੌਤ ਹੋ ਚੁੱਕੀ ਹੈ। ਬਿਨਾਂ ਕਿਸੇ ਅਦਾਲਤੀ ਸੁਣਵਾਈ ਦੇ ਐਚ.ਕੇ.ਐਲ. ਭਗਤ ਇਸ ਦੁਨੀਆਂ ਤੋਂ ਚਲੇ ਗਏ। ਕਈ ਚਸ਼ਮਦੀਦ ਤੇ ਪੀੜਤ ਪਰਿਵਾਰਾਂ ਦੇ ਮੈਂਬਰ ਵੀ ਇਸ ਦੁਨੀਆਂ ਵਿਚ ਨਹੀਂ ਰਹੇ। ਇੰਨੀ ਵੱਡੀ




ਗਿਣਤੀ ਵਿਚ ਬਣੇ ਕਮਿਸ਼ਨ ਵੀ ਇੰਨਾ ਨਹੀਂ ਕਰ ਸਕੇ ਕਿ ਕਿਸੇ ਮੁਲਜ਼ਮ ਨੂੰ ਕੁਝ ਦਿਨ ਸਲਾਖ਼ਾਂ ਪਿੱਛੇ ਰੱਖ ਸਕਦੇ।

ਸਿੱਖ ਕਤਲੇਆਮ ਦੀ ਜਾਂਚ ਲਈ 10 ਕਮਿਸ਼ਨ ਬਣੇ (ਮਾਰਵਾਹ ਕਮਿਸ਼ਨ, ਮਿਸ਼ਰਾ ਕਮਿਸ਼ਨ ਤੇ ਨਾਨਾਵਤੀ ਕਮਿਸ਼ਨ) ਅਤੇ ਸਮਿਤੀਆਂ (ਜੈਨ-ਬੈਨਰਜੀ ਸਮਿਤੀ, ਕਪੂਰ-ਮਿੱਤਲ ਸਮਿਤੀ) ਬਣਾਈਆਂ ਗਈਆਂ। ਜਾਂਚ ਲਈ ਸੁਪਰੀਮ ਕੋਰਟ ਨੇ 2015 ਵਿਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਸੀ। ਜਿਸ ਨੇ ਤਕਰੀਬਨ 60 ਕੇਸਾਂ ਨੂੰ ਮੁੜ ਤੋਂ ਖੋਲ੍ਹਿਆ ਸੀ। ਕਾਂਗਰਸ ਦੇ ਵੱਡੇ ਆਗੂ- ਸੱਜਣ ਕੁਮਾਰ, ਕਮਲ ਨਾਥ, ਐਚ.ਕੇ.ਐਲ. ਭਗਤ ਤੇ ਜਗਦੀਸ਼ ਟਾਈਟਲਰ ਤੋਂ ਇਲਾਵਾ ਸਾਬਕਾ ਕੌਂਸਲਰ ਬਲਵਾਨ ਖੋਖਰ, ਸੇਵਾ ਮੁਕਤ ਅਧਿਕਾਰੀ ਕੈਪਟਨ ਭਾਗਮਲ, ਗਿਰਧਾਰੀ ਲਾਲ ਦੇ ਨਾਮ ਮੁੱਖ ਮੁਲਜ਼ਮਾਂ ਦੇ ਤੌਰ ਉਤੇ ਸਾਹਮਣੇ ਆਏ ਸਨ।

2014 ਵਿਚ ਮੋਦੀ ਸਰਕਾਰ ਨੇ ਪੀਪੀ ਮਾਥੁਰ ਦੀ ਅਗਵਾਈ ਵਿਚ ਜਾਂਚ ਨੂੰ ਅੱਗੇ ਵਧਾਇਆ ਸੀ। ਮਾਥੁਰ ਦੇ ਕਹਿਣ ਉਤੇ 2015 ਵਿਚ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ। ਜਿਸ ਨੇ ਹੁਣ ਤੱਕ ਇਨ੍ਹਾਂ ਮਾਮਲਿਆਂ ਵਿਚ ਚੱਲ ਰਹੇ 650 ਮਾਮਲਿਆਂ ਵਿਚੋਂ 241 ਕੇਸਾਂ ਨੂੰ ਹੀ ਬੰਦ ਕੀਤਾ ਹੈ। ਹੁਣ ਤੱਕ ਵਿਸ਼ੇਸ਼ ਜਾਂਚ ਟੀਮ ਸਿਰਫ਼ 12 ਕੇਸਾਂ ਵਿਚ ਹੀ ਚਾਰਜਸ਼ੀਟ ਦਾਖਲ ਕਰ ਸਕੀ ਹੈ। ਜਦੋਂ ਕਿ ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ 268 ਮਾਮਲਿਆਂ ਦੀਆਂ ਫਾਈਲਾਂ ਗੁੰਮ ਹੋ ਗਈਆਂ ਹਨ। ਗ੍ਰਹਿ ਮੰਤਰਾਲੇ ਨੇ 2016 ਦੇ ਨਵੰਬਰ ਮਹੀਨੇ ਵਿਚ ਜਾਣਕਾਰੀ ਦਿੱਤੀ ਸੀ ਕਿ ਗੁਰਮੁਖੀ ਜਾਂ ਉਰਦੂ ਭਾਸ਼ਾ ਵਿਚ ਐਫ.ਆਈ.ਆਰ. ਹੋਣ ਕਾਰਨ ਜਾਂਚ ਵਿਚ ਦੇਰੀ ਹੋਈ ਹੈ। 34 ਸਾਲ ਤੱਕ ਐਫ.ਆਈ.ਆਰ. ਦਾ ਅਨੁਵਾਦ ਦੀ ਕਰਵਾਇਆ ਗਿਆ।

ਸਿੱਖ ਸੰਸਥਾਵਾਂ, ਜਾਂਚ ਕਮਿਸ਼ਨਾਂ ਦੀ ਰਿਪੋਰਟ ਤੇ ਗੈਰ ਅਧਿਕਾਰੀ ਅੰਕੜਿਆਂ ਮੁਤਾਬਿਕ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ, ਕਾਨਪੁਰ, ਰਾਉ ਕੇਲਾ ਤੇ ਦੇਸ਼ ਦੇ ਕਈ ਸੂਬਿਆਂ ਵਿਚ ਦਿਨ ਦਿਹਾੜੇ 15,000 ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਸਿਰਫ ਦਿੱਲੀ 'ਚ ਹੀ 6 ਤੋਂ 7 ਹਜ਼ਾਰ ਬੇਕਸੂਰ ਲੋਕਾਂ ਨੂੰ ਮਾਰਿਆ ਗਿਆ ਸੀ। 3,200 ਤੋਂ ਵੱਧ ਪੀੜਤਾਂ ਦੇ ਰਿਸ਼ਤੇਦਾਰ ਅੱਜ ਵੀ ਇਨਸਾਫ਼ ਦਾ ਰਾਹ ਵੇਖ ਰਹੇ ਹਨ। ਇਨ੍ਹਾਂ ਦੰਗਿਆਂ ਵਿਚ 8,000 ਤੋਂ ਵੀ ਜ਼ਿਆਦਾ ਲੋਕ ਪ੍ਰਭਾਵਿਤ ਹੋਏ ਸਨ।

ਰਿਪੋਰਟ ਮੁਤਾਬਕ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਭੀੜ ਸੜਕਾਂ ਤੇ ਉੱਤਰ ਆਈ ਤੇ ਖ਼ੂਨ ਦੇ ਬਦਲੇ ਖ਼ੂਨ ਦਾ ਨਾਅਰਾ ਲਾ ਰਹੀ ਸੀ। ਲਾਜਪਤ ਨਗਰ, ਜੰਗਪੁਰਾ, ਡਿਫੈਂਸ ਕਾਲੋਨੀ, ਮਹਾਰਾਣੀ ਬਾਗ਼, ਪਟੇਲ ਨਗਰ, ਸਫ਼ਦਰਜੰਗ ਇਨਕਲੇਵ ਤੇ ਪੰਜਾਬੀ ਬਾਗ਼ ਵਰਗੇ ਉੱਚ ਤੇ ਮੱਧ ਵਰਗੀ ਇਲਾਕਿਆਂ ਵਿਚ ਲੁੱਟ ਖਸੁੱਟ ਤੇ ਹੱਤਿਆਵਾਂ ਕੀਤੀਆਂ ਗਈਆਂ। ਕਈ ਦੁਕਾਨਾਂ ਨੂੰ ਲੁੱਟ ਤੋਂ ਬਾਅਦ ਅੱਗ ਵੀ ਲਾਈ ਗਈ। ਪਾਕਿਸਤਾਨ ਤੋਂ ਆ ਕੇ ਵਸੇ ਸਿੱਖਾਂ ਦੀ ਬਸਤੀਆਂ, ਝੌਂਪੜੀਆਂ ਤੇ ਪਿੰਡਾਂ ਵਿਚ ਹੱਤਿਆ, ਲੁੱਟ ਤੇ ਅਗਜ਼ਨੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ। ਤ੍ਰਿਲੋਕਪੁਰੀ, ਕਲਯਾਨਪੁਰੀ, ਮੰਗੋਲਪੁਰੀ, ਸੁਲਤਾਨਪੁਰੀ, ਨੰਦ ਨਗਰੀ, ਪਾਲਮ ਪਿੰਡ, ਤੇ ਸ਼ਕੂਰਪੁਰ ਇਲਾਕੇ ਵਿਚ ਬੇਕਸੂਰਾਂ ਨੂੰ ਮਾਰਿਆ ਗਿਆ। ਘਰਾਂ ਨੂੰ ਅੱਗ ਲਾ ਦਿੱਤੀ ਗਈ, ਨੌਜਵਾਨਾਂ ਨੂੰ ਤਲਵਾਰਾਂ ਨਾਲ ਵੱਢਿਆ ਗਿਆ। ਕੁਝ ਨੂੰ ਜ਼ਿੰਦਾ ਸਾੜਿਆ ਗਿਆ। ਕਈ ਸਿੱਖ ਔਰਤਾਂ ਨੂੰ ਅਗਵਾ ਤੇ ਬਲਾਤਕਾਰ ਕੀਤਾ ਗਿਆ।

## ਕਤਲੇਆਮ ਤੇ ਕਾਨੂੰਨੀ ਚਾਰਾਜੋਈ

**31 ਅਕਤੂਬਰ 1984:** ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਨ੍ਹਾਂ ਦੇ ਦੋ ਸਿੱਖ ਅੰਗ ਰੱਖਿਅਕਾਂ ਨੇ ਗੋਲੀ ਮਾਰ ਕੇ ਹਲਾਕ ਕੀਤਾ

**1 ਤੇ 2 ਨਵੰਬਰ:** ਭੀੜ ਨੇ ਦਿੱਲੀ ਦੇ ਛਾਉਣੀ ਇਲਾਕੇ ਦੇ ਰਾਜ ਨਗਰ ਖੇਤਰ ਵਿਚ ਪੰਜ ਸਿੱਖਾਂ ਨੂੰ ਮਾਰ ਮੁਕਾਇਆ

**ਮਈ 2000:** '84 ਦੇ ਦੰਗਿਆਂ ਨਾਲ ਸਬੰਧਤ ਕੇਸਾਂ ਦੀ ਜਾਂਚ ਲਈ ਗਿਰੀਸ਼ ਠਾਕੋਰ ਲਾਲ ਨਾਨਾਵਤੀ ਕਮਿਸ਼ਨ ਸਥਾਪਤ

**ਦਸੰਬਰ 2002:** ਸੈਸ਼ਨ ਕੋਰਟ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਇਕ ਕੇਸ 'ਚੋਂ ਬਰੀ ਕੀਤਾ

**24 ਅਕਤੂਬਰ 2005:** ਜੀਟੀ ਨਾਨਾਵਤੀ ਕਮਿਸ਼ਨ ਦੀ ਸਿਫਾਰਿਸ਼ 'ਤੇ ਸੀਬੀਆਈ ਵੱਲੋਂ ਇਕ ਹੋਰ ਕੇਸ ਦਰਜ

**1 ਫਰਵਰੀ 2010:** ਟਰਾਇਲ ਕੋਰਟ ਨੇ ਸੱਜਣ ਕੁਮਾਰ, ਬਲਵਾਨ ਖੋਖਰ, ਮਹਿੰਦਰ ਯਾਦਵ, ਕੈਪਟਨ ਭਾਗਮਲ, ਗਿਰਧਾਰੀ ਲਾਲ, ਕ੍ਰਿਸ਼ਨ ਖੋਖਰ, ਮਰਹੂਮ ਮਹਾ ਸਿੰਘ ਤੇ ਸੰਤੋਸ਼ ਸਿੰਘ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰਦਿਆਂ ਇਨ੍ਹਾਂ ਖ਼ਿਲਾਫ਼ ਸੰਮਨ ਜਾਰੀ ਕੀਤੇ

**24 ਮਈ:** ਟਰਾਇਲ ਕੋਰਟ ਵੱਲੋਂ ਛੇ ਮੁਲਜ਼ਮਾਂ ਖ਼ਿਲਾਫ਼ ਕਤਲ, ਡਕੈਤੀ, ਜਾਇਦਾਦ ਨੂੰ ਨੁਕਸਾਨ ਪਹੁੰਚਾਉਣ, ਦੋ ਭਾਈਚਾਰਿਆਂ ਦਰਮਿਆਨ ਵੈਰ ਵਿਰੋਧ ਪੈਦਾ ਕਰਨ, ਅਪਰਾਧਿਕ ਸਾਜ਼ਿਸ਼ ਤੇ ਆਈਪੀਸੀ ਦੀਆਂ ਹੋਰਨਾਂ ਧਾਰਾਵਾਂ ਤਹਿਤ ਦੋਸ਼ ਆਇਦ

**30 ਅਪਰੈਲ 2013:** ਅਦਾਲਤ ਵੱਲੋਂ ਸੱਜਣ ਕੁਮਾਰ ਬਰੀ। ਬਲਵਾਨ ਖੋਖਰ, ਗਿਰਧਾਰੀ ਲਾਲ ਤੇ ਭਾਗਮਲ ਕਤਲ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ। ਮਹਿੰਦਰ ਯਾਦਵ ਤੇ ਕ੍ਰਿਸ਼ਨ ਖੋਖਰ ਦੰਗੇ ਭੜਕਾਉਣ ਲਈ ਦੋਸ਼ੀ ਕਰਾਰ

**9 ਮਈ:** ਅਦਾਲਤ ਵੱਲੋਂ ਖੋਖਰ, ਭਾਗਮਲ ਤੇ ਲਾਲ ਨੂੰ ਉਮਰ ਕੈਦ ਜਦੋਂਕਿ ਯਾਦਵ ਤੇ ਕਿਸ਼ਨ ਖੋਖਰ ਨੂੰ ਤਿੰਨ ਸਾਲ ਜੇਲ੍ਹ ਦੀ ਸਜ਼ਾ।

**19 ਜੁਲਾਈ:** ਸੀਬੀਆਈ ਵੱਲੋਂ ਸੱਜਣ ਕੁਮਾਰ ਨੂੰ ਬਰੀ ਕਰਨ ਖ਼ਿਲਾਫ਼ ਹਾਈ ਕੋਰਟ 'ਚ ਅਪੀਲ ਦਾਇਰ

**22 ਜੁਲਾਈ:** ਹਾਈ ਕੋਰਟ ਵੱਲੋਂ ਸੀਬੀਆਈ ਦੀ ਅਪੀਲ 'ਤੇ ਸੱਜਣ ਕੁਮਾਰ ਨੂੰ ਨੋਟਿਸ

**29 ਅਕਤੂਬਰ 2018:** ਹਾਈ ਕੋਰਟ ਨੇ ਫੈਸਲਾ ਰਾਖਵਾਂ ਰੱਖਿਆ

**17 ਦਸੰਬਰ:** ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ। ਖੋਖਰ, ਭਾਗਮਲ ਤੇ ਲਾਲ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖੀ। ਯਾਦਵ ਤੇ ਕਿਸ਼ਨ ਖੋਖਰ ਦੀ ਸਜ਼ਾ ਤਿੰਨ ਸਾਲ ਤੋਂ ਵਧਾ ਕੇ ਦਸ ਸਾਲ ਕੀਤੀ ਗਈ।

## ਕਤਲੇਆਮ ਪਿੱਛੋਂ 30 ਹਜ਼ਾਰ ਸਿੱਖ ਪਰਿਵਾਰ ਹਿਜਰਤ ਕਰਕੇ ਪੰਜਾਬ ਆਏ

**ਅੰਮ੍ਰਿਤਸਰ:** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਸਮੇਤ ਦੇਸ਼ ਭਰ ਵਿਚ ਭੜਕੇ ਸਿੱਖ ਵਿਰੋਧੀ ਦੰਗਿਆਂ ਤੋਂ ਬਚਣ ਲਈ 30 ਹਜ਼ਾਰ ਸਿੱਖ ਪਰਿਵਾਰ ਪਲਾਇਨ ਕਰ ਕੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਪਹੁੰਚੇ ਸਨ। ਇਹ ਉਹ ਪਰਿਵਾਰ ਸਨ ਜੋ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਸ਼ਹਿਰਾਂ ਵਿਚ ਕਾਰੋਬਾਰ, ਨੌਕਰੀਆਂ ਅਤੇ ਖੇਤੀ ਕਰਦੇ ਸਨ। ਜਦੋਂ ਦੰਗੇ ਭੜਕੇ ਸਨ ਤਾਂ ਦਿੱਲੀ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ, ਐਮਪੀ ਅਤੇ ਯੂਪੀ, ਰਾਊਰਕੇਲਾ ਸਮੇਤ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ 15 ਹਜ਼ਾਰ ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਦੰਗਿਆਂ ਵਿਚ 8 ਹਜ਼ਾਰ ਤੋਂ ਜ਼ਿਆਦਾ ਪਰਿਵਾਰ ਪ੍ਰਭਾਵਤ ਹੋਏ ਸਨ।

ਸਿੱਖ ਕਤਲੇਆਮ ਪੀੜਤ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਹਾਲਾਤ ਇੰਨੇ ਜ਼ਿਆਦਾ ਭੈੜੇ ਸਨ ਕਿ ਲੋਕਾਂ ਨੂੰ ਘਰਾਂ ਵਿਚੋਂ ਖਿੱਚ ਕੇ ਕਤਲ ਕੀਤਾ ਗਿਆ ਅਤੇ ਉਨ੍ਹਾਂ ਦੇ ਘਰਾਂ, ਜਾਇਦਾਦਾਂ ਨੂੰ ਅੱਗ ਹਵਾਲੇ ਕਰਕੇ ਲੁੱਟ-ਖੋਹ ਕੀਤੀ ਗਈ। ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਦੰਗਾਕਾਰੀਆਂ ਅੱਗੇ ਮਿੰਨਤਾਂ -ਤਰਲੇ ਕੀਤੇ ਪਰ ਕੋਈ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਤ੍ਰਾਸਦੀ 1947 ਦੀ ਵੰਡ ਸਮੇਂ ਹੋਈ ਕਤਲੋਗਾਰਤ ਤੋਂ ਘੱਟ ਨਹੀਂ ਸੀ। ਪ੍ਰਧਾਨ ਅਨੁਸਾਰ ਉਸ ਵੇਲੇ 3000 ਤੋਂ ਜ਼ਿਆਦਾ ਸਿੱਖ ਪਰਿਵਾਰ ਪੰਜਾਬ ਵਿਚ ਆਏ। ਇਨ੍ਹਾਂ ਵਿਚੋਂ ਕੁਝ ਪਰਿਵਾਰ ਆਪਣੇ ਰਿਸ਼ਤੇਦਾਰਾਂ -ਮਿੱਤਰਾਂ ਅਤੇ ਕੁਝ ਨੇ ਸਾਲਾਂ ਤਕ ਸੜਕਾਂ 'ਤੇ ਰਹਿ ਕੇ ਸਮਾਂ ਗੁਜਾਰਿਆ। ਉਨ੍ਹਾਂ ਜਾਂਚ ਪ੍ਰਕਿਰਿਆ 'ਤੇ ਸਵਾਲ ਚੁਕਦਿਆਂ ਕਾਂਗਰਸ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਇਨ੍ਹਾਂ ਨੇ ਦੋਸ਼ੀਆਂ ਦਾ ਬਚਾਅ ਕੀਤਾ ਹੈ। ਉਨ੍ਹਾਂ ਦਸਿਆ ਕਿ ਦਿੱਲੀ ਦੰਗਿਆਂ ਬਾਰੇ 650 ਤੋਂ ਵੱਧ ਕੇਸ ਦਰਜ ਹਨ। ਇਸ ਵਿਚ 268 ਮਾਮਲਿਆਂ ਦੀ ਫ਼ਾਈਲਾਂ ਗ਼ਾਇਬ ਕਰ ਦਿੱਤੀਆਂ, ਜਦਕਿ 241 ਕੇਸਾਂ ਨੂੰ ਬੰਦ ਕਰ ਦਿੱਤਾ ਗਿਆ। ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਬਣਾਏ 10 ਕਮਿਸ਼ਨ ਅਤੇ 2 ਆਈ.ਐਸ.ਟੀ. ਟੀਮਾਂ ਦੋਸ਼ੀਆਂ ਨੂੰ ਜੇਲ੍ਹਾਂ ਵਿਚ ਬੰਦ ਨਾ ਕਰ ਸਕੀ। ਹੁਣ ਤੱਕ ਸਿਰਫ਼ 60 ਕੇਸ ਮੁੜ ਤੋਂ ਖੋਲ੍ਹੇ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹਾਲਤ ਸੁਧਰਨ ਤੋਂ ਬਾਅਦ ਕਾਫੀ ਲੋਕ ਆਪਣੇ-ਆਪਣੇ ਸ਼ਹਿਰਾਂ ਨੂੰ ਚਲੇ ਗਏ। 16 ਹਜ਼ਾਰ ਪਰਿਵਾਰਾਂ ਦਾ ਏਨਾ ਨੁਕਸਾਨ ਹੋਇਆ ਕਿ ਉਹ ਵਾਪਸ ਨਾ ਪਰਤ ਸਕੇ।

ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਮਾਮਲਿਆਂ ਵਿਚ 34 ਸਾਲ ਦੇ ਇੰਤਜ਼ਾਰ ਤੋਂ ਬਾਅਦ ਕਾਂਗਰਸ ਨੇਤਾ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਤੋਂ ਬਾਅਦ ਪੀੜਤਾਂ ਨੂੰ ਥੋੜ੍ਹੀ ਰਾਹਤ ਮਿਲੀ ਹੈ। ਪੀੜਤਾਂ ਨੇ ਦਾਅਵਾ ਕੀਤਾ ਹੈ ਕਿ ਇਨਸਾਫ਼ ਲਈ ਲੰਬੀ ਲੜਾਈ ਦੌਰਾਨ ਉਨ੍ਹਾਂ ਨੂੰ ਧਮਕੀਆਂ ਦਾ ਸਾਹਮਣਾ ਕਰਨਾ ਪਿਆ। ਸਿੱਖ ਕਤਲੇਆਮ ਵਿਚ ਅਪਣੇ ਪਰਵਾਰ ਨੂੰ ਗੁਆਉਣ ਵਾਲੀ ਜਗਦੀਸ਼ ਕੌਰ ਅਤੇ ਨਿਰਪ੍ਰੀਤ ਕੌਰ ਨੇ ਕਿਹਾ ਕਿ 34 ਸਾਲ ਬਹੁਤ ਲੰਬਾ ਸਮਾਂ ਹੈ ਪ੍ਰੰਤੂ ਉਹ ਦੋਸ਼ੀਆਂ ਨੂੰ ਬੇਨਕਾਬ ਕਰਨ ਲਈ ਬਾਜ਼ਿੱਦ ਹੈ ਅਤੇ ਇਨਸਾਫ਼ ਲਈ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ।

ਰਾਜ ਨਗਰ ਪਾਰਟ-2 ਵਿਚ ਦੰਗਿਆਂ ਦੌਰਾਨ ਇਕ ਗੁਰਦਵਾਰੇ ਨੂੰ ਵੀ ਫੂਕ ਦਿੱਤਾ ਗਿਆ ਸੀ। ਇਹ ਘਟਨਾਵਾਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਤਿਆ ਦੇ ਬਾਅਦ ਹੋਈ ਸੀ। ਅਦਾਲਤ ਨੇ ਸੱਜਣ ਕੁਮਾਰ ਨੂੰ ਬਰੀ ਕਰਨ ਵਾਲੀ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਨਰੀਸਤ ਕਰਦੇ ਹੋਏ ਕਿਹਾ ਕਿ ਮਾਮਲੇ ਵਿਚ ਦੋਸ਼ੀ ਨੂੰ ਤਿੰਨ ਗਵਾਹਾਂ ਜਗਦੀਸ਼ ਕੌਰ, ਉਨ੍ਹਾਂ ਦੀ ਚਚੇਰੀ ਭੈਣ ਜਗਸ਼ੇਰ ਸਿੰਘ ਅਤੇ ਨਿਰਪ੍ਰੀਤ ਕੌਰ ਦੀ ਦ੍ਰਿੜ੍ਹਤਾ ਦੀ ਵਜ੍ਹਾ ਨਾਲ ਨਿਆਂ ਦੇ ਦਾਇਰੇ ਵਿਚ ਲਿਆਇਆ ਜਾ ਸਕਿਆ। ਨਿਰਪ੍ਰੀਤ ਕੌਰ ਨੇ ਕਿਹਾ ਕਿ ਇਨਸਾਫ਼ ਪਹਿਲਾ ਮਿਲਣਾ ਚਾਹੀਦਾ ਸੀ। ਉਨ੍ਹਾਂ ਦੇ ਪਿਤਾ ਨੂੰ ਉਨ੍ਹਾਂ ਦੇ ਸਾਹਮਣੇ ਹੀ ਜ਼ਿੰਦਾ ਸਾੜ ਦਿਤਾ ਸੀ।

## ਤਿਲਕ ਵਿਹਾਰ ਦੀਆਂ ਵਿਧਵਾਵਾਂ ਲਈ 34 ਸਾਲਾਂ ਬਾਅਦ ਖੁਸ਼ੀ ਦਾ ਝੋਕਾ

**ਨਵੀਂ ਦਿੱਲੀ:** ਪਿਛਲੇ 34 ਸਾਲਾਂ ਤੋਂ ਦਿੱਲੀ ਦੀ ਤਿਲਕ ਵਿਹਾਰ ਵਿਡੋ ਕਲੋਨੀ ਗ਼ਮਾਂ ਦਾ ਸਿਰਨਾਵਾਂ ਬਣੀ ਹੋਈ ਸੀ ਪਰ ਦਿੱਲੀ ਹਾਈ ਕੋਰਟ ਦਾ ਇਕ ਫ਼ੈਸਲਾ ਆਇਆ ਤਾਂ ਇੰਨੇ ਸਾਲਾਂ 'ਚ ਸ਼ਾਇਦ ਪਹਿਲੀ ਵਾਰ ਇਸ ਬਸਤੀ ਵਿਚ ਖੁਸ਼ੀ ਦਾ ਝੋਕਾ ਆ ਗਿਆ। ਦਿੱਲੀ ਵਿਚ ਹੋਏ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਮੁੜ ਵਸੇਬੇ ਲਈ ਇਹ ਕਲੋਨੀ ਕਾਇਮ ਕੀਤੀ ਗਈ ਸੀ।

ਪੱਛਮੀ ਦਿੱਲੀ ਦੇ ਤਿਲਕ ਨਗਰ ਦੇ ਨੇੜੇ ਪੈਂਦੀ ਇਸ ਕਲੋਨੀ ਵਿਚ ਹਰ ਸਾਲ ਉਸ ਤ੍ਰਾਸਦੀ ਦੀ ਬਰਸੀ ਮਨਾਈ ਜਾਂਦੀ ਹੈ ਜਿਸ ਵਿਚ ਤਿੰਨ ਦਿਨਾਂ ਵਿਚ 3000 ਦੇ ਕਰੀਬ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਪੋਪਰੀ ਕੌਰ ਦਾ ਪਰਿਵਾਰ ਸੁਲਤਾਨਪੁਰੀ ਵਿਚ ਰਹਿੰਦਾ ਸੀ ਤੇ ਭੀੜ ਨੇ ਉਸ ਦੇ ਪਤੀ ਨੂੰ ਘਰ 'ਚੋਂ ਧੂਹ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਸ ਨੇ ਆਪਣੇ ਹੰਝੂ ਪੂੰਝਦਿਆਂ ਕਿਹਾ ''ਮੈਂ ਖ਼ੁਸ਼ ਹਾਂ ਇਸ ਫ਼ੈਸਲੇ ਤੋਂ। ਉਹੀ ਦਿਨ ਸਨ ਜਦੋਂ ਮੈਂ ਤੇ ਮੇਰੇ ਬੱਚਿਆਂ ਨੇ ਉਸ ਨੂੰ ਆਖਰੀ ਵਾਰ ਦੇਖਿਆ ਸੀ। ਸਾਨੂੰ ਤਾਂ ਉਸ ਦੀ ਮ੍ਰਿਤਕ ਦੇਹ ਵੀ ਦੇਖਣ ਨੂੰ ਨਹੀਂ ਮਿਲ ਸਕੀ ਸੀ।' ਉਸ ਨੇ ਕਿਹਾ ਕਿ ਸੱਜਣ ਕੁਮਾਰ ਕਾਰ ਵਿਚ ਬੈਠਾ ਸੀ ਜਦੋਂ ਮੇਰੇ ਪਤੀ ਨੂੰ ਸੁਲਤਾਨਪੁਰੀ ਵਿਚ ਘਰੋਂ ਧੂਹ ਲਿਆ ਗਿਆ। ਮੈਂ ਉਸ ਨੂੰ ਦੇਖਿਆ ਸੀ। ਅੱਜ ਜਦੋਂ ਮੈਂ ਆਪਣੇ ਘਰ ਵਿਚ ਬੈਠੀ ਸੀ ਤਾਂ ਮੇਰੀ ਧੀ ਨੇ ਦੱਸਿਆ ਕਿ ਸੱਜਣ ਕੁਮਾਰ ਨੂੰ ਸਜ਼ਾ ਸੁਣਾਈ ਗਈ ਹੈ।

### ਜਬਰ ਜਨਾਹ ਕੇਸ 'ਚ ਵਿਧਾਇਕ ਸਣੇ ਛੇ ਦੋਸ਼ੀ ਕਰਾਰ

**ਪਟਨਾ:** ਅਦਾਲਤ ਨੇ ਰਾਸ਼ਟਰੀ ਜਨਤਾ ਦਲ ਦੇ ਮੁਅੱਤਲ ਵਿਧਾਇਕ ਰਾਜ ਬੱਲਭ ਯਾਦਵ ਤੇ ਪੰਜ ਹੋਰ ਨੂੰ ਨਾਬਾਲਗ ਲੜਕੀ ਨਾਲ ਜਬਰ ਜਨਾਹ ਦੇ ਕੇਸ ਵਿਚ ਦੋਸ਼ੀ ਕਰਾਰ ਦਿੱਤਾ ਹੈ।

## ਸਿਆਸੀ ਸ਼ਹਿ ਕਾਰਨ ਬਚਦੇ ਰਹੇ ਫਿਰਕੂ ਹਿੰਸਾ ਦੇ ਦੋਸ਼ੀ

**ਨਵੀਂ ਦਿੱਲੀ:** ਫਿਰਕੂ ਹਿੰਸਾ ਦਹਾਕਿਆਂ ਤੋਂ ਗੰਭੀਰ ਸਮੱਸਿਆ ਬਣੀ ਹੋਈ ਹੈ, ਪਰ ਇਸ ਮਾਮਲੇ ਵਿਚ 2012 ਤੋਂ ਪਹਿਲਾਂ ਦੇਸ਼ ਦੇ ਕਿਸੇ ਵੀ ਸਿਆਸੀ ਆਗੂ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ। 2002 ਦੇ ਗੁਜਰਾਤ ਦੰਗਿਆਂ ਦੇ ਕੇਸ 'ਚ ਉਸ ਸਮੇਂ ਭਾਜਪਾ ਦੇ ਮੰਤਰੀ ਮਾਇਆ



ਕੋਡਨਾਨੀ ਨੂੰ ਹੇਠਲੀ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਦਾ ਫੈਸਲਾ ਗੁਜਰਾਤ ਹਾਈ ਕੋਰਟ ਨੇ ਪਲਟਾ ਦਿੱਤਾ ਸੀ। ਇਸ ਕਰ ਕੇ 1984 ਦੇ ਸਿੱਖ ਕਤਲੇਆਮ ਕੇਸ 'ਚ ਦਿੱਲੀ ਹਾਈ ਕੋਰਟ ਵੱਲੋਂ ਕਾਂਗਰਸ ਆਗੂ ਸੱਜਣ ਕੁਮਾਰ ਸੁਣਾਏ ਫੈਸਲੇ ਨੇ ਇੱਕ ਮਿਸਾਲ ਸਥਾਪਤ ਕੀਤੀ ਹੈ ਤੇ ਅਦਾਲਤ ਨੇ 207 ਸਫਿਆਂ ਦੇ ਫ਼ੈਸਲੇ 'ਚ ਤਰਕ ਦਾ ਮਿਆਰ ਸਥਾਪਤ ਕੀਤਾ ਹੈ। ਆਪਣੇ ਫ਼ੈਸਲੇ 'ਚ ਜਸਟਿਸ ਐੱਸ ਮੁਰਲੀਧਰ ਤੇ ਜਸਟਿਸ ਵਿਨੋਦ ਗੋਇਲ ਨੇ ਇਸ ਸਿੱਖ ਕਤਲੇਆਮ ਨੂੰ 'ਮਨੁੱਖਤਾ ਖ਼ਿਲਾਫ਼ ਵੱਡਾ ਅਪਰਾਧ' ਗਰਦਾਨਿਆ ਹੈ।

ਯੂ.ਪੀ.ਏ. ਸਰਕਾਰ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕਾਰਵਾਈ ਕਰਨ ਤੋਂ ਕਿਨਾਰਾ ਵੱਟੀ ਰੱਖਿਆ ਸੀ, ਪਰ ਬਾਅਦ ਵਿਚ ਮਨਮੋਹਨ ਸਿੰਘ ਸਰਕਾਰ ਦੇ ਸਮੇਂ ਹੀ ਸਿਰਫ਼ ਤਿੰਨ ਦਿਨਾਂ ਅੰਦਰ ਸੱਜਣ ਕੁਮਾਰ ਖਿਲਾਫ਼ ਕੇਸ ਦਰਜ ਕਰ ਲਿਆ ਗਿਆ, ਪਰ ਉਸ ਨੂੰ ਫ਼ੈਸਲਾ ਸੁਣਾਉਣ ਦੀ ਕਾਰਵਾਈ ਪੂਰੀ ਹੁੰਦਿਆਂ 13 ਸਾਲ ਦਾ ਸਮਾਂ ਲੱਗ ਗਿਆ ਕਿਉਂਕਿ 2013 'ਚ ਉਸ ਨੂੰ ਹੇਠਲੀ ਅਦਾਲਤ ਨੇ ਇਸ ਕੇਸ ਵਿਚੋਂ ਬਰੀ ਕਰ ਦਿੱਤਾ ਸੀ। ਸੱਜਣ ਕੁਮਾਰ ਨੂੰ 2013 'ਚ ਇਸ ਲਈ ਬਰੀ ਕਰ ਦਿੱਤਾ ਗਿਆ ਸੀ ਕਿਉਂਕਿ 1985 'ਚ ਰੰਗਨਾਥ ਮਿਸ਼ਰਾ ਕਮਿਸ਼ਨ ਕੋਲ ਪੇਸ਼ ਕੀਤੇ ਗਏ ਹਲਫਨਾਮੇ ਵਿਚ ਇਸ ਕੇਸ ਦੀ ਮੁੱਖ ਪੀੜਤ ਜਗਦੀਸ਼ ਕੌਰ ਦਾ ਨਾਂ ਨਹੀਂ ਸੀ ਤੇ ਇਸੇ ਲਈ ਅਦਾਲਤ ਨੇ ਉਸ ਦੇ ਬਿਆਨਾਂ 'ਤੇ ਭਰੋਸਾ ਨਹੀਂ ਜਤਾਇਆ ਸੀ। ਪਰ ਹੁਣ ਦਿੱਲੀ ਹਾਈ ਕੋਰਟ ਨੇ ਜਗਦੀਸ਼ ਕੌਰ ਦੇ ਬਿਆਨਾਂ ਨੂੰ ਸਹੀ ਮੰਨ ਲਿਆ ਹੈ। ਅਦਾਲਤ ਨੇ ਦੇਖਿਆ ਕਿ ਜਦੋਂ ਉਸ ਵੱਲੋਂ ਪੰਜਾਬੀ ਵਿੱਚ ਦਾਇਰ ਕੀਤਾ ਗਿਆ ਹਲਫਨਾਮਾ ਅੰਗਰੇਜ਼ੀ ਵਿੱਚ ਉਲਥਾਇਆ ਗਿਆ ਤਾਂ ਉਸ ਨਾਂ ਵਿੱਚ ਲਿਖੇ ਜਾਣ ਤੋਂ ਰਹਿ ਗਿਆ। ਅਦਾਲਤ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਿਆਂਪਾਲਿਕਾ ਕਿਸੇ ਵੀ ਮਾਮਲੇ ਵਿਚ ਸਿਰਫ਼ ਤੱਥਾਂ ਨੂੰ ਧਿਆਨ 'ਚ ਰੱਖਿਆ ਜਾਂਦਾ ਹੈ।

# ਕਰਤਾਰਪੂਰ ਲਾਂਘਾ, ਸਿਆਸਤਦਾਨ ਅਤੇ ਸਮੱਸਿਆਵਾਂ

ਚੰਡੀਗੜ੍ਹ ਤੋਂ ਛਪਦੇ 'ਪੰਜਾਬੀ ਟ੍ਰਿਬਿਊਨ' ਦੇ 9 ਦਸੰਬਰ ਵਿਚ ਛਪੀਆਂ ਕਈ ਖਬਰਾਂ 'ਤੇ ਨਿਗਾਹ ਪੈਂਦਿਆਂ ਹੀ ਮਨ ਵਿਚ ਖਲਲ ਅਤੇ ਬੇਚੈਨੀ ਪੈਦਾ ਹੁੰਦੀ ਹੈ। ਪਹਿਲੀ ਧਿਆਨ ਖਿੱਚਦੀ ਖਬਰ 'ਲੇਬਰ ਚੌਂਕਾਂ ਨੇ ਮਿਟਾਏ ਕਿਸਾਨ-ਮਜ਼ਦੂਰ ਦੇ ਭੇਦ; ਦਾਦੇ ਦਾ ਕਰਜਾ ਉਤਾਰਦਾ ਪੋਤਾ ਬੰਧੂਆ ਮਜ਼ਦੂਰ ਬਣਿਆ' ਹੈ, ਜੋ ਅੱਜ ਦੇ ਪੰਜਾਬੀ ਕਿਸਾਨ ਦੀ ਹੌਲਨਾਕ ਕਹਾਣੀ ਬਿਆਨ ਕਰਦੀ ਹੈ ਕਿ ਕਿਵੇਂ ਸਾਰੇ ਹਿੰਦੁਸਤਾਨ ਦਾ ਢਿੱਡ ਭਰਨ ਵਾਲਾ ਪੰਜਾਬੀ ਕਿਸਾਨ ਅੱਜ ਦਾਦੇ ਦਾ ਕਰਜ਼ ਉਤਾਰਨ ਲਈ ਨਵੇਂ ਯੁਗ ਦੇ ਬਣੇ ਜਗੀਰਦਾਰਾਂ ਕੋਲ ਬੰਧੂਆ ਮਜ਼ਦੂਰ ਦੇ ਤੌਰ 'ਤੇ ਕੰਮ ਕਰਨ ਲਈ ਮਜਬੂਰ ਹੈ। ਇਸ ਮਜ਼ਦੂਰੀ ਨਾਲ ਉਹ ਦਾਦੇ ਦੇ ਲਏ ਕਰਜ਼ੇ ਦਾ ਮਹਿਜ ਵਿਆਜ ਹੀ ਉਤਾਰ ਪਾ ਰਿਹਾ ਹੈ।



ਡਾ. ਗੁਰਨਾਮ ਕੌਰ, ਕੈਨੇਡਾ

ਦੂਜਾ ਬਹੁਤ ਹੀ ਘਟੀਆ ਮਾਨਸਿਕਤਾ ਦੀ ਤਰਜ਼ਮਾਨੀ ਕਰਦਾ ਬਿਆਨ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਨੇ ਦਾਗਿਆ ਹੈ। ਬਿਲਕੁਲ ਫੌਜ ਦੇ ਕਪਤਾਨ ਵਾਂਗ ਗੋਲਾ ਦਾਗਿਆ ਤੇ ਉਹ ਵੀ ਨਫਰਤ ਦਾ, "ਲਾਂਘਾ ਖੋਲ੍ਹਣ ਪਿੱਛੇ ਪਾਕਿ ਫੌਜ ਦੀ ਵੱਡੀ ਸਾਜ਼ਿਸ਼।" ਖਬਰ ਵਿਚ ਲਿਖਿਆ ਹੈ, "ਮੁੱਖ ਮੰਤਰੀ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਨੂੰ ਖੋਲ੍ਹਣਾ ਸਪੱਸ਼ਟ ਤੌਰ 'ਤੇ ਆਈ. ਐਸ. ਆਈ. ਦੀ ਯੋਜਨਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਲਗਦਾ ਹੈ, ਪਾਕਿਸਤਾਨੀ ਫੌਜ ਨੇ ਭਾਰਤ ਖਿਲਾਫ ਵੱਡੀ ਸਾਜ਼ਿਸ਼ ਘੜੀ ਹੈ।" ਖਬਰ ਵਿਚ ਅੱਗੇ ਲਿਖਿਆ ਹੈ, "ਪੰਜਾਬ ਪੁਲਿਸ ਪਾਕਿਸਤਾਨ ਨਾਲ ਸਿੱਧੀ ਟੱਕਰ ਲੈਣ ਦੇ ਸਮਰੱਥ। ਮੁੱਖ ਮੰਤਰੀ ਨੇ ਕਿਹਾ ਕਿ ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਨਰਲ ਜਾਵੇਦ ਕਮਰ ਬਾਜਵਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਪੁਲਿਸ ਪਾਕਿਸਤਾਨ ਨਾਲ ਸਿੱਧੀ ਟੱਕਰ ਲੈਣ ਦੇ ਪੂਰੀ ਤਰ੍ਹਾਂ ਸਮਰੱਥ ਹੈ।"

ਤੀਸਰੀ ਖਬਰ ਬਲਵਿੰਦਰ ਸਿੰਘ ਜੰਮੂ ਦੀ ਚੰਡੀਗੜ੍ਹ ਤੋਂ ਹੈ, "ਕਸ਼ਮੀਰ ਨੂੰ ਸਿਆਸੀ ਮਸਲੇ ਤੋਂ ਨਜਿੱਠਣ 'ਤੇ ਜ਼ੋਰ" ਸੁਰਖੀ ਹੇਠ ਛਪੀ ਇਸ ਖਬਰ ਵਿਚ ਲਿਖਿਆ ਹੈ, "ਵੱਖ ਵੱਖ ਮਾਹਿਰਾਂ ਦਾ ਮੰਨਣਾ ਹੈ ਕਿ ਕਸ਼ਮੀਰ ਮਸਲਾ ਨਾ ਅਮਨ ਕਾਨੂੰਨ ਅਤੇ ਨਾ ਹੀ ਆਰਥਿਕ ਸਮੱਸਿਆ ਹੈ। ਸਗੋਂ ਇਹ ਵੱਡੇ ਪੱਧਰ 'ਤੇ ਰਾਜਨੀਤਕ ਅਤੇ ਜਜ਼ਬਾਤੀ ਮਾਮਲਾ ਹੈ ਅਤੇ ਇਸ ਦਾ ਹੱਲ ਵੀ ਇਸੇ ਪ੍ਰਸੰਗ ਵਿਚ ਕਰਨ ਦੀ ਲੋੜ ਹੈ।"

ਇਸ ਤੋਂ ਅੱਗੇ ਇੱਕ ਖਬਰ ਦਵਿੰਦਰਪਾਲ ਵੱਲੋਂ ਲਾਈ ਗਈ ਹੈ, "ਸਰਕਾਰੀ ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੰਜਾਬ 'ਚ ਦਲਿਤਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵਧ ਰਹੀਆਂ ਹਨ।...ਪੰਜਾਬ ਸਰਕਾਰ ਵੱਲੋਂ ਦਲਿਤਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਜ਼ਿਆਦਤੀਆਂ ਦਾ ਇਨਸਾਫ ਦਵਾਉਣ ਲਈ ਐਸ. ਸੀ. ਕਮਿਸ਼ਨ ਕਾਇਮ ਕੀਤਾ। ਕਮਿਸ਼ਨ ਕੋਲ ਜ਼ਿਆਦਾ ਸ਼ਕਤੀਆਂ ਨਾ ਹੋਣ ਕਾਰਨ ਦਲਿਤਾਂ ਦੇ ਮਾਮਲੇ ਅੱਧ ਵਿਚਾਲੇ ਹੀ ਲਟਕ ਜਾਂਦੇ ਹਨ। ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਦੱਸਿਆ ਕਿ ਸਭ ਤੋਂ ਵੱਧ ਸ਼ਿਕਾਇਤਾਂ ਪੁਲਿਸ ਦੇ ਖਿਲਾਫ ਹੀ ਆਉਂਦੀਆਂ ਹਨ ਤੇ ਪੁਲਿਸ ਪੀੜਤ ਦਲਿਤਾਂ ਦੀ ਸੁਣਵਾਈ ਕਰਨ ਤੋਂ ਟਾਲਾ ਹੀ ਨਹੀਂ ਵੱਟਦੀ ਸਗੋਂ ਝੂਠੇ ਕੇਸ ਵੀ ਗਰੀਬਾਂ 'ਤੇ ਹੀ ਦਰਜ ਕਰਦੀ ਹੈ...।"

ਪੰਜਾਬੀਆਂ ਨੇ 2017 ਦੀਆਂ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੂੰ ਬਹੁਮੱਤ ਨਾਲ ਇਸ ਲਈ ਜਿਤਾਇਆ ਸੀ ਕਿ ਉਨ੍ਹਾਂ ਨੂੰ ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦਾ, ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਤੋਂ ਪਹਿਲਾਂ ਦਾ ਪੰਜ ਸਾਲ ਦਾ ਸਮਾਂ ਯਾਦ ਸੀ; ਜਦੋਂ ਪੰਜ ਸਾਲ ਤੱਕ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਮੰਡੀਆਂ ਵਿਚ ਖੁਆਰ ਨਹੀਂ ਸੀ ਹੋਣਾ ਪਿਆ, ਪੰਜ ਸਾਲ ਲਈ ਬਿਜਲੀ ਦੀ ਕੋਈ ਸਮੱਸਿਆ ਨਹੀਂ ਸੀ ਆਈ, ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਦੀਆਂ ਲਿੰਕ-ਸੜਕਾਂ ਬਣਾਈਆਂ ਗਈਆਂ ਸਨ, ਜਿਨ੍ਹਾਂ ਦੀ ਬਾਦਲ ਸਰਕਾਰ ਵੇਲੇ ਕਦੀ ਮੁਰੰਮਤ ਵੀ ਨਹੀਂ ਸੀ ਹੋਈ ਅਤੇ ਇਸੇ ਤਰ੍ਹਾਂ ਦੇ ਹੋਰ ਬਹੁਤ ਸਾਰੇ ਕੰਮ ਹੋਏ ਸੀ।

ਮੈਨੂੰ ਅੱਜ ਵੀ ਯਾਦ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਤੋਂ ਥੋੜੇ ਅਰਸੇ ਬਾਅਦ ਹੀ ਉਹ ਪੰਜਾਬੀ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਕਾਲਜ ਦਾ ਨੀਂਹ ਪੱਥਰ ਰੱਖਣ ਕੈਂਪਸ ਆਏ ਅਤੇ ਉਸ ਵੇਲੇ ਜੋ ਭਾਸ਼ਣ ਦਿੱਤਾ, ਸੁਣ ਕੇ ਮਨ ਨੂੰ ਤਸੱਲੀ ਅਤੇ ਖੁਸ਼ੀ ਹੋਈ ਸੀ ਕਿ ਪੰਜਾਬ ਨੂੰ ਕੋਈ ਅਜਿਹਾ ਮੁੱਖ ਮੰਤਰੀ ਵੀ ਮਿਲਿਆ ਹੈ, ਜਿਸ ਕੋਲ ਪੰਜਾਬ ਦੇ ਭਵਿੱਖ ਲਈ ਵਿਸ਼ਾਲ ਦ੍ਰਿਸ਼ਟੀ, ਯੋਜਨਾਵਾਂ ਅਤੇ ਸੁਪਨੇ ਹਨ ਅਤੇ ਕੈਪਟਨ ਨੇ ਉਨ੍ਹਾਂ ਪੰਜਾਂ ਸਾਲਾਂ ਵਿਚ ਉਨ੍ਹਾਂ 'ਤੇ ਅਮਲ ਕਰਨ ਦੀ ਪੂਰੀ ਕੋਸ਼ਿਸ਼ ਵੀ ਕੀਤੀ ਸੀ। ਇਸ ਵਾਰ ਦੀ ਤਰ੍ਹਾਂ ਸਹੁੰਆਂ ਖਾ ਕੇ ਉਨ੍ਹਾਂ ਨੂੰ ਭੁਲਾਇਆ ਨਹੀਂ ਸੀ।



*ਕੈਪਟਨ ਅਮਰਿੰਦਰ ਸਿੰਘ*

ਉਦੋਂ ਬਾਦਲ ਸਰਕਾਰ ਦੇ ਵਾਪਸ ਆ ਜਾਣ 'ਤੇ ਅਫਸੋਸ ਲੱਗਾ ਸੀ ਕਿ ਪੰਜਾਬ ਦੇ ਲੋਕਾਂ ਨੇ

> ***ਦੂਜਾ ਬਹੁਤ ਹੀ ਘਟੀਆ ਮਾਨਸਿਕਤਾ ਦੀ ਤਰਜ਼ਮਾਨੀ ਕਰਦਾ ਬਿਆਨ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਨੇ ਦਾਗਿਆ ਹੈ। ਬਿਲਕੁਲ ਫੌਜ ਦੇ ਕਪਤਾਨ ਵਾਂਗ ਗੋਲਾ ਦਾਗਿਆ ਤੇ ਉਹ ਵੀ ਨਫਰਤ ਦਾ, "ਲਾਂਘਾ ਖੋਲ੍ਹਣ ਪਿੱਛੇ ਪਾਕਿ ਫੌਜ ਦੀ ਵੱਡੀ ਸਾਜ਼ਿਸ਼।" ਖਬਰ ਵਿਚ ਲਿਖਿਆ ਹੈ, "ਮੁੱਖ ਮੰਤਰੀ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਨੂੰ ਖੋਲ੍ਹਣਾ ਸਪੱਸ਼ਟ ਤੌਰ 'ਤੇ ਆਈ. ਐਸ. ਆਈ. ਦੀ ਯੋਜਨਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਲਗਦਾ ਹੈ, ਪਾਕਿਸਤਾਨੀ ਫੌਜ ਨੇ ਭਾਰਤ ਖਿਲਾਫ ਵੱਡੀ ਸਾਜ਼ਿਸ਼ ਘੜੀ ਹੈ।"***

ਕੈਪਟਨ ਦੇ ਕੰਮ ਦੀ ਕਦਰ ਨਹੀਂ ਪਾਈ। ਚਾਹੀਦਾ ਤਾਂ ਇਹ ਹੈ ਕਿ ਕੈਪਟਨ ਪੰਜਾਬ ਦੀਆਂ ਸਮੱਸਿਆਂ ਨੂੰ ਨੇੜਿਓਂ ਦੇਖੇ ਅਤੇ ਸਮਝੇ ਕਿ ਆਖਰਕਾਰ ਬਾਦਲ ਦੇ ਦਸ ਸਾਲ ਦੀ 'ਸੇਵਾ' ਦੌਰਾਨ ਪੰਜਾਬ ਦੀ ਕਿਸਾਨੀ ਦਾ ਏਨਾ ਬੁਰਾ ਹਾਲ ਕਿਉਂ ਹੋਇਆ ਹੈ? ਕਿਉਂ ਅੱਜ ਅੰਨ ਦਾਤਾ ਕਹਾਉਣ ਵਾਲਾ ਕਿਸਾਨ ਆਪਣੇ ਦਾਦੇ ਦਾ ਕਰਜ਼ਾ ਉਤਾਰਨ ਲਈ ਬੰਧੂਆ ਮਜ਼ਦੂਰ ਬਣਨ ਲਈ ਮਜਬੂਰ ਹੋ ਗਿਆ ਹੈ? ਕਿਸਾਨੀ ਦੇ ਨਾਲ ਨਾਲ ਸਿੱਖਿਆ ਅਤੇ ਸਿਹਤ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਿਉਂ ਹੁੰਦੀਆਂ ਜਾ ਰਹੀਆਂ ਹਨ? ਕਿਉਂ ਅੱਜ ਵੱਡੀਆਂ ਵੱਡੀਆਂ ਡਿਗਰੀਆਂ ਹਾਸਿਲ ਕਰ ਲੈਣ ਦੇ ਬਾਵਜੂਦ ਨੌਜੁਆਨ ਪੀੜ੍ਹੀ ਬੇਰੁਜ਼ਗਾਰੀ ਦੀ ਦਲਦਲ ਵਿਚ ਧਸਦੀ ਤੁਰੀ ਜਾ ਰਹੀ ਹੈ? ਕਾਂਗਰਸ ਰਾਜ ਦੇ ਕਰੀਬ ਪੌਣੇ ਦੋ ਸਾਲ ਬੀਤ ਚੁਕੇ ਹਨ ਪਰ ਅੱਜ ਵੀ ਨਸ਼ਿਆਂ ਨਾਲ ਨੌਜੁਆਨਾਂ ਦੀਆਂ ਮੌਤਾਂ ਉਸੇ ਤਰ੍ਹਾਂ ਬਾਦਸਤੂਰ ਜਾਰੀ ਹਨ।

ਮੈਨੂੰ ਯਾਦ ਹੈ, ਕੈਪਟਨ ਦੇ ਉਸ ਸਮੇਂ ਦੇ ਰਾਜ ਵਿਚ ਰਿਸ਼ਵਤਖੋਰੀ ਨੂੰ ਕਿਵੇਂ ਨੱਥ ਪਾਈ ਗਈ ਸੀ ਪਰ ਇਸ ਵਾਰ ਅਕਾਲੀ ਸਰਕਾਰ ਵੇਲੇ ਦਾ ਸ਼ੁਰੂ ਹੋਇਆ ਭ੍ਰਿਸ਼ਟਾਚਾਰ ਉਵੇਂ ਦਾ ਉਵੇਂ ਕਾਇਮ ਹੈ। ਇੱਥੋਂ ਤੱਕ ਕਿ ਆਂਗਣਵਾੜੀ ਵਰਗੇ ਅਦਾਰਿਆਂ ਦੇ ਨਿੱਕੇ ਨਿੱਕੇ ਬੱਚਿਆਂ ਲਈ ਖਰੀਦੇ ਜਾਣ ਵਾਲੇ ਖਿਡਾਉਣਿਆਂ ਅਤੇ ਸਮਾਨ ਦੀ ਖਰੀਦੋ ਫਰੋਖਤ ਵਿਚ ਵੀ ਕਰੋੜਾਂ ਰੁਪਏ ਦੀ ਹੇਰਾ ਫੇਰੀ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ।

ਪੰਜਾਬ ਨਸ਼ਿਆਂ ਦੇ ਨਾਲ ਨਾਲ ਕੈਂਸਰ ਨਾਲ ਵੀ ਮਰ ਰਿਹਾ ਹੈ, ਜਿਸ ਦੀ ਵਜ੍ਹਾ ਮਿੱਟੀ ਅਤੇ ਪਾਣੀਆਂ ਦਾ ਪ੍ਰਦੂਸ਼ਣ ਹੈ। ਫੈਕਟਰੀਆਂ ਦਾ ਗੰਦਾ ਪਾਣੀ ਲਗਾਤਾਰ ਦਰਿਆਵਾਂ ਦੇ ਪਾਣੀ ਨੂੰ ਗੰਧਲਾ ਕਰ ਰਿਹਾ ਹੈ ਪਰ ਸਰਕਾਰ ਦੇ ਕੰਨਾਂ 'ਤੇ ਕੋਈ ਜੂੰ ਨਹੀਂ ਸਰਕ ਰਹੀ। ਇਸ ਸਭ ਕੁੱਝ ਵਿਚ ਸੁਧਾਰ ਲਿਆਉਣ, ਸਰਕਾਰੀ ਖਰੀਦੋ ਫਰੋਖਤ ਵਿਚ ਹੁੰਦੀ ਕਰੋੜਾਂ ਦੀ ਘਪਲੇਬਾਜੀ ਰੋਕਣ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਦਰਿਆਵਾਂ ਵਿਚ ਪੈਣ ਤੋਂ ਰੋਕਣ ਲਈ ਤਾਂ ਕਿਸੇ ਖਜਾਨੇ ਦੀ ਲੋੜ ਨਹੀਂ ਹੈ? ਇਸ ਸਭ ਕੁੱਝ ਵਿਚ ਸੁਧਾਰ ਲਿਆਉਣ ਲਈ ਤਾਂ ਇੱਛਾ-ਸ਼ਕਤੀ, ਸਬੰਧਤ ਮੰਤਰੀਆਂ ਵੱਲੋਂ ਆਪਣੇ ਦਫਤਰਾਂ ਵਿਚ ਬੈਠ ਕੇ ਕੰਮ ਕਰਨ ਅਤੇ ਆਪਣੇ ਮਹਿਕਮਿਆਂ ਤੇ ਅਫਸਰਾਂ ਵਿਚ ਅਨੁਸ਼ਾਸਨ ਅਤੇ ਜਿੰਮੇਵਾਰੀ ਦਾ ਅਹਿਸਾਸ ਜਗਾਉਣ ਦੀ ਹੀ ਲੋੜ ਹੈ। ਇਹ ਸਭ ਕੁੱਝ ਕਰਨ ਲਈ ਤਾਂ ਕੈਪਟਨ ਸਾਹਿਬ ਨੂੰ ਸਮੱਸਿਆਵਾਂ ਨੂੰ ਨੇੜਿਓਂ ਬਰੀਕੀ ਨਾਲ ਘੋਖਣਾ ਹੀ ਪਵੇਗਾ, ਬਿਆਨਾਂ ਨਾਲ ਤਾਂ ਨਹੀਂ ਸਰ ਜਾਣਾ।

ਖਬਰਾਂ ਅਨੁਸਾਰ ਪੰਜਾਬ ਦੇ ਗੰਨਾ ਉਤਪਾਦਕ ਸਰਕਾਰ ਦੀ ਨਾਲਾਇਕੀ ਕਾਰਨ ਰੁਲ ਰਹੇ ਹਨ। ਇਤਿਹਾਸਕ ਯਾਦਗਾਰਾਂ ਤਬਾਹ ਹੋ ਰਹੀਆਂ ਹਨ। ਇੱਕ ਹੋਰ ਵੱਡੀ ਖਬਰ ਛਪੀ ਹੈ ਕਿ ਸਰਹੱਦ 'ਤੇ ਮਰਨ ਵਾਲਿਆਂ ਨਾਲੋਂ ਸੜਕਾਂ 'ਤੇ ਪਏ ਟੋਇਆਂ ਕਾਰਨ ਹੁੰਦੀਆਂ ਦੁਰਘਟਨਾਵਾਂ ਵਿਚ ਜ਼ਿਆਦਾ ਮੌਤਾਂ ਹੁੰਦੀਆਂ ਹਨ। ਸਾਰੇ ਇਹ ਵੀ ਜਾਣਦੇ ਹਨ ਕਿ ਸਭ ਤੋਂ ਵੱਧ ਹਾਦਸੇ ਪੰਜਾਬ ਦੀਆਂ ਸੜਕਾਂ 'ਤੇ ਹੁੰਦੇ ਹਨ। ਸੜਕਾਂ ਦੇ ਇਨ੍ਹਾਂ ਟੋਇਆਂ ਨੂੰ ਭਰਨਾ ਕਿਸ ਨੇ ਹੈ? ਸਬੰਧਤ ਸਰਕਾਰ ਨੇ।

ਅੱਜ ਪੰਜਾਬ ਦੇ ਹਰ ਸਰਕਾਰੀ ਮਹਿਕਮੇ ਦੇ ਮੁਲਾਜ਼ਮ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹਨ, ਕਿਉਂ? ਮੰਤਰੀਆਂ ਦੇ ਭੱਤੇ ਵਧਾਉਣ, ਨਵੀਆਂ ਤੇ ਵੱਡੀਆਂ ਗੱਡੀਆਂ ਖਰੀਦਣ ਲਈ ਪੈਸਾ ਖਰਚ ਕਰਦਿਆਂ ਸਰਕਾਰ ਨੂੰ ਕੋਈ ਦਿੱਕਤ ਪੇਸ਼ ਨਹੀਂ ਆਉਂਦੀ ਪਰ ਮੁਲਾਜ਼ਮ, ਜਿਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਪਾਲਣਾ ਹੈ, ਉਨ੍ਹਾਂ ਲਈ ਸਰਕਾਰ ਦੇ ਖਜਾਨੇ ਖਾਲੀ ਹਨ।

ਕਰਤਾਰਪੁਰ ਲਾਂਘੇ ਦੇ ਉਦਘਾਟਨ ਵੇਲੇ ਜਿਸ ਕਿਸਮ ਦਾ ਜਲੂਸ ਆਪਣੇ ਭਾਸ਼ਨਾਂ ਰਾਹੀਂ ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਹਰਸਿਮਰਤ ਕੌਰ ਤੇ ਬਾਕੀ ਲੀਡਰਾਂ ਨੇ ਕੱਢਿਆ, ਉਹ ਸਭ ਨੂੰ ਪਤਾ ਹੈ। ਜਿਸ ਕਿਸਮ ਦੀ ਦਰਿਆ-ਦਿਲੀ ਦਾ ਮੁਜਾਹਰਾ ਪਾਕਿਸਤਾਨ ਸਰਕਾਰ ਅਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੀਤਾ, ਉਸ ਕਿਸਮ ਦੀ ਦਰਿਆ-ਦਿਲੀ ਅਤੇ ਖਲੂਸ ਪੰਜਾਬ ਸਰਕਾਰ ਤੇ ਕੇਂਦਰ ਵੱਲੋਂ ਵੀ ਦਿਖਾਇਆ ਜਾਣਾ ਚਾਹੀਦਾ ਸੀ, ਕਿਉਂਕਿ ਇਸ ਰਸਤੇ ਦਾ ਖੋਲ੍ਹਿਆ ਜਾਣਾ ਸਿੱਖਾਂ ਦੇ ਜਜ਼ਬਾਤ ਨਾਲ ਜੁੜਿਆ ਹੋਇਆ ਹੈ। ਜਿਸ ਕਿਸਮ ਦੀ ਤੰਗਦਿਲੀ ਦਾ ਮੁਜਾਹਰਾ ਅਤੇ ਸਿਆਸਤ ਕੀਤੀ ਗਈ, ਉਹ ਬੇਹੱਦ ਭੱਦਾ ਅਤੇ ਨਿੰਦਣਯੋਗ ਸੀ। ਪਰ ਕੈਪਟਨ ਸਾਹਿਬ ਨੇ ਤਾਂ ਹੱਦ ਹੀ ਕਰ ਦਿੱਤੀ, ਉਸ ਤੋਂ ਵੀ ਮਾੜਾ ਬਿਆਨ ਦਾਗ ਕੇ ਕਿ ਲਾਂਘਾ ਖੋਲ੍ਹਣ ਪਿੱਛੇ ਪਾਕਿਸਤਾਨੀ ਫੌਜ ਦੀ ਵੱਡੀ ਸਾਜ਼ਿਸ਼ ਹੈ ਅਤੇ ਇਹ ਸਪਸ਼ਟ ਤੌਰ 'ਤੇ ਆਈ. ਐਸ. ਆਈ. ਦੀ ਯੋਜਨਾ ਦਾ ਹਿੱਸਾ ਹੈ; ਪੰਜਾਬ ਵਿਚ ਅਤਿਵਾਦ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਹੈ। ਸਭ ਤੋਂ ਹਾਸੋਹੀਣਾ ਅਤੇ ਬਚਗਾਨਾ ਬਿਆਨ ਦਾ ਅਗਲਾ ਹਿੱਸਾ ਹੈ, ਜਿਸ ਵਿਚ ਕੈਪਟਨ ਨੇ ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਾਵੇਦ ਕਮਰ ਬਾਜਵਾ ਨੂੰ ਸਮਝਾਇਆ ਹੈ ਕਿ ਪੰਜਾਬ ਪੁਲਿਸ ਪਾਕਿਸਤਾਨ ਨਾਲ ਸਿੱਧੀ ਟੱਕਰ ਲੈਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਯਾਨਿ ਜੇ ਪਾਕਿਸਤਾਨ ਦੀ ਫੌਜ ਵੱਲੋਂ ਪੰਜਾਬ ਦੀ ਸਰਹੱਦ 'ਤੇ ਕੋਈ ਗੜਬੜ ਕੀਤੀ ਜਾਂਦੀ ਹੈ ਤਾਂ ਪੰਜਾਬ ਪੁਲਿਸ ਫੌਜ ਨੂੰ ਟੱਕਰ ਦੇਵੇਗੀ। ਪੰਜਾਬ ਦੇ ਸਤਿਕਾਰਯੋਗ ਮੁੱਖ ਮੰਤਰੀ ਜੀ ਫੌਜ ਵਿਚ ਕੈਪਟਨ ਰਹੇ ਹਨ। ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਪਤਾ ਹੈ ਕਿ ਸਰਹੱਦ ਤੋਂ ਹੋਣ ਵਾਲੀ ਕਿਸੇ ਕਿਸਮ ਦੀ ਘੁਸਪੈਠ ਜਾਂ ਅਜਿਹੇ ਹੋਰ ਮਾਮਲਿਆਂ ਨਾਲ ਨਜਿੱਠਣ ਲਈ ਬਾਰਡਰ ਸਿਕਿਉਰਿਟੀ ਫੋਰਸਾਂ ਅਤੇ ਪੈਰਾ-ਮਿਲਟਰੀ ਫੋਰਸਾਂ ਆਦਿ ਕੇਂਦਰ ਵੱਲੋਂ ਤਾਇਨਾਤ ਹੁੰਦੀਆਂ ਹਨ ਅਤੇ ਫੌਜ ਦੀਆਂ ਭੜਕਾਊ ਜਾਂ ਅਜਿਹੀਆਂ ਹੋਰ ਕਾਰਵਾਈਆਂ ਦਾ ਜੁਆਬ ਫੌਜ ਹੀ ਦਿੰਦੀ ਹੈ। ਕਹਿਣ ਤੋਂ ਭਾਵ ਹੈ ਕਿ ਸਰਹੱਦ ਤੋਂ ਪਾਰ ਦੇ ਕਿਸੇ ਵੀ ਕਿਸਮ ਦੇ ਖਤਰੇ ਨਾਲ ਨਜਿੱਠਣਾ ਭਾਰਤੀ ਫੌਜ ਦਾ ਕੰਮ ਹੈ। ਜੇ ਮੌਜੂਦਾ ਬਿਆਨ ਦੇ ਖਾਸ ਸੰਦਰਭ ਵਿਚ ਕਹਿ ਲਈਏ ਤਾਂ ਪੰਜਾਬ ਪੁਲਿਸ ਦਾ ਕੰਮ ਪੰਜਾਬ ਦੀ ਜਨਤਾ ਦੇ ਹੱਕਾਂ ਦੀ, ਉਨ੍ਹਾਂ ਦੇ ਜਾਨ-ਮਾਲ ਦੀ ਰਾਖੀ ਕਰਨਾ ਅਤੇ ਉਨ੍ਹਾਂ ਦੀ ਕਾਨੂੰਨੀ ਹਿਫਾਜ਼ਤ ਕਰਨਾ ਹੈ।

ਉਪਰੋਕਤ ਖਬਰਾਂ 'ਤੇ ਚਰਚਾ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨੀ ਫੌਜ ਨਾਲ ਲੜਨ ਦੀਆਂ ਤਿਆਰੀਆਂ ਕਰਨ ਦੀ ਥਾਂ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਪੰਜਾਬ ਪੁਲਿਸ ਨੂੰ ਇਨਸਾਫ ਪਸੰਦ ਬਣਾਵੇ ਅਤੇ ਲੋਕਾਂ ਦੇ ਸ਼ਹਿਰੀ ਹੱਕਾਂ ਦੀ ਰਾਖੀ ਕਰਨੀ ਅਤੇ ਹਿਫਾਜ਼ਤ ਕਰਨੀ ਸਿਖਾਵੇ। ਪੰਜਾਬ ਦੀ ਪੁਲਿਸ ਬਹੁਤ ਬਦਨਾਮ ਹੋ ਚੁਕੀ ਹੈ। ਅਤਿਵਾਦ ਨਾਲ ਲੜਨ ਦੇ ਨਾਂ 'ਤੇ ਦਿੱਤੇ ਗਏ ਵੱਧ ਅਧਿਕਾਰਾਂ ਨੇ ਪੁਲਿਸ ਦੇ ਮੂੰਹ ਨੂੰ ਲਹੂ ਲਾ ਦਿੱਤਾ ਹੈ। ਕਾਨੂੰਨ ਅਤੇ ਅਨੁਸ਼ਾਸਨ ਨਾਂ ਦੀ ਕੋਈ ਚੀਜ਼ ਹੀ ਨਹੀਂ ਬਚੀ। ਲੁਟਾਂ-ਖੋਹਾਂ, ਗੈਂਗ ਲੜਾਈਆਂ, ਬੈਂਕਾਂ ਅਤੇ ਆਮ ਘਰਾਂ ਵਿਚ ਚੋਰੀਆਂ-ਡਾਕਿਆਂ ਦੀਆਂ ਘਟਨਾਵਾਂ ਵਿਚ ਹਰ ਰੋਜ਼ ਵਾਧਾ ਹੋ ਰਿਹਾ ਹੈ। ਅੱਜ ਪੰਜਾਬ ਦੇ ਵਸਨੀਕ ਆਪਣੀ ਜਾਨ ਅਤੇ ਇੱਜਤ-ਦੋਹਾਂ ਲਈ ਫਿਕਰਮੰਦ ਹਨ। ਪੁਲਿਸ ਤੋਂ ਡਰਦਾ ਕੋਈ ਵੀ ਬੰਦਾ ਐਕਸੀਡੈਂਟ ਵਿਚ ਜ਼ਖਮੀ ਹੋਏ ਸੜਕ 'ਤੇ ਪਏ ਤੜਫ ਰਹੇ ਬੰਦੇ ਨੂੰ ਹਸਪਤਾਲ ਪਹੁੰਚਾਉਣ ਜਾਂ ਕੋਈ ਮਦਦ ਕਰਨ ਦਾ ਹੌਸਲਾ ਨਹੀਂ ਕਰਦਾ ਕਿਉਂਕਿ ਪੁਲਿਸ ਵੱਲੋਂ ਉਸੇ ਦੇ ਸਿਰ ਕੇਸ ਪਾ ਦਿੱਤੇ ਜਾਣ ਦਾ ਭੈਅ ਹੁੰਦਾ ਹੈ। ਬਾਹਰਲੇ ਮੁਲਕਾਂ ਦੀ ਪੁਲਿਸ ਪਹਿਲਾਂ ਕੇਸ ਦੀ ਛਾਣਬੀਣ ਕਰਦੀ ਹੈ, ਫਿਰ ਕਿਸੇ ਨੂੰ ਫੜ੍ਹਦੀ ਹੈ। ਪੰਜਾਬ ਪੁਲਿਸ ਪਹਿਲਾਂ ਕਿਸੇ ਨੂੰ ਫੜ੍ਹਦੀ ਹੈ, ਫਿਰ ਕੁੱਟ ਕੁੱਟ ਕੇ ਕੇਸ ਵਿਚ ਸ਼ਾਮਲ ਹੋਣਾ ਮੰਨਵਾਉਂਦੀ ਹੈ ਅਤੇ ਅਸਲ ਦੋਸ਼ੀ ਕਿਤੇ ਦਾ ਕਿਤੇ ਨਿਕਲ ਜਾਂਦਾ ਹੈ।

ਪੰਜਾਬ ਦੇ ਲੋਕਾਂ ਕੋਲ ਜੇ ਰੁਜ਼ਗਾਰ ਹੋਵੇਗਾ, ਪੰਜਾਬ ਦੀ ਨੌਜੁਆਨ ਪੀੜ੍ਹੀ ਦਾ ਭਵਿੱਖ ਜੇ ਸਿੱਖਿਆ, ਸਿਹਤ ਅਤੇ ਰੁਜ਼ਗਾਰ ਪੱਖੋਂ ਸੁਰੱਖਿਅਤ ਹੋਵੇਗਾ ਤਾਂ ਉਸ ਦੇ ਵਿਚਲਿਤ ਹੋਣ ਦੇ ਮੌਕੇ ਪੈਦਾ ਹੀ ਨਹੀਂ ਹੋਣਗੇ। ਇਸ ਲਈ ਮੁੱਖ ਮੰਤਰੀ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਇਹ ਸਭ ਸਹੂਲਤਾਂ ਮੁਹੱਈਆ ਕਿਵੇਂ ਕਰਵਾਈਆਂ ਜਾਣ? ਉਸ ਨੂੰ ਚਿੰਤਾ ਇਹ ਕਰਨੀ ਚਾਹੀਦੀ ਹੈ ਕਿ ਪੰਜਾਬ ਦੀ ਨੌਜੁਆਨ ਪੀੜ੍ਹੀ ਆਪਣਾ ਮੁਲਕ ਛੱਡ ਕੇ ਬਾਹਰਲੇ ਮੁਲਕਾਂ ਵੱਲ ਕਿਉਂ ਵਹੀਰਾਂ ਘੱਤੀ ਜਾ ਰਹੀ ਹੈ? ਮੁਲਕ ਦਾ ਸਭ ਤੋਂ ਵੱਡਾ ਸਰਮਾਇਆ ਨੌਜੁਆਨ ਹੁੰਦੇ ਹਨ ਅਤੇ ਉਹ ਸਿਰਫ ਆਪ ਹੀ ਬਾਹਰ ਨਹੀਂ ਜਾ ਰਹੇ, ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪੜ੍ਹਾਈ ਲਈ ਖਰਚਿਆ ਪੈਸਾ ਵੀ ਬਾਹਰ ਜਾ ਰਿਹਾ ਹੈ। ਸਿਹਤ ਅਤੇ ਪੜ੍ਹਾਈ ਦਾ ਨਿਜੀਕਰਨ ਵੀ ਕਿਸ ਦੇ ਸਿਰ 'ਤੇ ਚੱਲੇਗਾ ਜਿਨ੍ਹਾਂ ਨੂੰ ਉਸਾਰਨ ਵਿਚ ਪੰਜਾਬ ਦੀਆਂ ਸਰਕਾਰਾਂ ਨੇ ਲਗਾਤਾਰ ਮਦਦ ਕੀਤੀ ਹੈ?

ਪਾਕਿਸਤਾਨ ਨਾਲ ਝਗੜੇ ਦਾ ਸਭ ਤੋਂ ਵੱਡਾ ਕਾਰਨ ਕਸ਼ਮੀਰ ਮਸਲਾ ਹੈ। ਉਪਰ ਦਿੱਤੀ ਖਬਰ ਅਨੁਸਾਰ ਵੱਖ ਵੱਖ ਮਾਹਿਰਾਂ ਦਾ ਵੀ ਇਹੋ ਮੰਨਣਾ ਹੈ ਕਿ ਕਸ਼ਮੀਰ ਮਸਲਾ ਨਾ ਅਮਨ ਕਾਨੂੰਨ ਅਤੇ ਨਾ ਹੀ ਆਰਥਕ ਸਮੱਸਿਆ ਹੈ। ਬਲਕਿ ਇਹ ਵੱਡੇ ਪੱਧਰ 'ਤੇ ਰਾਜਨੀਤਕ ਮਸਲਾ ਹੈ ਅਤੇ ਇਸ ਦਾ ਹੱਲ ਵੀ ਇਸੇ ਪ੍ਰਸੰਗ ਵਿਚ ਕਰਨ ਦੀ ਲੋੜ ਹੈ। ਪਾਕਿਸਤਾਨ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਉਸ ਨੇ ਵੀ ਨਵੇਂ ਪਾਕਿਸਤਾਨ ਦੇ ਸੁਪਨੇ ਸਜਾਏ ਹਨ, ਉਵੇਂ ਹੀ ਜਿਵੇਂ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਵਾਰ ਮੁੱਖ ਮੰਤਰੀ ਬਣਨ ਵੇਲੇ ਪੰਜਾਬ ਲਈ ਸਜਾਏ ਸਨ।



*ਨਵਜੋਤ ਸਿੰਘ ਸਿੱਧੂ ਅਤੇ ਜਨਰਲ ਬਾਜਵਾ ਦੀ ਜੱਫੀ*


ਹੁਣ ਤੱਕ ਕੀਤੀਆਂ ਪ੍ਰੈਸ ਕਾਨਫਰੰਸਾਂ ਅਤੇ ਇੰਟਰਵਿਊਆਂ ਅਨੁਸਾਰ ਇਮਰਾਨ ਖਾਨ ਦਾ ਇਹ ਕਹਿਣਾ ਵੀ ਸਹੀ ਹੈ ਕਿ ਲੜਾਈ ਦੀ ਸੂਰਤ ਵਿਚ ਦੋਵੇਂ ਮੁਲਕ ਹਾਰ ਜਾਣਗੇ ਅਰਥਾਤ ਆਧੁਨਿਕ ਐਟਮੀ ਸ਼ਕਤੀ ਹੱਥ ਵਿਚ ਹੋਣ ਕਰਕੇ ਦੋਵੇਂ ਹੀ ਤਬਾਹ ਹੋ ਜਾਣਗੇ। ਲੜਾਈ ਨਾਲ ਕਦੇ ਕੋਈ ਮਸਲਾ ਹੱਲ ਨਹੀਂ ਹੋ ਸਕਦਾ। ਦੋਹਾਂ ਮੁਲਕਾਂ ਵਿਚ ਜੰਗ ਦੀ ਥਾਂ ਸਹਿਚਾਰ ਅਤੇ ਮਿਲਵਰਤਣ ਵਧਣਾ ਚਾਹੀਦਾ ਹੈ। ਕਰਤਾਰਪੁਰ ਦਾ ਲਾਂਘਾ ਇਸ ਨੂੰ ਵਧਾਉਣ ਲਈ ਮਦਦ ਕਰੇਗਾ।

ਸੁਣਿਆ ਤਾਂ ਇਹ ਵੀ ਹੈ ਕਿ ਪਾਕਿਸਤਾਨ ਤੋਂ ਇੱਕ ਲਾਂਘਾ ਪਹਿਲਾਂ ਵੀ ਕਿਸੇ ਪੀਰ ਦੀ ਦਰਗਾਹ ਲਈ ਫਿਰੋਜਪੁਰ ਬਾਰਡਰ 'ਤੇ ਬਣਿਆ ਹੋਇਆ ਹੈ, ਜਿਸ ਦੀ ਯਾਤਰਾ ਕਰਨ ਨਿੱਤ ਦਿਨ ਪਾਕਿਸਤਾਨ ਵੱਲੋਂ ਲੋਕ ਫਾਟਕ ਰਾਹੀਂ ਆਉਂਦੇ-ਜਾਂਦੇ ਹਨ। ਉਹ ਵੀ ਪੰਜਾਬ ਵਿਚ ਹੀ ਹੈ। ਫਿਰ ਕਰਤਾਰਪੁਰ, ਜੋ ਸਿੱਖਾਂ ਲਈ ਬਹੁਤ ਹੀ ਮੁਕੱਦਸ ਸਥਾਨ ਹੈ, ਦੇ ਲਾਂਘੇ ਲਈ ਹੀ ਏਨਾ ਸ਼ੋਰ-ਸ਼ਰਾਬਾ ਕਿਉਂ? ਖਬਰ ਦੀ ਤਰਜ਼ ਤੋਂ ਤਾਂ ਜਾਪਦਾ ਹੈ ਕਿ ਪਾਕਿਸਤਾਨ ਦੀ ਥਲ ਸੈਨਾ ਦੇ ਮੁਖੀ ਜਾਵੇਦ ਕਮਰ ਬਾਜਵਾ ਨਾਲ ਹੀ ਸ਼ਾਇਦ ਕੈਪਟਨ ਸਾਹਿਬ ਦੀ ਕੋਈ ਨਿੱਜੀ ਦੁਸ਼ਮਣੀ ਹੋਵੇ?

ਭਾਰਤ ਦੀ ਧਰਮ ਨਿਰਪੱਖਤਾ

# 'ਅੱਧੀ ਤੇਰੀ ਮੈਂ ਮੁਲਾਹਜ਼ੇਦਾਰਾ' ਵਾਲੇ ਚਾਲੇ ਨਹੀਂ ਚੱਲ ਸਕਣੇ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੀਤਿਆ ਹਫਤਾ ਜਿੱਥੇ ਇੱਕ ਪਾਸੇ ਇਹ ਸੰਦੇਸ਼ ਲੈ ਕੇ ਆਇਆ ਹੈ ਕਿ ਭਾਰਤ ਵਿਚ ਚੜ੍ਹੀ ਆਉਂਦੀ ਫਿਰਕੂ ਕਾਂਗ ਨੂੰ ਠੱਲ੍ਹ ਪਾਈ ਜਾ ਸਕਦੀ ਹੈ, ਉਥੇ ਇੱਕ ਬੜਾ ਮਾੜਾ ਸੰਦੇਸ਼ ਨਿਆਂ ਪਾਲਿਕਾ ਵਿਚੋਂ ਵੀ ਲੈ ਕੇ ਆਇਆ ਹੈ, ਜਿੱਥੇ ਇੱਕ ਜੱਜ ਨੇ ਇੱਕ ਅਦਾਲਤੀ ਫੈਸਲੇ ਵਿਚ ਇਹ ਕਹਿ ਦਿੱਤਾ ਹੈ ਕਿ ਭਾਰਤ ਨੂੰ ਹਿੰਦੂ ਰਾਜ ਐਲਾਨ ਕਰਨਾ ਚਾਹੀਦਾ ਸੀ। ਉਹ ਜੱਜ ਇਥੋਂ ਤੱਕ ਸੀਮਤ ਨਹੀਂ ਰਿਹਾ ਤੇ ਇਹ ਵੀ ਕਹਿ ਗਿਆ ਕਿ ਕਿਸੇ ਨੂੰ ਭਾਰਤ ਦੇਸ਼ ਨੂੰ 'ਇੱਕ ਹੋਰ ਇਸਲਾਮੀ ਦੇਸ਼' ਦਾ ਰੂਪ ਦੇਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਅਤੇ ਇਹ ਵੀ ਕਿ 'ਮੇਰਾ ਵਿਸ਼ਵਾਸ ਹੈ ਕਿ ਸਿਰਫ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਹੀ ਨਜ਼ਾਕਤ ਨੂੰ ਸਮਝੇਗੀ ਅਤੇ ਜੋ ਜ਼ਰੂਰੀ ਹੋਵੇਗਾ, ਉਹ ਕਰੇਗੀ।' ਇਹ ਸਾਰਾ ਕੁਝ ਪੜ੍ਹ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਦੇਸ਼ ਦੇ ਸੰਵਿਧਾਨ ਮੁਤਾਬਕ ਚੱਲਦੀ ਕਿਸੇ ਹਾਈ ਕੋਰਟ ਦਾ ਜੱਜ ਨਹੀਂ, ਕਿਸੇ ਅਤਿ ਦੀ ਫਿਰਕੂ ਜਥੇਬੰਦੀ ਦਾ ਕੋਈ ਬੁਲਾਰਾ ਇਹ ਵਿਚਾਰ ਪੇਸ਼ ਕਰਦਾ ਪਿਆ ਹੈ। ਇਸ ਉਤੇ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ।

ਭਾਰਤ ਵਿਚ ਇਸ ਵਕਤ ਅਯੁੱਧਿਆ ਦਾ ਰਾਮ ਮੰਦਿਰ ਬਣਾਉਣ ਦੀ ਮੁਹਿੰਮ ਚਲਾ ਕੇ ਹਿੰਦੂ ਫਿਰਕੇ ਨੂੰ ਲੋਕ ਸਭਾ ਦੀ ਅਗਲੇ ਸਾਲ ਦੀ ਚੋਣ ਲਈ ਕਤਾਰਬੰਦ ਕੀਤਾ ਜਾ ਰਿਹਾ ਹੈ। ਇਸ ਕੰਮ ਵਿਚ ਸਭ ਤੋਂ ਮੂਹਰੇ ਵਿਸ਼ਵ ਹਿੰਦੂ ਪ੍ਰੀਸ਼ਦ ਲੱਗੀ ਹੋਈ ਹੈ, ਜਾਂ ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਲਾਈ ਹੋਈ ਹੈ ਅਤੇ ਉਸ ਦਾ ਅੱਜ ਵਾਲਾ ਪ੍ਰਧਾਨ ਵਿਸ਼ਣੂੰ ਸਦਾਸ਼ਿਵ ਕੋਕਜੇ ਹੈ, ਜੋ ਰਾਜਸਥਾਨ ਹਾਈ ਕੋਰਟ ਦਾ ਐਕਟਿੰਗ ਚੀਫ ਜੱਜ ਰਹਿ ਚੁਕਾ ਹੈ। ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਇੱਕ ਚੀਫ ਜਸਟਿਸ ਭਾਜਪਾ ਦਾ ਆਗੂ ਵੀ ਰਹਿ ਚੁਕਾ ਹੈ।

ਜੱਜ ਵੀ ਆਖਰ ਤਾਂ ਬੰਦੇ ਹੀ ਹੁੰਦੇ ਹਨ ਤੇ ਕੋਈ ਵੀ ਬੰਦਾ ਧਰਮ ਨਿਰਪੱਖ ਜਾਂ ਸਿਰੇ ਦਾ ਫਿਰਕੂ ਹੋ ਜਾਵੇ ਤਾਂ ਹੈਰਾਨੀ ਦੀ ਲੋੜ ਨਹੀਂ। ਹੈਰਾਨੀ ਸਿਰਫ ਇਸ ਗੱਲ ਨਾਲ ਹੁੰਦੀ ਹੈ ਕਿ ਉਹ ਬੰਦਾ ਇਸ ਦੇਸ਼ ਦੇ ਧਰਮ ਨਿਰਪੱਖ ਸੰਵਿਧਾਨ ਅਤੇ ਧਰਮ ਨਿਰਪੱਖ ਢਾਂਚੇ ਦੀ ਨੀਂਹ ਉਤੇ ਏਨਾ ਵੱਡਾ ਵਾਰ ਕਰਨ ਲਈ ਹਾਈ ਕੋਰਟ ਦੇ ਜੱਜ ਵਾਲੀ ਹੈਸੀਅਤ ਨੂੰ ਵਰਤ ਰਿਹਾ ਹੈ। ਉਹ ਗਵਾਂਢੀ ਦੇਸ਼ਾਂ ਦੇ ਫਿਰਕੂ ਐਲਾਨੇ ਜਾਣ ਪਿੱਛੋਂ ਇਸ ਗੱਲ ਉਤੇ ਖਿਝਿਆ ਪਿਆ ਲੱਗਦਾ ਹੈ ਕਿ ਭਾਰਤ ਹਾਲੇ ਵੀ ਹਿੰਦੂ ਰਾਜ ਕਿਉਂ ਨਹੀਂ ਐਲਾਨ ਕੀਤਾ ਗਿਆ ਅਤੇ ਇਹ ਕਰਨ ਲਈ ਸਰਕਾਰ ਨੂੰ ਤੁਖਣੀਆਂ ਦੇਣ ਦਾ ਕੰਮ ਕਰਨ ਲੱਗ ਪਿਆ ਹੈ।

ਪਿਛਲੇ ਕੁਝ ਸਮੇਂ ਤੋਂ ਰਾਜਾਂ ਦੇ ਗਵਰਨਰਾਂ ਦੇ ਸੰਵਿਧਾਨਕ ਅਹੁਦੇ ਵਰਤ ਕੇ ਇਹ ਕੰਮ ਹੁੰਦਾ



ਅਸੀਂ ਲੋਕ ਵੇਖਦੇ ਅਤੇ ਇਸ ਦਾ ਵਿਰੋਧ ਕਰਦੇ ਪਏ ਸਾਂ। ਸੰਵਿਧਾਨਕ ਪਦਵੀ ਵਾਲਿਆਂ ਵੱਲੋਂ ਹਿੰਦੂ ਮਿਥਿਹਾਸ ਦੀਆਂ ਕਥਾਵਾਂ ਦੇ ਹਵਾਲੇ ਨਾਲ ਸਾਇੰਸ ਦੀਆਂ ਕਾਢਾਂ ਤੇ ਲੱਭਤਾਂ ਦਾ ਵਿਰੋਧ ਹੁੰਦਾ ਵੇਖ ਕੇ ਲੋਕਾਂ ਨੂੰ ਇਸ ਤੋਂ ਸੁਚੇਤ ਕਰਦੇ ਪਏ ਸਾਂ। ਬੀਤੇ ਹਫਤੇ ਦੌਰਾਨ ਪੰਜ ਰਾਜਾਂ ਦੀਆਂ ਚੋਣਾਂ ਦੇ ਨਤੀਜੇ ਅਤੇ ਖਾਸ ਤੌਰ 'ਤੇ ਹਿੰਦੀ ਪੱਟੀ ਦੇ ਤਿੰਨ ਰਾਜਾਂ ਦੇ ਨਤੀਜੇ ਨੇ ਇਸ ਯਲਗਾਰ ਅੱਗੇ ਸਪੀਡ ਬਰੇਕਰ ਲੱਗਣ ਦੀ ਆਸ ਬੰਨਾਈ ਹੈ। ਆਪਣੇ ਸਿਖਰਾਂ ਦੇ ਭ੍ਰਿਸ਼ਟਾਚਾਰ ਲਈ ਹਿੰਦੂਤਵ ਦੀ ਮੁਹਿੰਮ ਨੂੰ ਚੱਪਣੀ ਵਜੋਂ ਵਰਤਣ ਦੀ ਖੇਡ ਅੱਗੇ ਸਵਾਲੀਆ ਨਿਸ਼ਾਨ ਖੜੇ ਹੋਣ ਲੱਗੇ ਹਨ।

ਇੱਕ ਹਫਤਾ ਪਹਿਲਾਂ ਤੱਕ ਜਿਹੜਾ ਮੀਡੀਆ ਇਹ ਕਹੀ ਜਾ ਰਿਹਾ ਸੀ ਕਿ ਨਰਿੰਦਰ ਮੋਦੀ ਦੇ ਜੇਤੂ-ਰੱਥ ਅੱਗੇ ਜੋ ਵੀ ਆਇਆ, ਉਹ ਕੁਚਲਿਆ ਜਾਣ ਵਾਸਤੇ ਤਿਆਰ ਰਹੇ, ਉਹੀ ਮੀਡੀਆ ਇਸ ਵਕਤ ਇਹ ਕਹਿੰਦਾ ਸੁਣੀਂਦਾ ਹੈ ਕਿ ਅੱਜ ਲੋਕ ਸਭਾ ਚੋਣਾਂ ਹੋ ਜਾਣ ਤਾਂ ਭਾਜਪਾ ਦੇ ਐਨ. ਡੀ. ਏ. ਗੱਠਜੋੜ ਦੀਆਂ ਇੱਕ ਸੌ ਵੀਹ ਪਾਰਲੀਮੈਂਟ ਸੀਟਾਂ ਘਟ ਜਾਣੀਆਂ ਹਨ। ਘਟਣੀਆਂ ਇਹ ਜ਼ਰੂਰ ਹਨ ਤੇ ਇਸ ਜੇਤੂ-ਰੱਥ ਅੱਗੇ ਖੜੇ ਹੋਣ ਲਈ ਜੁਰਅੱਤ ਕਰਨ ਵਾਲੇ ਵੀ ਉਠਣ ਲੱਗੇ ਹਨ, ਜਿਨ੍ਹਾਂ ਵਿਚ ਲੋਕ ਸਭਾ ਚੋਣਾਂ ਦੇ ਨਤੀਜੇ ਦੀ ਉਡੀਕ ਕੀਤੇ ਬਿਨਾ ਅਸਤੀਫਾ ਦੇ ਜਾਣ ਵਾਲੇ ਰਿਜ਼ਰਵ ਬੈਂਕ ਦੇ ਗਵਰਨਰ ਉਰਜਿਤ ਪਟੇਲ ਤੇ ਕੁਝ ਹੋਰਨਾਂ ਨੂੰ ਗਿਣਿਆ ਜਾ ਸਕਦਾ ਹੈ। ਫਿਰ ਵੀ ਕੁਝ ਗੱਲਾਂ ਹੋਰ ਹਨ, ਜਿਨ੍ਹਾਂ ਵਾਸਤੇ ਸੋਚਣ ਦੀ ਲੋੜ ਹੈ, ਪਰ ਅੱਖੋਂ-ਪਰੋਖੇ ਹਨ।

ਇਸ ਗੱਲ 'ਤੇ ਕਿੰਤੂ ਹੋਣੇ ਬੰਦ ਹੋ ਗਏ ਹਨ ਕਿ ਅਗਲੇ ਸਾਲ ਦੀਆਂ ਚੋਣਾਂ ਵਿਚ ਭਾਜਪਾ ਵਿਰੋਧੀ ਗੱਠਜੋੜ ਦੀ ਅਗਵਾਈ ਕਿਸ ਦੇ ਹੱਥ ਹੋਵੇਗੀ। ਕਾਂਗਰਸ ਦਾ ਪ੍ਰਧਾਨ ਰਾਹੁਲ ਗਾਂਧੀ ਖੁਦ ਸਿਆਣਾ ਹੋ ਰਿਹਾ ਹੈ ਜਾਂ ਉਸ ਦੇ ਸਲਾਹਕਾਰ ਉਸ ਨੂੰ ਚੰਗੀ ਰਾਏ ਦੇਣ ਲੱਗ ਪਏ ਹਨ, ਜੋ ਵੀ ਹੁੰਦਾ ਹੋਵੇ, ਅੱਜ ਕੱਲ ਉਹ ਇਹ ਨਹੀਂ ਕਹਿ ਰਿਹਾ ਕਿ ਅਗਲੀਆਂ ਚੋਣਾਂ ਪਿੱਛੋਂ ਪ੍ਰਧਾਨ ਮੰਤਰੀ ਮੈਂ ਹੀ ਬਣਾਂਗਾ। ਅੱਜ ਕੱਲ ਉਹ ਇਹ ਕਹਿੰਦਾ ਹੈ ਕਿ ਗੱਠਜੋੜ ਦੇ ਆਗੂ ਫੈਸਲਾ ਕਰਨਗੇ। ਉਸ ਦੇ ਬਾਪ ਅਤੇ ਦਾਦੀ ਨਾਲ ਰਾਜਨੀਤੀ ਦਾ ਵਕਤ ਗੁਜ਼ਾਰ ਚੁਕੇ ਸ਼ਰਦ ਪਵਾਰ ਅਤੇ ਸ਼ਰਦ ਯਾਦਵ ਵਰਗੇ ਲੀਡਰਾਂ ਨੂੰ ਉਸ ਦੀ ਪਹਿਲੀ ਗੱਲ ਚੁਭਦੀ ਸੀ ਤੇ ਨਵੇਂ ਰੁਖ ਵੱਲ ਵੇਖ ਕੇ ਉਹੋ ਹੀ ਇਹ ਆਖੀ ਜਾ ਰਹੇ ਹਨ ਕਿ ਕਾਂਗਰਸ ਪਾਰਟੀ ਵੱਡੀ ਹੈ ਤੇ ਇਹੋ ਗੱਠਜੋੜ ਦੀ ਅਗਵਾਈ ਕਰੇਗੀ।

ਇਸ ਵਿਚ ਇੱਕ ਵਲ ਹੈ। ਉਹ ਆਗੂ ਦੀ ਥਾਂ ਪਾਰਟੀ ਦੀ ਅਗਵਾਈ ਦੀ ਗੱਲ ਇਸ ਲਈ ਕਰ ਰਹੇ ਹਨ ਕਿ ਵਕਤ ਆਏ ਤੋਂ ਕਾਂਗਰਸ ਦੇ ਅੰਦਰੋਂ ਕਿਸੇ ਮਨਮੋਹਨ ਸਿੰਘ ਵਰਗੇ ਸਾਂਝੇ ਲੀਡਰ ਦੀ ਚੋਣ ਦਾ ਰਾਹ ਵੀ ਖੁੱਲ੍ਹਾ ਰਹੇ। ਇਹ ਗੱਲ ਲੋਕਤੰਤਰੀ ਅਮਲ ਪੱਖੋਂ ਠੀਕ ਠਹਿਰਾਈ ਜਾ ਸਕਦੀ ਹੈ। ਅਗਲੇ ਸਾਲ ਲੋਕ ਸਭਾ ਚੋਣਾਂ ਕਿੱਦਾਂ ਦੇ ਰੰਗ ਵਿਖਾਉਣਗੀਆਂ, ਇਸ ਦੇ ਅਗੇਤੇ ਅੰਦਾਜ਼ੇ ਤੋਂ ਕੋਈ ਸਿੱਟਾ ਕੱਢਣਾ ਠੀਕ ਵੀ ਨਹੀਂ ਹੋ ਸਕਦਾ।

ਜੋ ਗੱਲ ਇਸ ਵੇਲੇ ਵੇਖਣ ਵਾਲੀ ਹੈ, ਉਹ ਇਹ ਹੈ ਕਿ ਜਿਸ ਮੋੜ 'ਤੇ ਇਹ ਦੇਸ਼ ਪੁੱਜ ਗਿਆ ਹੈ, ਉਸ ਤੱਕ ਸਿਰਫ ਭਾਜਪਾ ਅਤੇ ਆਰ. ਐਸ. ਐਸ. ਵਾਲੇ ਇਸ ਨੂੰ ਨਹੀਂ ਸੀ ਲਿਆਏ। ਉਹ ਪੰਡਿਤ ਨਹਿਰੂ ਵੇਲੇ ਵੀ ਏਦਾਂ ਦੇ ਹੱਥਕੰਡੇ ਵਰਤਦੇ ਸਨ, ਪਰ ਕਾਮਯਾਬ ਨਹੀਂ ਸੀ ਹੋ ਸਕੇ। ਇੰਦਰਾ ਗਾਂਧੀ ਦੇ ਵਕਤ ਕਾਂਗਰਸ ਪਾਰਟੀ ਲੀਹ ਤੋਂ ਲੱਥ ਗਈ ਸੀ, ਜਿਸ ਦਾ ਖਮਿਆਜ਼ਾ ਭੁਗਤਣਾ ਪਿਆ। ਉਹ ਪਾਰਟੀ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਧਰਮ ਨਿਰਪੱਖਤਾ ਦੀ ਦਿੱਖ ਭੁਲਾ ਕੇ ਹਰ ਧਰਮ ਦੇ ਧਾਰਮਕ ਅਸਥਾਨਾਂ ਵਿਚ ਮੱਥੇ ਟੇਕਣ ਦੇ ਉਸ ਰਾਹ ਤੁਰ ਪਈ ਸੀ, ਜਿਸ ਵਿਚ ਹਿੰਦੂਤਵ ਦੀ ਮੁਹਾਰਨੀ ਰਟਣ ਵਾਲਿਆਂ ਦਾ ਮੁਕਾਬਲਾ ਉਹ ਨਹੀਂ ਸੀ ਕਰ ਸਕਦੀ। ਰਹਿੰਦੀ ਕਸਰ ਉਸ ਦੇ ਪੁੱਤਰ ਰਾਜੀਵ ਗਾਂਧੀ ਨੇ ਕੱਢ ਦਿੱਤੀ, ਜੋ ਬਾਬਰੀ ਮਸਜਿਦ ਕੰਪਲੈਕਸ ਵਿਚਲੇ ਰਾਮ ਮੰਦਿਰ ਦੇ ਆਰਜ਼ੀ ਢਾਂਚੇ ਦਾ ਬੰਦ ਤਾਲਾ ਖੁੱਲ੍ਹਵਾਉਣ ਦੇ ਰਾਹ ਪੈ ਗਿਆ ਸੀ। ਤਾਲਾ ਉਸ ਨੇ ਖੁੱਲ੍ਹਵਾਇਆ ਤੇ ਅਗਲਾ ਕੰਮ ਭਾਜਪਾ ਤੇ ਸੰਘ ਪਰਿਵਾਰ ਨੇ ਛੋਹ ਲਿਆ ਸੀ। ਇਸ ਵਕਤ ਜਦੋਂ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਲਈ ਗੱਠਜੋੜ ਬਣਾਉਣ ਦੀ ਤਿਆਰੀ ਚੱਲ ਰਹੀ ਹੈ, ਗੱਠਜੋੜ ਵਿਚ ਸ਼ਾਮਲ ਹੋਣ ਜਾਂ ਬਾਹਰੋਂ ਨਾਲ ਖੜੋਣ ਵਾਲਿਆਂ ਨੂੰ ਇਨ੍ਹਾਂ ਗੱਲਾਂ ਬਾਰੇ ਸਾਫ ਪੈਂਤੜਾ ਲੈਣਾ ਪਵੇਗਾ।

ਅਸੀਂ ਗੱਲ ਸ਼ੁਰੂ ਕੀਤੀ ਸੀ ਕਿ ਹਾਈ ਕੋਰਟ ਦੇ ਇੱਕ ਜੱਜ ਨੇ ਦੇਸ਼ ਵਿਚ ਹਿੰਦੂ ਰਾਜ ਐਲਾਨੇ ਜਾਣ ਦੀ ਮੰਗ ਕਰ ਕੇ ਸੰਵਿਧਾਨ ਦੀ ਭਾਵਨਾ ਤੋਂ ਕੋਰੇ ਹੋਣ ਦਾ ਸਬੂਤ ਦਿੱਤਾ ਹੈ। ਜਿਹੜੀ ਕਾਂਗਰਸ ਪਾਰਟੀ ਇਸ ਦੇਸ਼ ਦੀ ਧਰਮ ਨਿਰਪੱਖਤਾ ਦੀ ਸਾਰੀ ਲੰਬੜਦਾਰੀ ਦਾ ਪੱਕਾ ਠੇਕਾ ਆਪਣੇ ਨਾਂ ਲਿਖਿਆ ਹੋਣ ਦਾ ਦਾਅਵਾ ਕਰਦੀ ਹੈ, ਉਸ ਨਾਲ ਜੁੜਨ ਵਾਲੇ ਹੋਰ ਪਾਰਟੀਆਂ ਦੇ ਆਗੂਆਂ ਨੂੰ ਉਸ ਕਾਂਗਰਸ ਦੇ ਆਗੂਆਂ ਦੇ ਅਜੋਕੇ ਵਿਹਾਰ ਉਤੇ ਅੱਖ ਰੱਖਣੀ ਪਵੇਗੀ।

ਕਾਂਗਰਸ ਦੇ ਇੱਕ ਵਿਧਾਇਕ ਨੇ ਇਸ ਹਫਤੇ ਇੱਕ ਪਹਾੜੀ ਰਾਜ ਦੀ ਵਿਧਾਨ ਸਭਾ ਵਿਚ ਮਤਾ ਪੇਸ਼ ਕੀਤਾ ਹੈ ਕਿ ਗਊ ਨੂੰ 'ਰਾਸ਼ਟਰ ਮਾਤਾ' ਦਾ ਦਰਜਾ ਦੇਣਾ ਚਾਹੀਦਾ ਹੈ। ਉਸ ਦੀ ਤਕਰੀਰ ਦਾ ਸਾਰ ਪੜ੍ਹ ਕੇ ਏਦਾਂ ਲੱਗਦਾ ਹੀ ਨਹੀਂ ਕਿ ਉਹ ਕਾਂਗਰਸ ਪਾਰਟੀ ਦਾ ਵਿਧਾਇਕ ਹੈ, ਸਗੋਂ ਏਦਾਂ ਲੱਗਦਾ ਹੈ ਕਿ ਉਹ ਕੋਈ ਆਰ. ਐਸ. ਐਸ. ਦਾ ਸੋਇਮ ਸੇਵਕ ਜਾਂ ਕੋਈ ਬਾਬਾ ਰਾਮਦੇਵ ਦੀ ਪਤੰਜਲੀ ਨਾਲ ਜੁੜਿਆ ਔਸ਼ਧੀਆਂ ਵੇਚਣ ਵਾਲਾ ਵਪਾਰੀ ਬੋਲ ਰਿਹਾ ਹੈ।

ਦੇਸ਼ ਕੁਰਾਹੇ ਦਾ ਸ਼ਿਕਾਰ ਹੋਇਆ ਪਿਆ ਹੈ ਤਾਂ ਇਸ ਨੂੰ ਮੋੜਾ ਦੇਣ ਲਈ ਠੀਕ ਰਾਹ ਉਤੇ ਅੱਖਾਂ ਗੱਡਣ ਦੀ ਲੋੜ ਹੈ, ਕਾਂਗਰਸ ਦੇ ਆਗੂ ਅੱਜ ਵੀ ਜਿਹੋ ਜਿਹੇ ਦੋਗਲੇ ਵਿਹਾਰ ਦਾ ਪ੍ਰਗਟਾਵਾ ਕਰਨੋਂ ਨਹੀਂ ਹਟਦੇ, ਉਸ ਨੂੰ ਇਸ ਵਕਤ ਅੱਖੋਂ ਪਰੋਖਾ ਕੀਤਾ ਗਿਆ ਤਾਂ ਠੀਕ ਨਹੀਂ ਹੋਵੇਗਾ। ਉਸ ਪਾਰਟੀ ਦੀ ਲੀਡਰਸ਼ਿਪ ਨੂੰ ਜ਼ੋਰ ਦੇ ਕੇ ਕਹਿਣਾ ਪਵੇਗਾ ਕਿ ਦੇਸ਼ ਦੀ ਲੋੜ ਨਹਿਰੂ ਵੇਲੇ ਦੀ ਧਰਮ ਨਿਰਪੱਖਤਾ ਵੱਲ ਮੁੜਨ ਦੀ ਹੈ, 'ਅੱਧੀ ਤੇਰੀ ਮੈਂ ਮੁਲਾਹਜ਼ੇਦਾਰਾ, ਅੱਧੀ ਮੈਂ ਗਰੀਬ ਜੱਟ ਦੀ' ਵਾਲੀ ਖੇਡ ਨਹੀਂ ਚੱਲ ਸਕਣੀ।

# ਪੰਜ ਰਾਜਾਂ ਦੇ ਨਤੀਜਿਆਂ ਦੀ ਦੇਸ਼-ਵਿਦੇਸ਼ ਦੇ ਅਖਬਾਰਾਂ 'ਚ ਚਰਚਾ

ਭਾਰਤ ਇਕ ਜਮਹੂਰੀ ਦੇਸ਼ ਹੈ। ਜਮਹੂਰੀਅਤ ਦੀ ਇਹ ਖੂਬਸੂਰਤੀ ਹੀ ਕਹੀ ਜਾ ਸਕਦੀ ਹੈ ਕਿ ਜੇ ਕੋਈ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰਦੀ ਤਾਂ ਲੋਕ ਉਸ ਨੂੰ ਚੋਣਾਂ ਰਾਹੀਂ ਬਦਲ ਦਿੰਦੇ ਹਨ। ਲੋਕ ਵੋਟਾਂ ਸਮੇਂ ਜੇ ਆਪਣੀਆਂ ਮੌਜੂਦਾ ਸਰਕਾਰਾਂ ਨੂੰ ਮਿਆਦ ਪੂਰੀ ਹੋਣ ਉਪਰੰਤ ਬਦਲਦੇ ਰਹਿਣ ਤਾਂ ਯਕੀਨਨ ਇਹ ਅਮਲ ਜਮਹੂਰੀਅਤ ਨੂੰ ਹੋਰ ਮਜਬੂਤ ਕਰ ਸਕਦਾ ਹੈ।

ਭਾਰਤ ਵਿਚ ਹਾਲ ਹੀ ਵਿਚ ਪੰਜ ਸੂਬਿਆਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਨ੍ਹਾਂ 'ਚੋਂ ਚਾਰ ਸੂਬਿਆਂ ਦੇ ਲੋਕਾਂ ਨੇ ਯਕੀਨਨ ਜਮਹੂਰੀਅਤ ਨੂੰ ਮਜਬੂਤ ਕਰਨ ਵਿਚ ਵਡਮੁੱਲਾ ਯੋਗਦਾਨ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650
abbasdhaliwal72@gmail.com

ਪਾਇਆ ਹੈ। ਇਸੇ ਕਾਰਨ ਅੱਜ ਇਨ੍ਹਾਂ ਨਤੀਜਿਆਂ ਦੀ ਚਰਚਾ ਨਾ ਸਿਰਫ ਦੇਸ਼ ਸਗੋਂ ਵਿਦੇਸ਼ੀ ਅਖਬਾਰਾਂ ਅਤੇ ਮੀਡੀਏ ਵਿਚ ਵੀ ਖੂਬ ਹੋ ਰਹੀ ਹੈ।

ਜਿਸ ਤਰ੍ਹਾਂ ਤਿੰਨ ਸੂਬਿਆਂ ਵਿਚ ਸੱਤਾ 'ਤੇ ਕਾਬਜ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਉਸ ਸਬੰਧੀ ਨਿਊ ਯਾਰਕ ਤੋਂ ਛਪਦੇ ਅਖਬਾਰ 'ਦਾ ਨਿਊ ਯਾਰਕ ਟਾਈਮਜ਼' ਨੇ ਜੋ ਰਿਪੋਰਟ ਛਾਪੀ ਹੈ, ਉਸ ਦਾ ਟਾਈਟਲ ਹੈ, 'ਕੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁਸ਼ਕਿਲ 'ਚ ਹਨ?' ਅਖਬਾਰ ਲਿਖਦਾ ਹੈ, 'ਚਾਰ ਸਾਲ ਪਹਿਲਾਂ ਮੋਦੀ ਨੇ ਵੱਡੇ-ਵੱਡੇ ਵਾਅਦਿਆਂ ਨਾਲ ਸੱਤਾ ਹਾਸਲ ਕੀਤੀ ਸੀ, ਪਰ ਉਨ੍ਹਾਂ ਦੀ ਪਾਰਟੀ ਨੂੰ ਆਮ ਚੋਣਾਂ ਤੋਂ ਠੀਕ ਪਹਿਲਾਂ ਪੰਜ ਸੂਬਿਆਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ 'ਚ ਭਾਜਪਾ ਦੀ ਇਹ ਸਭ ਤੋਂ ਵੱਡੀ ਹਾਰ ਹੈ। ਇਨ੍ਹਾਂ ਚੋਣਾਂ ਵਿਚ ਭਾਜਪਾ ਨੂੰ 100 ਵਿਧਾਨ ਸਭਾ ਸੀਟਾਂ ਦਾ ਨੁਕਸਾਨ ਹੋਇਆ ਹੈ, ਜੋ ਆਉਣ ਵਾਲੇ ਸਮੇਂ 'ਚ ਮੋਦੀ ਦੀ ਹਾਰ ਦਾ ਕਾਰਨ ਬਣ ਸਕਦਾ ਹੈ। ਜਿਨ੍ਹਾਂ 5 ਸੂਬਿਆਂ 'ਚ ਚੋਣਾਂ ਹੋਈਆਂ, ਉਥੇ ਬਹੁਤੇ ਵੋਟਰ ਦਿਹਾਤੀ ਖੇਤਰਾਂ 'ਚ ਰਹਿੰਦੇ ਹਨ। ਅਖਬਾਰ ਨੇ ਕਾਂਗਰਸ ਬਾਰੇ ਲਿਖਿਆ ਹੈ ਕਿ ਇਨ੍ਹਾਂ ਚੋਣਾਂ ਤੋਂ ਜਾਪਦਾ ਹੈ ਜਿਵੇਂ ਸੁੱਤੀ ਹੋਈ ਕਾਂਗਰਸ ਪਾਰਟੀ ਜਾਗ ਗਈ ਹੈ, ਜੋ ਨਤੀਜੇ ਸਾਹਮਣੇ ਆਏ ਹਨ, ਉਨ੍ਹਾਂ 'ਚ 2019 'ਚ ਮੋਦੀ ਨੂੰ ਰਾਹੁਲ ਦੀ ਸਿੱਧੀ ਟੱਕਰ ਮਿਲੇਗੀ।

ਇਸੇ ਤਰ੍ਹਾਂ ਬ੍ਰਿਟੇਨ ਦਾ ਅਖਬਾਰ 'ਦ ਗਾਰਡੀਅਨ' ਟੈਗਲਾਈਨ 'ਚ ਲਿਖਦਾ ਹੈ ਕਿ ਹਿੰਦੀ ਹਾਰਟਲੈਂਡ 'ਚ ਹੋਈਆਂ ਚੋਣਾਂ 'ਚ ਮੋਦੀ ਤੇ ਭਾਜਪਾ ਦੀ ਵੱਡੀ ਹਾਰ। ਅੱਗੇ ਲਿਖਿਆ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪਾਰਟੀ ਨੂੰ ਦੋ ਸੂਬਿਆਂ 'ਚ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਤੀਜੇ ਸੂਬੇ 'ਚ ਕਰੜੀ ਟੱਕਰ ਰਹੀ। ਇਸ ਹਾਰ ਨੇ ਆਮ ਚੋਣਾਂ ਤੋਂ ਪਹਿਲਾਂ ਪਾਰਟੀ ਦੀ ਕਮਜ਼ੋਰੀ ਜੱਗ ਜਾਹਰ ਕਰ ਦਿੱਤੀ ਹੈ।

ਗੁਆਂਢੀ ਦੇਸ਼ ਪਾਕਿਸਤਾਨ ਦੀ ਅਖਬਾਰ 'ਦ ਡੌਨ' ਦੀ ਸੁਰਖੀ ਹੈ, 'ਪੀ. ਐਮ. ਮੋਦੀ ਨੂੰ ਲੱਗਣ ਵਾਲੇ ਝਟਕਿਆਂ ਤਹਿਤ ਭਾਜਪਾ ਮੁੱਖ ਸੂਬਿਆਂ 'ਚ ਹਾਰਨ ਵਾਲੀ ਹੈ।' ਅਖਬਾਰ ਨੇ ਅੱਗੇ ਲਿਖਿਆ ਗਿਆ ਹੈ ਕਿ ਇਨ੍ਹਾਂ ਚੋਣਾਂ ਨੂੰ 2019 ਦੀਆਂ ਆਮ ਚੋਣਾਂ ਦੇ ਕਈ ਹੋਣ ਵਾਲੇ ਜਨਮਤ ਸੰਗ੍ਰਿਹ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਇਨ੍ਹਾਂ ਸੂਬਿਆਂ 'ਚ ਹਾਰ ਮੋਦੀ ਦੀ ਕਦੇ ਨਾ ਹਾਰਨ ਵਾਲੇ ਅਕਸ ਨੂੰ ਖਰਾਬ ਕਰੇਗੀ ਤੇ ਭਾਜਪਾ ਨੂੰ ਪਛਾੜ ਕੇ ਰੱਖ ਦੇਵੇਗੀ।

ਗੁਆਂਢੀ ਦੇਸ਼ ਚੀਨ ਦਾ 'ਸ਼ਿਹੁਆ' ਲਿਖਦਾ ਹੈ ਕਿ ਇੰਡੀਆ ਦੀ ਵਿਰੋਧੀ ਕਾਂਗਰਸ ਤਿੰਨ ਸੂਬਿਆਂ 'ਚ ਭਾਜਪਾ ਤੋਂ ਅੱਗੇ ਨਿਕਲੀ, ਜੋ ਇੱਕ ਛੋਟਾ ਸੂਬਾ ਵੀ ਹਾਰ ਗਈ। ਇਹ ਨਤੀਜੇ ਰਾਜਨੀਤੀ ਦੇ ਲਿਹਾਜ਼ ਕਾਫੀ ਅਹਿਮ ਹਨ ਕਿਉਂਕਿ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ 'ਤੇ ਇਨ੍ਹਾਂ ਦਾ ਸਿੱਧਾ ਅਸਰ ਪਵੇਗਾ। ਇਨ੍ਹਾਂ ਨਤੀਜਿਆਂ ਨੂੰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ ਤੇ ਇਸ ਨਾਲ ਸਾਫ ਹੋਵੇਗਾ ਕਿ ਉਹ ਲੋਕਾਂ 'ਚ ਕਿੰਨੇ ਕੁ ਪ੍ਰਸਿੱਧ ਜਾਂ ਹਰਮਨ ਪਿਆਰੇ ਹਨ।

ਦੇਸ਼ ਦੇ ਵੱਖ ਵੱਖ ਅਖਬਾਰਾਂ ਤੇ ਮੀਡੀਆ ਚੈਨਲਾਂ 'ਤੇ ਵੀ ਇਨ੍ਹਾਂ ਨਤੀਜਿਆਂ ਨੂੰ ਲੈ ਕੇ ਖੂਬ ਚਰਚਾ ਹੋ ਰਹੀ ਹੈ। 'ਪੰਜਾਬ ਕੇਸਰੀ' ਗਰੁੱਪ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ ਕਿ ਇਨ੍ਹਾਂ ਚੋਣਾਂ 'ਚ ਵੋਟਰਾਂ ਨੇ ਤਬਦੀਲੀ ਦੇ ਪੱਖ ਵਿਚ ਵੋਟਿੰਗ ਕੀਤੀ ਹੈ...ਜਿੱਥੇ ਇਹ ਚੋਣਾਂ ਤਬਦੀਲੀ ਦੀ ਲਹਿਰ ਲੈ ਕੇ ਆਈਆਂ ਹਨ, ਉਥੇ ਇਨ੍ਹਾਂ ਦੇ ਨਤੀਜਿਆਂ 'ਚ ਭਾਜਪਾ ਆਗੂਆਂ ਲਈ ਇਕ ਸੰਦੇਸ਼ ਵੀ ਲੁਕਿਆ ਹੈ ਕਿ ਉਨ੍ਹਾਂ ਨੂੰ ਆਪਣੇ ਸਾਥੀਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੀਦਾ, ਜੋ ਇਕ ਇਕ ਕਰਕੇ ਉਨ੍ਹਾਂ ਤੋਂ ਕਿਨਾਰਾ ਕਰਦੇ ਜਾ ਰਹੇ ਹਨ। ਸੰਪਾਦਕੀ ਵਿਚ ਮੋਦੀ ਮੰਤਰੀ ਮੰਡਲ 'ਚੋਂ ਹਾਲ ਹੀ 'ਚ ਮੁਸਤਫੀ ਹੋਏ ਮੰਤਰੀ ਉਪੇਂਦਰ ਕੁਸ਼ਵਾਹਾ ਦੇ ਇਸ ਬਿਆਨ ਦਾ ਵੀ ਹਵਾਲਾ ਦਿੱਤਾ ਗਿਆ ਹੈ ਕਿ 'ਲੋਕਤੰਤਰ 'ਚ ਹਮੇਸ਼ਾ ਲੋਕ-ਹਿਤ ਦੀ ਹੀ ਜਿੱਤ ਹੁੰਦੀ ਹੈ ਤੇ ਜੁਮਲੇਬਾਜੀ ਦੀ ਪੋਲ ਇਕ ਦਿਨ ਖੁੱਲ੍ਹ ਕੇ ਹੀ ਰਹਿੰਦੀ ਹੈ।'

'ਪੰਜਾਬੀ ਟ੍ਰਿਬਿਊਨ' ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ, ਵੱਡੇ ਪ੍ਰਸੰਗ ਵਿਚ ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਹਰ ਚੋਣ ਜਿੱਤਣ ਦੀ ਰਣਨੀਤੀ ਸਾਹਮਣੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਛਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਪਿਛਲੇ ਪੰਦਰਾਂ ਸਾਲਾਂ ਤੋਂ ਰਾਜ ਕਰ ਰਹੀ ਸੀ ਅਤੇ ਉਸ ਨੂੰ ਸਥਾਪਤੀ-ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਪਰ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਹੋਏ ਮੁਕਾਬਲੇ ਭਾਜਪਾ ਦੇ ਅੰਦਰੂਨੀ ਝਮੇਲਿਆਂ ਦੀ ਵੀ ਝਲਕ ਹਨ।

ਇਕ ਹੋਰ ਪੰਜਾਬੀ ਅਖਬਾਰ 'ਅਜੀਤ' ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ ਕਿ ਇਨ੍ਹਾਂ ਚੋਣ ਨਤੀਜਿਆਂ ਨਾਲ ਜਿਥੇ ਕਾਂਗਰਸ 'ਚ ਉਤਸ਼ਾਹ ਵਧੇਗਾ, ਉਥੇ ਭਾਜਪਾ ਨੂੰ ਆਪਣੀ ਕਾਰਜ ਸ਼ੈਲੀ ਨੂੰ ਸੀਮਤ ਸਮੇਂ ਵਿਚ ਬਦਲਣ ਬਾਰੇ ਸੋਚਣਾ ਹੋਵੇਗਾ। ਜਿਸ ਤਰ੍ਹਾਂ ਦਾ ਮਾਹੌਲ ਬਣ ਰਿਹਾ ਹੈ, ਉਸ ਤੋਂ ਇਹ ਪ੍ਰਭਾਵ ਪਰਪੱਕ ਹੁੰਦਾ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ ਵਿਚ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਚੜ੍ਹਤ ਪਹਿਲਾਂ ਵਾਲੀ ਨਹੀਂ ਰਹੇਗੀ ਅਤੇ ਸਿਆਸੀ ਖੇਤਰ ਵਿਚ ਉਸ ਨੂੰ ਵੱਡੀਆਂ ਚੁਣੌਤੀਆਂ ਨਾਲ ਜੂਝਣਾ ਪਵੇਗਾ।

ਭਾਰਤ ਦੇ ਇਕ ਹੋਰ ਅਖਬਾਰ 'ਰਾਸ਼ਟਰੀਆ ਸਹਾਰਾ' ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ ਕਿ ਜੋ ਪਾਰਟੀਆਂ ਹੁਣ ਤੱਕ ਸੰਗਠਨਾਂ ਵਿਚ ਸ਼ਾਮਲ ਹੋਣ ਦੇ ਸੰਦਰਭ ਵਿਚ ਫੈਸਲਾ ਲੈਣ ਲਈ ਦੁਬਿਧਾ ਦਾ ਸ਼ਿਕਾਰ ਸਨ, ਉਨ੍ਹਾਂ ਨੂੰ ਫੈਸਲਾ ਲੈਣ ਵਿਚ ਆਸਾਨੀ ਹੋਵੇਗੀ। ਇਨ੍ਹਾਂ ਨਤੀਜਿਆਂ ਨੇ ਰਾਸ਼ਟਰੀ ਤੇ ਸੂਬਾਈ ਪਾਰਟੀਆਂ ਨੂੰ ਹਾਲਾਤ ਨੂੰ ਸਮਝਣ ਦਾ ਮੌਕਾ ਦੇ ਦਿੱਤਾ ਹੈ ਅਤੇ ਉਹ ਹਾਲਾਤ ਨੂੰ ਸਮਝਦਿਆਂ ਜਲਦੀ ਤੋਂ ਜਲਦੀ ਚੁਣਾਵੀ ਹਿਕਮਤ ਤੈਅ ਕਰਨਾ ਚਾਹੁਣਗੀਆਂ। ਪ੍ਰੰਤੂ ਇਕ ਮੁੱਖ ਸਵਾਲ ਇਹ ਵੀ ਹੈ ਕਿ ਕੀ ਹਾਲੇ ਵੀ ਲੋਕ ਸਭਾ ਚੋਣਾਂ ਭਾਵੁਕ ਮੁੱਦਿਆਂ 'ਤੇ ਲੜੀਆਂ ਜਾਣਗੀਆਂ ਜਾਂ ਫਿਰ ਇਹ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਬੇਰੁਜ਼ਗਾਰਾਂ ਲਈ ਅਹਿਮੀਅਤ ਰੋਜ਼ਗਾਰ ਦੀ ਹੈ, ਬਦ-ਹਾਲ ਲੋਕਾਂ ਲਈ ਅਹਿਮੀਅਤ ਸਰਕਾਰ ਵੱਲੋਂ ਉਨ੍ਹਾਂ ਦੀ ਖੁਸ਼ਹਾਲੀ ਲਈ ਚੁਕੇ ਜਾਣ ਵਾਲੇ ਉਪਰਾਲਿਆਂ ਦੀ ਹੈ? ਜੇ ਹੋਰ ਸੂਬਿਆਂ ਦੇ ਲੋਕਾਂ ਦਾ ਵੀ ਰੁਝਾਨ ਇਨ੍ਹਾਂ ਪੰਜ ਰਾਜਾਂ ਦੇ ਲੋਕਾਂ ਦੇ ਰੁਝਾਨ ਵਾਂਗ ਹੈ ਤਾਂ ਅਜਿਹੇ ਲੀਡਰਾਂ ਨੂੰ ਅੱਗੇ ਤੋਂ ਜਜ਼ਬਾਤੀ ਜਾਂ ਭਾਵੁਕ ਬਿਆਨ ਦਾਗਣ ਤੋਂ ਗੁਰੇਜ ਕਰਨਾ ਚਾਹੀਦਾ ਹੈ, ਜੋ ਇਸ ਤਰ੍ਹਾਂ ਦੇ ਬਿਆਨਾਂ ਨੂੰ ਹੀ ਆਪਣੀ ਸਫਲਤਾ ਦੀ ਕੁੰਜੀ ਸਮਝਦੇ ਹਨ।

ਕੁੱਲ ਮਿਲਾ ਕੇ ਇਨ੍ਹਾਂ ਨਤੀਜਿਆਂ ਨੇ ਮੌਜੂਦਾ ਹਾਲਾਤ ਵਿਚ ਕਾਫੀ ਹੱਦ ਤੱਕ ਤਬਦੀਲੀ ਲਿਆਂਦੀ ਹੈ। ਇਨ੍ਹਾਂ ਨਤੀਜਿਆਂ ਨੇ ਜਿੱਥੇ ਪਿਛਲੇ ਲਗਭਗ ਪੰਜ ਸਾਲ ਤੋਂ ਲਗਾਤਾਰ ਹਾਸ਼ੀਏ 'ਤੇ ਜਾ ਰਹੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੂੰ ਮੁੜ ਤੋਂ ਸੰਜੀਵਨੀ ਪ੍ਰਦਾਨ ਕੀਤੀ ਹੈ, ਉਥੇ ਸੱਤਾ 'ਤੇ ਬਿਰਾਜਮਾਨ ਭਾਜਪਾ ਨੂੰ ਵੀ ਸਪੱਸ਼ਟ ਸੰਦੇਸ਼ ਦੇ ਦਿੱਤਾ ਹੈ ਕਿ ਜੇ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਕੁਝ ਚੰਗੀ ਕਾਰਗੁਜ਼ਾਰੀ ਵਿਖਾਉਣੀ ਹੈ ਤਾਂ ਖਾਲੀ ਵੱਡੀ ਬਿਆਨਬਾਜੀ ਨਾਲ ਕੰਮ ਨਹੀਂ ਚੱਲੇਗਾ ਅਤੇ ਨਾ ਹੀ ਭਾਵੁਕ ਮਸਲਿਆਂ ਨੂੰ ਉਛਾਲ ਕੇ ਕੁਝ ਬਣੇਗਾ ਸਗੋਂ ਕਿਸਾਨ ਹਿੱਤਾਂ ਜਾਂ ਉਨ੍ਹਾਂ ਦੀ ਕਰਜ ਮੁਆਫੀ ਸਬੰਧੀ ਵਿਸ਼ੇਸ਼ ਕਦਮ ਚੁੱਕਣੇ ਪੈਣਗੇ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਜਮੀਨੀ ਪੱਧਰ 'ਤੇ ਕੰਮ ਕਰਨੇ ਪੈਣਗੇ। ਇਸ ਦੇ ਨਾਲ ਹੀ 2014 ਵਿਚ ਦੇਸ਼ ਦੇ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨ ਲਈ ਸੁਹਿਰਦ ਉਪਰਾਲੇ ਕਰਨੇ ਪੈਣਗੇ।

ਬਸ ਇੰਜ ਸਮਝ ਲਓ ਕਿ ਹੁਣ 'ਮਨ ਕੀ ਬਾਤ' ਦੀ ਥਾਂ ਲੋਕਾਂ ਦੇ ਦਿਲਾਂ ਦੀ ਆਵਾਜ਼ ਸੁਣਨੀ ਪਵੇਗੀ ਭਾਵ ਆਵਾਮ ਦੀਆਂ ਰੋਜ਼ਾਨਾ ਜੀਵਨ ਨਾਲ ਜੁੜੀਆਂ ਮੁੱਖ ਲੋੜਾਂ ਨੂੰ ਗੰਭੀਰਤਾ ਨਾਲ ਸਮਝਣਾ ਪਵੇਗਾ ਅਤੇ ਉਨ੍ਹਾਂ ਦੀ ਪੂਰਤੀ ਲਈ ਵਿਸ਼ੇਸ਼ ਉਪਰਾਲੇ ਕਰਨੇ ਪੈਣਗੇ। ਜੇ ਹਾਲੇ ਵੀ ਲੋਕਾਂ ਨੂੰ ਖਾਲੀ ਜੁਮਲੇਬਾਜੀ ਨਾਲ ਭਰਮਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਸਮਝੋ ਬਾਜੀ ਬੀਤ ਗਈ, ਕਿਉਂਕਿ, ਯੇ ਜੋ ਪਬਲਿਕ ਹੈ, ਯੇ ਸਬ ਜਾਨਤੀ ਹੈ...!

ਪੰਜਾਬ ਟਾਈਮਜ਼

*ਸਨਿਚਰਵਾਰ, 22 ਦਸੰਬਰ 2018*

## ਬੇਇਨਸਾਫੀ ਦੇ ਸਾਢੇ ਤਿੰਨ ਦਹਾਕੇ

ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਤੋਂ ਕਰੀਬ ਸਾਢੇ ਤਿੰਨ ਦਹਾਕਿਆਂ ਬਾਅਦ ਇਸ ਕਤਲੇਆਮ ਵਿਚ ਸ਼ਾਮਿਲ ਕਾਂਗਰਸ ਆਗੂ ਸੱਜਣ ਕੁਮਾਰ ਨੂੰ ਤਾਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਇਹ ਸਜ਼ਾ ਦਿਵਾਉਣ ਵਿਚ ਪੀੜਤ ਧਿਰ ਨੂੰ ਜਿਨ੍ਹਾਂ ਹਾਲਾਤ ਦਾ ਸਾਹਮਣਾ ਕਰਨਾ ਪਿਆ, ਉਸ ਬਾਰੇ ਚਿਤਵ ਕੇ ਹੀ ਰੂਹ ਕੰਬ ਉਠਦੀ ਹੈ। ਇਸ ਕੇਸ ਬਾਰੇ ਫੈਸਲਾ ਸੁਣਾਉਣ ਵਾਲੇ ਦਿੱਲੀ ਹਾਈ ਕੋਰਟ ਦੇ ਜੱਜਾਂ ਨੇ ਵੀ ਇਹ ਗੱਲ ਚਿਤਾਰੀ ਹੈ ਕਿ ਪੁਲਿਸ ਅਤੇ ਸਿਆਸਤਦਾਨਾਂ ਦੀ ਮਿਲੀਭੁਗਤ ਨੇ ਕਿਸ ਤਰ੍ਹਾਂ ਪਹਿਲਾਂ ਕਤਲੇਆਮ ਹੋਣ ਦਿੱਤਾ ਅਤੇ ਫਿਰ ਇਨਸਾਫ ਲਈ ਦਰ-ਦਰ ਭਟਕ ਰਹੇ ਪੀੜਤਾਂ ਨੂੰ ਹਰ ਪੱਧਰ ਉਤੇ ਤੋੜ ਸੁੱਟਣ ਲਈ ਕੀ-ਕੀ ਕਾਰੇ ਕੀਤੇ ਗਏ। 19ਵੀਂ ਸਦੀ ਦੇ ਮਸ਼ਹੂਰ ਅੰਗਰੇਜ਼ ਸਿਆਸਤਦਾਨ ਦਾ ਕਥਨ ਹੈ: ਨਿਆਂ ਵਿਚ ਦੇਰੀ ਨਿਆਂ ਤੋਂ ਇਨਕਾਰ ਹੀ ਹੁੰਦਾ ਹੈ। ਇਹ ਕਥਨ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਉਤੇ ਐਨ ਢੁਕਦਾ ਹੈ। ਹੁਣ ਵਾਲਾ ਕੇਸ ਵੀ ਬਹੁਤ ਸਾਰੇ ਪੜਾਅ ਤੈਅ ਕਰਕੇ ਆਖਰਕਾਰ ਆਪਣੇ ਅੰਜਾਮ ਨੂੰ ਪੁੱਜਿਆ ਹੈ। ਸੱਜਣ ਕੁਮਾਰ ਖਿਲਾਫ ਇਹ ਕੇਸ 2010 ਵਿਚ ਜਾ ਕੇ ਦਰਜ ਹੋ ਸਕਿਆ ਸੀ ਪਰ ਤਿੰਨ ਸਾਲ ਬਾਅਦ ਹੀ ਉਹ ਇਸ ਕੇਸ ਵਿਚੋਂ ਬਰੀ ਵੀ ਹੋ ਗਿਆ ਜਦਕਿ ਉਸ ਨੂੰ ਜੇਲ੍ਹ ਤੱਕ ਅਪੜਾਉਣ ਖਾਤਰ 2013 ਤੋਂ ਬਾਅਦ ਪੰਜ ਸਾਲ ਲੱਗ ਗਏ। ਇਸ ਨਿੱਕੇ ਜਿਹੇ ਵੇਰਵੇ ਨਾਲ ਹੀ ਸਪਸ਼ਟ ਹੋ ਜਾਂਦਾ ਹੈ ਕਿ ਸਿਆਸਤਦਾਨ ਤਾਂ ਸਿਆਸਤਦਾਨ; ਪੁਲਿਸ ਪ੍ਰਸ਼ਾਸਨ ਤੇ ਅਦਾਲਤਾਂ ਉਸ ਨੂੰ ਇਨ੍ਹਾਂ ਕੇਸਾਂ ਵਿਚੋਂ ਬਰੀ ਕਰਨ ਲਈ ਕਿੰਨੇ ਕਾਹਲੇ ਸਨ। ਇਕ ਨੁਕਤਾ ਹੋਰ ਵੀ ਹੈ। ਇਨ੍ਹਾਂ ਕੇਸਾਂ ਦੇ ਗਵਾਹਾਂ ਦੇ ਬਿਆਨਾਂ ਅਤੇ ਗਵਾਹੀਆਂ ਦੇ ਬਾਵਜੂਦ ਕਿਸੇ ਵੀ ਅਦਾਲਤ ਦੇ ਇਕ ਵੀ ਜੱਜ ਨੇ ਇਹ ਜੇਰਾ ਨਹੀਂ ਦਿਖਾਇਆ ਕਿ ਉਹ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰਦਿਆਂ ਦੋਸ਼ੀਆਂ ਖਿਲਾਫ ਆਪੇ ਕਾਰਵਾਈ ਸ਼ੁਰੂ ਕਰ ਦੇਣ। ਭਾਰਤ ਵਿਚ ਅਜਿਹੇ ਬਹੁਤ ਸਾਰੇ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਅਦਾਲਤ ਨੇ ਮੀਡੀਆ ਅੰਦਰ ਨਸ਼ਰ ਹੋਈਆਂ ਖਬਰਾਂ ਨੂੰ ਆਧਾਰ ਬਣਾ ਕੇ ਆਪੇ ਕਾਰਵਾਈ ਕੀਤੀ ਸੀ ਅਤੇ ਦੋਸ਼ੀਆਂ ਨੂੰ ਜੇਲ੍ਹ ਅੰਦਰ ਸੁੱਟਿਆ ਸੀ।

ਉਂਜ, ਹੁਣ ਹਾਈ ਕੋਰਟ ਨੇ ਆਪਣੇ ਫੈਸਲੇ ਵਿਚ ਜੋ ਨੁਕਤਾ ਉਭਾਰਿਆ ਹੈ, ਉਹ ਬਹੁਤ ਅਹਿਮ ਹੈ। ਅਦਾਲਤ ਨੇ ਇਸ ਹਿੰਸਾ ਨੂੰ ਸੰਤਾਲੀ ਦੀ ਵੰਡ ਵੇਲੇ ਹੋਈ ਹਿੰਸਾ ਨਾਲ ਜੋੜਦਿਆਂ ਅਗਾਂਹ ਇਸ ਨੂੰ ਘੱਟ ਗਿਣਤੀਆਂ ਉਤੇ ਵਰ੍ਹਦੇ ਕਹਿਰ ਨਾਲ ਜੋੜਿਆ ਹੈ। ਅਦਾਲਤ ਨੇ ਇਹ ਨਿਸ਼ਾਨਦੇਹੀ ਕੀਤੀ ਹੈ ਕਿ ਮੁਲਕ ਦੀ ਸਿਆਸਤ ਅੰਦਰ ਰਣਨੀਤੀ ਵਜੋਂ ਘੱਟ ਗਿਣਤੀਆਂ ਨੂੰ ਨਿਸ਼ਾਨੇ ਉਤੇ ਰੱਖਿਆ ਗਿਆ। ਇਸ ਪ੍ਰਸੰਗ ਵਿਚ ਅਦਾਲਤ ਨੇ 1984 ਵਾਲੇ ਸਿੱਖ ਕਤਲੇਆਮ ਦੇ ਨਾਲ-ਨਾਲ 1992 ਵਿਚ ਮੁੰਬਈ (ਮਹਾਰਾਸ਼ਟਰ) ਵਿਚ ਹੋਈ ਹਿੰਸਾ, 2002 ਵਿਚ ਗੁਜਰਾਤ ਵਿਚ ਹੋਏ ਕਤਲੇਆਮ ਅਤੇ ਮੁਜ਼ੱਫਰਨਗਰ (ਉਤਰ ਪ੍ਰਦੇਸ਼) ਵਿਚ ਹੋਏ ਦੰਗਿਆਂ ਦੀ ਚਰਚਾ ਕੀਤੀ ਹੈ। ਅਦਾਲਤ ਨੇ ਕਿਹਾ ਹੈ, "ਇਨ੍ਹਾਂ ਸਮੂਹਿਕ ਅਪਰਾਧਾਂ ਵਿਚ ਸਾਂਝਾ ਤੱਥ ਇਹ ਸੀ ਕਿ ਭਾਰੂ ਸਿਆਸੀ ਤਾਕਤਾਂ ਨੇ ਘੱਟ ਗਿਣਤੀਆਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਅਤੇ ਅਮਨ ਤੇ ਕਾਨੂੰਨ ਬਣਾਈ ਰੱਖਣ ਵਾਲੀਆਂ ਏਜੰਸੀਆਂ ਨੇ ਉਨ੍ਹਾਂ ਦੀ ਹੀ ਵਧ-ਚੜ੍ਹ ਕੇ ਮਦਦ ਕੀਤੀ। ਇਨ੍ਹਾਂ ਅਪਰਾਧਾਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਲਗਾਤਾਰ ਸਿਆਸੀ ਪੁਸ਼ਤਪਨਾਹੀ ਮਿਲਦੀ ਰਹੀ, ਇਸੇ ਕਾਰਨ ਉਹ ਸਜ਼ਾ ਤੋਂ ਬਚਦੇ ਰਹੇ। ਅਜਿਹੇ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕਰਨਾ ਭਾਰਤ ਦੇ ਕਾਨੂੰਨੀ ਢਾਂਚੇ ਸਾਹਮਣੇ ਬਹੁਤ ਵੱਡੀ ਵੰਗਾਰ ਹੈ। ਜਿਵੇਂ ਇਸ ਕੇਸ ਨਾਲ ਸਬੰਧਤ ਇਨ੍ਹਾਂ ਅਪੀਲਾਂ ਤੋਂ ਹੀ ਸਪਸ਼ਟ ਹੈ, ਕਿਸੇ ਨੂੰ ਜਵਾਬਦੇਹ ਬਣਾਉਣ ਲਈ ਦਹਾਕੇ ਲੱਗ ਗਏ ਹਨ। ਇਸ ਕਰਕੇ ਹੁਣ ਮੁਲਕ ਦੇ ਕਾਨੂੰਨੀ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਦੀ ਜ਼ਰੂਰਤ ਹੈ।" ਅਦਾਲਤ ਨੇ ਅੰਗਰੇਜ਼ਾਂ ਵੇਲੇ ਦੇ ਕਾਨੂੰਨਾਂ ਬਾਰੇ ਵੀ ਟਿੱਪਣੀ ਕੀਤੀ ਅਤੇ ਕਿਹਾ ਕਿ ਮਨੁੱਖਤਾ ਦੇ ਖਿਲਾਫ ਕੀਤੇ ਜਾ ਰਹੇ ਅਪਰਾਧ ਅਤੇ ਨਸਲਕੁਸ਼ੀ ਵਰਗੇ ਵਰਤਾਰੇ ਨਾਲ ਨਜਿੱਠਣ ਲਈ ਲੋੜੀਂਦਾ ਢਾਂਚਾ ਸਾਡੀ ਕਾਨੂੰਨੀ ਪ੍ਰਕ੍ਰਿਆ ਦਾ ਹਿੱਸਾ ਹੀ ਨਹੀਂ ਹੈ, ਇਸ ਕਰਕੇ ਵੀ ਦੋਸ਼ੀ ਸਾਫ ਬਚ ਨਿਕਲਦੇ ਹਨ। ਅਦਾਲਤ ਦਾ ਤਰਕ ਸੀ ਕਿ ਸਮੂਹਿਕ ਹਿੰਸਾ ਦੇ ਕੇਸਾਂ ਵਿਚ ਨਿਆਂ ਪ੍ਰਣਾਲੀ ਵਲੋਂ ਕੀਤੇ ਜਾਣ ਵਾਲਾ ਅਮਲ ਵੱਖਰਾ ਹੋਣਾ ਚਾਹੀਦਾ ਹੈ।

ਇਹ ਉਹ ਟਿੱਪਣੀਆਂ ਹਨ ਜਿਨ੍ਹਾਂ ਨੇ ਕਤਲੇਆਮ ਨਾਲ ਸਬੰਧਤ ਹੋਰ ਮਾਮਲਿਆਂ ਲਈ ਆਧਾਰ ਬਣਨਾ ਹੈ। ਇਸੇ ਕਰਕੇ ਇਹ ਫੈਸਲਾ ਭਾਵੇਂ ਬਹੁਤ ਦੇਰ ਨਾਲ ਆਇਆ ਹੈ ਪਰ ਇਸ ਨੇ ਨਿਆਂ ਲਈ ਚੱਲ ਰਹੀ ਲੜਾਈ ਦਾ ਰਾਹ ਮੋਕਲਾ ਕੀਤਾ ਹੈ। ਇਸ ਕੇਸ ਦੇ ਪੀੜਤਾਂ ਅਤੇ ਵਕੀਲਾਂ ਵਲੋਂ ਦਿਖਾਏ ਸਿਰੜ ਲਈ ਉਨ੍ਹਾਂ ਨੂੰ ਸ਼ਾਬਾਸ਼ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ ਇਸ ਮਸਲੇ 'ਤੇ ਇਕਦਮ ਅਰੰਭ ਹੋਈ ਸਿਆਸਤ ਬਾਰੇ ਵੀ ਸੁਚੇਤ ਰਹਿਣਾ ਚਾਹੀਦਾ ਹੈ। ਪੰਜਾਬ ਦੇ ਲੋਕਾਂ ਵੱਲੋਂ ਬੁਰੀ ਤਰ੍ਹਾਂ ਦੁਰਕਾਰੇ ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲਾਂ ਨੇ ਇਸ ਕੇਸ ਤੋਂ ਲਾਹਾ ਲੈਣ ਦੀ ਮੁਹਿੰਮ ਵਿੱਢ ਦਿੱਤੀ ਹੈ। ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ ਰਹੀ ਹੈ। ਅਸਲ ਵਿਚ, ਅਗਲੇ ਸਾਲ ਲੋਕ ਸਭਾ ਚੋਣਾਂ ਹੋ ਰਹੀਆਂ ਹਨ ਅਤੇ ਹਰ ਸਿਆਸੀ ਆਗੂ ਦਾ ਇਸ ਬਾਬਤ ਆ ਰਿਹਾ ਬਿਆਨ ਸਿੱਧਾ ਸਿਆਸਤ ਤੋਂ ਪ੍ਰੇਰਿਤ ਹੈ। ਜਾਹਰ ਹੈ ਕਿ ਕਿਸੇ ਵੀ ਸਿਆਸੀ ਧਿਰ ਨੇ ਮੁਲਕ ਦੀਆਂ ਘੱਟ ਗਿਣਤੀਆਂ ਖਿਲਾਫ ਹੋ ਰਹੀ ਹਿੰਸਾ ਨੂੰ ਮੁੱਦਾ ਬਣਾਉਣ ਦੀ ਥਾਂ, ਵੋਟਾਂ ਦੀ ਸਿਆਸਤ ਨੂੰ ਧਿਆਨ ਵਿਚ ਰੱਖਦਿਆਂ ਬਿਆਨਬਾਜ਼ੀ ਅਰੰਭ ਕਰ ਦਿੱਤੀ ਹੈ। ਇਤਿਹਾਸ ਗਵਾਹ ਹੈ ਕਿ ਕਾਂਗਰਸ ਹੀ ਨਹੀਂ, ਹੁਣ ਕੇਂਦਰੀ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਨੇ ਘੱਟ ਗਿਣਤੀਆਂ ਖਿਲਾਫ ਹਿੰਸਾ ਰੋਕਣ ਲਈ ਕਦੀ ਕੋਈ ਪੇਸ਼ਕਦਮੀ ਨਹੀਂ ਕੀਤੀ। ਇਸ ਲਈ ਹੁਣ ਸੰਜੀਦਾ ਧਿਰਾਂ ਨੂੰ ਵੋਟ ਸਿਆਸਤ ਵਿਚ ਉਲਝਣ ਦੀ ਥਾਂ ਘੱਟ ਗਿਣਤੀਆਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਮੁੱਦਾ ਬਣਾ ਕੇ ਅਗਲੇ ਸੰਘਰਸ਼ਾਂ ਲਈ ਰਾਹ ਬਣਾਉਣਾ ਚਾਹੀਦਾ ਹੈ। ਅਦਾਲਤ ਨੇ ਇਸ ਕੇਸ ਬਾਰੇ ਟਿੱਪਣੀ ਕਰਕੇ ਸਭ ਨੂੰ ਸਹੀ ਰਾਹ ਦਿਖਾ ਦਿੱਤਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਮਲ ਕੁਮਲਾਇਆ?*

ਜਾਂਦੇ ਸਾਲ ਦੇ ਰਹਿ ਗਏ ਦਿਵਸ ਥੋੜ੍ਹੇ, 'ਟ੍ਰੇਲਰ' ਉਨੀ ਦਾ 'ਠਾਰਾਂ ਦਿਖਲਾ ਗਿਆ ਏ।
ਜੁਮਲੇ ਛੱਡ ਕੇ ਰਿਹਾ ਜੋ ਢਿੱਡ ਭਰਦਾ, ਜਾਪੇ ਅੱਗੇ ਲਈ ਸਬਕ ਉਹ ਪਾ ਗਿਆ ਏ।
ਕੈਂਚੀ ਫਾੜਨੇ ਵਾਲੀ ਨਕਾਰ ਸੁੱਟੀ, ਜੋੜਨ ਵਾਲਾ ਕੰਮ ਸੂਈ ਦਾ ਭਾ ਗਿਆ ਏ।
ਫਾਸ਼ੀਵਾਦ ਦੇ ਪੈਂਤੜੇ ਪਏ ਪੁੱਠੇ, ਮਾਨਵਵਾਦ ਦਾ ਹਿਰਦਾ ਨਸ਼ਿਆ ਗਿਆ ਏ।
'ਉਤਰ ਕਾਟੋ ਮੈਂ ਚੜ੍ਹਾਂ' ਦੀ ਰੀਤ ਪੂਰੀ, ਪੰਜਾਂ ਰਾਜਾਂ ਦਾ ਫੈਸਲਾ ਆ ਗਿਆ ਏ।
ਏਨੀ ਗੱਲ ਦੀ ਖੁਸ਼ੀ ਮਨਾ ਲਈਏ, ਨਫਰਤ ਭਰਿਆ ਤਾਂ 'ਕਮਲ' ਕੁਮਲਾ ਗਿਆ ਏ!

## ਕਤਲੇਆਮ ਚੁਰਾਸੀ

# ਨਿਆਂ ਪ੍ਰਾਪਤੀ ਦੇ ਬਿਖੜੇ ਪੈਂਡੇ

*ਦਿੱਲੀ ਹਾਈ ਕੋਰਟ ਵੱਲੋਂ ਨਵੰਬਰ 1984 ਵਿਚ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਵਿਚ ਜੋ ਫੈਸਲਾ ਸੁਣਾਇਆ ਗਿਆ ਹੈ, ਉਸ ਨੂੰ ਕਈ ਨੁਕਤਿਆਂ ਕਰਕੇ ਇਤਿਹਾਸਕ ਮੰਨਿਆ ਜਾ ਰਿਹਾ ਹੈ। ਇਸ ਕੇਸ ਵਿਚ ਕਾਂਗਰਸ ਨਾਲ ਸਬੰਧਤ ਚੋਟੀ ਦੇ ਲੀਡਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਉਹੀ ਸ਼ਖਸ ਹੈ, ਜਿਸ ਨੇ ਕਾਨੂੰਨ ਤੋਂ ਬਚਣ ਲਈ ਤਾਕਤ ਦੀ ਰੱਜ ਕੇ ਵਰਤੋਂ ਕੀਤੀ। ਜੱਜਾਂ ਨੇ ਆਪਣੇ ਫੈਸਲੇ ਵਿਚ ਪੁਲਿਸ, ਸਿਆਸਤਦਾਨਾਂ ਅਤੇ ਸੀ.ਬੀ.ਆਈ. ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਇਹ ਫੈਸਲਾ ਗਵਾਹਾਂ ਦੇ ਸਿਦਕ ਅਤੇ ਵਕੀਲਾਂ ਦੇ ਸਿਰੜ ਕਰਕੇ ਸਿਰੇ ਚੜ੍ਹਿਆ ਹੈ। ਜੱਜਾਂ ਨੇ ਇਸ ਨੂੰ ਘੱਟ ਗਿਣਤੀਆਂ ਨਾਲ ਹੁੰਦੀ ਹਿੰਸਾ ਅਤੇ ਅਨਿਆਂ ਨਾਲ ਜੋੜ ਕੇ ਹਿੰਦੋਸਤਾਨੀ ਸਿਆਸਤ ਨੂੰ ਲੰਮੇ ਹੱਥੀਂ ਲਿਆ ਹੈ। ਨਾਟਕਕਾਰ/ਪੱਤਰਕਾਰ ਸਵਰਾਜਬੀਰ ਨੇ ਇਸ ਸਮੁੱਚੇ ਹਾਲਾਤ ਬਾਰੇ ਟਿੱਪਣੀ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਨਵੰਬਰ 1984 ਵਿਚ ਹੋਏ ਸਿੱਖਾਂ ਦੇ ਕਤਲੇਆਮ ਤੋਂ 34 ਵਰ੍ਹੇ ਬਾਅਦ ਸੋਮਵਾਰ ਨੂੰ ਦਿੱਲੀ ਹਾਈ ਕੋਰਟ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਹੈ। 2013 ਵਿਚ ਸੱਜਣ ਕੁਮਾਰ ਹੇਠਲੀ ਅਦਾਲਤ ਵਿਚੋਂ ਬਰੀ ਹੋ ਗਿਆ ਸੀ। ਇਹ ਲੰਮੀ ਅਤੇ ਦੁੱਖ ਭਰੀ ਲੜਾਈ ਸ੍ਰੀਮਤੀ ਜਗਦੀਸ਼ ਕੌਰ ਦੇ ਸਿਦਕ ਅਤੇ ਸਿਰੜ ਕਾਰਨ ਸਿਰੇ ਚੜ੍ਹੀ ਹੈ ਜਿਸ ਦਾ ਪਤੀ, ਪੁੱਤਰ ਅਤੇ ਹੋਰ ਰਿਸ਼ਤੇਦਾਰ ਉਸ ਕਤਲੇਆਮ ਦੌਰਾਨ ਪਾਲਮ ਏਰੀਏ ਵਿਚ ਮਾਰੇ ਗਏ ਸਨ। ਇਸੇ ਤਰ੍ਹਾਂ ਦੀ ਹਿੰਮਤ ਨਿਰਪ੍ਰੀਤ ਕੌਰ ਅਤੇ ਹੋਰ ਪੀੜਤਾਂ ਨੇ ਵਿਖਾਈ। ਸੰਨ 2000 ਵਿਚ ਬਣਾਏ ਗਏ ਨਾਨਾਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ 2005 ਵਿਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਕੇਸ ਦਰਜ ਕੀਤਾ ਸੀ ਅਤੇ

ਸਵਰਾਜਬੀਰ

ਇਸ ਦਾ ਚਲਾਨ 2010 ਵਿਚ ਪੇਸ਼ ਕੀਤਾ ਗਿਆ। ਹੇਠਲੀ ਅਦਾਲਤ ਨੇ ਪੰਜ ਦੋਸ਼ੀਆਂ ਨੂੰ ਸਜ਼ਾ ਦਿੱਤੀ ਪਰ ਸੱਜਣ ਕੁਮਾਰ ਨੂੰ ਰਿਹਾਅ ਕਰ ਦਿੱਤਾ। ਹਾਈ ਕੋਰਟ ਨੇ ਸੱਜਣ ਕੁਮਾਰ ਦੇ ਨਾਲ-ਨਾਲ ਦੋ ਹੋਰ ਵਿਧਾਇਕਾਂ - ਮਹਿੰਦਰ ਯਾਦਵ ਤੇ ਕ੍ਰਿਸ਼ਨ ਖੋਖਰ ਨੂੰ ਦਸ-ਦਸ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਹੈ ਅਤੇ ਬਲਵਨ ਖੋਖਰ, ਭਾਗਮੱਲ ਤੇ ਗਿਰਧਾਰੀ ਲਾਲ ਨੂੰ ਉਮਰ ਕੈਦ ਦੀ ਸਜ਼ਾ ਬਹਾਲ ਰੱਖੀ ਹੈ। ਆਪਣਾ ਫੈਸਲਾ ਸੁਣਾਉਂਦਿਆਂ ਹਾਈ ਕੋਰਟ ਨੇ ਕਿਹਾ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਬਾਅਦ ਨਾ-ਕਾਬਿਲੇ ਯਕੀਨ ਪੱਧਰ ਦਾ ਕਤਲੇਆਮ ਹੋਇਆ ਪਰ ਉਨ੍ਹਾਂ ਦਾ ਫੈਸਲਾ ਇਸ ਕੇਸ ਤਕ ਹੀ ਸੀਮਤ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਇਹ ਸਭ ਕੁਝ ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਕਾਰਨ ਹੋਇਆ।

ਸਿਆਸਤਦਾਨਾਂ ਅਤੇ ਪੁਲਿਸ ਦੀ ਇਹ ਸਾਜ਼ਿਸ਼ਮਈ ਮਿਲੀਭੁਗਤ ਸਾਰੇ ਦੇਸ਼ ਵਿਚ ਵੱਖਰੇ ਨਮੂਨੇ ਦੀ ਰਣਨੀਤੀ ਵਜੋਂ ਉਭਰੀ ਜਿਸ ਵਿਚ ਘੱਟ ਗਿਣਤੀ ਦੇ ਲੋਕਾਂ ਨੂੰ ਸ਼ਿਕਾਰ ਬਣਾਇਆ ਗਿਆ। ਇਸ ਦੀਆਂ ਪ੍ਰਤੱਖ ਉਦਾਹਰਨਾਂ ਮੁੰਬਈ (1992), ਗੁਜਰਾਤ (2002) ਅਤੇ ਮੁਜ਼ੱਫਰਨਗਰ - ਯੂਪੀ (2013) ਦੇ ਦੰਗੇ ਹਨ। ਕੋਰਟ ਨੇ ਕਿਹਾ- "ਇਨ੍ਹਾਂ ਸਮੂਹਿਕ ਅਪਰਾਧਾਂ ਵਿਚ ਸਾਂਝ ਇਸ ਗੱਲ ਦੀ ਸੀ ਕਿ ਹਾਵੀ ਸਿਆਸੀ ਤਾਕਤਾਂ ਨੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਅਤੇ ਅਮਨ ਤੇ ਕਾਨੂੰਨ ਬਣਾਈ ਰੱਖਣ ਵਾਲੀਆਂ ਏਜੰਸੀਆਂ ਨੇ ਉਨ੍ਹਾਂ ਦੀ ਵਧ-ਚੜ੍ਹ ਕੇ ਮਦਦ ਕੀਤੀ। ਇਨ੍ਹਾਂ ਸਮੂਹਿਕ ਅਪਰਾਧਾਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਿਆਸੀ ਪੁਸ਼ਤਪਨਾਹੀ ਮਿਲਦੀ ਰਹੀ ਹੈ ਅਤੇ ਇਸੇ ਕਾਰਨ ਉਹ ਸਜ਼ਾ ਤੋਂ ਬਚਦੇ ਰਹੇ ਹਨ। ਅਜਿਹੇ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕਰਨਾ ਸਾਡੇ ਕਾਨੂੰਨੀ ਢਾਂਚੇ ਸਾਹਮਣੇ ਵੱਡੀ ਚੁਣੌਤੀ ਹੈ। ਜਿਵੇਂ ਇਨ੍ਹਾਂ ਅਪੀਲਾਂ ਤੋਂ ਹੀ ਸਪਸ਼ਟ ਹੈ, ਕਿਸੇ ਨੂੰ ਜਵਾਬਦੇਹ ਬਣਾਉਣ ਲਈ ਦਹਾਕੇ ਲੱਗ ਗਏ ਹਨ। ਇਸ ਕਰਕੇ ਹੁਣ ਮੁਲਕ ਦੇ ਕਾਨੂੰਨੀ ਢਾਂਚੇ ਨੂੰ ਮਜ਼ਬੂਤ ਬਣਾਉਣ ਦੀ ਜ਼ਰੂਰਤ ਹੈ।" ਅਦਾਲਤ ਨੇ ਬਹੁਤ ਜ਼ੋਰ ਨਾਲ ਕਿਹਾ 'ਮਨੁੱਖਤਾ ਵਿਰੁੱਧ ਅਪਰਾਧ' ਅਤੇ 'ਨਸਲਕੁਸ਼ੀ' ਸਾਡੀ ਕਾਨੂੰਨੀ ਪ੍ਰਕਿਰਿਆ ਦਾ ਹਿੱਸਾ ਨਹੀਂ ਹੈ। ਕੋਰਟ ਨੇ ਇਹ ਵੀ ਕਿਹਾ ਹੈ ਕਿ ਸਮੂਹਿਕ ਹਿੰਸਾ ਦੇ ਕੇਸਾਂ ਵਿਚ ਨਿਆਂ ਪ੍ਰਣਾਲੀ ਵਲੋਂ ਕੀਤੇ ਜਾਣ ਵਾਲਾ ਅਮਲ ਵੱਖਰੇ ਤਰੀਕੇ ਦਾ ਹੋਣਾ ਚਾਹੀਦਾ ਹੈ। ਅਦਾਲਤ ਨੇ ਦੇਸ਼-ਵੰਡ ਦੌਰਾਨ ਹੋਈ ਹਿੰਸਾ ਦਾ ਜ਼ਿਕਰ ਵੀ ਕੀਤਾ ਅਤੇ ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀਆਂ ਦੇ ਮਨਾਂ ਵਿਚ ਵਸੀ ਹੋਈ ਮਸ਼ਹੂਰ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਵਿਚੋਂ ਹਵਾਲਾ ਵੀ ਦਿੱਤਾ ਹੈ।

ਹਾਈ ਕੋਰਟ ਨੇ ਦਿੱਲੀ ਦੇ ਕਤਲੇਆਮ ਦੇ ਕੇਸਾਂ ਵਿਚ ਪੁਲਿਸ ਵਲੋਂ ਕੀਤੀ ਗਈ ਅਣਗਹਿਲੀ ਦੀ ਸਖ਼ਤ ਆਲੋਚਨਾ ਕੀਤੀ ਹੈ ਤੇ ਨਾਲ ਨਾਲ ਇਹ ਵੀ ਕਿਹਾ ਹੈ ਕਿ ਪੁਲਿਸ ਨੇ ਕੇਸਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਅਤੇ ਅਗਾਂਹ ਤਫਤੀਸ਼ ਕਰਨ ਪ੍ਰਤੀ ਉਦਾਸੀਨਤਾ ਵੀ ਵਿਖਾਈ। ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਆੜੇ ਹੱਥੀਂ ਲਿਆ ਹੈ ਅਤੇ ਇਸ ਕੇਸ ਵਿਚ ਦੋਸ਼ੀਆਂ ਵਿਰੁਧ ਪੇਸ਼ ਹੋਏ ਗਵਾਹਾਂ ਦੀ ਤਾਰੀਫ ਕੀਤੀ ਹੈ। ਕੋਰਟ ਨੇ ਕਤਲੇਆਮ ਵਿਚ ਹਿੱਸਾ ਲੈਣ ਵਾਲਿਆਂ ਦੀ ਫਿਰਕੂ ਮਾਨਸਿਕਤਾ ਦਾ ਜ਼ਿਕਰ ਵੀ ਕੀਤਾ ਹੈ।

ਦਸੰਬਰ 2014 ਵਿਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾਈ ਗਈ ਜਿਸ ਨੇ 293 ਕੇਸਾਂ ਦੀ ਦੁਬਾਰਾ ਜਾਂਚ-ਪੜਤਾਲ ਕਰਨੀ ਸੀ। ਅਗਸਤ 2017 ਵਿਚ ਇਸ 'ਸਿੱਟ' ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ 199 ਕੇਸਾਂ ਵਿਚ ਹੋਰ ਤਫਤੀਸ਼ ਕਰਨ ਦਾ ਕੋਈ ਫਾਇਦਾ ਨਹੀਂ ਅਤੇ ਇਨ੍ਹਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਉਤੇ ਸੁਪਰੀਮ ਕੋਰਟ ਨੇ 'ਸਿੱਟ' ਦੀ ਨਿਗਰਾਨੀ ਕਰਨ ਲਈ ਸੁਪਰੀਮ ਕੋਰਟ ਦੇ ਹੀ ਦੋ ਸੇਵਾਮੁਕਤ ਜੱਜਾਂ ਨੂੰ ਨਿਯੁਕਤ ਕੀਤਾ। ਇਨ੍ਹਾਂ ਕੇਸਾਂ ਦੀ ਲੰਮੇ ਸਮੇਂ ਤੋਂ ਪੈਰਵੀ ਕਰਨ ਰਹੇ ਐਡਵੋਕੇਟ ਐਚ.ਐਸ. ਫੂਲਕਾ ਅਨੁਸਾਰ 'ਸਿੱਟ' ਨੇ 280 ਕੇਸਾਂ ਵਿਚ ਕੋਈ ਖ਼ਾਸ ਕੰਮ ਨਹੀਂ ਕੀਤਾ, ਤੇ ਸਿਰਫ 13 ਵਿਚ ਤਫਤੀਸ਼ ਕੀਤੀ ਹੈ ਅਤੇ ਪੰਜਾਂ ਵਿਚ ਚਲਾਨ ਪੇਸ਼ ਕੀਤਾ ਹੈ। ਉਸ ਅਨੁਸਾਰ ਸੱਜਣ ਕੁਮਾਰ ਤਿੰਨਾਂ ਕੇਸਾਂ ਵਿਚ ਨਾਮਜ਼ਦ ਦੋਸ਼ੀ ਹੈ। ਜਨਵਰੀ 2018 'ਚ ਸੁਪਰੀਮ ਕੋਰਟ ਨੇ ਨਵੀਂ 3 ਮੈਂਬਰੀ 'ਸਿੱਟ' ਬਣਾਈ ਪਰ ਜਾਣਕਾਰ ਸੂਤਰਾਂ ਅਨੁਸਾਰ ਉਸ ਦੇ ਕੰਮ ਦੀ ਰਫਤਾਰ ਵੀ ਤੇਜ਼ੀ ਵਾਲੀ ਨਹੀਂ। ਇਸ ਤਰ੍ਹਾਂ ਹਾਈ ਕੋਰਟ ਨੇ ਜੋ ਤਫਤੀਸ਼ ਏਜੰਸੀਆਂ ਬਾਰੇ ਕਿਹਾ ਹੈ, ਨਿਆਂਸੰਗਤ ਹੈ।

ਇਹ ਸਪਸ਼ਟ ਹੈ ਕਿ ਅਦਾਲਤ ਦੇ ਇਸ ਫੈਸਲੇ ਉਤੇ ਜੰਮ ਕੇ ਸਿਆਸਤ ਹੋਵੇਗੀ ਅਤੇ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਹੋਰਨਾਂ ਕਾਂਗਰਸ-ਵਿਰੋਧੀ ਪਾਰਟੀਆਂ ਨੂੰ ਕਾਂਗਰਸ ਵਿਰੁਧ ਪ੍ਰਚਾਰ ਕਰਨ ਲਈ ਨਵਾਂ ਮਸਾਲਾ ਮਿਲੇਗਾ। ਦਿੱਲੀ ਵਿਚ ਹੋਏ ਕਤਲੇਆਮ ਵਿਚ ਕਾਂਗਰਸ ਦੇ ਮੱਧ ਪ੍ਰਦੇਸ਼ ਵਿਚ ਨਵੇਂ ਬਣੇ ਮੁੱਖ ਮੰਤਰੀ ਕਮਲ ਨਾਥ ਅਤੇ ਜਗਦੀਸ਼ ਟਾਈਟਲਰ ਦੇ ਨਾਂ ਵੀ ਉਭਰ ਕੇ ਆਉਂਦੇ ਰਹੇ ਹਨ ਪਰ ਮੁੱਖ ਮੁੱਦਾ ਸਿਆਸਤ ਦਾ ਨਹੀਂ, ਨਿਆਂ ਮਿਲਣ ਦਾ ਹੈ; ਸਗੋਂ ਅਸਲੀ ਗੱਲ ਤਾਂ ਇਹ ਹੈ ਕਿ ਸਿਆਸਤਦਾਨਾਂ ਨੇ ਦਿੱਲੀ ਕਤਲੇਆਮ ਵਿਚ ਅਹਿਮ ਭੂਮਿਕਾ ਨਿਭਾਈ ਪਰ ਉਨ੍ਹਾਂ ਨੂੰ ਸਜ਼ਾ ਮਿਲਣ ਵਿਚ ਬਹੁਤ ਦੇਰੀ ਹੋਈ ਹੈ। ਇਸ ਲਈ ਹੁਣ ਮਿਲੀਆਂ ਸਜ਼ਾਵਾਂ ਨਾਲ ਹਿੰਦੋਸਤਾਨੀ ਕਾਨੂੰਨ ਪ੍ਰਣਾਲੀ ਵਿਚ ਕੁਝ ਭਰੋਸਾ ਤਾਂ ਬੱਝਦਾ ਹੈ ਪਰ ਇਹ ਬਹੁਤ ਨਾਕਾਫੀ ਹੈ। 1984 ਤੋਂ ਬਾਅਦ ਮੁੰਬਈ (1992), ਗੁਜਰਾਤ (2002) ਅਤੇ ਮੁਜ਼ੱਫਰਨਗਰ - ਯੂਪੀ (2013) ਵਿਚ ਵੱਡੀ ਪੱਧਰ 'ਤੇ ਹੋਏ ਦੰਗੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਹਿੰਦੋਸਤਾਨੀ ਸਿਆਸਤਦਾਨ ਇਹ ਸੋਚਦੇ ਹਨ ਕਿ ਉਹ ਘੱਟ ਗਿਣਤੀਆਂ ਨਾਲ ਸਬੰਧਿਤ ਲੋਕਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ ਤੇ ਜੇ ਪੁਲਿਸ ਉਨ੍ਹਾਂ ਦਾ ਸਾਥ ਦੇਵੇ ਤਾਂ ਉਹ ਸਜ਼ਾ ਤੋਂ ਵੀ ਬਚ ਸਕਦੇ ਹਨ।



ਹਿੰਦੋਸਤਾਨੀ ਸੰਵਿਧਾਨ ਧਰਮ ਨਿਰਪੱਖ ਰਾਜ (ਸਟੇਟ) ਕਾਇਮ ਕਰਨ ਲਈ ਪ੍ਰਤੀਬੱਧ ਹੈ ਅਤੇ ਇਸ ਦੇ ਅਧੀਨ ਬਣੇ ਕਾਨੂੰਨ ਲੋਕਾਂ ਨੂੰ ਪੂਰਨ ਨਿਆਂ ਦਿਵਾਉਣ ਲਈ ਵਚਨਬੱਧ ਹਨ ਪਰ ਹਕੀਕਤ ਵਿਚ ਏਦਾਂ ਨਹੀਂ ਹੁੰਦਾ ਤੇ ਆਮ ਲੋਕਾਂ ਅਤੇ ਖ਼ਾਸ ਕਰਕੇ ਘੱਟ ਗਿਣਤੀਆਂ ਨਾਲ ਸਬੰਧਿਤ ਲੋਕਾਂ ਨੂੰ ਨਾ ਸਿਰਫ ਸਮੂਹਿਕ ਹਿੰਸਾ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ ਸਗੋਂ ਉਨ੍ਹਾਂ ਨੂੰ ਲੰਮੀ ਦੇਰ ਤਕ ਨਿਆਂ ਵੀ ਨਹੀਂ ਮਿਲਦਾ। ਬਹੁਤ ਸਾਰੇ ਸਿਆਸੀ ਨੇਤਾ, ਜਿਨ੍ਹਾਂ ਵਿਚ ਕਾਂਗਰਸ ਦੇ ਆਗੂ ਵੀ ਸ਼ਾਮਿਲ ਹਨ, ਨੇ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਇਹ ਫੈਸਲਾ ਨਿਸ਼ਚੇ ਹੀ ਇਤਿਹਾਸਕ ਫੈਸਲਾ ਹੈ। ਇਸ ਕਤਲੇਆਮ ਦੇ ਪੀੜਤਾਂ ਨੂੰ ਭਾਵੇਂ ਪੂਰਨ ਨਿਆਂ ਕਦੇ ਵੀ ਨਹੀਂ ਮਿਲਣਾ, ਫਿਰ ਵੀ ਇਨਸਾਫ ਮੰਗਣ ਵਾਲਿਆਂ ਤੇ ਇਸ ਮੰਗ ਨੂੰ ਬਣਾਈ ਰੱਖਣ ਦੀ ਔਖੀ ਰਾਹ 'ਤੇ ਚੱਲਣ ਵਾਲਿਆਂ ਦੀ ਹਿੰਮਤ ਤੇ ਹੌਸਲੇ ਨੂੰ ਸਲਾਮ ਕਰਨੀ ਬਣਦੀ ਹੈ ਜਿਨ੍ਹਾਂ ਨੇ ਔਖਿਆਂ ਸਮਿਆਂ ਵਿਚ ਇਸ ਜ਼ੁਲਮ ਵਿਰੁਧ ਝੰਡੇ ਨੂੰ ਬੁਲੰਦ ਕਰੀ ਰੱਖਿਆ। ਵੇਲੇ ਦੀ ਮੰਗ ਹੈ ਕਿ ਸਮੂਹਿਕ ਹਿੰਸਾ ਦੀਆਂ ਹੋਰ ਘਟਨਾਵਾਂ ਦੇ ਦੋਸ਼ੀਆਂ ਨੂੰ ਵੀ ਜਲਦੀ ਸਜ਼ਾ ਮਿਲੇ।

# ਕਾਂਗਰਸੀ ਪੁਸ਼ਤ ਪਨਾਹੀ ਅਤੇ ਕਮਲ ਨਾਥ ਦੀ ਤਾਜਪੋਸ਼ੀ

## ਨਵੰਬਰ ਚੁਰਾਸੀ

ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਜਿੱਤ ਕੇ ਤਿੰਨ ਸੂਬਿਆਂ ਅੰਦਰ ਕਾਂਗਰਸ ਵਲੋਂ ਸਰਕਾਰ ਬਣਾ ਕੇ ਜਿਨ੍ਹਾਂ ਸ਼ਖਸਾਂ ਨੂੰ ਮੁੱਖ ਮੰਤਰੀ ਬਣਾਇਆ ਗਿਆ ਹੈ, ਉਨ੍ਹਾਂ ਵਿਚੋਂ ਇਕ ਕਮਲ ਨਾਥ ਹੈ ਜਿਸ ਦੀ 1984 ਦੇ ਸਿੱਖ ਕਤਲੇਆਮ ਵਿਚ ਉਭਰਵੀਂ ਭੂਮਿਕਾ ਰਹੀ ਹੈ। ਇਸ ਤੋਂ ਪਹਿਲਾਂ ਕਮਲ ਨਾਥ ਯੂ.ਪੀ.ਏ. ਸਰਕਾਰ ਦੌਰਾਨ ਕੇਂਦਰੀ ਵਜ਼ਾਰਤ ਵਿਚ ਵੀ ਬਹੁਤ ਸਾਰੇ ਅਹੁਦਿਆਂ 'ਤੇ ਰਹਿ ਚੁੱਕਾ ਹੈ ਅਤੇ ਉਹ ਮੱਧ ਪ੍ਰਦੇਸ਼ ਦੇ ਛਿੰਦਵਾੜਾ ਲੋਕ ਸਭਾ ਹਲਕੇ ਤੋਂ ਨੌਂ ਵਾਰ ਸੰਸਦ ਮੈਂਬਰ ਚੁਣਿਆ ਗਿਆ। ਛਿੰਦਵਾੜਾ ਤੋਂ ਉਸ ਦੀ ਚੋਣ ਮੁਹਿੰਮ ਲਈ ਪ੍ਰਚਾਰ ਕਰਦਿਆਂ ਇੰਦਰਾ ਗਾਂਧੀ ਨੇ ਉਸ ਨੂੰ ਆਪਣਾ 'ਤੀਸਰਾ ਪੁੱਤਰ' ਆਖ ਕੇ

**ਬੂਟਾ ਸਿੰਘ**
ਫੋਨ: +91-94634-74342

ਵੋਟਰਾਂ ਨੂੰ ਉਸ ਨੂੰ ਜਿਤਾਉਣ ਲਈ ਪ੍ਰੇਰਿਆ ਸੀ। ਕਾਰਨ ਇਹ ਸੀ ਕਿ ਕਮਲ ਨਾਥ ਨੇ ਸੰਜੇ ਗਾਂਧੀ ਦੀ ਚੰਡਾਲ ਚੌਕੜੀ ਦੇ ਮੋਹਰੀ ਹਿੱਸੇਦਾਰ ਵਜੋਂ ਐਮਰਜੈਂਸੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਦੋਂ ਇਹ ਨਾਅਰਾ ਮਸ਼ਹੂਰ ਸੀ - "ਇੰਦਰਾ ਗਾਂਧੀ ਕੇ ਦੋ ਹਾਥ, ਸੰਜੇ ਗਾਂਧੀ ਕਮਲ ਨਾਥ"। 1979 ਵਿਚ ਮੋਰਾਰਜੀ ਦੇਸਾਈ ਸਰਕਾਰ ਦਾ ਮੁਕਾਬਲਾ ਕਰਨ ਵਿਚ ਉਸ ਨੇ ਡਟ ਕੇ ਇੰਦਰਾ ਗਾਂਧੀ ਦਾ ਸਾਥ ਦਿੱਤਾ ਸੀ। ਨਹਿਰੂ-ਇੰਦਰਾ ਸ਼ਾਹੀ ਖਾਨਦਾਨ ਦੇ ਰਾਜਸੀ ਜਾਨਸ਼ੀਨ ਸ਼ਹਿਜ਼ਾਦੇ ਨੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਕਮਲ ਨਾਥ ਨੂੰ ਮੁੱਖ ਮੰਤਰੀ ਥਾਪ ਕੇ ਆਪਣੇ ਖਾਨਦਾਨ ਪ੍ਰਤੀ ਉਸ ਦੀ ਵਫਾਦਾਰੀ ਦਾ ਸਿਲਾ ਤਾਰਿਆ ਹੈ। ਇਸ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਰਾਹੁਲ ਗਾਂਧੀ ਦੀ ਸੰਘ ਬ੍ਰਿਗੇਡ ਦੇ ਦਹਿਸ਼ਤੀ ਕਾਰਿਆਂ ਵਿਰੁਧ ਬਿਆਨਬਾਜ਼ੀ ਸਿਆਸੀ ਸਟੰਟ ਤੋਂ ਬਿਨਾ ਕੁਝ ਨਹੀਂ, ਤੇ ਉਹ ਕਾਂਗਰਸ ਦੀ ਘਿਨਾਉਣੀ ਵਿਰਾਸਤ ਤੋਂ ਭੋਰਾ ਵੀ ਇਧਰ ਉਧਰ ਨਾ ਹੋਣ ਦੀ ਅਡੋਲ ਸੋਚ ਰੱਖਦਾ ਹੈ। ਰਾਹੁਲ ਗਾਂਧੀ ਬਾਰੇ ਅਕਸਰ ਹੀ ਇਹ ਕਿਹਾ ਜਾਂਦਾ ਰਿਹਾ ਹੈ ਕਿ 1984 ਦੀਆਂ ਘਟਨਾਵਾਂ ਮੌਕੇ ਉਹ ਅਜੇ ਬੱਚਾ ਸੀ ਅਤੇ ਉਸ ਉਪਰ ਸ਼ਾਇਦ ਉਸ ਦੌਰ ਦੀ ਤੁਅੱਸਬੀ ਸੋਚ ਦਾ ਮਜ਼ਬੂਤ ਪ੍ਰਭਾਵ ਨਹੀਂ; ਲੇਕਿਨ ਹਾਲੀਆ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਉਸ ਦੇ ਫੈਸਲੇ ਕਿਸੇ ਵੀ ਪੱਖ ਤੋਂ ਪਹਿਲੀ ਹਾਈ ਕਮਾਨ ਤੋਂ ਵੱਖਰੇ ਨਹੀਂ।

ਕਮਲ ਨਾਥ ਨਿਰਾ 1984 ਵਿਚ ਸਿੱਖ ਭਾਈਚਾਰੇ ਦੇ ਕਤਲ ਲਈ ਹੀ ਜ਼ਿੰਮੇਵਾਰ ਨਹੀਂ, ਉਸ ਵਿਚ ਭ੍ਰਿਸ਼ਟ ਕਾਂਗਰਸੀ ਆਗੂਆਂ ਵਾਲੀ ਹਰ ਖੂਬੀ ਹੈ। ਅਰਬਪਤੀਆਂ ਨਾਲ ਭਰੀ ਪਈ ਲੋਕ ਸਭਾ ਵਿਚ ਉਹ 15ਵੀਂ ਲੋਕ ਸਭਾ ਦਾ ਸਭ ਤੋਂ ਅਮੀਰ ਐਮ.ਪੀ. ਰਹਿ ਚੁੱਕਾ ਹੈ। ਉਸ ਨੇ ਰਾਡੀਆ ਟੇਪ ਘੁਟਾਲੇ ਵਿਚ ਵਾਹਵਾ ਨਾਮਣਾ ਖੱਟਿਆ ਸੀ। ਕਾਰਪੋਰੇਟ ਸਰਮਾਏਦਾਰਾਂ ਦੀ ਨੁਮਾਇੰਦਾ ਜਥੇਬੰਦੀ ਸੀ.ਆਈ.ਆਈ. ਦੇ ਸਾਬਕਾ ਪ੍ਰਧਾਨ ਤਰੁਨ ਦਾਸ ਨੇ ਨੀਰਾ ਰਾਡੀਆ ਨਾਲ ਫੋਨ ਗੱਲਬਾਤ ਵਿਚ ਕਿਹਾ ਸੀ ਕਿ ਕਮਲ ਨਾਥ ਇਕ ਕਾਰਜਸ਼ੀਲ ਵਿਅਕਤੀ ਹੈ। ਉਹ ਆਪਣਾ 15% ਵੀ ਬਣਾਏਗਾ, ਕੌਮੀ ਸੇਵਾ ਵੀ ਕਰੇਗਾ ਅਤੇ ਪੈਸਾ ਵੀ ਬਣਾਏਗਾ। ਉਹ ਅਸਲ ਵਿਚ ਯੂ.ਪੀ.ਏ. ਕਾਲ ਦੌਰਾਨ ਕਮਲ ਨਾਥ ਦੀ ਕੇਂਦਰੀ ਮੰਤਰੀ ਵਜੋਂ ਨਿਯੁਕਤੀ ਬਾਰੇ ਗੱਲ ਕਰ ਰਿਹਾ ਸੀ।

ਕਾਂਗਰਸ ਦੀ ਮੂਲ ਖਸਲਤ ਤੋਂ ਸੁਚੇਤ ਸਿਆਸੀ ਵਿਸ਼ਲੇਸ਼ਣਕਾਰਾਂ ਲਈ ਕਮਲ ਨਾਥ ਨੂੰ ਮੁੱਖ ਮੰਤਰੀ ਬਣਾਏ ਜਾਣਾ ਹੈਰਾਨੀਜਨਕ ਨਹੀਂ; ਲੇਕਿਨ ਉਨ੍ਹਾਂ ਨੂੰ ਜ਼ਰੂਰ ਹੈਰਾਨੀ ਹੋਈ ਹੈ ਜੋ 'ਧਰਮ ਨਿਰਪੱਖ' ਕਾਂਗਰਸ ਤੋਂ ਇਹ ਉਮੀਦ ਲਗਾਈ ਬੈਠੇ ਹਨ ਕਿ 2019 ਦੀਆਂ ਚੋਣਾਂ ਵਿਚ ਸੰਘ ਬ੍ਰਿਗੇਡ ਦੀ ਥਾਂ ਇਸ ਦੇ ਸੱਤਾਧਾਰੀ ਹੋਣ ਨਾਲ ਹਿੰਦੂਤਵ ਫਾਸ਼ੀਵਾਦ ਦੇ ਹਮਲਿਆਂ ਨੂੰ ਠੱਲ੍ਹ ਪਵੇਗੀ ਅਤੇ ਸੰਘ ਬ੍ਰਿਗੇਡ ਦੇ ਰਾਜ ਵਿਚ ਘੱਟ ਗਿਣਤੀਆਂ ਤੇ ਹੋਰ ਦੱਬੇ-ਕੁਚਲੇ ਹਿੱਸਿਆਂ ਨਾਲ ਹੋਈਆਂ ਵਧੀਕੀਆਂ ਦੇ ਮਾਮਲਿਆਂ ਨੂੰ ਹਮਦਰਦੀ ਨਾਲ ਵਿਚਾਰਿਆ ਜਾਵੇਗਾ। ਜਦਕਿ ਆਪਣੇ ਸਿਆਸੀ ਵਿਹਾਰ ਵਿਚ ਕਾਂਗਰਸ ਹਾਈ ਕਮਾਨ ਲਗਾਤਾਰ 'ਮੁਲਾਇਮ ਹਿੰਦੂਤਵ' ਨੂੰ ਅਪਣਾਏ ਜਾਣ ਦੇ ਸਾਫ ਸੰਕੇਤ ਦੇ ਰਹੀ ਹੈ ਜਿਸ ਦਾ ਇਜ਼ਹਾਰ ਪਿਛਲੇ ਦਿਨੀਂ ਪੰਜ ਸੂਬਿਆਂ ਦੀਆਂ ਚੋਣ ਮੁਹਿੰਮਾਂ ਵਿਚ ਲਗਾਤਾਰ ਹੁੰਦਾ ਰਿਹਾ ਹੈ।

ਕਾਂਗਰਸ ਹਿੰਦੁਸਤਾਨੀ ਹਾਕਮ ਜਮਾਤ ਦੀ ਸਭ ਤੋਂ ਪੁਰਾਣੀ ਸਿਆਸੀ ਨੁਮਾਇੰਦਾ ਹੈ ਜਿਸ ਨੇ 1947 ਦੀ ਸੱਤਾ ਬਦਲੀ ਤੋਂ ਬਾਅਦ ਸਭ ਤੋਂ ਵਧੇਰੇ ਸਮਾਂ ਰਾਜ ਕਰਕੇ ਮੁਲਕ ਦੀ ਸੱਤ ਦਹਾਕਿਆਂ ਦੀ ਤ੍ਰਾਸਦੀ ਵਿਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਹੈ। ਕਤਲਾਂ ਸਮੇਤ ਹਰ ਤਰ੍ਹਾਂ ਦੀ ਵਹਿਸ਼ਤ ਅਤੇ ਮਹਾਂ ਘੁਟਾਲਿਆਂ ਲਈ ਜ਼ਿੰਮੇਵਾਰ ਸ਼ਖਸ ਹਮੇਸ਼ਾ ਕਾਂਗਰਸ ਵਿਚ ਸਿਰਮੌਰ ਆਗੂ ਰਹੇ ਹਨ ਅਤੇ ਘਿਨਾਉਣੇ ਮੁਜਰਿਮ ਹਮੇਸ਼ਾ ਹੀ ਕਾਂਗਰਸ ਅੰਦਰ ਵੱਡੇ ਅਹੁਦਿਆਂ ਨਾਲ ਨਿਵਾਜੇ ਜਾਂਦੇ ਰਹੇ ਹਨ ਬਸ਼ਰਤੇ ਉਨ੍ਹਾਂ ਉਪਰ ਗਾਂਧੀ ਪਰਿਵਾਰ ਦੀ ਨਜ਼ਰੇ-ਇਨਾਇਤ ਹੋਵੇ। 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਬਣ ਕੇ ਰਾਜੀਵ ਗਾਂਧੀ ਵਲੋਂ 3000 ਤੋਂ ਵੱਧ ਸਿੱਖਾਂ ਦੇ ਕਤਲੇਆਮ ਨੂੰ ਸ਼ਰੇਆਮ ਜਾਇਜ਼ ਹੀ ਨਹੀਂ ਠਹਿਰਾਇਆ ਗਿਆ ਸੀ ਸਗੋਂ ਐਚ.ਕੇ.ਐਲ.ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ ਆਦਿ ਨੂੰ ਸੱਤਾ ਦੇ ਵੱਡੇ ਵੱਡੇ ਅਹੁਦਿਆਂ ਦੀ ਬਖਸ਼ਿਸ਼ ਕਰਕੇ ਨਿਆਂ ਲਈ ਲੜ ਰਹੇ ਮਜ਼ਲੂਮਾਂ ਦੇ ਜ਼ਖਮਾਂ ਉਪਰ ਲੂਣ ਵੀ ਛਿੜਕਿਆ ਗਿਆ। ਅਦਾਲਤਾਂ ਤਕ ਪਹੁੰਚ ਕਰਨ ਦੇ ਰਾਹ ਵਿਚ ਅੜਿੱਕੇ ਡਾਹ ਕੇ ਕਾਨੂੰਨੀ ਚਾਰਾਜੋਈ ਬੰਦ ਕਰਾਉਣ ਅਤੇ ਕਤਲੇਆਮ ਦੀ ਅਗਵਾਈ ਕਰਨ ਵਾਲੇ ਕਾਂਗਰਸੀ ਸਰਗਨਿਆਂ ਨੂੰ ਬਚਾਉਣ ਲਈ ਹਰ ਹਰਬਾ ਵਰਤਿਆ ਗਿਆ।

ਅੱਜ ਕੱਲ੍ਹ ਕਮਲ ਨਾਥ ਮੁੜ ਦਾਅਵੇ ਕਰ ਰਿਹਾ ਹੈ ਕਿ 1984 ਦੇ ਕਤਲੇਆਮ ਵਿਚ ਉਸ ਦੇ ਸ਼ਾਮਲ ਹੋਣ ਦਾ ਕੋਈ ਸਬੂਤ ਨਹੀਂ ਹੈ; ਕਿ



ਕਿਸੇ ਵਲੋਂ ਉਸ ਵਿਰੁਧ ਸ਼ਿਕਾਇਤ ਦਰਜ ਨਹੀਂ ਕਰਾਈ ਗਈ ਅਤੇ ਇਹ ਇਲਜ਼ਾਮਬਾਜ਼ੀ ਸਿਆਸਤ ਤੋਂ ਪ੍ਰੇਰਿਤ ਹੈ। ਤੱਥ ਜੱਗ ਜ਼ਾਹਰ ਸਨ/ਹਨ, ਫਿਰ ਵੀ ਉਸ ਦੀ ਭੂਮਿਕਾ ਨਾ ਜਾਂਚ ਕਮਿਸ਼ਨਾਂ ਨੂੰ ਨਜ਼ਰ ਆਈ, ਨਾ ਅੰਨ੍ਹੀ ਅਦਾਲਤੀ ਪ੍ਰਣਾਲੀ ਨੂੰ, ਜਦਕਿ ਪਹਿਲੀ ਨਵੰਬਰ 1984 ਨੂੰ ਕਾਂਗਰਸੀ ਆਗੂਆਂ ਵਲੋਂ ਲਾਮਬੰਦ ਕਰਕੇ ਲਿਆਂਦੇ ਹਜੂਮਾਂ ਵਲੋਂ ਦਿੱਲੀ ਦੇ ਰਕਾਬ ਗੰਜ ਗੁਰਦੁਆਰੇ ਉਪਰ ਹਮਲੇ ਸਮੇਂ ਕਮਲ ਨਾਥ ਦੋ ਘੰਟੇ ਤਕ ਉਥੇ ਮੌਜੂਦ ਸੀ। ਮੌਕੇ ਦੇ ਚਸ਼ਮਦੀਦ ਗਵਾਹ, ਇੰਡੀਅਨ ਐਕਸਪ੍ਰੈਸ ਦੇ ਪੱਤਰਕਾਰ ਮੋਨੀਸ਼ ਸੰਜੇ ਸੂਰੀ ਨੇ ਬਾਕਾਇਦਾ ਹਲਫਨਾਮਾ ਦੇ ਕੇ ਜਾਂਚ ਕਮਿਸ਼ਨ ਨੂੰ ਦੱਸਿਆ ਸੀ ਕਿ ਕਾਤਲ ਹਜੂਮ ਕਮਲ ਨਾਥ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕੰਮ ਕਰ ਰਿਹਾ ਸੀ। ਉਸ ਵਲੋਂ ਹਜੂਮ ਨੂੰ ਰੋਕਣ ਦਾ ਕੋਈ ਯਤਨ ਨਹੀਂ ਕੀਤਾ ਗਿਆ। ਜਦੋਂ ਤੱਕ ਕਮਲ ਨਾਥ ਉਥੇ ਰਿਹਾ, ਹਮਲੇ ਦੌਰਾਨ ਜਿਉਂਦੇ ਸਾੜੇ ਗਏ ਸਿੱਖਾਂ ਦੀ ਲਾਸ਼ਾਂ ਜਲਦੀਆਂ ਰਹੀਆਂ। ਤੇ ਇਹ ਨਿਰਾ ਇਕ ਗਵਾਹ ਦਾ ਇਲਜ਼ਾਮ ਨਹੀਂ, ਕਮਲ ਨਾਥ ਨੇ ਨਾਨਾਵਤੀ ਕਮਿਸ਼ਨ ਅੱਗੇ ਉਥੇ ਆਪਣੀ ਮੌਜੂਦਗੀ ਖੁਦ ਕਬੂਲੀ ਹੈ। ਇਸ ਦੇ ਬਾਵਜੂਦ ਜਾਂਚ ਕਮਿਸ਼ਨਾਂ ਅਤੇ ਏਜੰਸੀਆਂ ਨੂੰ ਉਸ ਦੇ ਖਿਲਾਫ ਮੁਕੱਦਮਾ ਚਲਾਉਣ ਲਈ ਲੋੜੀਂਦੇ ਸਬੂਤ ਨਜ਼ਰ ਨਹੀਂ ਆਏ। ਅੱਜ ਤਕ ਸੁਪਰੀਮ ਕੋਰਟ ਨੇ ਇਕ ਘੱਟ ਗਿਣਤੀ ਭਾਈਚਾਰੇ ਦੇ ਐਨੀ ਵੱਡੇ ਕਤਲੇਆਮ ਦਾ ਖੁਦ ਨੋਟਿਸ ਲੈ ਕੇ ਮੌਕੇ ਦੀ ਸੱਤਾਧਾਰੀ ਪਾਰਟੀ ਅਤੇ ਪੁਲਿਸ ਤੋਂ ਇਹ ਸਵਾਲ ਨਹੀਂ ਪੁੱਛਿਆ ਕਿ ਜੇ ਕਤਲੇਆਮ ਅਤੇ ਅੱਗਜ਼ਨੀ ਦੀਆਂ ਵਾਰਦਾਤਾਂ ਮੌਕੇ ਹਾਜ਼ਰ ਕਮਲ ਨਾਥ, ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ ਸਮੇਤ ਕਾਂਗਰਸੀ ਆਗੂ ਕਤਲੇਆਮ ਲਈ ਜ਼ਿੰਮੇਵਾਰ ਨਹੀਂ ਤਾਂ ਫਿਰ ਇਹ ਕਤਲੇਆਮ ਕਿਸ ਨੇ ਜਥੇਬੰਦ ਕੀਤੇ? ਤਿੰਨ ਦਿਨ ਕਤਲੇਆਮ ਨੂੰ ਬੰਦ ਕਰਾਉਣ ਦਾ ਕੋਈ ਯਤਨ ਨਹੀਂ ਕੀਤਾ ਗਿਆ। ਸਮੁੱਚੀ ਰਾਜ ਮਸ਼ੀਨਰੀ ਦੀ ਮੂਕ ਦਰਸ਼ਕ ਬਣ ਕੇ ਕਤਲੇਆਮ ਵਿਚ ਮਿਲੀਭੁਗਤ ਕੀ ਹੁਕਮਰਾਨ ਧਿਰ ਦੀ ਸ਼ਮੂਲੀਅਤ ਤੋਂ ਬਿਨਾ ਸੰਭਵ ਸੀ?

ਜੋ ਦਾਅਵੇ ਕਮਲ ਨਾਥ ਖੁਦ ਨੂੰ ਬੇਕਸੂਰ ਦੱਸਣ ਲਈ ਕਰ ਰਿਹਾ ਹੈ, ਇਸੇ ਤਰ੍ਹਾਂ ਦੇ ਦਾਅਵੇ ਸੱਜਣ ਕੁਮਾਰ ਕਰਦਾ ਰਿਹਾ ਹੈ ਜੋ ਹੇਠਲੀ ਅਦਾਲਤ ਵਿਚੋਂ ਬਰੀ ਹੋਣ ਵਿਚ ਕਾਮਯਾਬ ਹੋ ਗਿਆ ਸੀ ਅਤੇ ਜਿਸ ਨੂੰ ਹਾਲ ਹੀ ਵਿਚ ਹਾਈਕੋਰਟ ਨੇ ਕਤਲੇਆਮ ਤੋਂ 34 ਸਾਲ ਬਾਅਦ ਸਜ਼ਾ ਸੁਣਾਈ ਹੈ। ਇਹ ਫੈਸਲਾ ਦਿੱਲੀ ਹਾਈਕੋਰਟ ਨੇ ਕਮਲ ਨਾਥ ਦੀ ਤਾਜਪੋਸ਼ੀ ਦੇ ਮੌਕੇ ਸੁਣਾਇਆ ਹੈ। ਹਾਈਕੋਰਟ ਦੇ ਬੈਂਚ ਨੇ ਹੇਠਲੀ ਅਦਾਲਤ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦੇਣ ਦਾ ਫੈਸਲਾ ਬਰਕਰਾਰ ਰੱਖਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਜੱਜਾਂ ਨੇ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਇਹ ਅਸਾਧਾਰਨ ਮਾਮਲਾ ਸੀ ਜਿਥੇ ਆਮ ਤਰੀਕੇ ਨਾਲ ਸੱਜਣ ਕੁਮਾਰ ਦੇ ਖਿਲਾਫ ਕਾਰਵਾਈ ਕਰਨਾ ਅਸੰਭਵ ਸੀ ਕਿਉਂਕਿ ਉਸ ਦੇ ਖਿਲਾਫ ਮਾਮਲਿਆਂ ਨੂੰ ਰਿਕਾਰਡ ਨਾ ਕਰਕੇ ਉਨ੍ਹਾਂ ਨੂੰ ਦਬਾਉਣ ਲਈ ਵੱਡੇ ਪੈਮਾਨੇ 'ਤੇ ਯਤਨ ਕੀਤੇ ਜਾ ਰਹੇ ਸਨ। ਇਸ ਫੈਸਲੇ ਵਿਚ ਪਹਿਲੀ ਵਾਰ ਸਿੱਖ ਭਾਈਚਾਰੇ ਦੇ ਕਤਲੇਆਮ ਨੂੰ ਨਸਲਕੁਸ਼ੀ ਮੰਨਿਆ ਗਿਆ ਹੈ, ਇਸ ਤੋਂ ਪਹਿਲਾਂ ਇਸ ਨੂੰ 'ਦੰਗੇ-ਫਸਾਦ' ਹੀ ਕਿਹਾ ਜਾਂਦਾ ਰਿਹਾ ਹੈ। ਫੈਸਲੇ ਵਿਚ ਟਿੱਪਣੀ ਕੀਤੀ ਗਈ ਹੈ, "ਇਨ੍ਹਾਂ ਭਿਆਨਕ ਜਨਤਕ ਜੁਰਮਾਂ ਨੂੰ ਅੰਜਾਮ ਦੇਣ ਵਾਲਿਆਂ ਦੀ ਬਹੁ ਗਿਣਤੀ ਸਿਆਸੀ ਸਰਪ੍ਰਸਤੀ ਮਾਣਦੀ ਰਹੀ ਅਤੇ ਕਾਨੂੰਨ ਲਾਗੂ ਕਰਨ ਵਾਲੀ ਉਦਾਸੀਨ ਏਜੰਸੀ ਵਲੋਂ ਵੀ ਇਸ ਵਿਚ ਮਦਦ ਕੀਤੀ ਗਈ।" ਇਸ ਤਰ੍ਹਾਂ ਦਾ ਫੈਸਲਾ ਕਿਸੇ ਵਿਰਲੇ ਮਾਮਲੇ ਵਿਚ, ਕਦੇ-ਕਦਾਈਂ ਹੀ ਸੁਣਾਇਆ ਜਾਂਦਾ ਹੈ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕਤਲੇਆਮ ਦਾ ਸ਼ਿਕਾਰ ਹੋਏ ਪਰਿਵਾਰਾਂ ਦੇ ਮੈਂਬਰਾਂ ਦੇ ਠੋਸ ਬਿਆਨਾਂ ਦੇ ਬਾਵਜੂਦ ਪੁਲਿਸ ਵਲੋਂ ਸੱਜਣ ਕੁਮਾਰ ਦਾ ਨਾਂ ਐਫ.ਆਈ.ਆਰ. ਵਿਚ ਦਰਜ ਨਹੀਂ ਕੀਤਾ ਗਿਆ ਸੀ। ਇਥੋਂ ਤਕ ਕਿ ਜਮਹੂਰੀ/ਮਨੁੱਖੀ ਹੱਕਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਪੀ.ਯੂ.ਡੀ.ਆਰ. ਅਤੇ ਪੀ.ਯੂ.ਸੀ.ਐਲ. ਦੀ ਰਿਪੋਰਟ 'ਦੋਸ਼ੀ ਕੌਣ' ਵਿਚ ਪਰਿਵਾਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਂਗਰਸੀ ਆਗੂਆਂ ਦੀ ਸੂਚੀ ਦਿੱਤੀ ਸੀ (ਜਿਨ੍ਹਾਂ ਵਿਚ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਐਚ.ਕੇ.ਐਲ. ਭਗਤ ਤੇ ਲਲਿਤ ਮਾਕਨ ਮੁੱਖ ਸਨ) ਜਿਨ੍ਹਾਂ ਨੇ ਕਤਲੇਆਮ 'ਚ ਮੋਹਰੀ ਭੂਮਿਕਾ ਨਿਭਾਈ ਸੀ।

ਮਜ਼ਲੂਮਾਂ ਦਾ ਸਾਹਮਣਾ ਹਿੰਦੁਸਤਾਨੀ ਅਦਾਲਤੀ ਪ੍ਰਣਾਲੀ ਨਾਲ ਹੈ। ਸੱਜਣ ਕੁਮਾਰ ਨੂੰ ਸਜ਼ਾ ਹਾਈਕੋਰਟ ਨੇ ਸੁਣਾਈ ਹੈ। ਅਜੇ ਮਾਮਲਾ ਸੁਪਰੀਮ ਕੋਰਟ ਵਿਚ ਜਾਵੇਗਾ। ਉਥੇ ਫੈਸਲਾ ਹੋਣ ਵਿਚ ਕਿੰਨਾ ਵਕਤ ਲੱਗੇਗਾ ਅਤੇ ਸੁਪਰੀਮ ਕੋਰਟ ਸਜ਼ਾ ਬਾਰੇ ਕੀ ਰੁਖ ਅਖਤਿਆਰ ਕਰੇਗੀ, ਇਹ ਤਾਂ ਵਕਤ ਦੱਸੇਗਾ ਪਰ ਭਾਜਪਾ ਦੇ ਰਾਜ ਵਿਚ ਵੀ ਸੱਜਣ ਕੁਮਾਰ ਵਰਗਿਆਂ ਨੂੰ ਕੋਈ ਆਂਚ ਨਹੀਂ ਆਉਣ ਲੱਗੀ। ਜੇ 2019 ਵਿਚ ਕਾਂਗਰਸ ਕੇਂਦਰੀ ਸੱਤਾ ਵਿਚ ਆ ਜਾਂਦੀ ਹੈ ਤਾਂ ਸੱਜਣ ਕੁਮਾਰ ਲਈ ਹੋਰ ਵੀ ਸਹੂਲਤ ਹੋ ਜਾਵੇਗੀ। ਸੰਘ ਬ੍ਰਿਗੇਡ ਦੇ ਸੱਤਾਧਾਰੀ ਹੋਣ ਤੋਂ ਬਾਅਦ ਭਗਵੇਂ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਸਿਆਸੀ ਆਕਾਵਾਂ ਨੂੰ ਕਲੀਨ ਚਿੱਟਾਂ ਦੇ ਦਿੱਤੀਆਂ ਗਈਆਂ ਸਨ। ਖਮਲ ਨਾਥ ਵਰਗਿਆਂ ਨੂੰ ਥਾਪੜਾ ਦੇਣ ਵਾਲੀ ਕਾਂਗਰਸ ਵੀ ਆਪਣੇ ਵਫਾਦਾਰਾਂ ਨੂੰ ਬਚਾਉਣ ਲਈ ਹਰ ਵਾਹ ਲਾਏਗੀ। ਇਹ ਸੰਭਵ ਹੈ ਕਿ ਸੱਜਣ ਕੁਮਾਰ ਨੂੰ ਇਕ ਦਿਨ ਵੀ ਜੇਲ੍ਹ ਨਾ ਜਾਣਾ ਪਵੇ। ਵੈਸੇ ਵੀ ਦੇਰੀ ਨਾਲ ਨਿਆਂ ਦਾ ਮਤਲਬ ਹੁੰਦਾ ਹੈ, ਨਿਆਂ ਦੇਣ ਤੋਂ ਇਨਕਾਰ। ਤ੍ਰਿਲੋਕਪੁਰੀ ਕਤਲੇਆਮ ਇਸ ਦੀ ਉਘੜਵੀਂ ਮਿਸਾਲ ਹੈ। ਤ੍ਰਿਲੋਕਪੁਰੀ ਮਾਮਲੇ ਵਿਚ ਦੋਸ਼ੀਆਂ ਦੀ ਅਪੀਲ ਦਾ ਨਿਪਟਾਰਾ ਦਿੱਲੀ ਹਾਈਕੋਰਟ 22 ਸਾਲ ਬਾਅਦ ਕਰਦੀ ਹੈ ਜਿਥੇ 320 ਤੋਂ ਵੱਧ ਸਿੱਖਾਂ ਨੂੰ ਕਤਲ ਕੀਤਾ ਗਿਆ ਸੀ। ਜਿਨ੍ਹਾਂ ਦੇ ਘਰ-ਪਰਿਵਾਰ ਖਤਮ ਕਰ ਦਿੱਤੇ ਗਏ, ਉਨ੍ਹਾਂ ਮਜ਼ਲੂਮਾਂ ਲਈ ਸਾਢੇ ਤਿੰਨ ਦਹਾਕੇ ਨਿਆਂ ਲਈ ਲੜਦੇ ਰਹਿਣਾ ਅਤੇ 22 ਸਾਲ ਅਪੀਲ ਦੇ ਫੈਸਲੇ ਨੂੰ ਉਡੀਕਣਾ ਕਿੰਨਾ ਵੱਡਾ ਸੰਤਾਪ ਹੈ, ਇਸ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਬੰਦੇ ਨੂੰ ਬਿਰਖ ਬਣਾ ਦੇਣ ਵਾਲੀ ਹਿੰਦੁਸਤਾਨੀ ਨਿਆਂ ਪ੍ਰਣਾਲੀ ਅੰਦਰ ਨਿਆਂ ਲਈ ਡਟੇ ਰਹਿਣ ਵਾਲੇ ਪਰਿਵਾਰ, ਖਾਸ ਕਰਕੇ ਬੀਬੀ ਜਗਦੀਸ਼ ਕੌਰ, ਕਤਲੇਆਮ ਦੇ ਗਵਾਹ ਅਤੇ ਉਹ ਵਕੀਲ ਸਲਾਮ ਦੇ ਹੱਕਦਾਰ ਹਨ ਜਿਨ੍ਹਾਂ ਨੇ ਹਰ ਮੁਸ਼ਕਿਲ ਦਾ ਸਾਹਮਣਾ ਕਰਦਿਆਂ ਸਾਢੇ ਤਿੰਨ ਦਹਾਕੇ ਤਕ ਨਿਆਂ ਲਈ ਦ੍ਰਿੜਤਾ ਨਾਲ ਲੜਾਈ ਲੜੀ ਅਤੇ ਮਾਮਲੇ ਨੂੰ ਮੌਜੂਦਾ ਮੁਕਾਮ 'ਤੇ ਪਹੁੰਚਾਇਆ ਅਤੇ ਘੱਟੋ-ਘੱਟ ਇਕ ਵੱਡੇ ਕਾਂਗਰਸੀ ਆਗੂ ਨੂੰ ਅਦਾਲਤ ਵਿਚ ਦੋਸ਼ੀ ਠਹਿਰਾਉਣ ਵਿਚ ਕਾਮਯਾਬੀ ਹਾਸਲ ਕੀਤੀ। ਸੱਚ ਨੂੰ ਸਥਾਪਤ ਕਰਨਾ ਵੱਡੀ ਜਿੱਤ ਹੈ। ਨਿਆਂ ਲਈ ਲੰਮਾ ਪੰਧ ਅਜੇ ਬਾਕੀ ਹੈ।

---

# ਵਿਧਾਨ ਸਭਾ ਚੋਣ ਨਤੀਜਿਆਂ ਦੇ ਸਬਕ

ਜੇ ਵਿਧਾਨ ਸਭਾ ਦੀਆਂ ਚੋਣਾਂ ਲੋਕ ਸਭਾ ਦਾ ਕਾਰਜਕਾਲ ਖਤਮ ਹੋਣ ਤੋਂ ਇਕ-ਡੇਢ ਸਾਲ ਪਹਿਲਾਂ ਹੋਣ ਤਾਂ ਸਿਆਸੀ ਵਿਸ਼ਲੇਸ਼ਕ ਇਸ ਨੂੰ ਸੈਮੀਫਾਈਨਲ ਦਾ ਨਾਂ ਦੇ ਦਿੰਦੇ ਹਨ, ਕਿਉਂਕਿ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਭਵਿਖ ਦੀ ਲੋਕ ਸਭਾ ਚੋਣ ਨੂੰ ਪ੍ਰਭਾਵਿਤ ਕਰਨਾ ਹੀ ਹੁੰਦਾ ਹੈ। ਇਹ ਪ੍ਰਭਾਵ ਕੇਵਲ ਰਾਜਸੀ ਅਤੇ ਮਨੋਵਿਗਿਆਨਕ ਹੀ ਨਹੀਂ ਸਗੋਂ ਵਿਚਾਰਧਾਰਕ ਵੀ ਹੈ। ਸੋ ਇਸ ਦੇ ਸਿੱਟਿਆਂ ਅਤੇ ਭਵਿੱਖੀ ਸਬਕਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**
ਫੋਨ: 91-98150-50617

ਸਭ ਤੋਂ ਪਹਿਲੀ ਗੱਲ ਇਹ ਕਿ ਲੋਕਾਂ ਨੇ ਭਾਜਪਾ ਦੇ ਹਿੰਦੂਤਵੀ ਏਜੰਡੇ ਦੀ ਥਾਂ ਧਰਮ ਨਿਰਪੱਖਤਾ ਦੇ ਰਾਹ ਨੂੰ ਚੁਣਿਆ ਹੈ। ਇਹ ਤਾਂ ਬਹਿਸ ਦਾ ਮੁੱਦਾ ਹੋ ਸਕਦਾ ਹੈ ਕਿ ਕਾਂਗਰਸ ਹਕੀਕਤ ਵਿਚ ਧਰਮ ਨਿਰਪੱਖ ਹੈ ਜਾਂ ਨਹੀਂ, ਪਰ ਮੌਜੂਦਾ ਸਿਆਸੀ ਬਿਰਤਾਂਤ ਵਿਚ ਉਹ ਮੁਕਾਬਲਤਨ ਧਰਮ ਨਿਰਪੱਖ ਲੋਕਾਂ ਦੀਆਂ ਇੱਛਾਵਾਂ ਨੂੰ ਪ੍ਰਗਟ ਕਰਦੀ ਹੈ ਜਾਂ ਘੱਟੋ-ਘੱਟ ਧਰਮ ਨਿਰਪੱਖ ਲੋਕਾਂ ਦੀ ਇੱਛਾ ਹੈ ਕਿ ਕਾਂਗਰਸ ਇਸ ਵਿਚਾਰਧਾਰਾ ਨੂੰ ਪ੍ਰਗਟਾਵੇ, ਪ੍ਰਚਾਰੇ ਅਤੇ ਉਸ ਦੀ ਰੱਖਿਅਕ ਬਣੇ।

ਇਹ ਵੀ ਮਹੱਤਵਪੂਰਨ ਹੈ ਕਿ ਹਿੰਦੀ ਭਾਸ਼ੀ ਸੂਬਿਆਂ ਵਿਚ ਹਿੰਦੂਤਵ ਦਾ ਮੁੱਦਾ ਹਾਰਿਆ ਹੈ। ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਤਾਂ ਇਸ ਦੇ ਮੂਲ ਆਧਾਰ ਰਹੇ ਹਨ। ਇਸ ਚੋਣ ਨੇ ਇਕ ਹੋਰ ਮਿੱਥ ਵੀ ਤੋੜੀ ਹੈ ਕਿ ਭਾਜਪਾ ਅਜਿੱਤ ਹੈ ਅਤੇ ਇਸ ਦੀ ਲੀਡਰਸ਼ਿਪ ਨੂੰ ਕੋਈ ਵੀ ਚੁਣੌਤੀ ਨਹੀਂ ਹੈ। ਸਭ ਤੋਂ ਵੱਧ ਇਹ ਮਿੱਥ ਟੁੱਟੀ ਹੈ ਕਿ ਭਾਜਪਾ ਧਾਰਮਿਕ ਜਜ਼ਬਾਤ ਭੜਕਾ ਕੇ, ਲੋੜ ਸਮੇਂ ਘੱਟ ਗਿਣਤੀਆਂ ਨੂੰ ਵਰਚਾ ਕੇ, ਜਾਤ ਆਧਾਰਿਤ ਸਮੀਕਰਨ ਬਣਾ ਕੇ, ਅੰਕੜਿਆਂ ਦਾ ਹੇਰ ਫੇਰ ਕਰਕੇ ਅਤੇ ਮੀਡੀਆ ਨੂੰ ਕਾਬੂ ਕਰਕੇ ਮਰਜ਼ੀ ਦੇ ਨਤੀਜੇ ਹਾਸਲ ਕਰ ਸਕਦੀ ਹੈ।

ਇਹ ਵੀ ਦਿਲਚਸਪ ਤੱਥ ਹੈ ਕਿ ਜਿਥੇ ਖੇਤਰੀ ਪਾਰਟੀਆਂ ਸ਼ਕਤੀਸ਼ਾਲੀ ਹਨ, ਉਥੇ ਲੋਕਾਂ ਨੇ ਭਾਜਪਾ ਅਤੇ ਕਾਂਗਰਸ ਦੋਹਾਂ ਨੂੰ ਦਰਕਿਨਾਰ ਕਰ ਦਿੱਤਾ ਹੈ। ਤਿਲੰਗਾਨਾ ਵਿਚ ਤਿਲੰਗਾਨਾ ਰਾਸ਼ਟਰੀ ਸਮਿਤੀ (ਟੀ.ਆਰ.ਸੀ.) ਅਤੇ ਮਿਜ਼ੋਰਮ ਵਿਚ ਮਿਜ਼ੋਰਮ ਨੈਸ਼ਨਲ ਫਰੰਟ ਨੇ ਕਾਂਗਰਸ ਅਤੇ ਭਾਜਪਾ ਦੋਹਾਂ ਨੂੰ ਪਾਸੇ ਕਰ ਦਿੱਤਾ ਹੈ। ਦੇਸ਼ ਵਿਚ ਖੇਤਰੀ ਭਾਵਨਾਵਾਂ ਪੂਰੀ ਤਰ੍ਹਾਂ ਰੱਦ ਨਹੀਂ ਹੋਈਆਂ ਸਗੋਂ ਉਨ੍ਹਾਂ ਵਿਚ ਸਮਰੱਥਾ ਪਈ ਹੈ ਅਤੇ ਇਹ ਸਮਰੱਥਾ ਟੀ.ਆਰ.ਸੀ. ਅਤੇ ਨੈਸ਼ਨਲ ਮਿਜ਼ੋਰਮ ਫਰੰਟ ਨੇ ਵਰਤੀ ਹੈ। ਚੋਣਾਂ ਵਿਚ ਭਾਵੇਂ ਕਾਂਗਰਸ ਨੇ ਚੰਗੀ ਕਾਰਗੁਜ਼ਾਰੀ ਦਿਖਾਈ ਹੈ ਪਰ ਇਹ ਕਾਰਗੁਜ਼ਾਰੀ ਉਥੇ ਹੀ ਦਿਖਾਈ ਦਿੱਤੀ ਜਿਥੇ ਖੇਤਰੀ ਪਾਰਟੀਆਂ ਸ਼ਕਤੀਸ਼ਾਲੀ ਨਹੀਂ ਹਨ ਅਤੇ ਜਿਥੇ ਖੇਤਰੀ ਪਾਰਟੀਆਂ ਵੀ ਕੇਂਦਰੀ ਪਾਰਟੀਆਂ ਵਾਂਗ ਹੀ ਆਪਣੀ ਭੱਲ ਗੁਆ ਚੁੱਕੀਆਂ ਹਨ। ਇਨ੍ਹਾਂ ਚੋਣਾਂ ਦੌਰਾਨ ਕਈ ਰਾਜਾਂ ਵਿਚ ਕਾਂਗਰਸ ਨੇ ਖੇਤਰੀ ਪਾਰਟੀਆਂ ਨਾਲ ਸਮਝੌਤਾ ਨਹੀਂ ਕੀਤਾ, ਇਥੋਂ ਕਾਂਗਰਸ ਪਾਰਟੀ ਇਸ ਖੁਸ਼ਫਹਿਮੀ ਵਿਚ ਜਾ ਸਕਦੀ ਹੈ ਕਿ ਉਸ ਨੂੰ ਕਿਸੇ ਦੀ ਜ਼ਰੂਰਤ ਨਹੀਂ ਹੈ, ਪਰ ਅਸਲ ਵਿਚ ਬਿਹਾਰ ਤੇ ਕਰਨਾਟਕ ਦਾ ਪਿਛਲਾ ਤਜਰਬਾ ਅਤੇ ਤਿਲੰਗਾਨਾ ਤੇ ਮਿਜ਼ੋਰਮ ਦਾ ਅਜੋਕਾ ਤਜਰਬਾ ਦਰਸਾਉਂਦਾ ਹੈ ਕਿ ਖੇਤਰੀ ਪਾਰਟੀਆਂ ਦਾ ਮਹੱਤਵ ਮੌਜੂਦ ਹੈ। ਇਨ੍ਹਾਂ ਚੋਣਾਂ ਨੇ ਖੇਤਰੀ ਪਾਰਟੀਆਂ ਨੂੰ ਵੀ ਕਾਂਗਰਸ ਦੀ ਅਹਿਮੀਅਤ ਦਾ ਅਹਿਸਾਸ ਕਰਵਾ ਦਿੱਤਾ ਹੈ।

ਇਨ੍ਹਾਂ ਚੋਣ ਨਤੀਜਿਆਂ ਦਾ ਪੰਜਾਬ ਲਈ ਵੀ ਬੜਾ ਮਹੱਤਵ ਹੈ। ਹੁਣ ਪੰਜਾਬ ਦੀ ਕਾਂਗਰਸ ਪਾਰਟੀ ਹੋਰ ਵਧੇਰੇ ਆਤਮ ਵਿਸ਼ਵਾਸ ਨਾਲ ਕੰਮ ਕਰੇਗੀ। ਨਵਜੋਤ ਸਿੰਘ ਸਿੱਧੂ ਕਿਉਂਕਿ ਕਾਂਗਰਸ ਦਾ ਸਟਾਰ ਪ੍ਰਚਾਰਕ ਸੀ, ਨਿਸ਼ਚੇ ਹੀ ਉਸ ਦਾ ਕੱਦ ਨਾ ਕੇਵਲ ਪੰਜਾਬ ਵਿਚ ਸਗੋਂ ਕੇਂਦਰੀ ਲੀਡਰਸ਼ਿਪ ਵਿਚ ਵੀ ਵਧਿਆ ਹੈ। ਇਸ ਮਸਲੇ ਵਿਚ ਸਭ ਤੋਂ ਖੂਬਸੂਰਤ ਗੱਲ ਇਹ ਰਹੀ ਕਿ ਇਸ ਦਰਮਿਆਨ ਕਰਤਾਰਪੁਰ ਲਾਂਘੇ ਦੇ ਮਾਮਲੇ 'ਤੇ ਜਿਥੇ ਭਾਜਪਾ ਦਾ ਸਟੈਂਡ ਸਿੱਧੂ ਵਿਰੋਧੀ, ਮੁਸਲਮਾਨ ਵਿਰੋਧੀ, ਪਾਕਿਸਤਾਨ ਵਿਰੋਧੀ ਅਤੇ ਜੰਗ ਪੱਖੀ ਸੀ, ਉਥੇ ਹਿੰਦੂ ਬਹੁ ਗਿਣਤੀ ਵਾਲੇ ਰਾਜਾਂ ਵਿਚ ਵੀ ਸਿੱਧੂ ਦਾ ਸਟੈਂਡ ਪਾਕਿਸਤਾਨ ਨਾਲ ਸੁਲ੍ਹਾਕੁਲ, ਲਾਂਘਾ ਖੋਲ੍ਹਣ ਦੀ ਪਹਿਲ ਕਦਮੀ ਅਤੇ ਮੁਸਲਮਾਨਾਂ ਵੱਲ ਦੋਸਤੀ ਵਧਾਉਣ ਵਾਲਾ ਸੀ। ਇਕ ਤਰ੍ਹਾਂ ਨਾਲ ਵੋਟਰਾਂ ਨੇ ਸਿੱਧੂ ਦੇ ਸਟੈਂਡ ਉਪਰ ਮੋਹਰ ਲਗਾ ਦਿੱਤੀ ਹੈ। ਇਸ ਨਾਲ ਸਿੱਧੂ ਹੋਰ ਵੀ ਖੁੱਲ੍ਹ ਕੇ ਖੇਡੇਗਾ। ਇਸ ਨਾਲ ਸਭ ਤੋਂ ਵੱਧ ਨੁਕਸਾਨ ਪੰਜਾਬ ਦੀ ਭਾਜਪਾ ਅਤੇ ਉਸ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦਾ ਹੋਣਾ ਹੈ। ਭਾਜਪਾ ਨੂੰ ਹੁਣ ਆਪਣੀਆਂ ਭਾਈਵਾਲ ਪਾਰਟੀਆਂ ਦੀ ਸੁਣਨੀ ਪਵੇਗੀ। ਇਸ ਪੱਖੋਂ ਸ਼ਿਵ ਸੈਨਾ ਅਤੇ ਅਕਾਲੀ ਦਲ ਦੇ ਨਾਲ-ਨਾਲ ਭਾਜਪਾ ਦੇ ਬਾਗੀ ਤੇਵਰ ਵਾਲੇ ਨੇਤਾ ਵੀ ਆਪਣੀ ਹੋਂਦ ਜਤਾਉਣਗੇ। ਭਾਜਪਾ ਨੂੰ ਆਪਣੇ ਰੁੱਸ ਚੁੱਕੇ ਜਾਂ ਰੁੱਸ ਰਹੇ ਨੇਤਾਵਾਂ ਅਤੇ ਭਾਈਵਾਲ ਪਾਰਟੀਆਂ ਨੂੰ ਮਨਾਉਣਾ ਪਵੇਗਾ।

ਰਾਹੁਲ ਗਾਂਧੀ ਨੂੰ ਕਾਂਗਰਸ ਦੇ ਵਿਰੋਧੀਆਂ ਨੇ ਕਦੇ ਨੇਤਾ ਵਜੋਂ ਚੁਣੌਤੀ ਨਹੀਂ ਸਮਝਿਆ ਸੀ ਸਗੋਂ ਮਜ਼ਾਕ ਲਈ ਸੌਖਾ ਸ਼ਿਕਾਰ ਸਮਝਿਆ ਸੀ। ਇਸ ਵਿਚ ਉਸ ਦੀ ਘੱਟ ਉਮਰ, ਘੱਟ ਤਜਰਬਾ ਤੇ ਜ਼ਮੀਨ ਨਾਲ ਨਾ ਜੁੜੇ ਹੋਣਾ ਮੁੱਖ ਕਾਰਨ ਸੀ। ਪਿਛਲੀਆਂ ਸਾਰੀਆਂ ਚੋਣਾਂ ਵਿਚ ਕਾਂਗਰਸ ਦੀ ਹਾਰ ਉਸ ਦੇ ਹੀ ਸਿਰ ਸੀ। ਹੁਣ ਰਾਹੁਲ ਗਾਂਧੀ ਦਾ ਪਾਰਟੀ ਅੰਦਰ ਅਤੇ ਪਾਰਟੀ ਤੋਂ ਬਾਹਰ ਅਕਸ ਨਿਖਰੇਗਾ।

ਇਨ੍ਹਾਂ ਚੋਣਾਂ ਵਿਚ ਬਿਨਾਂ ਸ਼ੱਕ ਭ੍ਰਿਸ਼ਟਾਚਾਰ ਪੱਖੋਂ ਰਾਫਾਲ ਦਾ ਮੁੱਦਾ, ਕਿਸਾਨਾਂ ਦੀ ਬੁਰੀ ਹਾਲਤ ਅਤੇ ਬੇਰੁਜ਼ਗਾਰੀ ਅਹਿਮ ਰਹੇ ਹਨ, ਪਰ ਵਿਚਾਰਧਾਰਕ ਪੱਖੋਂ ਲੋਕ ਰਾਮ ਮੰਦਰ, ਗਊ ਰੱਖਿਆ ਅਤੇ ਲਵ ਜਹਾਦ ਵਰਗੇ ਫਿਰਕਾਪ੍ਰਸਤ ਮੁੱਦਿਆਂ ਤੋਂ ਅੱਕੇ ਦਿਖਾਈ ਦਿੱਤੇ। ਨੋਟਬੰਦੀ ਅਤੇ ਜੀ.ਐਸ.ਟੀ. ਵਰਗੇ ਫੈਸਲਿਆਂ ਨੇ ਭਾਰਤੀ ਅਰਥ ਵਿਵਸਥਾ ਦਾ ਜੋ ਸੰਤੁਲਨ ਵਿਗਾੜਿਆ ਸੀ, ਉਸ ਨੇ ਵੀ ਭਾਜਪਾ ਨੂੰ ਹਰਾਉਣ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਨ੍ਹਾਂ ਸਭ ਮੁੱਦਿਆਂ ਦਾ ਕਾਂਗਰਸ ਨੂੰ ਫਾਇਦਾ ਹੋਇਆ ਹੈ।

ਅਗਲੀ ਸਮੱਸਿਆ ਸ਼ੁਰੂ ਹੁੰਦੀ ਹੈ ਕਿ ਆਖਰ ਕਾਂਗਰਸ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਿਵੇਂ ਕਰੇਗੀ, ਕਿਉਂਕਿ ਕਾਂਗਰਸ ਨੇ ਵੀ ਭਾਜਪਾ ਵਾਂਗ ਹੀ ਕਿਸਾਨਾਂ ਨੂੰ ਚੰਗੇ ਭਾਅ ਅਤੇ ਕਰਜ਼ੇ ਮੁਆਫ ਕਰਨ ਵਰਗੇ ਸਬਜ਼ਬਾਗ ਦਿਖਾਏ ਹਨ। ਕਾਂਗਰਸ ਨੇ ਜੀ.ਐਸ.ਟੀ. ਅਤੇ ਨੋਟਬੰਦੀ ਦੇ ਮਾੜੇ ਪ੍ਰਭਾਵਾਂ ਨੂੰ ਤਾਂ ਨਿੰਦਿਆ ਹੈ, ਪਰ ਕੋਈ ਨਵਾਂ ਆਰਥਿਕ ਬਦਲ ਪੇਸ਼ ਨਹੀਂ ਕੀਤਾ। ਪੰਜਾਬ ਦੀ ਸਥਿਤੀ ਵੱਖਰੀ ਹੈ, ਇਥੋਂ ਦੇ ਲੋਕ ਕਾਂਗਰਸ ਹੱਥੋਂ ਵੀ ਠੱਗੇ ਮਹਿਸੂਸ ਕਰਦੇ ਹਨ। ਕਾਂਗਰਸ ਲਈ ਰਾਹਤ ਦੀ ਇਕੋ ਗੱਲ ਹੈ ਕਿ ਇੱਥੋਂ ਦੀ ਸਥਾਨਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਆਪਣਾ ਅਕਸ ਗੁਆ ਚੁੱਕੀ ਹੈ।

# ਗੁਰਦੁਆਰਾ ਟਾਇਰਾ ਬਿਊਨਾ 'ਚ ਪੰਜਾਬੀ ਸਕੂਲ ਦੇ ਵਾਲੰਟੀਅਰਾਂ ਦਾ ਸਨਮਾਨ



**ਯੂਬਾ ਸਿਟੀ (ਬਿਊਰੋ):** ਗੁਰਦੁਆਰਾ ਟਾਇਰਾ ਬਿਊਨਾ ਵਿਚ ਬੀਤੇ ਦਿਨੀਂ ਸ਼ਾਮ ਦੇ ਦੀਵਾਨਾਂ ਵਿਚ ਵਾਲੰਟੀਅਰਾਂ ਦਾ ਸਨਮਾਨ ਕੀਤਾ ਗਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਸਕੂਲ ਸਟਾਫ ਦੇ 20 ਮੈਂਬਰਾਂ ਦਾ ਪਲੈਕ ਅਤੇ ਸਿਰੋਪਾਉ ਨਾਲ ਸਨਮਾਨ ਕੀਤਾ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਧੰਨਵਾਦ ਸਹਿਤ ਮਾਨਤਾ ਦਿਤੀ। ਸ਼ਾਮ ਦੇ ਦੀਵਾਨ ਮੌਕੇ ਸਭ ਤੋਂ ਪਹਿਲਾਂ ਭਾਈ ਮਨੋਹਰ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਇਸ ਤੋਂ ਬਾਅਦ ਬੱਚੀ ਬੇਅੰਤਪ੍ਰੀਤ ਕੌਰ ਨੇ ਸ਼ਬਦ ਪੜ੍ਹ ਕੇ ਹਾਜ਼ਰੀ ਲਵਾਈ।

ਸਟੇਜ ਦੀ ਸੇਵਾ ਸੰਭਾਲਦਿਆਂ ਸ. ਪਰਮਿੰਦਰ ਸਿੰਘ ਗਰੇਵਾਲ ਨੇ ਸਕੂਲ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਮਾਂ-ਬੋਲੀ ਨਾਲ ਜੁੜਨਾ ਕਿਉਂ ਜ਼ਰੂਰੀ ਹੈ? ਉਨ੍ਹਾਂ ਪ੍ਰਸੰਗ ਸੁਣਾਇਆ ਕਿ ਰੂਸ ਦੇ ਇਕ ਹਿੱਸੇ ਵਿਚ ਜਦੋਂ ਕੋਈ ਮਾਂ ਦੂਜੀ ਮਾਂ ਨੂੰ ਗਾਲ੍ਹ ਕੱਢਦੀ ਹੈ ਤਾਂ ਉਹ ਕਹਿੰਦੀ ਹੈ ਕਿ ਤੇਰਾ ਬੱਚਾ ਮਾਂ-ਬੋਲੀ ਭੁੱਲ ਜਾਵੇ। ਇਸ ਲਈ ਮਾਂ-ਬੋਲੀ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਗੁਰੂ ਘਰ ਦੇ ਪੰਜਾਬੀ ਸਕੂਲ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਦਸਿਆ ਕਿ ਬਾਹਰ ਵਾਲਾ ਸਕੂਲ ਸਿਰਫ ਦੁਨੀ (ਦੁਨੀਆਂ) ਦੀ ਗੱਲ ਕਰੇਗਾ ਪਰ ਗੁਰੂ ਘਰ ਵਾਲਾ ਸਕੂਲ ਦੀਨ ਦੁਨੀ (ਧਰਮ ਤੇ ਦੁਨੀਆਂ) ਦੀ ਗੱਲ ਕਰਦਾ ਹੈ। ਗੁਰੂ ਘਰ ਦਾ ਪੰਜਾਬੀ ਸਕੂਲ ਗੁਰੂ ਦੀ ਕ੍ਰਿਪਾ ਨਾਲ ਵਾਲੰਟੀਅਰਾਂ ਦੀ ਮਿਹਨਤ ਸਦਕਾ ਪੂਰੀ ਕਾਮਯਾਬੀ ਨਾਲ ਚੱਲ ਰਿਹਾ ਹੈ। ਇਸ ਤੋਂ ਬਾਅਦ ਉਨ੍ਹਾਂ ਇਕੱਲੇ-ਇਕੱਲੇ ਸੇਵਾਦਾਰ ਨੂੰ ਸਟੇਜ 'ਤੇ ਬੁਲਾ ਕੇ ਉਨ੍ਹਾਂ ਦਾ ਪੂਰਾ ਵੇਰਵਾ ਦਿਤਾ।

ਸਮਾਗਮ ਦੌਰਾਨ ਪਲੈਕ ਦੇਣ ਦੀ ਸੇਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਬਲਬੀਰ ਸਿੰਘ ਸੋਹਲ ਅਤੇ ਮੀਤ ਪ੍ਰਧਾਨ ਸ. ਬਲਰਾਜ ਸਿੰਘ ਢਿਲੋਂ ਨੇ ਕੀਤੀ। ਸਿਰੋਪਾਉ ਦੀ ਸੇਵਾ ਭਾਈ ਬਲਜੀਤ ਸਿੰਘ ਤੇ ਭਾਈ ਹਰਮਨਪ੍ਰੀਤ ਸਿੰਘ ਨੇ ਨਿਭਾਈ। ਸਕੂਲ ਦੇ ਸਟਾਫ ਵਿਚ ਬੀਬੀ ਜਸਪ੍ਰੀਤ ਕੌਰ ਜੌਹਲ, ਸੁਖਦੇਵ ਸਿੰਘ ਢਿਲੋਂ, ਬੀਬੀ ਮਨਿੰਦਰ ਕੌਰ ਸਮਰਾ, ਬੀਬੀ ਹਰਜੀਤ ਕੌਰ ਸੰਧੂ, ਬੀਬੀ ਰਵਿੰਦਰ ਕੌਰ, ਬੀਬੀ ਤੇਜਿੰਦਰ ਕੌਰ ਜੌਹਲ, ਬੀਬੀ ਬਖਸ਼ੋ ਕੌਰ, ਬੀਬੀ ਬਲਵਿੰਦਰ ਕੌਰ, ਬੀਬੀ ਸਾਲਿਨੀ ਸੈਣੀ, ਬੀਬੀ ਸਹਿਜਦੀਪ ਕੌਰ, ਬੀਬੀ ਤਰਨਵੀਰ ਕੌਰ, ਬੀਬੀ ਰਮਨਦੀਪ ਕੌਰ, ਬੀਬੀ ਮਨਵੀਰ ਕੌਰ, ਬੀਬੀ ਹਰਜਿੰਦਰ ਕੌਰ, ਬੀਬੀ ਜਪਲੀਨ ਕੌਰ, ਬੀਬੀ ਕਿਰਨਪ੍ਰੀਤ ਕੌਰ, ਸ. ਹਰਬੰਸ ਸਿੰਘ ਢਿਲੋਂ, ਭਾਈ ਜੋਗਿੰਦਰ ਸਿੰਘ, ਸ. ਕਸ਼ਮੀਰ ਸਿੰਘ ਝੁਟੀ ਅਤੇ ਸ. ਮੇਵਾ ਸਿੰਘ ਬੈਂਸ ਸ਼ਾਮਲ ਸਨ। ਉਨ੍ਹਾਂ ਨੇ ਕਿਹਾ ਕਿ ਸਾਰੇ ਸੇਵਾਦਾਰ ਕਮੇਟੀ ਦਾ ਧੰਨਵਾਦ ਕਰਦੇ ਹਨ ਅਤੇ ਵਾਅਦਾ ਕਰਦੇ ਹਨ ਕਿ ਪੂਰੀ ਤਨਦੇਹੀ, ਲਗਨ ਅਤੇ ਮਿਹਨਤ ਨਾਲ ਇਸ ਸਕੂਲ ਨੂੰ ਸੇਵਾਵਾਂ ਦਿੰਦੇ ਰਹਾਂਗੇ। ਜ਼ਿਕਰਯੋਗ ਹੈ ਕਿ ਸਕੂਲ ਵਿਚ ਕੀਰਤਨ ਦੀਆਂ ਕਲਾਸਾਂ ਵੀ ਚੱਲ ਰਹੀਆਂ ਹਨ। ਉਨ੍ਹਾਂ ਸੰਗਤ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਅਤੇ ਕੀਰਤਨ ਕਲਾਸਾਂ ਵਿਚ ਦਾਖਲ ਕਰਵਾਉਣ।

# ਸਰਬਜੀਤ ਹੱਤਿਆ ਕਾਂਡ ਦੇ ਦੋਵੇਂ ਮੁਲਜ਼ਮ ਬਰੀ



**ਲਾਹੌਰ:** ਭਾਰਤੀ ਨਾਗਰਿਕ ਸਰਬਜੀਤ ਸਿੰਘ ਦੀ ਇਥੇ ਕੋਟ ਲਖਪਤ ਜੇਲ੍ਹ ਵਿਚ ਹੋਈ ਹੱਤਿਆ ਦੇ ਮਾਮਲੇ 'ਚ ਨਾਮਜ਼ਦ ਦੋ ਮੁੱਖ ਮੁਲਜ਼ਮਾਂ ਨੂੰ ਪਾਕਿਸਤਾਨੀ ਅਦਾਲਤ ਨੇ ਬਰੀ ਕਰ ਦਿੱਤਾ ਹੈ। ਅਦਾਲਤ ਨੇ 2013 ਵਿਚ ਵਾਪਰੇ ਇਸ ਹੱਤਿਆ ਕਾਂਡ ਦੇ ਮਾਮਲੇ 'ਚ ਮੁਲਜ਼ਮਾਂ ਨੂੰ 'ਸਬੂਤਾਂ ਦੀ ਘਾਟ' ਦੇ ਆਧਾਰ 'ਤੇ ਬਰੀ ਕੀਤਾ ਹੈ।

ਪੰਜ ਵਰ੍ਹੇ ਤੋਂ ਲਟਕ ਰਹੇ ਇਸ ਮਾਮਲੇ ਬਾਰੇ ਫੈਸਲਾ ਸੁਣਾਉਂਦਿਆਂ ਲਾਹੌਰ ਸੈਸ਼ਨ ਕੋਰਟ ਦੇ ਜੱਜ ਮੁਹੰਮਦ ਮੋਇਨ ਖੋਖ਼ਰ ਨੇ ਕਿਹਾ ਕਿ ਦੋਵਾਂ ਖ਼ਿਲਾਫ਼ ਇਕ ਵੀ ਗਵਾਹ ਪੇਸ਼ ਨਹੀਂ ਹੋਇਆ। ਇਸ ਲਈ ਆਮਿਰ ਤੰਬਾ ਤੇ ਮੁਦੱਸਰ ਨੂੰ ਬਰੀ ਕੀਤਾ ਜਾਂਦਾ ਹੈ। ਦੋਵਾਂ ਮੁਲਜ਼ਮਾਂ ਨੇ ਸੁਰੱਖਿਆ ਕਾਰਨਾਂ ਕਰ ਕੇ ਕੋਟ ਲਖਪਤ ਜੇਲ੍ਹ ਵਿਚੋਂ ਵੀਡੀਓ ਲਿੰਕ ਰਾਹੀਂ ਸੁਣਵਾਈ 'ਚ ਹਿੱਸਾ ਲਿਆ।

ਆਮਿਰ ਤੇ ਮੁਦੱਸਰ ਜੇਲ੍ਹ ਵਿਚ ਪਹਿਲਾਂ ਹੀ ਹੱਤਿਆ ਦੇ ਦੋਸ਼ ਹੇਠ ਬੰਦੀ ਸਨ ਤੇ ਉਨ੍ਹਾਂ 49 ਸਾਲਾ ਸਰਬਜੀਤ ਉਤੇ 2013 ਵਿਚ ਹਮਲਾ ਕਰ ਦਿੱਤਾ ਸੀ। ਇਸ ਤੋਂ ਬਾਅਦ ਸਰਬਜੀਤ ਦੀ ਮੌਤ ਹੋ ਗਈ ਸੀ। ਪਹਿਲਾਂ ਹੋਈਆਂ ਸੁਣਵਾਈਆਂ ਦੌਰਾਨ ਜੱਜ ਨੇ ਇਸਤਗਾਸਾ ਪੱਖ ਵੱਲੋਂ ਗਵਾਹ ਪੇਸ਼ ਕਰਨ ਵਿਚ ਨਾਕਾਮ ਰਹਿਣ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ।

ਦੱਸਣਯੋਗ ਹੈ ਕਿ ਸਰਬਜੀਤ ਦੀ ਬਿਆਨ ਰਿਕਾਰਡ ਕਰਵਾਉਣ ਤੋਂ ਪਹਿਲਾਂ ਹੀ ਮੌਤ ਹੋ ਗਈ ਸੀ। ਇਕ ਗਵਾਹ ਨੇ ਅਦਾਲਤ ਵਿਚ ਦੱਸਿਆ ਸੀ ਕਿ ਉਹ ਸਰਬਜੀਤ ਦਾ ਬਿਆਨ ਲੈਣਾ ਚਾਹੁੰਦਾ ਸੀ, ਪਰ ਡਾਕਟਰਾਂ ਨੇ ਮਰੀਜ਼ ਦੀ ਹਾਲਤ ਗੰਭੀਰ ਦੱਸ ਕੇ ਅਜਿਹਾ ਕਰਨ ਤੋਂ ਉਸ ਨੂੰ ਰੋਕ ਦਿੱਤਾ ਸੀ।

# ਦਿੱਲੀ ਹਵਾਈ ਅੱਡੇ ਜਾਣ ਵਾਲੀਆਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨੂੰ ਮੁੜ ਬਰੇਕ

**ਜਲੰਧਰ:** ਦਿੱਲੀ ਏਅਰਪੋਰਟ ਲਈ ਮੁੜ ਸ਼ੁਰੂ ਹੋਈ ਪੰਜਾਬ ਰੋਡਵੇਜ਼ ਦੀ ਬੱਸ ਸੇਵਾ ਨੂੰ ਦਿੱਲੀ ਸਰਕਾਰ ਨੇ ਇਕ ਵਾਰ ਫਿਰ ਰੋਕ ਦਿੱਤਾ ਹੈ। ਪੰਜਾਬ ਸਰਕਾਰ ਨੇ ਨੈਸ਼ਨਲ ਟੂਰਿਸਟ ਪਰਮਿਟ ਲੈ ਕੇ ਦਿੱਲੀ ਏਅਰਪੋਰਟ ਲਈ ਬੱਸ ਸੇਵਾ ਸ਼ੁਰੂ ਕੀਤੀ ਸੀ ਪਰ ਇਕ ਦਿਨ ਚੱਲਣ ਬਾਅਦ ਹੀ ਉਸ ਉੱਪਰ ਵੀ ਦਿੱਲੀ ਸਰਕਾਰ ਨੇ ਇਤਰਾਜ਼ ਪ੍ਰਗਟਾਉਂਦਿਆਂ ਰੋਕ ਲਾ ਦਿੱਤੀ ਹੈ। ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਦਿੱਲੀ ਏਅਰਪੋਰਟ ਨੂੰ ਪੰਜਾਬ ਤੋਂ ਚੱਲ ਰਹੀਆਂ ਨਿੱਜੀ ਬੱਸ ਕੰਪਨੀ ਦੀਆਂ ਬੱਸਾਂ ਦਾ ਮਾਮਲਾ ਉਠਾਇਆ ਕਿ ਉਨ੍ਹਾਂ ਕੋਲ ਵੀ ਸਟੇਜ ਕੈਰੇਜ ਪਰਮਿਟ ਹੀ ਹੈ। ਇਸ ਬਾਰੇ ਕਿਹਾ ਜਾ ਰਿਹਾ ਹੈ ਕਿ ਨਿੱਜੀ ਬੱਸ ਕੰਪਨੀ ਕੋਲ ਅਦਾਲਤ ਦਾ ਸਟੇਅ ਹੋਣ ਕਾਰਨ ਇਸ ਦੀਆਂ ਬੱਸਾਂ ਚੱਲ ਰਹੀਆਂ ਹਨ।

ਪੰਜਾਬ ਰੋਡਵੇਜ਼ ਦੇ ਡਿੱਪੂ ਨੰਬਰ-1 ਦੇ ਜਨਰਲ ਮੈਨੇਜਰ ਪ੍ਰਨੀਤ ਸਿੰਘ ਮਿਨਹਾਸ ਨੇ ਦੱਸਿਆ ਕਿ ਹੁਣ ਕੋਈ ਵੀ ਵੋਲਵੋ ਬੱਸ ਦਿੱਲੀ ਏਅਰਪੋਰਟ ਨਹੀਂ ਜਾਂਦੀ। ਉਨ੍ਹਾਂ ਕਿਹਾ ਕਿ ਜਿਸ ਦਿਨ ਪੰਜਾਬ ਸਰਕਾਰ ਨੇ ਮੁੜ ਦਿੱਲੀ ਏਅਰਪੋਰਟ ਲਈ ਬੱਸ ਸੇਵਾ ਸ਼ੁਰੂ ਕੀਤੀ ਸੀ, ਉਸੇ ਦਿਨ ਦਿੱਲੀ ਟਰਾਂਸਪੋਰਟ ਅਥਾਰਿਟੀ ਨੇ ਇਸ 'ਤੇ ਇਤਰਾਜ਼ ਪ੍ਰਗਟਾਉਂਦਿਆਂ ਰੋਕ ਦਿੱਤਾ ਸੀ। ਨੈਸ਼ਨਲ ਪਰਮਿਟ ਉਤੇ ਵੀ ਇਤਰਾਜ਼ ਪ੍ਰਗਟਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ ਨੂੰ ਹੱਲ ਕਰਨ ਲਈ ਨਵੇਂ ਸਿਰੇ ਤੋਂ ਯਤਨ ਕਰ ਰਹੀ ਹੈ।

ਪੰਜਾਬ ਸਰਕਾਰ ਦੀਆਂ ਜਲੰਧਰ ਤੋਂ ਦਿੱਲੀ ਏਅਰਪੋਰਟ ਜਾਣ ਵਾਲੀਆਂ ਬੱਸਾਂ ਦੇ 15 ਗੇੜੇ ਸਨ। ਮਹੀਨੇ ਵਿਚ ਇਨ੍ਹਾਂ ਬੱਸਾਂ ਦੀ ਕਮਾਈ 75 ਤੋਂ 80 ਲੱਖ ਰੁਪਏ ਸੀ। ਇਨ੍ਹਾਂ ਬੱਸਾਂ ਦਾ ਕਿਰਾਇਆ ਵੀ 1065 ਰੁਪਏ ਸੀ। ਸਰਕਾਰ ਦੀਆਂ ਬੱਸਾਂ ਰੁਕਣ ਨਾਲ ਸਿਰਫ ਬਾਦਲਾਂ ਦੀ ਮਾਲਕੀ ਵਾਲੀਆਂ ਇੰਡੋ-ਕੈਨੇਡੀਅਨ ਬੱਸਾਂ ਹੀ ਦਿੱਲੀ ਏਅਰਪੋਰਟ ਜਾ ਰਹੀਆਂ ਹਨ, ਜਿਨ੍ਹਾਂ ਦਾ ਕਿਰਾਇਆ 2500 ਤੋਂ 3000 ਰੁਪਏ ਤੱਕ ਹੈ। ਉਧਰ, ਪੰਜਾਬ ਰੋਡਵੇਜ਼ ਦੇ ਦੋਵਾਂ ਡਿੱਪੂਆਂ ਦੇ ਮੁਲਾਜ਼ਮਾਂ ਨੇ ਸਾਂਝੀ ਗੇਟ ਰੈਲੀ ਕਰਦਿਆਂ ਕਿਹਾ ਕਿ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨੂੰ ਦਿੱਲੀ ਏਅਰਪੋਰਟ ਨਾ ਜਾਣ ਦੇਣ ਪਿੱਛੇ ਬਾਦਲਾਂ ਦੀ ਦਿੱਲੀ ਦੀ 'ਆਪ' ਸਰਕਾਰ ਨਾਲ ਮਿਲੀਭੁਗਤ ਹੈ। ਰੋਡਵੇਜ਼ ਕਾਮਿਆਂ ਨੇ ਦਿੱਲੀ ਸਰਕਾਰ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਮੰਤਰੀ ਵੀ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦਿੱਲੀ ਏਅਰਪੋਰਟ ਭੇਜਣ ਵਿਚ ਦਿਲਚਸਪੀ ਨਹੀਂ ਲੈ ਰਹੇ। ਬੱਸਾਂ ਰੋਕਣ ਦੀ ਜਾਣਕਾਰੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਫ਼ਤਰ ਵੀ ਪਹੁੰਚਾ ਦਿੱਤੀ ਗਈ ਸੀ ਪਰ ਉਨ੍ਹਾਂ ਨੇ ਵੀ ਕੋਈ ਹਿਲਜੁਲ ਨਹੀਂ ਕੀਤੀ।

# ਬਠਿੰਡੇ ਦੇ ਹਵਾਈ ਅੱਡੇ ਨੇ ਘਰੇਲੂ ਉਡਾਣਾਂ 'ਚ ਮਾਰੀ ਬਾਜ਼ੀ

**ਬਠਿੰਡਾ:** ਬਠਿੰਡਾ ਦਾ ਹਵਾਈ ਅੱਡਾ ਘਰੇਲੂ ਉਡਾਣਾਂ ਦੇ ਮਾਮਲੇ 'ਚ ਪੰਜਾਬ ਭਰ ਵਿਚੋਂ ਬਾਜ਼ੀ ਮਾਰ ਗਿਆ ਹੈ ਜਦੋਂ ਕਿ ਬਾਕੀ ਰਾਹ ਤੱਕਦੇ ਰਹਿ ਗਏ ਹਨ। ਹਵਾਈ ਅੱਡੇ ਤੋਂ ਘਰੇਲੂ ਉਡਾਣਾਂ ਦੀ ਸ਼ੁਰੂਆਤ ਕਰੀਬ ਦੋ ਵਰ੍ਹੇ ਪਹਿਲਾਂ 11 ਦਸੰਬਰ 2016 ਨੂੰ ਹੋਈ ਸੀ। ਦੋ ਵਰ੍ਹਿਆਂ ਵਿਚ ਮੁਸਾਫਰਾਂ ਦਾ ਏਨਾ ਹੁੰਗਾਰਾ ਮਿਲਿਆ ਕਿ ਬਾਕੀ ਹਵਾਈ ਅੱਡੇ ਪਿੱਛੇ ਛੱਡ ਦਿੱਤੇ ਹਨ। ਜਦੋਂ ਹਵਾਈ ਅੱਡਾ ਚਾਲੂ ਹੋਇਆ ਸੀ ਤਾਂ ਉਦੋਂ ਬੜੇ ਤੌਖਲੇ ਖੜ੍ਹੇ ਹੋਏ ਸਨ।

ਬਠਿੰਡਾ ਦੇ ਹਵਾਈ ਅੱਡੇ ਤੋਂ ਬਠਿੰਡਾ-ਜੰਮੂ ਅਤੇ ਬਠਿੰਡਾ-ਦਿੱਲੀ ਉਡਾਣਾਂ ਚੱਲ ਰਹੀਆਂ ਹਨ। ਪੰਜਾਬ ਵਿਚ ਇਸ ਵੇਲੇ ਬਠਿੰਡਾ, ਆਦਮਪੁਰ, ਪਠਾਨਕੋਟ ਅਤੇ ਲੁਧਿਆਣਾ ਦੇ ਹਵਾਈ ਅੱਡੇ ਕੇਂਦਰ ਸਰਕਾਰ ਦੀ ਖੇਤਰੀ ਸੰਪਰਕ ਸਕੀਮ (ਉਡਾਣ ਸਕੀਮ) ਤਹਿਤ ਚੱਲ ਰਹੇ ਹਨ। ਵੇਰਵਿਆਂ ਅਨੁਸਾਰ ਪੰਜਾਬ ਦੇ ਇਨ੍ਹਾਂ ਚੌਹਾਂ ਹਵਾਈ ਅੱਡਿਆਂ ਤੋਂ ਪਹਿਲੀ ਅਪਰੈਲ 2017 ਤੋਂ 31 ਅਕਤੂਬਰ 2018 ਤੱਕ 2024 ਹਵਾਈ ਉਡਾਣਾਂ ਵਿਚ 95,515 ਮੁਸਾਫਰਾਂ ਨੇ ਹਵਾਈ ਸਫਰ ਕੀਤਾ ਹੈ। ਇਨ੍ਹਾਂ ਵਿਚੋਂ ਬਠਿੰਡਾ ਨੰਬਰ ਵਨ ਬਣ ਗਿਆ ਹੈ। ਬਠਿੰਡਾ ਹਵਾਈ ਅੱਡੇ ਤੋਂ ਇਸ ਸਮੇਂ ਦੌਰਾਨ 992 ਉਡਾਣਾਂ ਵਿਚ 43,858 ਮੁਸਾਫਰ ਸਫਰ ਕਰ ਚੁੱਕੇ ਹਨ, ਜਿਸ 'ਚੋਂ ਸਾਲ 2017-18 ਦੌਰਾਨ ਇਸ ਹਵਾਈ ਅੱਡੇ ਤੋਂ 376 ਉਡਾਣਾਂ 'ਚ 18,392 ਮੁਸਾਫਰਾਂ ਨੇ ਸਫਰ ਕੀਤਾ। ਚਾਲੂ ਮਾਲੀ ਵਰ੍ਹੇ ਦੇ ਅਕਤੂਬਰ ਮਹੀਨੇ ਤੱਕ ਇਸ ਹਵਾਈ ਅੱਡੇ ਤੋਂ 616 ਉਡਾਣਾਂ ਵਿਚ 25,466 ਮੁਸਾਫਰਾਂ ਨੇ ਸਫਰ ਕੀਤਾ ਹੈ। ਹਵਾਈ ਅੱਡਾ ਸ਼ੁਰੂ ਹੋਣ ਵੇਲੇ ਥੋੜ੍ਹਾ ਘੱਟ ਹੁੰਗਾਰਾ ਮਿਲਿਆ ਸੀ।

ਬਠਿੰਡਾ ਦੇ ਹਵਾਈ ਅੱਡੇ ਤੋਂ ਬਠਿੰਡਾ-ਦਿੱਲੀ ਲਈ ਉਡਾਣਾਂ ਹਫਤੇ ਚੋਂ ਚਾਰ ਦਿਨ (ਸੋਮਵਾਰ, ਮੰਗਲਵਾਰ, ਵੀਰਵਾਰ ਤੇ ਸਨਿਚਰਵਾਰ) ਹੁੰਦੀਆਂ ਹਨ ਜਦੋਂ ਕਿ ਬਠਿੰਡਾ-ਜੰਮੂ ਦੀ ਉਡਾਣ ਰੋਜ਼ਾਨਾ ਹੁੰਦੀ ਹੈ। ਅਲਾਇੰਸ ਏਅਰਲਾਈਨਜ਼ ਤਰਫੋਂ ਉਡਾਣ ਸਕੀਮ ਤਹਿਤ ਇਹ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿਚੋਂ ਬਠਿੰਡਾ-ਦਿੱਲੀ ਉਡਾਣ ਨੂੰ ਸਭ ਤੋਂ ਵੱਧ ਹੁੰਗਾਰਾ ਮਿਲ ਰਿਹਾ ਹੈ। ਦੋਹਾਂ ਉਡਾਣਾਂ ਦੀ ਔਸਤਨ ਬੁਕਿੰਗ 80 ਫੀਸਦੀ ਤੋਂ ਉੱਪਰ ਹੁੰਦੀ ਹੈ। ਹੁਣ ਜੋ ਬਠਿੰਡਾ ਤੋਂ ਦਿੱਲੀ ਲਈ ਉਡਾਣ ਗਈ ਹੈ, ਉਸ ਵਿਚ 70 ਸੀਟਾਂ ਚੋਂ 65 ਸੀਟਾਂ ਦੀ ਬੁਕਿੰਗ ਸੀ। ਬਠਿੰਡਾ-ਜੰਮੂ ਉਡਾਣ 'ਤੇ ਸੀਜ਼ਨ ਨਾਲ ਫਰਕ ਪੈਂਦਾ ਹੈ। ਵੇਰਵਿਆਂ ਅਨੁਸਾਰ ਸਾਲ 2017-18 ਦੌਰਾਨ ਪੰਜਾਬ ਦੇ ਹਵਾਈ ਅੱਡਿਆਂ ਤੋਂ 608 ਉਡਾਣਾਂ ਵਿਚ 28,913 ਮੁਸਾਫਰਾਂ ਨੇ ਸਫਰ ਕੀਤਾ ਜਦੋਂ ਕਿ ਚਾਲੂ ਮਾਲੀ ਵਰ੍ਹੇ ਦੌਰਾਨ ਅਕਤੂਬਰ ਮਹੀਨੇ ਤੱਕ 1415 ਉਡਾਣਾਂ ਵਿਚ 66,602 ਮੁਸਾਫਰਾਂ ਨੇ ਸਫਰ ਕੀਤਾ ਹੈ। ਜਲੰਧਰ ਜ਼ਿਲ੍ਹੇ ਦਾ ਆਦਮਪੁਰ ਹਵਾਈ ਅੱਡਾ ਇਸ ਵਰ੍ਹੇ ਵਿਚ ਚਾਲੂ ਹੋਇਆ ਹੈ ਜਿਥੋਂ ਹੁਣ ਤੱਕ 362 ਉਡਾਣਾਂ ਵਿਚ 23,631 ਮੁਸਾਫਰ ਸਫਰ ਕਰ ਚੁੱਕੇ ਹਨ ਜਦੋਂ ਕਿ ਲੁਧਿਆਣਾ ਦੇ ਹਵਾਈ ਅੱਡੇ ਤੋਂ ਇਸ ਵਰ੍ਹੇ ਦੌਰਾਨ 266 ਉਡਾਣਾਂ ਵਿਚ 10,288 ਮੁਸਾਫਰਾਂ ਅਤੇ ਪਿਛਲੇ ਮਾਲੀ ਵਰ੍ਹੇ ਵਿਚ 232 ਉਡਾਣਾਂ ਵਿਚ 10,521 ਮੁਸਾਫਰਾਂ ਨੇ ਯਾਤਰਾ ਕੀਤੀ ਹੈ। ਪਠਾਨਕੋਟ ਦੇ ਹਵਾਈ ਅੱਡੇ ਤੋਂ ਇਸ ਵਰ੍ਹੇ ਦੌਰਾਨ 172 ਉਡਾਣਾਂ ਵਿਚ 7217 ਮੁਸਾਫਰਾਂ ਨੇ ਸਫਰ ਕੀਤਾ ਹੈ।

ਮੁਹਾਲੀ ਅਤੇ ਅੰਮ੍ਰਿਤਸਰ ਦਾ ਹਵਾਈ ਅੱਡਾ ਇਨ੍ਹਾਂ ਵਿਚ ਸ਼ਾਮਲ ਨਹੀਂ ਹੈ। ਬਠਿੰਡਾ ਹਵਾਈ ਅੱਡੇ ਨੂੰ ਪਰਾਲੀ ਦੇ ਧੂੰਏਂ ਵੇਲੇ ਜ਼ਰੂਰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਵਰ੍ਹੇ ਗਰਦ ਕਰਕੇ 11 ਉਡਾਣਾਂ ਰੱਦ ਕਰਨੀਆਂ ਪਈਆਂ ਸਨ। ਬਠਿੰਡਾ ਹਵਾਈ ਅੱਡੇ ਨੂੰ ਮਿਲੇ ਹੁੰਗਾਰੇ ਮਗਰੋਂ ਹੀ 16 ਜੁਲਾਈ ਤੋਂ ਬਠਿੰਡਾ ਦਿੱਲੀ ਉਡਾਣਾਂ ਹਫਤੇ ਵਿਚ 3 ਦਿਨਾਂ ਤੋਂ ਵਧਾ ਕੇ 4 ਦਿਨ ਕਰ ਦਿੱਤੀਆਂ ਹਨ। ਬਠਿੰਡਾ ਜੰਮੂ ਉਡਾਣ ਇਸੇ ਵਰ੍ਹੇ 27 ਫਰਵਰੀ ਤੋਂ ਸ਼ੁਰੂ ਹੋਈ ਹੈ। ਕੇਂਦਰੀ 'ਉਡਾਣ' ਸਕੀਮ 21 ਅਕਤੂਬਰ 2016 ਤੋਂ ਸ਼ੁਰੂ ਹੋਈ ਸੀ ਜਿਸ ਦੇ ਪਹਿਲੇ ਪੜਾਅ 'ਚ ਬਠਿੰਡਾ-ਦਿੱਲੀ ਹਵਾਈ ਉਡਾਣ ਸ਼ੁਰੂ ਹੋਈ ਸੀ ਤੇ ਦੂਜੇ ਪੜਾਅ 'ਚ ਬਠਿੰਡਾ ਜੰਮੂ ਉਡਾਣ ਨੂੰ ਸ਼ਾਮਲ ਕੀਤਾ ਗਿਆ ਹੈ।




## ਚੰਡੀਗੜ੍ਹ ਤੋਂ ਨਾਂਦੇੜ ਸਾਹਿਬ ਲਈ ਹਵਾਈ ਉਡਾਣ 8 ਤੋਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਚੰਡੀਗੜ੍ਹ ਤੋਂ ਸ੍ਰੀ ਹਜ਼ੂਰ ਸਾਹਿਬ ਦੇ ਹਵਾਈ ਸਫਰ ਦੀ ਮੰਗ ਪੂਰੀ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਸੁਰੇਸ਼ ਪ੍ਰਭੂ ਨੇ 8 ਜਨਵਰੀ ਤੋਂ ਚੰਡੀਗੜ੍ਹ ਤੋਂ ਨਾਂਦੇੜ ਸਾਹਿਬ ਲਈ ਹਵਾਈ ਯਾਤਰਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਉਡਾਣਾਂ ਮੰਗਲਵਾਰ ਅਤੇ ਬੁੱਧਵਾਰ ਜਾਇਆ ਕਰਨਗੀਆਂ। ਇਹ ਹਵਾਈ ਸੇਵਾ ਸ਼ੁਰੂ ਹੋਣ ਨਾਲ ਸੱਚਖੰਡ ਸ੍ਰੀ ਨਾਂਦੇੜ ਸਾਹਿਬ ਦਾ ਲੰਮਾ ਸਫਰ 2 ਘੰਟੇ 20 ਮਿੰਟ ਵਿਚ ਤੈਅ ਹੋ ਜਾਇਆ ਕਰੇਗਾ। ਲੰਬੇ ਸਮੇਂ ਤੋਂ ਉਨ੍ਹਾਂ ਵੱਲੋਂ ਇਹ ਮੰਗ ਕੇਂਦਰੀ ਮੰਤਰੀ ਕੋਲ ਉਠਾਈ ਜਾਂਦੀ ਰਹੀ, ਜੋ ਅੱਜ ਪੂਰੀ ਹੋ ਗਈ ਹੈ। ਉਨ੍ਹਾਂ ਹਵਾਈ ਸੇਵਾ ਸ਼ੁਰੂ ਕਰਨ 'ਤੇ ਸੁਰੇਸ਼ ਪ੍ਰਭੂ ਦਾ ਧੰਨਵਾਦ ਵੀ ਕੀਤਾ।


AMOLAK SINGH GAKHAL, MAKHAN SINGH BAINS
S. ASHOK BHAURA & IKKI INTERNATIONAL ENTERTAINMENT INC.
PRESENTS
ਉਦਘਾਟਨ
ਸ. ਮੱਖਣ ਸਿੰਘ
ਗਿਆਨੀ ਰਵਿੰਦਰ ਸਿੰਘ
ਚੰਨੀ ਸਿੰਘ
ਹਰਮਨਦੀਪ
Sahaita
The helping hand
PROCEEDS FROM THE SHOW WILL BE GOING TO SAHAITA
ਸ਼ਮਾਂ ਰੌਸ਼ਨ
ਸੁੱਖੀ ਬਾਠ
(ਪੰਜਾਬੀ ਭਵਨ ਸਰੀ ਕਨੇਡਾ)
ਮੋਨਾ ਸਿੰਘ
FREE ENTRY
ਟਾਈਟਲ ਗੀਤ
ਮੰਚ ਸੰਚਾਲਕ
CHHANKATA WANGA DA 2019
ਪਵਨਦੀਪ (ਮੋਗਾ)
ਸ਼ਕਤੀ ਮਾਣਕ
ਅਨੂਪ ਚੀਮਾਂ
SUNDAY 6 JANUARY,2019
TIME : 12 PM ONWARDS
VENUE : PARADISE BALLROOMS,4100 PERALTA BLVD. FREMONT CA 94536
ਸੱਤੀ ਪਾਬਲਾ
BAY AREA DHAMAK
UC DAVIS
FOLK DANCES PRESENTATION:
BHANGRA/GIDHA : AJAY BHANGRA ACADEMY, BAY AREA DHAMAK, UC DAVIS. MALWAYI GIDHA: PUNJABI DHADKAN ACADEMY
COMEDY: BHAJNA AMLI ( GURDEV DHILLON)
CONTACT : S. ASHOK BHAURA 510-415-3315/
MANVIR BHAURA 510-695-4836 /
ANMOL BHAURA 510-512-3401 /
MANJIT CHERA 408-659-9959/
INDERJEET SINGH 510 6344586
ਵਿਸ਼ੇਸ਼ ਮਹਿਮਾਨ
ਸੁਰਿੰਦਰ ਬੜਿਆਲ
ਨਛੱਤਰ ਸਿੰਘ ਗੋਸਲ
ਅਵਤਾਰ ਸਿੰਘ
POWERED BY : GB ENTERTAINMENT, INDO AMERICAN MOTION PICTURE , PUNJAB LOK RANG ,GEET MALA DANCE ACADEMY, TOTAL ENTERTAINMENT & JHANJHAR DI CHANKAAR, INTERNATIONAL PUNJABI PAGEANT
MEDIA PARTNERS: GARV PUNJAB TV , RADIO MIRCHI 1310 , RADIO CK , RITU MAHESHWARI
IKKI INTERNATIONAL ENT. INC.
DESIGN : ROOP KAMAL SINGH

## ਫੀਲਡ ਹਾਕੀ ਵਿਸ਼ਵ ਕੱਪ ਫਾਈਨਲ

# ਨੀਦਰਲੈਂਡ ਨੂੰ ਹਰਾ ਕੇ ਬੈਲਜੀਅਮ ਨੇ ਜਿੱਤੀ ਕਾਲਿੰਗਾ ਦੀ ਜੰਗ

**ਭੁਬਨੇਸ਼ਵਰ (ਸੁਖਵੀਰ ਗਰੇਵਾਲ):** ਵਿਸ਼ਵ ਦੀ ਤੀਜੇ ਨੰਬਰ ਦੀ ਟੀਮ ਬੈਲਜੀਅਮ ਨੇ ਪੁਰਸ਼ ਵਰਗ ਦਾ 14ਵਾਂ ਵਿਸ਼ਵ ਫੀਲਡ ਹਾਕੀ ਕੱਪ ਜਿੱਤ ਲਿਆ ਹੈ। ਵਿਸ਼ਵ ਕੱਪ ਦੇ ਇਤਿਹਾਸ ਵਿਚ ਬੈਲਜੀਅਮ ਦੀ ਇਹ ਪਲੇਠੀ ਖਿਤਾਬੀ ਜਿੱਤ ਅਤੇ ਬੈਲਜੀਅਮ ਬਰਾਬਰ ਰਹੇ ਸਨ। ਪਿਛਲੇ ਵਾਰ ਦੀ ਜੇਤੂ ਆਸਟਰੇਲੀਆ ਨੂੰ ਕਾਂਸੀ ਦਾ ਤਮਗਾ ਮਿਲਿਆ।

ਇਸ ਤੋਂ ਪਹਿਲਾਂ ਬੈਲਜੀਅਮ ਦਾ ਬਿਹਤਰੀਨ ਪ੍ਰਦਰਸ਼ਨ 2014 ਦਾ ਵਿਸ਼ਵ ਕੱਪ ਸੀ, ਜਦੋਂ ਇਹ




*ਬੈਲਜੀਅਮ ਦੀ ਟੀਮ ਵਿਸ਼ਵ ਕੱਪ ਦੀ ਟਰਾਫੀ ਨਾਲ। ਫੋਟੋ: ਹਰਲੀਨ ਗਰੇਵਾਲ*

ਹੈ। ਭੁਬਨੇਸ਼ਵਰ ਦੇ ਕਾਲਿੰਗਾ ਸਟੇਡੀਅਮ ਵਿਚ ਖੇਡੇ ਗਏ ਫਾਈਨਲ ਮੈਚ ਵਿਚ ਬੈਲਜੀਅਮ ਨੇ ਵਿਸ਼ਵ ਦੀ ਚੌਥੇ ਨੰਬਰ ਦੀ ਟੀਮ ਅਤੇ ਪਿਛਲੇ ਵਾਰ ਦੀ ਉਪ ਜੇਤੂ ਨੈਦਰਲੈਂਡ ਨੂੰ 'ਸਡਨ ਡੈਥ' ਰਾਹੀਂ ਦੋ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਹਰਾ ਦਿੱਤਾ। ਦੱਸਣਯੋਗ ਹੈ ਕਿ ਪੂਲ ਮੈਚ ਵਿਚ ਭਾਰਤ ਟੀਮ ਪੰਜਵੇਂ ਸਥਾਨ 'ਤੇ ਰਹੀ ਸੀ। ਪਿਛਲੇ ਦਸ ਸਾਲਾਂ ਦੌਰਾਨ ਬੈਲਜੀਅਮ ਨੇ ਹਾਕੀ ਨੂੰ ਲੈ ਕੇ ਜੋ ਨੀਤੀ ਬਣਾਈ ਸੀ, ਉਸ ਦਾ ਸਬੂਤ ਰੀਓ ਉਲੰਪਿਕ (ਚਾਂਦੀ ਦਾ ਤਮਗਾ) ਵਿਚ ਹੀ ਮਿਲ ਗਿਆ ਸੀ ਪਰ ਇਸ ਪ੍ਰਾਪਤੀ ਨੇ ਬੈਲਜੀਅਮ ਦੀ ਚੜ੍ਹਤ ਉਪਰ ਪੱਕੀ ਮੋਹਰ ਲਾ ਦਿੱਤੀ ਹੈ। ਬੈਲਜੀਅਮ ਦੀ ਟੀਮ ਪਹਿਲੀ ਵਾਰ ਇਸ ਕੱਪ ਦੇ ਸੈਮੀ ਫਾਈਨਲ ਵਿਚ ਪੁੱਜੀ ਤੇ ਟਰਾਫੀ 'ਤੇ ਕਬਜ਼ਾ ਕਰ ਲਿਆ।

ਫਾਈਨਲ ਮੈਚ ਬੇਹੱਦ ਰੌਚਕ ਰਿਹਾ, ਜਿਸ ਦੇ ਨਿਰਧਾਰਿਤ ਸਮੇਂ ਤੱਕ ਕੋਈ ਵੀ ਟੀਮ ਗੋਲ ਨਾ ਕਰ ਸਕੀ। ਦੋਹਾਂ ਟੀਮਾਂ ਵਲੋਂ ਸਾਫ ਸੁਥਰੀ ਹਾਕੀ ਖੇਡੇ ਜਾਣ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਮੈਚ ਦੌਰਾਨ ਕਿਸੇ ਵੀ ਖਿਡਾਰੀ ਨੂੰ ਚਿਤਾਵਨੀ ਜਾਂ ਕਾਰਡ ਨਹੀਂ ਮਿਲਿਆ। ਪੈਨਲਟੀ ਸ਼ੂਟ ਆਊਟ ਦੌਰਾਨ ਵੀ ਦੋਵੇਂ ਟੀਮਾਂ 2-2 ਦੀ ਬਰਾਬਰੀ 'ਤੇ ਰਹੀਆਂ। 'ਸਡਨ ਡੈਥ' ਦੌਰਾਨ ਨੀਦਰਲੈਂਡ ਦਾ ਜੈਰਨ ਹਰਜ਼ਬਰਗਰ ਗੋਲ ਕਰਨ ਵਿਚ ਅਸਫਲ ਰਿਹਾ ਜਦ ਕਿ ਬੈਲਜੀਅਮ ਦੇ ਵਾਨ ਅਬੁਲ ਫਲੋਰੈਂਟ ਨੇ ਗੋਲ ਕਰਕੇ ਇਹ ਵੱਕਾਰੀ ਟਰਾਫੀ ਪਹਿਲੀ ਵਾਰ ਬੈਲਜੀਅਮ ਦੀ ਝੋਲੀ ਪਾ ਦਿੱਤੀ।

ਇਸ ਤੋਂ ਪਹਿਲਾਂ ਕਾਂਸੀ ਦੇ ਤਮਗੇ ਲਈ ਖੇਡੇ ਗਏ ਮੈਚ ਵਿਚ ਪਿਛਲੀ ਵਾਰ ਦੀ ਜੇਤੂ ਆਸਟਰੇਲੀਆ ਨੇ ਇੰਗਲੈਂਡ ਨੂੰ 8-1 ਦੇ ਫਰਕ ਨਾਲ ਹਰਾ ਦਿੱਤਾ। ਵਿਸ਼ਵ ਕੱਪ ਦੇ ਇਤਿਹਾਸ ਵਿਚ ਤਮਗੇ ਲਈ ਖੇਡੇ ਗਏ ਮੈਚ ਦਾ ਇਹ ਸਭ ਤੋਂ ਵੱਡਾ ਸਕੋਰ ਹੋ ਨਿਬੜਿਆ। ਇਸ ਤੋਂ ਪਹਿਲਾਂ 1994 ਦੇ ਵਿਸ਼ਵ ਕੱਪ ਵਿਚ ਆਸਟਰੇਲੀਆ ਨੇ ਕਾਂਸੀ ਦੇ ਤਮਗੇ ਲਈ ਜਰਮਨੀ ਨੂੰ 5-2 ਦੇ ਫਰਕ ਨਾਲ ਹਰਾਇਆ ਸੀ। ਪਹਿਲੇ ਅੱਧ ਦੇ ਖਤਮ ਹੋਣ ਤੱਕ ਜੇਤੂ ਟੀਮ 3-0 ਦੇ ਫਰਕ ਨਾਲ ਅੱਗੇ ਸੀ। ਆਸਟਰੇਲੀਆ ਇਹ ਕੱਪ ਜਿੱਤਣ ਲਈ ਸਭ ਤੋਂ ਵੱਡਾ ਦਾਅਵੇਦਾਰ ਸੀ ਪਰ ਟੀਮ ਨੂੰ ਤੀਜੇ ਸਥਾਨ 'ਤੇ ਹੀ ਸਬਰ ਕਰਨਾ ਪਿਆ। ਇੰਗਲੈਂਡ ਦੀ ਟੀਮ ਪਿਛਲੀ ਵਾਰ ਵੀ ਇਸ ਟੂਰਨਾਮੈਂਟ ਵਿਚ ਚੌਥੇ ਸਥਾਨ 'ਤੇ ਰਹੀ ਸੀ।

ਇਸ ਮੈਚ ਵਿਚ ਆਸਟਰੇਲੀਆ ਦੀ ਟੀਮ ਸ਼ੁਰੂ ਵਿਚ ਹੀ ਇੰਗਲੈਂਡ 'ਤੇ ਮਾਨਸਿਕ ਦਬਾਅ ਬਣਾਉਣ ਵਿਚ ਕਾਮਯਾਬ ਰਹੀ। ਮੈਚ ਦੇ ਅੱਠਵੇਂ ਮਿੰਟ ਵਿਚ ਆਸਟਰੇਲੀਆ ਨੇ ਬਲੈਕ ਗੋਵਰਜ਼ ਦੇ ਗੋਲ ਰਾਹੀਂ ਖਾਤਾ ਖੋਲ੍ਹਿਆ। ਗੋਵਰਜ਼ ਦਾ ਇਸ ਟੂਰਨਾਮੈਂਟ ਵਿਚ ਸੱਤਵਾਂ ਗੋਲ ਸੀ ਜਿਸ ਨਾਲ ਉਸ ਨੇ ਟੂਰਨਮੈਂਟ ਵਿਚ ਸਭ ਤੋਂ ਵੱਧ ਗੋਲ ਕਰਨ (ਸੱਤ ਗੋਲ) ਵਾਲੇ ਬੈਲਜੀਅਮ ਦੇ ਹੈਂਡਰੇਕਿਸ ਅਲੈਗਜੈਂਡਰ ਦੀ ਬਰਾਬਰੀ ਕਰ ਲਈ। ਦੋਹਾਂ ਨੂੰ ਸਾਂਝੇ ਤੌਰ 'ਤੇ ਟਾਪ ਸਕੋਰਰ ਦਾ ਸਨਮਾਨ ਦਿੱਤਾ ਗਿਆ। ਇਸ ਉਪਰੰਤ ਟੌਮ ਗਰੈਗ ਨੇ ਦੋ ਗੋਲ ਦਾਗ ਕੇ ਪਹਿਲਾ ਅੱਧ ਆਸਟਰੇਲੀਆ ਦੇ ਹੱਕ ਵਿਚ 3-0 'ਤੇ ਨਿਬੇੜ ਦਿੱਤਾ। ਦੂਜੇ ਅੱਧ ਵਿਚ ਜੈਰਮੀ ਹੇਵਾਰਡ ਨੇ ਦੋ, ਟੌਮ ਗਰੈਗ ਅਤੇ ਟਰੈਂਟ ਮਿਟਨ ਨੇ ਇੱਕ-ਇੱਕ ਗੋਲ ਕੀਤਾ। ਇੰਗਲੈਂਡ ਵਲੋਂ ਇੱਕੋ-ਇੱਕ ਗੋਲ ਮਿਡਲਟਨ ਬੇਰੀ ਨੇ ਕੀਤਾ।

ਤਿੰਨ ਗੋਲ ਕਰਨ ਵਾਲੇ ਟੌਮ ਕਰੈਗ ਨੂੰ 'ਮੈਨ ਆਫ ਦਿ ਮੈਚ' ਐਲਾਨਿਆ ਗਿਆ। ਨੀਦਰਲੈਂਡ ਦੇ ਗੋਲਕੀਪਰ ਬਲਕ ਪੈਰਮਨ ਨੂੰ ਟੂਰਨਾਮੈਂਟ ਦਾ ਬਿਹਤਰੀਨ ਗੋਲਕੀਪਰ ਐਲਾਨਿਆ ਗਿਆ। ਬੈਲਜੀਅਮ ਦਾ ਅਰਥਰ ਡੇਰਨ ਵਾਨ ਟੂਰਨਾਮੈਂਟ ਦਾ ਬਿਹਤਰੀਨ ਖਿਡਾਰੀ ਬਣਿਆ। ਸਭ ਤੋਂ ਸਾਫ ਸੁਥਰੀ ਹਾਕੀ ਲਈ ਸਪੇਨ ਨੂੰ ਫੇਅਰ ਪਲੇਅ ਸਨਮਾਨ ਦਿੱਤਾ ਗਿਆ। ਮੇਜ਼ਬਾਨ ਭਾਰਤ ਨੂੰ ਬਿਹਤਰੀਨ ਗੋਲ ਸੈਲੀਬਰੇਸ਼ਨ ਟਰਾਫੀ ਨਾਲ ਸਨਮਾਨਿਆ ਗਿਆ।

ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ, ਐਫ. ਆਈ. ਐਚ. ਦੇ ਪ੍ਰਧਾਨ ਨਰਿੰਦਰ ਬੱਤਰਾ, ਹਾਕੀ ਇੰਡੀਆ ਦੇ ਪ੍ਰਧਾਨ ਰਜਿੰਦਰ ਸਿੰਘ, ਕ੍ਰਿਕਟਰ ਸਚਿਨ ਤੇਂਦੁਲਕਰ ਤੇ ਸਾਬਕਾ ਹਾਕੀ ਉਲੰਪੀਅਨ ਦਿਲੀਪ ਟਿਰਕੀ ਨੇ ਇਨਾਮਾਂ ਦੀ ਵੰਡ ਕੀਤੀ।

### ਵਿਸ਼ਵ ਕੱਪ ਹਾਕੀ ਰੈਂਕਿੰਗ

ਵਿਸ਼ਵ ਰੈਂਕਿੰਗ 'ਚ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਬੈਲਜੀਅਮ ਦੀ ਟੀਮ ਦੁਨੀਆਂ ਦੀ ਨੰਬਰ ਇੱਕ ਟੀਮ ਬਣ ਗਈ ਹੈ। ਪਿਛਲੇ ਕਈ ਸਾਲਾਂ ਤੋਂ ਨੰਬਰ ਇੱਕ 'ਤੇ ਟਿਕੀ ਹੋਈ ਆਸਟਰੇਲੀਆ ਦੀ ਟੀਮ ਹੁਣ ਦੂਜੇ ਸਥਾਨ 'ਤੇ ਖਿਸਕ ਗਈ ਹੈ। ਐਫ. ਆਈ. ਐਚ. ਵਲੋਂ ਨਵੀਂ ਰੈਂਕਿੰਗ ਸੂਚੀ ਇੱਥੇ ਖਤਮ ਹੋਏ ਵਿਸ਼ਵ ਕੱਪ ਵਿਚ ਟੀਮਾਂ ਦੀ ਕਾਰਗੁਜ਼ਾਰੀ ਤੋਂ ਬਾਅਦ ਜਾਰੀ ਕੀਤੀ ਗਈ ਹੈ।

ਬੈਲਜੀਅਮ ਦੀ ਟੀਮ ਕੋਲ 2196 ਅੰਕ ਹਨ, ਜਦ ਕਿ 15 ਅੰਕਾਂ ਨਾਲ ਪਛੜ ਕੇ ਆਸਟਰੇਲੀਆ ਦੀ ਟੀਮ ਦੂਜੇ ਸਥਾਨ 'ਤੇ ਆ ਗਈ ਹੈ। ਵਿਸ਼ਵ ਕੱਪ ਵਿਚ ਉਪ ਜੇਤੂ ਬਣਨ ਦਾ ਨੀਦਰਲੈਂਡ ਨੂੰ ਫਾਇਦਾ ਹੋਇਆ ਹੈ, ਜਿਸ ਕਰਕੇ ਇਹ ਟੀਮ ਚੌਥੇ ਸਥਾਨ ਤੋਂ ਤੀਜੇ ਸਥਾਨ 'ਤੇ ਪੁੱਜ ਗਈ ਹੈ। ਉਲੰਪਿਕ ਚੈਂਪੀਅਨ ਅਰਜਨਟਾਈਨਾ ਦਾ ਇਸ ਵਿਸ਼ਵ ਕੱਪ ਵਿਚ ਪ੍ਰਦਰਸ਼ਨ ਬਹੁਤਾ ਵਧੀਆ ਨਹੀਂ ਰਿਹਾ ਜਿਸ ਕਰਕੇ ਟੀਮ ਦੀ ਰੈਂਕਿੰਗ ਤੀਜੇ ਸਥਾਨ ਤੋਂ ਖਿਸਕ ਕੇ ਚੌਥੇ ਸਥਾਨ 'ਤੇ ਆ ਗਈ ਹੈ।

# ਵਿਸ਼ਵ ਹਾਕੀ ਕੱਪ ਵਿਚ ਟਿਕਟਾਂ ਦੀ ਬਲੈਕ ਦਾ ਧੰਦਾ

**ਸੁਖਵੀਰ ਗਰੇਵਾਲ**

**ਭੁਬਨੇਸ਼ਵਰ:** ਵਿਸ਼ਵ ਹਾਕੀ ਕੱਪ ਦੇ ਜਨੂੰਨ ਦਾ ਲਾਹਾ ਲੈਣ ਲਈ ਸ਼ਹਿਰ ਦੇ ਟਿਕਟ ਮਾਫੀਏ ਨੇ ਪੂਰੀ ਤਰ੍ਹਾਂ ਪੈਰ ਪਸਾਰੇ ਹਨ। ਵਿਸ਼ਵ ਕੱਪ ਦੇ ਬਹੁਤੇ ਮੈਚਾਂ ਦਾ ਹਾਲ ਇਹ ਸੀ ਕਿ ਸਟੇਡੀਅਮ 25 ਫੀਸਦੀ ਖਾਲੀ ਹੁੰਦਾ ਪਰ ਟਿਕਟਾਂ ਨਾ ਮਿਲਦੀਆਂ। ਹਾਕੀ ਪ੍ਰੇਮੀ ਇਸ ਲਈ ਟਿਕਟਾਂ ਵੇਚਣ ਲਈ ਬਣਾਏ ਸਿਸਟਮ ਨੂੰ ਦੋਸ਼ੀ ਮੰਨ ਰਹੇ ਹਨ।

ਟਿਕਟ ਮਾਫੀਏ ਨੇ ਆਨਲਾਈਨ ਟਿਕਟਾਂ ਦੀ ਵਿਕਰੀ ਦੌਰਾਨ ਥੋਕ ਦੇ ਹਿਸਾਬ ਟਿਕਟਾਂ ਖਰੀਦ ਲਈਆਂ ਤੇ ਫਿਰ ਬਲੈਕ ਵਿਚ ਵੇਚੀਆਂ। ਭਾਰਤ ਅਤੇ ਬੈਲਜੀਅਮ ਦੇ ਮੈਚ ਦੌਰਾਨ ਸੌ ਰੁਪਏ ਦੀ ਟਿਕਟ ਤਿੰਨ ਹਜ਼ਾਰ ਵਿਚ ਵਿਕੀ।

ਦਿਲਚਸਪ ਗੱਲ ਹੈ ਕਿ ਇਹ ਸਾਰਾ ਧੰਦਾ ਪੁਲਿਸ ਦੀਆਂ ਅੱਖਾਂ ਸਾਹਮਣੇ ਹੁੰਦਾ ਰਿਹਾ। ਕਈ ਦੁਕਾਨਾਂ 'ਤੇ ਜਿੱਥੇ ਪੁਲਿਸ ਵਾਲੇ ਚਾਹ ਪੀ ਰਹੇ ਹੁੰਦੇ, ਉਥੇ ਹੀ ਮੈਚ ਦੀ ਟਿਕਟ ਘੱਟੋ ਘੱਟ 10 ਗੁਣਾ ਕੀਮਤ 'ਤੇ ਬਲੈਕ ਵਿਚ ਵਿਕ ਰਹੀ ਹੁੰਦੀ। ਐਫ. ਆਈ. ਐਚ. ਨੇ ਟਿਕਟਾਂ ਦੀ ਵਿਕਰੀ ਆਨਲਾਈਨ ਵੀ ਖੋਲ੍ਹੀ ਪਰ ਕੁਝ ਦਿਨਾਂ ਬਾਅਦ ਇਸ 'ਤੇ ਵੀ ਸੋਲਡ ਆਊਟ ਦਾ ਫੱਟਾ ਜੜ ਦਿੱਤਾ।

**ਫਰਾਂਸ ਦੀ ਵਿਦਾਇਗੀ:** 28 ਸਾਲਾਂ ਬਾਅਦ ਵਿਸ਼ਵ ਕੱਪ ਖੇਡਣ ਆਈ ਫਰਾਂਸ ਦੀ ਟੀਮ ਕੁਆਰਟਰ ਫਾਈਨਲ ਵਿਚ ਭਾਵੇਂ ਆਸਟਰੇਲੀਆ ਤੋਂ ਹਾਰ ਗਈ ਪਰ ਇਸ ਟੀਮ ਨੇ ਹਰ ਹਾਕੀ ਪ੍ਰੇਮੀ ਦਾ ਦਿਲ ਜਿੱਤ ਲਿਆ। ਫੁੱਟਬਾਲ ਦੇ ਵਿਸ਼ਵ ਚੈਂਪੀਅਨ ਫਰਾਂਸ ਵਿਚ ਹਾਕੀ ਬਿਲਕੁਲ ਨਵਾਂ ਨਾਂ ਹੈ ਪਰ ਕੌਮੀ ਫੈਡਰੇਸ਼ਨ ਨੇ ਮਿਸ਼ਨ-2024 ਪ੍ਰੋਗਰਾਮ ਉਲੀਕਿਆ ਹੈ, ਜਿਸ ਵੱਲ ਹਾਕੀ ਸਫਲਤਾ ਨਾਲ ਵਧ ਰਹੀ ਹੈ। 2024 ਦੀ ਉਲੰਪਿਕ ਦੀ ਮੇਜ਼ਬਾਨੀ ਪੈਰਿਸ ਨੂੰ ਮਿਲੀ ਹੈ ਤੇ ਹਾਕੀ ਵਿਚ ਬੇਮਿਸਾਲ ਤਰੱਕੀ ਕੀਤੀ ਹੈ। ਇਸ ਸਮੇਂ ਫਰਾਂਸ ਦੀ ਟੀਮ ਨੂੰ ਬੈਲਜੀਅਮ ਤੋਂ ਵੱਡਾ ਸਹਿਯੋਗ ਮਿਲ ਰਿਹਾ ਹੈ, ਜਿੱਥੋਂ ਦੀ ਲੀਗ ਵਿਚ ਫਰਾਂਸ ਦੇ ਖਿਡਾਰੀ ਅਕਸਰ ਖੇਡਣ ਜਾਂਦੇ ਹਨ।




*ਭਾਰਤੀ ਹਾਕੀ ਟੀਮ ਦੇ ਖਿਡਾਰੀ ਇੱਕ ਮੈਚ ਤੋਂ ਬਾਅਦ*

ਫਰਾਂਸ ਦਾ ਟੀਚਾ ਹੈ ਕਿ ਉਦੋਂ ਤੱਕ ਪੁਰਸ਼ਾਂ ਦੀ ਟੀਮ ਪਹਿਲੀਆਂ ਪੰਜ ਟੀਮਾਂ ਅਤੇ ਮਹਿਲਾ ਹਾਕੀ ਟੀਮ ਪਹਿਲੀਆਂ ਦਸ ਟੀਮਾਂ ਵਿਚ ਸ਼ੁਮਾਰ ਹੋਵੇ। ਫਰਾਂਸ ਦੀ ਪੁਰਸ਼ ਹਾਕੀ ਦੀ ਕੋਚਿੰਗ ਕਮਾਨ ਡੱਚ ਕੋਚ ਜੈਰਨ ਡੈਲਮੀ ਕੋਲ ਹੈ। ਫਰਾਂਸ ਨੇ ਇਹ ਨੀਤੀ ਬੈਲਜੀਅਮ ਦੀ ਪ੍ਰਾਪਤੀ ਨੂੰ ਦੇਖ ਕੇ ਤਿਆਰ ਕੀਤੀ ਹੈ, ਜਿਸ ਨੇ ਪਿਛਲੇ ਦਸ ਸਾਲਾਂ ਦੌਰਾਨ

**ਹਾਕੀ ਇੰਡੀਆ ਦਾ ਦਬਕਾ:** ਕਾਲਿੰਗਾ ਸਟੇਡੀਅਮ ਦੇ ਵੀ. ਆਈ. ਪੀ. ਖੇਤਰ ਵਿਚ ਭਾਰਤੀ ਟੀਮ ਦੇ ਖਿਡਾਰੀਆਂ ਦੇ ਦਾਖਲੇ ਪ੍ਰਤੀ ਹਾਕੀ ਇੰਡੀਆ ਦੀ ਸੀ. ਈ. ਓ. ਐਲਨ ਨੌਰਮਨ ਵਲੋਂ ਵਰਤੀ ਗਈ ਸ਼ਬਦਾਵਲੀ 'ਤੇ ਹਾਕੀ ਖਿਡਾਰੀ ਕਾਫੀ ਨਿਰਾਸ਼ ਹਨ। ਜਿਸ ਥਾਂ ਭਾਰਤੀ ਖਿਡਾਰੀ ਪ੍ਰਸ਼ੰਸਕਾਂ ਨੂੰ ਆਟੋਗ੍ਰਾਫ ਦੇ ਰਹੇ ਸਨ, ਉਸ ਜਗ੍ਹਾ ਦੁਜੀਆਂ ਟੀਮਾਂ ਦੇ ਖਿਡਾਰੀ ਅਕਸਰ ਘੁੰਮਦੇ ਨਜ਼ਰ ਆਉਂਦੇ ਹਨ। ਇਸ ਮੁੱਦੇ 'ਤੇ ਭਾਰਤੀ ਕਪਤਾਨ ਨੇ ਗਲਤੀ ਵੀ ਮੰਨ ਲਈ ਹੈ। ਅਸਲ 'ਚ ਕੋਈ ਵੀ ਖਿਡਾਰੀ ਇਸ ਵਿਵਾਦ ਵਿਚ ਉਲਝ ਕੇ ਆਪਣੇ ਖੇਡ ਕੈਰੀਅਰ ਨੂੰ ਦਾਅ 'ਤੇ ਨਹੀਂ ਲਾਉਣਾ ਚਾਹੁੰਦਾ। ਇਸ ਸਮੇਂ ਹਾਕੀ ਇੰਡੀਆ ਤੋਂ ਲੈ ਕੇ ਐਫ. ਆਈ. ਐਚ. ਦੇ ਪ੍ਰਬੰਧਕੀ ਢਾਂਚੇ ਵਿਚ ਭਾਰਤ ਦਾ ਦਬਦਬਾ ਹੈ। ਗੁਰਬਾਜ਼ ਸਿੰਘ ਵਰਗੇ ਮੁੱਦਿਆਂ ਤੋਂ ਖਿਡਾਰੀਆਂ ਨੇ ਇਹੀ ਸਬਕ ਲਿਆ ਹੈ ਕਿ ਪ੍ਰਬੰਧਕੀ ਢਾਂਚੇ ਨਾਲ ਉਲਝ ਕੇ ਖੇਡ ਕੈਰੀਅਰ ਦਾਅ 'ਤੇ ਨਾ ਲਾਇਆ ਜਾਵੇ।

**ਹਾਕੀ ਤੇ ਸੈਲਫੀ:** ਆਮ ਲੋਕਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁਕੀ ਸੈਲਫੀ ਦੇ ਰੁਝਾਨ ਦਾ ਅਸਰ ਵਿਸ਼ਵ ਕੱਪ ਵਿਚ ਵੀ ਦੇਖਣ ਨੂੰ ਮਿਲ ਰਿਹਾ ਹੈ। ਜਿੱਤਣ ਵਾਲੀ ਹਰੇਕ ਟੀਮ ਇੱਕ ਸੈਲਫੀ ਲੈਂਦੀ ਹੈ। ਜ਼ਿਆਦਾਤਰ ਇਹ ਸੈਲਫੀ ਹਾਕੀ 'ਤੇ ਕੈਮਰਾ ਰੱਖ ਕੇ ਲਈ ਜਾਂਦੀ ਹੈ।

### ਇਮਰਾਨ ਖਾਨ ਦੀ ਭੈਣ ਨੂੰ 2940 ਕਰੋੜ ਮੋੜਨ ਦੇ ਹੁਕਮ

**ਇਸਲਾਮਾਬਾਦ:** ਪਾਕਿਸਤਾਨ ਦੇ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਭੈਣ ਅਲੀਮਾ ਖ਼ਾਨੁਮ ਨੂੰ ਵਿਦੇਸ਼ 'ਚ ਸੰਪਤੀ ਦੇ ਕੇਸ ਵਿਚ ਹਫਤੇ ਦੇ ਅੰਦਰ ਅੰਦਰ 2940 ਕਰੋੜ ਰੁਪਏ ਟੈਕਸ ਅਤੇ ਜੁਰਮਾਨੇ ਵਜੋਂ ਅਦਾ ਕਰਨ ਦੇ ਹੁਕਮ ਦਿੱਤੇ ਹਨ। ਤਿੰਨ ਜੱਜਾਂ ਦੇ ਬੈਂਚ ਨੇ ਹਦਾਇਤ ਕੀਤੀ ਕਿ ਜੇਕਰ ਖਾਨਮ ਨੇ ਹੁਕਮ ਅਦੂਲੀ ਕੀਤੀ ਤਾਂ ਉਸ ਦੀ ਸੰਪਤੀ ਨੂੰ ਜ਼ਬਤ ਕਰ ਲਿਆ ਜਾਵੇਗਾ। ਸੁਪਰੀਮ ਕੋਰਟ ਵੱਲੋਂ 44 ਸਿਆਸੀ ਹਸਤੀਆਂ ਖਿਲਾਫ਼ ਯੂ.ਏ.ਈ. ਵਿਚ ਜਾਇਦਾਦ ਬਣਾਉਣ ਦੇ ਕੇਸ ਦੀ ਸੁਣਵਾਈ ਕੀਤੀ ਜਾ ਰਹੀ ਹੈ। ਸੰਘੀ ਮਾਲੀਆ ਬੋਰਡ ਨੇ ਅਦਾਲਤ ਨੂੰ ਦੱਸਿਆ ਕਿ ਖ਼ਾਨੁਮ ਬੇਨਾਮੀ ਜਾਇਦਾਦ ਦੀ ਮਾਲਕ ਹੈ ਅਤੇ ਉਸ ਨੂੰ 2940 ਕਰੋੜ ਰੁਪਏ ਦਾ ਜੁਰਮਾਨਾ ਅਤੇ ਟੈਕਸ ਲਗਾਇਆ ਗਿਆ ਹੈ।

# ਸਾਊਦੀ ਅਰਬ 'ਚ ਕੈਦੀਆਂ ਵਾਂਗ ਦਿਨ ਕੱਟ ਰਹੇ ਨੇ ਹਜ਼ਾਰਾਂ ਭਾਰਤੀ

**ਜਲੰਧਰ:** ਸਾਊਦੀ ਅਰਬ ਦੀ ਇਕ ਕੰਸਟਰੱਕਸ਼ਨ ਕੰਪਨੀ ਵੱਲੋਂ ਕੰਮ ਬੰਦ ਕੀਤੇ ਜਾਣ ਕਾਰਨ 3 ਹਜ਼ਾਰ ਤੋਂ ਵਧੇਰੇ ਵਿਹਲੇ ਹੋਏ ਭਾਰਤੀ ਕਾਮੇ ਇਸ ਵੇਲੇ ਕੈਦੀਆਂ ਵਰਗਾ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਕਾਮਿਆਂ ਵਿਚੋਂ 1700 ਕਾਮੇ ਅਜਿਹੇ ਹਨ ਜਿਨ੍ਹਾਂ ਕੋਲ ਵੀਜ਼ੇ ਨਹੀਂ ਹਨ। ਇਸ ਕਰ ਕੇ ਇਹ ਲੋਕ ਨਾ ਵਾਪਸ ਭਾਰਤ ਆ ਸਕਦੇ ਹਨ ਤੇ ਨਾ ਹੀ ਉਥੇ ਆਪਣੇ ਕੈਂਪਾਂ 'ਚੋਂ ਬਾਹਰ ਨਿਕਲ ਸਕਦੇ ਹਨ।

ਸਾਊਦੀ ਅਰਬ ਦੀ ਰਾਜਧਾਨੀ ਰਿਆਧ ਦੇ ਓਲਡ ਕੈਂਪ 'ਚ ਰਹਿ ਰਹੇ 250 ਦੇ ਕਰੀਬ ਪੰਜਾਬੀਆਂ ਵਿਚ ਸ਼ਾਮਲ ਜਲੰਧਰ ਵਾਸੀ 35 ਸਾਲਾ ਸੁਰਿੰਦਰਜੀਤ ਸਿੰਘ ਨੇ ਫੋਨ 'ਤੇ ਦੱਸਿਆ ਕਿ ਉਨ੍ਹਾਂ ਕੋਲ ਸ਼ਨਾਖਤੀ ਕਾਰਡ ਨਾ ਹੋਣ ਕਾਰਨ ਉਹ ਡਾਕਟਰੀ ਸਹੂਲਤਾਂ ਤੋਂ ਵੀ ਵਾਂਝੇ ਰਹਿ ਰਹੇ ਹਨ ਤੇ ਇਸ ਵੇਲੇ ਦਰਜਨ ਦੇ ਕਰੀਬ ਲੋਕ ਗੰਭੀਰ ਰੂਪ 'ਚ ਮਰੀਜ਼ ਹਨ, ਜਿਨ੍ਹਾਂ ਦੇ ਇਲਾਜ ਦਾ ਕੋਈ ਪ੍ਰਬੰਧ ਨਹੀਂ। ਛੇ ਮਹੀਨੇ ਤੋਂ ਤਨਖਾਹ ਨਾ ਮਿਲਣ ਕਾਰਨ ਇਥੇ ਰਹਿੰਦੇ ਕਾਮਿਆਂ ਕੋਲ ਖਰਚੇ ਲਈ ਪੈਸੇ ਵੀ ਨਹੀਂ। ਕੰਪਨੀ ਵਾਲੇ ਕਹਿ ਰਹੇ ਹਨ ਕਿ ਹਫਤੇ-ਦਸ ਦਿਨ ਬਾਅਦ ਉਹ ਖਾਣਾ ਦੇਣਾ ਵੀ ਬੰਦ ਕਰ ਦੇਣਗੇ। ਸੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਉਥੇ ਫਸੇ ਲੋਕਾਂ 'ਚ ਇਸ ਵੇਲੇ ਬੜੀ ਦਹਿਸ਼ਤ ਹੈ। ਭਾਰਤੀ ਅੰਬੈਸੀ ਵਾਲੇ ਸੰਪਰਕ ਕਰਨ ਤੇ ਟੈਲੀਫੋਨ ਕਰਨ ਦੇ ਬਾਵਜੂਦ ਕੋਈ ਮਦਦ ਕਰਨ ਲਈ ਤਿਆਰ ਨਹੀਂ। ਸੰਤ ਨਗਰ ਲਾਡੋਵਾਲੀ ਰੋਡ ਜਲੰਧਰ ਦੇ ਵਾਸੀ ਸੁਰਿੰਦਰਜੀਤ ਸਿੰਘ ਤੇ ਕਰਮਜੀਤ ਸਿੰਘ ਪਿਛਲੇ ਡੇਢ-ਦੋ ਸਾਲ ਤੋਂ ਰਿਆਧ 'ਚ ਕੰਮ ਕਰਨ ਗਏ ਸਨ, ਉਨ੍ਹਾਂ ਦੀ ਭੈਣ ਬਲਜੀਤ ਕੌਰ ਅਤੇ ਸੁਰਿੰਦਰਜੀਤ ਸਿੰਘ ਦੀ ਪਤਨੀ ਕਮਲਜੀਤ ਕੌਰ ਨੇ ਦੱਸਿਆ ਕਿ 8 ਮਹੀਨੇ ਤੋਂ ਤਨਖਾਹ ਨਾ ਮਿਲਣ ਕਾਰਨ ਹੁਣ ਖਰਚੇ ਲਈ ਪੈਸੇ ਇਥੋਂ ਭੇਜੇ ਜਾ ਰਹੇ ਹਨ।

ਵੀਜ਼ਾ ਹਾਸਲ ਕਰਨ ਲਈ ਸ਼ਨਾਖਤੀ ਕਾਰਡ ਬਣਾਉਣ ਲਈ ਕੰਪਨੀ ਡੇਢ-ਡੇਢ ਲੱਖ ਰੁਪਏ ਮੰਗ ਰਹੀ ਹੈ ਜੋ ਕਿ ਕਾਮਿਆਂ ਲਈ ਵਿੱਤੋਂ ਬਾਹਰਾ ਹੈ। ਉਨ੍ਹਾਂ ਵਿਦੇਸ਼ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਹੀ ਸਲਾਮਤ ਵਾਪਸ ਲਿਆਉਣ ਲਈ ਸਾਊਦੀ ਅਰਬ ਸਰਕਾਰ ਨਾਲ ਸੰਪਰਕ ਕਰਨ ਤੇ ਭਾਰਤੀ ਅੰਬੈਸੀ ਦੇ ਅਧਿਕਾਰੀਆਂ ਨੂੰ ਫਸੇ ਕਾਮਿਆਂ ਦੀ ਮਦਦ ਲਈ ਹਦਾਇਤ ਕਰਨ।

# ਟਾਈਮ ਮੈਗਜ਼ੀਨ ਵੱਲੋਂ ਪੱਤਰਕਾਰ ਖਸ਼ੋਗੀ ਨੂੰ 'ਪਰਸਨ ਆਫ ਈਅਰ' ਸਨਮਾਨ

**ਵਾਸ਼ਿੰਗਟਨ:** 'ਟਾਈਮ' ਮੈਗਜ਼ੀਨ ਨੇ ਸਾਊਦੀ ਅਰਬ ਦੇ ਮਰਹੂਮ ਪੱਤਰਕਾਰ ਜਮਾਲ ਖਸ਼ੋਗੀ ਨੂੰ 'ਪਰਸਨ ਆਫ ਦ ਯੀਅਰ' ਦਾ ਖਿਤਾਬ ਦਿੱਤਾ ਹੈ। ਇਹ ਸਨਮਾਨ 3 ਹੋਰ ਪੱਤਰਕਾਰਾਂ ਨੂੰ ਵੀ ਦਿੱਤਾ ਗਿਆ ਹੈ ਜਿਨ੍ਹਾਂ 'ਚੋਂ 2 ਰਾਈਟਰਜ਼ ਨਾਲ ਸਬੰਧਤ-ਵਾ ਲੋਨ ਅਤੇ ਕਿਆ ਸੂ ਓ ਹਨ, ਜਿਨ੍ਹਾਂ ਨੂੰ ਮੀਆਂਮਾਰ 'ਚ ਕੈਦ ਕਰ ਲਿਆ ਗਿਆ ਕਿਉਂਕਿ ਉਨ੍ਹਾਂ ਨੇ ਰੋਹਿੰਗੀਆ ਮੁਸਲਿਮ ਕਤਲੇਆਮ ਦਾ ਖੁਲਾਸਾ ਕੀਤਾ ਸੀ।


ਤੀਜੇ ਪੱਤਰਕਾਰ ਦਾ ਨਾਂ ਮਾਰੀਆ ਰੇਸਾ ਹੈ ਜੋ ਰੈਪਲਰ ਨਿਊਜ਼ ਵੈਬਸਾਈਟ ਦੇ ਸੀ.ਈ.ਓ. ਹਨ ਤੇ ਫਿਲੀਪੀਨਜ਼ 'ਚ ਉਨ੍ਹਾਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਸੀ। ਇਸ ਸਾਲ ਦੇ ਸ਼ੁਰੂ ਵਿਚ ਮੈਰੀਲੈਂਡ 'ਚ ਕੈਪੀਟਲ ਗਜ਼ਟ ਅਖ਼ਬਾਰ ਦੇ ਗੋਲੀਆਂ ਮਾਰ ਕੇ ਕਤਲ ਕੀਤੇ 5 ਮੁਲਾਜ਼ਮਾਂ ਨੂੰ ਵੀ ਸਨਮਾਨ ਦਿੱਤਾ ਗਿਆ। ਟਾਈਮ ਮੈਗਜ਼ੀਨ ਦੇ ਸੰਪਾਦਕ ਐਡਵਰਡ ਫੈਲਸੈਂਥਲ ਨੇ ਇਕ ਪ੍ਰੋਗਰਾਮ ਦੌਰਾਨ ਇਸ ਦੀ ਘੋਸ਼ਣਾ ਕੀਤੀ।

### ਨੇਪਾਲ 'ਚ ਨਹੀਂ ਚੱਲਣਗੇ ਵੱਡੇ ਭਾਰਤੀ ਨੋਟ

**ਕਾਠਮੰਡੂ:** ਨੇਪਾਲ ਸਰਕਾਰ ਨੇ 100 ਰੁਪਏ ਤੋਂ ਉੱਪਰ ਦੇ ਭਾਰਤੀ ਕਰੰਸੀ ਨੋਟਾਂ 'ਤੇ ਪਾਬੰਦੀ ਲਾ ਦਿੱਤੀ ਹੈ। ਸਰਕਾਰ ਦੇ ਇਸ ਫੈਸਲੇ ਨਾਲ ਨੇਪਾਲ ਦਾ ਦੌਰਾ ਕਰ ਰਹੇ ਭਾਰਤੀ ਸੈਲਾਨੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਨੇਪਾਲੀ ਨਾਗਰਿਕਾਂ ਤੇ ਵਪਾਰੀਆਂ ਵੱਲੋਂ ਵੀ ਭਾਰਤੀ ਕਰੰਸੀ ਨੋਟ ਵੱਡੀ ਗਿਣਤੀ ਵਿਚ ਵਰਤੇ ਜਾਂਦੇ ਹਨ।

# ਕਪਿਲ ਸ਼ਰਮਾ ਤੇ ਗਿੰਨੀ ਚਤਰਥ ਵਿਆਹ ਦੇ ਬੰਧਨ ਵਿਚ ਬੱਝੇ

**ਜਲੰਧਰ:** 'ਕਾਮੇਡੀ ਕਿੰਗ' ਵਜੋਂ ਜਾਣੇ ਜਾਂਦੇ ਕਪਿਲ ਸ਼ਰਮਾ ਗਿੰਨੀ ਚਤਰਥ ਨਾਲ ਵਿਆਹ ਦੇ ਬੰਧਨ ਵਿਚ ਬੱਝ ਗਏ। ਕੌਮੀ ਮਾਰਗ 'ਤੇ ਸਥਿਤ ਕਲੱਬ ਕਬਾਨਾ 'ਚ ਹੋਏ ਵਿਆਹ ਸਮਾਗਮ ਮੌਕੇ



ਕਪਿਲ ਤੇ ਗਿੰਨੀ ਹਿੰਦੂ ਰੀਤੀ-ਰਿਵਾਜ਼ਾਂ ਮੁਤਾਬਕ ਵਿਆਹ ਬੰਧਨ ਵਿਚ ਬੱਝੇ। ਕਪਿਲ ਦੀ ਪਹਿਲੀ ਬਾਲੀਵੁੱਡ ਫ਼ਿਲਮ 'ਕਿਸ ਕਿਸ ਕੋ ਪਿਆਰ ਕਰੂੰ' ਦਾ ਨਿਰਦੇਸ਼ਨ ਕਰਨ ਵਾਲੇ ਅੱਬਾਸ-ਮਸਤਾਨ ਨੇ ਵੀ ਵਿਆਹ ਸਮਾਗਮ ਵਿਚ ਸ਼ਿਰਕਤ ਕੀਤੀ।

ਦੱਸਣਯੋਗ ਹੈ ਕਿ ਲੰਘੇ ਕਈ ਦਿਨਾਂ ਤੋਂ ਕਪਿਲ ਸ਼ਰਮਾ ਤੇ ਗਿੰਨੀ ਚਤਰਥ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ।

ਨਵ-ਵਿਆਹੇ ਜੋੜੇ ਦੇ ਮਹਿਮਾਨਾਂ ਵਿਚ ਸ਼ਾਮਲ ਹੋਣ ਲਈ ਦਾਖਲਾ 200 ਫੁੱਟ ਦੀ ਸੁਰੰਗ ਰਾਹੀਂ ਬਣਾਇਆ ਗਿਆ ਸੀ ਤੇ ਇਸ ਨੂੰ ਉਚੇਚੇ ਤੌਰ 'ਤੇ ਤਿਆਰ ਕੀਤਾ ਗਿਆ ਸੀ। ਇਸ ਮੌਕੇ ਗਾਇਕ ਗੁਰਦਾਸ ਮਾਨ ਨੇ ਵੀ ਪੇਸ਼ਕਾਰੀ ਦਿੱਤੀ। ਵਿਆਹ ਵਿਚ 350 ਤੋਂ ਵੱਧ ਕਿਸਮਾਂ ਦੇ ਪਕਵਾਨ ਪਰੋਸੇ ਗਏ। ਇਸ ਮੌਕੇ ਖਿੱਚ ਦਾ ਕੇਂਦਰ 'ਲਾਈਵ ਕਿਚਨ' ਰਿਹਾ, ਜਿਥੇ ਮਹਿਮਾਨਾਂ ਨਾਲ ਗੱਲਾਂ ਕਰਦਿਆਂ ਕਰਦਿਆਂ ਮੌਕੇ ਉਤੇ ਤਿਆਰ ਕਰ ਕੇ ਪਕਵਾਨਾਂ ਨੂੰ ਪਲੇਟਾਂ ਵਿਚ ਰੱਖਿਆ ਜਾ ਰਿਹਾ ਸੀ। ਇਸ ਮੌਕੇ ਇਟਾਲੀਅਨ, ਚਾਇਨੀਜ਼, ਜਪਾਨੀ, ਹੈਦਰਾਬਾਦੀ ਬਰਿਆਨੀ, ਦੱਖਣ ਭਾਰਤੀ ਤੇ ਕਸ਼ਮੀਰੀ ਖਾਣੇ ਪਰੋਸੇ ਗਏ। ਵਿਆਹ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਨੂੰ ਸੱਦਾ ਕਾਰਡ 'ਤੇ ਲੱਗੇ ਬਾਰ ਕੋਡ ਸਕੈਨ ਤੋਂ ਬਾਅਦ ਹੀ ਅੰਦਰ ਜਾਣ ਦਿੱਤਾ ਗਿਆ। ਸੁਰੱਖਿਆ ਪ੍ਰਬੰਧਾਂ ਲਈ 200 ਬਾਊਂਸਰ ਲਾਏ ਗਏ ਸਨ ਅਤੇ 50 ਲੜਕੀਆਂ ਨੂੰ ਵੀ ਤਾਇਨਾਤ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਗਿੰਨੀ ਦੀ ਕਪਿਲ ਨਾਲ ਮੁਲਾਕਾਤ ਇਥੋਂ ਦੇ ਐਚ. ਐਮ. ਵੀ. ਕਾਲਜ 'ਚ 10 ਕੁ ਸਾਲ ਪਹਿਲਾਂ ਹੋਈ ਸੀ। ਕਪਿਲ ਸ਼ਰਮਾ ਉਥੇ ਥੀਏਟਰ ਕਲਾ ਸਿਖਾਉਣ ਲਈ ਆਉਂਦੇ ਸਨ। ਗਿੰਨੀ ਨੇ ਐਮ. ਬੀ. ਏ. (ਫਾਈਨਾਂਸ) ਕੀਤੀ ਹੋਈ ਹੈ ਤੇ ਉਸ ਦਾ ਪਰਿਵਾਰ ਕਪੂਰਥਲਾ ਰੋਡ ਦੇ ਹਰਦੇਵ ਨਗਰ ਵਿਚ ਰਹਿੰਦਾ ਹੈ।

# ਗੈਰੀ ਸਿੰਘ ਬਣੇ ਯੂਨੀਅਨ ਸਿਟੀ ਦੇ ਡਿਪਟੀ ਮੇਅਰ

**ਯੂਨੀਅਨ ਸਿਟੀ (ਬਿਊਰੋ):** ਬੇਏਰੀਆ ਦੇ ਸ਼ਹਿਰ ਯੂਨੀਅਨ ਸਿਟੀ ਲਈ ਪੰਜਾਬੀ ਭਾਈਚਾਰੇ ਵਿਚ ਬੇਹੱਦ ਸਤਿਕਾਰ ਰੱਖਣ ਵਾਲੇ



ਗੈਰੀ ਸਿੰਘ ਨੂੰ ਡਿਪਟੀ ਮੇਅਰ ਚੁਣ ਲਿਆ ਗਿਆ ਹੈ। ਸਿਟੀ ਮੇਅਰ ਕਾਰਲ ਲੂਤਰਾ ਵਰਨਾਕੀ ਨੇ ਗੈਰੀ ਸਿੰਘ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਇਹ ਮਾਣ ਬਖਸ਼ਿਆ ਹੈ।

ਜ਼ਿਕਰਯੋਗ ਹੈ ਕਿ 1993 ਤੋਂ ਕਮਿਉਨਿਟੀ ਸੇਵਾਵਾਂ ਨਿਭਾਉਂਦੇ ਆ ਰਹੇ ਗੈਰੀ ਸਿੰਘ ਨੇ ਇੱਥੇ ਆ ਕੇ ਆਪਣੇ ਕਾਰੋਬਾਰ ਨੂੰ ਪ੍ਰਫੁਲਿਤ ਕੀਤਾ ਤੇ ਨਾਲ ਨਾਲ ਅਮਰੀਕਨ ਰਾਜਨੀਤੀ ਵਿਚ ਵੀ ਦਿਲਚਸਪੀ ਬਣਾਈ ਰੱਖੀ। ਸਾਲ 2006-2014 ਤੱਕ ਉਹ ਪਲੈਨਿੰਗ ਕਮਿਸ਼ਨਰ ਰਹੇ। ਗੁਰਦੁਆਰਾ ਫਰੀਮਾਂਟ ਲਈ ਵੀ ਸਰਗਰਮ ਸੇਵਾਵਾਂ ਨਿਭਾਉਂਦੇ ਰਹੇ। ਯੂਨੀਅਨ ਸਿਟੀ ਯੂਥ ਐਂਡ ਫੈਮਿਲੀ ਸਰਵਿਸਜ਼ ਲਈ ਵਾਲੰਟਰੀ ਸੇਵਾ ਨਿਭਾਉਂਦਿਆਂ ਗੈਰੀ ਸਿੰਘ ਦਾ ਪੰਜਾਬੀ ਭਾਈਚਾਰੇ 'ਚ ਹੀ ਨਹੀਂ ਸਗੋਂ ਹੋਰ ਭਾਈਚਾਰਿਆਂ ਵਿਚ ਵੀ ਸਤਿਕਾਰ ਬਣਦਾ ਗਿਆ। ਉਹ ਯੂਨੀਅਨ ਸਿਟੀ ਫਰੈਂਡਸ ਆਫ ਸਿਸਟਰਸ ਸਿਟੀਜ਼ ਦੇ ਬੋਰਡ ਮੈਂਬਰ ਵਜੋਂ 2010 ਤੋਂ ਹੁਣ ਤੱਕ ਸੇਵਾ ਨਿਭਾ ਰਹੇ ਹਨ। ਉਹ 2013 ਤੋਂ 2015 ਤੱਕ ਰੋਟਰੀ ਇੰਟਰਨੈਸ਼ਨਲ ਦੇ ਮੈਂਬਰ ਵੀ ਰਹੇ ਅਤੇ ਕਰੀਬ ਪੰਜਾਹ ਹਜ਼ਾਰ ਡਾਲਰ ਇੰਡੀਆ ਅਤੇ ਨੇਪਾਲ 'ਚ ਭੂਚਾਲ ਪੀੜ੍ਹਤਾਂ ਦੀ ਮਦਦ ਲਈ ਦੇ ਚੁਕੇ ਹਨ।

# ਬਰਤਾਨਵੀ ਹਵਾਈ ਫੌਜ 'ਚ ਗ੍ਰੰਥੀ ਤੇ ਮੌਲਵੀ ਦੀ ਨਿਯੁਕਤੀ

**ਲੰਡਨ:** ਬ੍ਰਿਟਿਸ਼ ਫੌਜ ਦੇ ਇਤਿਹਾਸ ਵਿਚ ਪਹਿਲੀ ਵਾਰ ਰਾਇਲ ਏਅਰ ਫੋਰਸ ਦੀ ਚੈਪਲੇਨ (ਧਾਰਮਿਕਤਾ ਨਾਲ ਸਬੰਧਤ) ਬਰਾਂਚ ਵਿਚ ਸਿੱਖ ਗ੍ਰੰਥੀ ਤੇ ਮੌਲਵੀ (ਪਾਦਰੇਸ) ਵਜੋਂ ਮਨਦੀਪ ਕੌਰ ਤੇ ਅਲੀ ਓਮਰ ਦੀ ਨਿਯੁਕਤੀ ਕੀਤੀ ਗਈ ਹੈ। ਯੂਕੇ ਦੇ ਰੱਖਿਆ ਮੰਤਰਾਲੇ ਮੁਤਾਬਕ ਪੰਜਾਬ ਦੀ ਜੰਮਪਲ ਫਲਾਈਟ ਲੈਫਟੀਨੈਂਟ ਮਨਦੀਪ ਕੌਰ ਨੂੰ ਗ੍ਰੰਥੀ ਤੇ ਕੀਨੀਆ ਦੇ ਜੰਮਪਲ ਫਲਾਈਟ ਲੈਫਟੀਨੈਂਟ ਅਲੀ ਉਮਰ ਨੂੰ ਮੌਲਵੀ ਨਿਯੁਕਤ ਕੀਤਾ ਗਿਆ ਹੈ।

ਮੰਤਰਾਲੇ ਮੁਤਾਬਕ ਕੌਰ ਦੀ ਚੋਣ ਉਸ ਵੇਲੇ ਕੀਤੀ ਗਈ ਸੀ ਜਦ ਉਹ ਯੂਕੇ ਵਿਚ ਇੰਜੀਨੀਅਰਿੰਗ 'ਚ ਡਾਕਟਰੇਟ ਕਰ ਰਹੀ ਸੀ। ਇਸ ਭੂਮਿਕਾ ਲਈ ਉਹ 2005 ਤੋਂ ਤਿਆਰੀ ਕਰ ਰਹੀ ਸੀ। ਇਹ ਦੋਵੇਂ 'ਪਾਦਰੇਸ' ਰਾਇਲ ਏਅਰ ਫੋਰਸ ਕਾਲਜ ਕ੍ਰੈਨਵੈੱਲ ਤੋਂ ਗ੍ਰੈਜੂਏਟ ਹੋਏ ਹਨ। 'ਪਾਦਰੇਸ' ਦੀ ਭੂਮਿਕਾ ਨਿਭਾਉਣ ਵਾਲੇ ਰੱਖਿਆ ਮੁਲਾਜ਼ਮ ਫ਼ੌਜੀਆਂ, ਸੇਲਰ, ਏਅਰਮੈੱਨ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਧਿਆਤਮਕ ਤੇ ਹੋਰ ਸਬੰਧਤ ਮਦਦ ਦਿੰਦੇ ਹਨ। ਉਨ੍ਹਾਂ ਨੂੰ ਜਲ ਸੈਨਾ ਦੇ ਜਹਾਜ਼ਾਂ 'ਤੇ ਵੀ ਤਾਇਨਾਤ ਕੀਤਾ ਜਾਂਦਾ ਹੈ ਤੇ ਹੋਰ ਬਾਹਰਲੇ ਆਪਰੇਸ਼ਨਾਂ ਉਤੇ ਵੀ ਉਹ ਤਾਇਨਾਤ ਕੀਤੇ ਜਾਂਦੇ ਹਨ। ਉਹ ਪੈਟਰੋਲਿੰਗ ਲਈ ਵੀ ਜਾਂਦੇ ਹਨ ਤੇ ਫਰੰਟ 'ਤੇ ਤਾਇਨਾਤ ਫ਼ੌਜੀਆਂ ਨੂੰ ਮਦਦ ਮੁਹੱਈਆ ਕਰਵਾਉਂਦੇ ਹਨ। ਯੂਕੇ ਦੇ ਰੱਖਿਆ ਮੰਤਰਾਲੇ ਵਜੋਂ ਅਜਿਹੀਆਂ ਨਿਯੁਕਤੀਆਂ ਵੱਖ-ਵੱਖ ਧਰਮਾਂ ਦੇ ਫੌਜੀਆਂ ਵਿਚਾਲੇ ਸਦਭਾਵ ਬਣਾਈ ਰੱਖਣ ਤੇ ਵਿਲੱਖਣਤਾ ਨੂੰ ਸਨਮਾਨ ਦੇਣ ਹਿੱਤ ਵਿਸ਼ੇਸ਼ ਤੌਰ 'ਤੇ ਕੀਤੀਆਂ ਜਾਂਦੀਆਂ ਹਨ।

# ਕੁਲਦੀਪ ਮਾਣਕ ਨੂੰ ਸਮਰਪਿਤ ਹੋਵੇਗਾ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ

**ਯੂਨੀਅਨ ਸਿਟੀ (ਬਿਊਰੋ):** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ ਵਲੋਂ ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ 6 ਜਨਵਰੀ ਨੂੰ ਕਰਵਾਇਆ ਜਾ ਰਿਹਾ 6ਵਾਂ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਲੋਕ ਗਾਥਾਵਾਂ ਦੇ ਬਾਦਸ਼ਾਹ ਮਰਹੂਮ ਕੁਲਦੀਪ ਮਾਣਕ ਨੂੰ ਸਮਰਪਿਤ ਹੋਵੇਗਾ।




ਜਗਤਾਰ ਗਿੱਲ

ਇਸ ਮੌਕੇ ਮੋਗਾ ਜ਼ਿਲ੍ਹੇ ਦੇ ਪਿੰਡ ਪੁਰਾਣੇ ਵਾਲਾ ਦੇ ਜੰਮਪਲ ਅਤੇ ਮਰਹੂਮ ਦੀਦਾਰ ਸੰਧੂ ਸਮੇਤ ਕਈ ਉਘੇ ਗਾਇਕਾਂ ਦੇ ਨੇੜਲੇ ਮਿੱਤਰ ਰਹੇ ਅਮਰੀਕਾ ਵਸਦੇ ਨਾਮੀ ਲੇਖਕ ਜਗਤਾਰ ਗਿੱਲ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਲੇਖਕ ਨੇ ਲਗਾਤਾਰ ਪੰਜਾਬੀ ਗਾਇਕੀ ਅਤੇ ਗਾਇਕਾਂ ਦੀਆਂ ਜੀਵਨੀਆਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਸ. ਗਿੱਲ ਨੂੰ ਪ੍ਰੋਗਾਰਮ ਦੌਰਾਨ ਯਾਦਗਾਰੀ ਚਿੰਨ੍ਹ ਤੇ ਦੁਸ਼ਾਲਾ ਭੇਟ ਕੀਤਾ ਜਾਵੇਗਾ।

## ਲੇਖਕ ਅਮਿਤਾਵ ਘੋਸ਼ ਨੂੰ ਗਿਆਨਪੀਠ ਪੁਰਸਕਾਰ

**ਨਵੀਂ ਦਿੱਲੀ:** ਉਘੇ ਅੰਗਰੇਜ਼ੀ ਲੇਖਕ ਅਮਿਤਾਵ ਘੋਸ਼ ਨੂੰ ਇਸ ਵਰ੍ਹੇ ਦਾ ਗਿਆਨਪੀਠ ਪੁਰਸਕਾਰ ਦਿੱਤਾ ਗਿਆ ਹੈ। ਘੋਸ਼ ਨੂੰ ਇਹ ਸਨਮਾਨ ਦੇਣ ਦਾ ਫੈਸਲਾ ਉੱਘੀ ਸਾਹਿਤਕ ਤੇ ਅਕਾਦਮਿਕ ਹਸਤੀ ਪ੍ਰਤਿਭਾ ਰੇਅ ਦੀ ਅਗਵਾਈ 'ਚ ਹੋਈ ਇਕ ਮੀਟਿੰਗ 'ਚ ਲਿਆ ਗਿਆ। ਘੋਸ਼ ਨੇ 'ਦਿ ਗਲਾਸ ਪੈਲੇਸ' ਤੇ 'ਰਿਵਰ ਆਫ ਸਮੋਕ' ਜਿਹੇ ਨਾਵਲ ਲਿਖੇ ਹਨ। ਉਨ੍ਹਾਂ ਨੂੰ ਇਸ ਤੋਂ ਪਹਿਲਾਂ ਪਦਮਸ੍ਰੀ ਤੇ ਸਾਹਿਤ ਅਕਾਦਮੀ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।


Homeopathicvibes
Harminder Singh Gill
D.H.M.S; B.C.I.H
(Ex Homeopathic Medical officer Punjab Govt.)



Now we have two locations:
940 E. El Camino Real, Sunnyvale, CA 94087
www.homeopathicvibes.com
Ph: (408) 737-7100
Fax: (408)737-7102
39210 State St., Suite 111, Fremont, CA 94538
We sell and ship homeopathic remedies through out North America.



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਪੰਜਾਬੀਆਂ ਦਾ ਮਨਪਸੰਦ ਸ਼ਾਹਕਾਰ 'ਮੇਰਾ ਦਾਗਿਸਤਾਨ'

70ਵਿਆਂ ਦੇ ਦਹਾਕੇ ਵਿਚ ਜਦ ਰਸੂਲ ਹਮਜ਼ਾਤੋਵ ਦੀ ਰਚਨਾ 'ਮੇਰਾ ਦਾਗਿਸਤਾਨ' ਪੰਜਾਬੀ ਵਿਚ ਛਪੀ ਤਾਂ ਬਹੁਤ ਘੱਟ ਕਿਤਾਬਾਂ ਖਰੀਦਣ ਅਤੇ ਪੜ੍ਹਨ ਵਾਲੇ, ਪਰ ਮੁਕਾਬਲਤਨ ਆਰਥਕ ਰੂਪ 'ਚ ਹੋਰ ਰਾਜਾਂ ਤੋਂ ਖੁਸ਼ਹਾਲ ਇਸ ਰਾਜ ਵਿਚ ਇਹ ਕਿਤਾਬ ਪੰਜਾਬੀ ਪਾਠਕਾਂ ਨੂੰ ਖੂਬ ਪਸੰਦ ਆਈ। ਪ੍ਰਗਤੀ ਪ੍ਰਕਾਸ਼ਨ, ਮਾਸਕੋ ਜਾਂ ਪੰਜਾਬ ਬੁੱਕ ਸੈਂਟਰ ਨੂੰ ਕੋਈ ਬਹੁਤਾ ਪਸੰਦ ਨਾ ਕਰਨ ਵਾਲੇ ਪਾਠਕਾਂ ਨੇ ਵੀ ਉਥੋਂ ਕਿਤਾਬ ਖਰੀਦੀ। ਅਜੇ ਵੀ ਇਹ ਕਿਤਾਬ ਲੋਕਪ੍ਰਿਅ ਹੈ। ਪ੍ਰਗਤੀ ਪ੍ਰਕਾਸ਼ਨ, ਮਾਸਕੋ ਦੇ ਬੰਦ ਹੋ ਜਾਣ ਪਿਛੋਂ ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ ਨੇ ਇਸ ਦੇ ਐਡੀਸ਼ਨ ਛਾਪੇ ਤੇ 1998 ਵਿਚ 'ਮੇਰਾ ਦਾਗਿਸਤਾਨ' ਦਾ ਪਹਿਲਾ ਭਾਗ ਛਪਣ ਤੋਂ 25-30 ਵਰ੍ਹੇ ਪਿਛੋਂ ਦੂਜਾ ਭਾਗ ਪੰਜਾਬੀ 'ਚ ਛਪਿਆ, ਜਿਸ ਦਾ ਪਹਿਲੇ ਵਾਂਗ ਹੀ ਸਵਾਗਤ ਹੋਇਆ।

**ਡਾ. ਚਮਨ ਲਾਲ**

ਰਸੂਲ ਹਮਜ਼ਾਤੋਵ ਦਾ ਜਨਮ ਪੁਰਾਣੀ ਸੋਵੀਅਤ ਯੂਨੀਅਨ ਦੇ ਦਾਗਿਸਤਾਨ ਇਲਾਕੇ ਵਿਚ 1923 ਵਿਚ ਤਸਾਦਾ ਪਿੰਡ ਵਿਚ ਹੋਇਆ। ਇਹ ਦੂਰ-ਦੁਰਾਡਾ ਪਹਾੜੀ ਇਲਾਕਾ ਕੁਦਰਤੀ ਅਮੀਰੀ ਨਾਲ ਭਰਪੂਰ ਹੈ ਪਰ ਇਥੇ ਸਾਖਰਤਾ ਅਤੇ ਆਧੁਨਿਕ ਸਭਿਅਤਾ ਦੇ ਹੋਰ ਰੂਪ 1917 ਦੇ ਰੂਸੀ ਸਮਾਜਵਾਦੀ ਇਨਕਲਾਬ ਤੋਂ ਬਾਅਦ ਸੋਵੀਅਤ ਯੂਨੀਅਨ ਬਣਨ ਪਿਛੋਂ ਹੀ ਪਹੁੰਚ ਸਕੇ ਜੋ ਹਮਜ਼ਾਤੋਵ ਨੇ ਖਾਸ ਤੌਰ 'ਤੇ ਲੈਨਿਨ ਪ੍ਰਤੀ ਡੂੰਘੇ ਸ਼ੁਕਰਾਨੇ ਨਾਲ ਸਵੀਕਾਰ ਕੀਤਾ।

ਦਾਗਿਸਤਾਨ ਜਾਰਜੀਆ ਦੇ ਨੇੜੇ ਪਹਾੜੀ ਇਲਾਕਾ ਹੈ, ਜਿਸ ਵਿਚ 8 ਮੁੱਖ ਨਸਲਾਂ ਹਨ ਅਤੇ ਨੌਂ ਭਾਸ਼ਾਵਾਂ ਵਿਚ ਕਿਤਾਬਾਂ ਛਪਦੀਆਂ ਹਨ। ਇਸ ਤੋਂ ਵੀ ਵੱਧ ਭਾਸ਼ਾਵਾਂ ਲੋਕ-ਵਿਹਾਰ ਵਿਚ ਪ੍ਰਚਲਿਤ ਹਨ। ਰਸੂਲ ਹਮਜ਼ਾਤੋਵ ਅਵਾਰ ਨਸਲ ਦਾ ਅਤੇ ਅਵਾਰ ਭਾਸ਼ਾ ਦਾ ਲੋਕ ਕਵੀ ਹੈ ਜਿਸ ਨੇ ਅਬੂ ਤਾਲਿਬ ਵਰਗਾ ਹਰਮਨ ਪਿਆਰਾ ਲੋਕ ਕਿਰਦਾਰ ਸਿਰਜਿਆ ਹੈ।

ਅਬੂ ਤਾਲਿਬ ਨੂੰ ਹਮਜ਼ਾਤੋਵ ਦੋਸਤ ਕਹਿੰਦਾ ਹੈ ਜੋ ਲਾਕਾਂ ਨਸਲ ਦਾ ਹੈ। ਇਨ੍ਹਾਂ ਸਭ ਨਸਲਾਂ ਦੇ ਆਪਣੇ ਥੀਏਟਰ, ਨਾਚ, ਗਾਣੇ ਹਨ ਤੇ ਇਨ੍ਹਾਂ ਦੀ ਸਾਂਝੀ ਕਲਾ ਮੰਡਲੀ 'ਲੰਜ਼ਗੀਂਕਾ' ਹੈ ਪਰ ਇਹ ਸਾਰਾ ਕੁਝ 1917 ਦੇ ਇਨਕਲਾਬ ਪਿਛੋਂ ਹੀ ਵਿਕਸਿਤ ਹੋ ਸਕਿਆ। ਉਸ ਤੋਂ ਪਹਿਲਾਂ ਲੋਕ ਸਾਹਿਤ ਤੇ ਸਭਿਆਚਾਰ ਦਾ ਅਮੁੱਲ ਖਜ਼ਾਨਾ ਦਾਗਿਸਤਾਨ ਕੋਲ ਸੀ ਪਰ ਅੱਖਰ ਗਿਆਨ ਤੇ ਲਿਖਤੀ ਭਾਸ਼ਾ ਨਹੀਂ ਸੀ। ਹਮਜ਼ਾਤੋਵ ਨੂੰ ਦੁੱਖ ਹੈ ਕਿ ਦਾਗਿਸਤਾਨ ਕੋਲ ਕਿਤਾਬ ਹਜ਼ਾਰਾਂ ਸਾਲਾਂ ਪਿਛੋਂ ਆਈ। ਕਿਤਾਬ ਦੀ ਅਣਹੋਂਦ ਕਾਰਨ ਇਸ ਨੂੰ ਜਹਾਲਤ ਦੇ ਗੁਨਾਹ ਦੀ ਸਖਤ ਸਜ਼ਾ ਭੁਗਤਣੀ ਪਈ (ਪੰਜਾਬੀ ਲੋਕ ਜਿਨ੍ਹਾਂ ਕੋਲ ਸੈਂਕੜੇ ਸਾਲਾਂ ਤੋਂ ਕਿਤਾਬ ਹੈ ਪਰ ਪੜ੍ਹਦੇ ਨਹੀਂ, ਇਸ ਜਹਾਲਤ ਦੀ ਸਜ਼ਾ ਕਦੋਂ ਭੁਗਤਣਗੇ? ਜਾਂ ਸ਼ਾਇਦ ਸੱਭੇ ਪੀੜ੍ਹੀਆਂ ਭੁਗਤ ਰਹੀਆਂ ਹਨ?)।


ਹਮਜ਼ਾਤੋਵ ਨੂੰ ਦਾਗਿਸਤਾਨ ਵਿਚ ਕਿਤਾਬ (ਪਹਿਲੋਂ) ਨਾ ਹੋਣ ਦਾ ਕਿੰਨਾ ਦੁੱਖ ਹੈ: "ਪੁਸਤਕ ਲਈ ਜੋ ਕੁਝ ਚਾਹੀਦਾ ਹੈ, ਸਾਡੇ ਕੋਲ ਸਭ ਕੁਝ ਸੀ। ਦਹਿਕਦਾ ਪਿਆਰ, ਬਹਾਦਰ ਸੂਰਮੇ, ਦੁਖਦਾਈ ਘਟਨਾਵਾਂ, ਕਠੋਰ ਕੁਦਰਤ, ਬਸ ਸਿਰਫ ਪੁਸਤਕ ਹੀ ਨਹੀਂ ਸੀ।" ਕਿਤਾਬ ਦੀ ਸੰਭਾਵਨਾ ਪੈਦਾ ਹੋਣ ਬਾਰੇ ਬੜੇ ਸ਼ੁਕਰਾਨੇ ਨਾਲ ਲਿਖਿਆ: "1921 ਵਿਚ ਦਾਗਿਸਤਾਨ ਦੇ ਵਫਦ ਨਾਲ ਗੱਲਬਾਤ ਕਰਨ ਮਗਰੋਂ ਲੈਨਿਨ ਨੇ ਸਾਡੇ ਪਹਾੜੀ ਪ੍ਰਦੇਸ਼ ਨੂੰ ਤਿੰਨ ਸਭ ਤੋਂ ਵੱਧ ਲਾਜ਼ਮੀ ਚੀਜ਼ਾਂ ਭੇਜੀਆਂ- ਅਨਾਜ, ਕੱਪੜਾ ਅਤੇ ਛਾਪੇਖਾਨੇ ਦੀ ਟਾਈਪ। ਘੋੜਾ ਤੇ ਖੰਜਰ ਦਾਗਿਸਤਾਨ ਕੋਲ ਸਨ। ਲੈਨਿਨ ਨੇ ਅਨਾਜ ਨਾਲ ਉਸ ਨੂੰ ਪੁਸਤਕ ਦਿੱਤੀ। ਅਕਤੂਬਰ ਇਨਕਲਾਬ ਨੇ ਦਾਗਿਸਤਾਨ ਦੇ ਪੰਘੂੜੇ ਦੀ ਚਿੰਤਾ ਕੀਤੀ। ਦਾਗਿਸਤਾਨ ਨੇ ਸਾਕਾਰ ਖੁਦ ਆਪਣੇ ਆਪ ਨੂੰ ਵੇਖਿਆ, ਆਪਣੇ ਅਤੀਤ ਅਤੇ ਭਵਿਖ ਨੂੰ ਵੇਖਿਆ ਅਤੇ ਉਸ ਨੇ ਆਪਣੇ ਬਾਰੇ ਖੁਦ ਲਿਖਣਾ ਸ਼ੁਰੂ ਕੀਤਾ।'

ਇਕ ਤਰ੍ਹਾਂ ਨਾਲ ਦਾਗਿਸਤਾਨ ਵਿਚ ਅੱਖਰ ਗਿਆਨ ਦਾ ਪਹੁੰਚਣਾ ਅਤੇ ਹਮਜ਼ਾਤੋਵ ਦਾ ਪੈਦਾ ਹੋਣਾ ਵਧੀਆ ਸੰਯੋਗ ਸੀ, ਕਿਉਂਕਿ ਉਸ ਨੇ ਹੀ ਵੱਡਾ ਹੋ ਕੇ ਦਾਗਿਸਤਾਨ ਦਾ ਪਹਿਲਾ ਸ਼ਾਹਕਾਰ ਸਾਹਿਤਕਾਰ ਬਣਨਾ ਸੀ। ਜੋ ਦਰਜਾ ਹੋਮਰ ਦਾ ਯੂਨਾਨ ਅਤੇ ਯੂਨਾਨੀ ਭਾਸ਼ਾ ਲਈ ਹੈ, ਕਾਲੀਦਾਸ ਦਾ ਭਾਰਤ ਲਈ, ਸ਼ੇਕਸਪੀਅਰ ਦਾ ਇੰਗਲੈਂਡ ਤੇ ਅੰਗਰੇਜ਼ੀ ਲਈ ਹੈ, ਉਹ ਰਸੂਲ ਹਮਜ਼ਾਤੋਵ ਦਾ ਦਾਗਿਸਤਾਨ ਅਤੇ ਅਵਾਰ ਭਾਸ਼ਾ ਲਈ ਹੈ। ਨਾ ਸਿਰਫ ਉਨ੍ਹਾਂ ਲਈ ਸਗੋਂ ਉਹ ਹੋਮਰ, ਕਾਲੀਦਾਸ ਜਾਂ ਸ਼ੇਕਸਪੀਅਰ ਵਾਂਗ ਸੰਸਾਰ ਦੇ ਮਹਾਨ ਸਾਹਿਤ ਦਾ ਹਿੱਸਾ ਬਣ ਚੁਕਾ ਹੈ। ਪਤਾ ਨਹੀਂ ਨੋਬੇਲ ਪੁਰਸਕਾਰ ਦੇਣ ਵਾਲਿਆਂ ਦਾ ਧਿਆਨ ਛੋਟੇ ਖੇਤਰ ਦੀ ਭਾਸ਼ਾ ਦੇ ਅਤਿ ਹੱਸਾਸ ਅਤੇ ਮਨੁੱਖੀ ਭਾਵਨਾਵਾਂ ਨਾਲ ਲਬਰੇਜ਼ ਇਸ ਲੇਖਕ ਅਤੇ ਉਸ ਦੀ ਰਚਨਾ ਵੱਲ ਅਜੇ ਤਕ ਕਿਉਂ ਨਹੀਂ ਗਿਆ? ਉਂਜ, ਵਿਸ਼ਵ ਦੇ ਕਈ ਮਹਾਨ ਲੇਖਕ ਗੋਰਕੀ ਜਾਂ ਟਾਲਸਟਾਇ ਵਾਂਗ ਨੋਬੇਲ ਇਨਾਮ ਨਾ ਮਿਲਣ ਦੇ ਬਾਵਜੂਦ ਸੰਸਾਰ ਸਾਹਿਤ ਵਿਚ ਆਪਣਾ ਸਨਮਾਨਯੋਗ ਥਾਂ ਰੱਖਦੇ ਹਨ ਅਤੇ ਅਵਾਰ ਭਾਸ਼ਾ ਦਾ ਲੋਕ-ਕਵੀ, ਕੋਈ ਸਾਹਿਤਕ ਇਨਾਮ ਮਿਲੇ ਜਾਂ ਨਾ ਮਿਲੇ, ਲੋਕ ਮਨਾਂ ਤੇ ਹੱਸਾਸ ਸਾਹਿਤ ਦੇ ਗੰਭੀਰ ਪਾਠਕਾਂ ਤੋਂ ਪਿਆਰ ਅਤੇ ਸਤਿਕਾਰ ਹਾਸਲ ਕਰਦਾ ਰਹੇਗਾ।



*ਰਸੂਲ ਹਮਜ਼ਾਤੋਵ ਦੇ ਮਾਣ ਵਿਚ ਜਾਰੀ ਡਾਕ ਟਿਕਟ।*

'ਮੇਰਾ ਦਾਗਿਸਤਾਨ' ਦੀ ਰਚਨਾ ਨਾਲ ਹਮਜ਼ਾਤੋਵ ਨੇ ਸੰਸਾਰ ਸਾਹਿਤ ਵਿਚ ਵਿਲੱਖਣ ਤਰ੍ਹਾਂ ਦੇ ਗੱਦ ਦੀ ਰਚਨਾ ਕੀਤੀ ਹੈ, ਜਿਸ ਦੀ ਹੋਰ ਕੋਈ ਮਿਸਾਲ ਸੰਸਾਰ ਦੀ ਕਿਸੇ ਵੀ ਭਾਸ਼ਾ ਦੇ ਸਾਹਿਤ ਵਿਚ ਸ਼ਾਇਦ ਹੀ ਮਿਲੇ। ਪਹਾੜੀਆਂ ਝਰਨਿਆਂ ਵਾਂਗ ਇਸ ਗੱਦ ਦੇ ਕੁਦਰਤੀ ਰੂਪ ਵਿਚ ਕਲ-ਕਲ ਕਰਦਾ ਵਹਾਅ ਹੈ, ਇਸ ਦੀ ਭਾਸ਼ਾ ਵੀ (ਹਾਲਾਂਕਿ ਇਹ ਕਿਤਾਬ ਸਾਡੇ ਕੋਲ ਦੂਜੀ ਤੀਜੀ ਭਾਸ਼ਾ ਰਾਹੀਂ ਹੀ ਪੁੱਜੀ ਹੈ) ਪਹਾੜੀ ਨਦੀ ਦੇ ਜਲ ਵਾਂਗ ਸਵੱਛ, ਠੰਢੀ ਤੇ ਪਿਆਰੀ ਛੋਹ ਦੇਣ ਵਾਲੀ ਹੈ। ਆਪਣੀ ਸਾਹਿਤਕ ਰਚਨਾ ਵਿਚ ਬਿਨਾਂ ਕਿਸੇ ਪਰੰਪਰਾ ਦੀ ਹੋਂਦ ਦੇ ਹਮਜ਼ਾਤੋਵ ਨੇ ਇੰਨੀ ਡੂੰਘਾਈ ਤੇ ਸੰਵੇਦਨਸ਼ੀਲਤਾ ਹਾਸਲ ਕਿਵੇਂ ਕਰ ਲਈ?



*ਸ਼ਾਹਕਾਰ ਰਚਨਾ 'ਮੇਰਾ ਦਾਗਿਸਤਾਨ' ਦਾ ਪੰਜਾਬੀ ਅਨੁਵਾਦ।*

ਹਮਜ਼ਾਤੋਵ ਨੇ ਆਪਣੇ ਗੱਦ ਵਿਚ ਅਜਿਹੀ ਰੁਮਾਂਚਿਤ ਕਾਵਿਕਤਾ ਦਾ ਸੁਮੇਲ ਕੀਤਾ ਹੈ ਕਿ ਭਾਵੇਂ ਉਸ ਦੀਆਂ ਗੱਲਾਂ ਵਿਚ ਕਿੰਨਾ ਕੀ ਦੁਹਰਾਅ ਕਿਉਂ ਨਾ ਜਾਪੇ, ਪੜ੍ਹਨ ਦਾ ਵਾਰ ਵਾਰ ਮਨ ਕਰਦਾ ਹੈ। 1975 'ਚ ਮੈਂ 'ਮੇਰਾ ਦਾਗਿਸਤਾਨ' ਦਾ ਪਹਿਲਾ ਭਾਗ ਪੜ੍ਹਿਆ ਸੀ ਅਤੇ ਲਗਦਾ ਸੀ ਕਿ 1998 ਵਿਚ ਦੂਜਾ ਭਾਗ ਪੜ੍ਹਦਿਆਂ ਸ਼ਾਇਦ ਉਹ ਸਵਾਦ ਨਾ ਆਵੇ। ਇਹ ਵੀ ਜਾਪਦਾ ਸੀ ਕਿ ਉਮਰ ਦੇ ਫਰਕ ਨਾਲ ਵੀ ਸ਼ਾਇਦ ਇਸ ਤਰ੍ਹਾਂ ਦੀਆਂ ਰੁਮਾਂਸ ਭਰਪੂਰ ਲਿਖਤਾਂ ਮਨ ਉਤੇ ਬਹੁਤਾ ਅਸਰ ਨਾ ਛੱਡ ਸਕਣ, ਪਰ ਨਹੀਂ; ਰਸੂਲ ਹਮਜ਼ਾਤੋਵ ਦੀ ਕਲਮ 'ਚ ਖਿੱਚ ਉਸੇ ਤਰ੍ਹਾਂ ਕਾਇਮ ਹੈ ਜੋ ਅਨੁਵਾਦ ਦੇ ਕੁਝ ਫਰਕ ਦੇ ਬਾਵਜੂਦ ਰਚਨਾ ਦੀ ਅੰਦਰਲੀ ਚੁੰਬਕੀ ਖਿੱਚ ਨਾਲ ਤੁਹਾਨੂੰ ਅਜੇ ਵੀ ਕੀਲ ਸਕਦੀ ਹੈ।

'ਮੇਰਾ ਦਾਗਿਸਤਾਨ-2' ਲਿਖਣ ਲਈ ਹਮਜ਼ਾਤੋਵ ਨੂੰ ਜੋ ਚੀਜ਼ਾਂ ਚਾਹੀਦੀਆਂ ਸਨ, ਉਹ ਮੇਜ਼ ਉਤੇ ਹਾਜ਼ਰ ਸਨ: ਕੋਰਾ ਕਾਗਜ਼, ਚੰਗੀ ਤਰ੍ਹਾਂ ਘੜੀ ਪੈਨਸਿਲ, ਮਾਂ ਦੀ ਫੋਟੋ, ਮੁਲਕ ਦਾ ਨਕਸ਼ਾ, ਦੁੱਧ ਤੋਂ ਬਿਨਾ ਤੇਜ਼ ਕਾਫੀ, ਉਚ ਕੋਟੀ ਦੀ ਦਾਗਿਸਤਾਨੀ ਬਰਾਂਡੀ ਅਤੇ ਸਿਗਰਟਾਂ ਦੀ ਡੱਬੀ। ਉਹ ਮਾਨਸਿਕ ਪੱਖੋਂ ਵੀ ਤਿਆਰ ਸੀ, ਕਿਉਂਕਿ ਹੋਮਰ ਤੋਂ ਲੈ ਕੇ ਰੂਸੀ, ਜਾਪਾਨੀ, ਚੀਨੀ, ਫਰਾਂਸੀਸੀ, ਜਰਮਨ, ਅੰਗਰੇਜ਼ੀ ਸਭ ਭਾਸ਼ਾਵਾਂ ਦਾ ਕਲਾਸਿਕ ਸਾਹਿਤ ਉਸ ਨੇ ਪੜ੍ਹਿਆ ਅਤੇ ਮਨ 'ਚ ਸਮੋਇਆ ਹੋਇਆ ਸੀ। ਦੁਨੀਆਂ ਭਰ ਦੇ ਯਾਤਰਾ-ਅਨੁਭਵ ਵੀ ਉਸ ਕੋਲ ਸਨ ਅਤੇ 'ਅੱਗ ਪਿਤਾ, ਪਾਣੀ ਮਾਂ' ਦੀ ਸੁਰਖੀ ਹੇਠ ਦੂਜੇ ਭਾਗ ਦੀ ਰਚਨਾ ਉਸੇ ਵਹਾਅ ਵਿਚ ਸ਼ੁਰੂ ਹੋ ਜਾਂਦੀ ਹੈ, ਜਿਸ ਵਿਚ ਪਹਿਲਾ ਭਾਗ ਲਿਖਿਆ ਗਿਆ ਸੀ। ਤੇ ਫਿਰ ਦਾਗਿਸਤਾਨ ਦਾ ਲੋਕ-ਸਭਿਆਚਾਰ, ਲੋਕ-ਕਥਾਵਾਂ, ਲੋਕ-ਗੀਤ, ਲੋਕ-ਕਿਰਦਾਰ, ਲੋਕ-ਸਿਆਣਪਾਂ, ਲੋਕ-ਸੂਰਮੇ, ਲੋਕ-ਯੁੱਧ, ਸਭ ਕੁਝ ਭਾਸ਼ਾ ਦੀ ਰਵਾਨੀ ਵਿਚ ਖੂਬਸੂਰਤ ਆਕਾਰ ਲੈ ਕੇ ਪੇਸ਼ ਹੁੰਦੇ ਤੇ ਵਹਾਅ ਵਿਚ ਚਲਦੇ ਰਹਿੰਦੇ ਹਨ। ਹਮਜ਼ਾਤੋਵ ਨੂੰ ਭਾਰਤ ਆ ਕੇ ਰੌਸ਼ਨੀਆਂ ਤੇ ਦੀਵਾਲੀ ਨੇ ਮੋਹਿਆ ਅਤੇ ਮਨ ਵਿਚ ਦਗਦਾ ਹੋਇਆ ਸਲਾਮ ਦਾ ਰੂਸੀ ਬਿੰਬ ਯਾਦ ਆਇਆ।

ਪੂਰੀ ਦੁਨੀਆਂ 'ਚ ਕੁਦਰਤ ਨਾਲ ਸਬੰਧਤ ਲੋਕ ਗੀਤ ਕਿੰਨੇ ਸਮਾਨ ਹਨ, ਇਹ ਦਾਗਿਸਤਾਨ ਦੇ ਵਰਖਾ ਸਬੰਧੀ ਗੀਤਾਂ ਅਤੇ ਭਾਰਤ ਦੇ ਸਮਾਨ ਹਨ, ਇਹ ਦਾਗਿਸਤਾਨ ਦੇ ਵਰਖਾ ਸਬੰਧੀ ਗੀਤਾਂ ਤੋਂ ਵੇਖਿਆ ਜਾ ਸਕਦਾ ਹੈ: ਉਨ੍ਹਾਂ ਦਾ 'ਅੱਲ੍ਹਾ ਅੱਲ੍ਹਾ ਛੇਤੀ ਛੇਤੀ ਬਾਰਿਸ਼ ਦੇ' ਅਤੇ ਸਾਡਾ 'ਅੱਲ੍ਹਾ ਮੇਘ ਦੇ ਮੌਲਾ ਮੇਘ ਦੇ।'

ਆਪਣੀ ਧਰਤੀ, ਆਪਣੇ ਲੋਕਾਂ ਨਾਲ ਪਿਆਰ ਕਰਨ ਵਾਲੇ ਲੇਖਕ ਕਾਫੀ ਹਨ, ਪਰ ਰਸੂਲ ਹਮਜ਼ਾਤੋਵ ਵਰਗਾ ਵਿਲੱਖਣ ਅੰਦਾਜ਼ ਸ਼ਾਇਦ ਕਿਸੇ ਹੋਰ ਕੋਲ ਨਹੀਂ। ਆਪਣੀ ਧਰਤੀ ਦੀ ਵਿਆਖਿਆ ਉਹ ਇੰਜ ਕਰਦਾ ਹੈ: 'ਦਾਗ ਦਾ ਅਰਥ ਹੈ ਪਰਬਤ ਤੇ ਸਤਾਨ ਦਾ ਅਰਥ ਹੈ ਮੁਲਕ। ਪਹਾੜੀ ਮੁਲਕ। ਮਾਣ-ਮੱਤਾ ਮੁਲਕ ਦਾਗਿਸਤਾਨ।' ਤੇ ਇਸੇ ਨੂੰ ਕਾਵਿਕ ਰੂਪ ਦਿੱਤਾ ਹੈ:

ਅੱਖਰ ਜੋੜ ਕੇ ਜਿੱਦਾਂ
ਪੜ੍ਹਦਾ ਏ ਬਾਲ
ਉਸੇ ਤਰ੍ਹਾਂ ਹੀ ਮੈਂ ਦੁਹਰਾਵਾਂ
ਕਹਿੰਦਿਆਂ ਕਦੇ ਨਾ ਥੱਕਾਂ
ਦਾਗਿਸਤਾਨ, ਦਾਗਿਸਤਾਨ।

ਤਾਲਸਟਾਇ, ਲਰਮਨਤੋਵ, ਆਦਿ ਪ੍ਰਸਿੱਧ ਰੂਸੀ ਲੇਖਕਾਂ ਦੀਆਂ ਰਚਨਾਵਾਂ ਵਿਚ ਦਾਗਿਸਤਾਨ ਕਿਰਦਾਰ ਰਚੇ ਗਏ ਹਨ। ਹਮਜ਼ਾਤੋਵ ਨੂੰ ਆਪਣੀ ਧਰਤੀ, ਆਪਣੇ ਮੁਲਕ ਨਾਲ ਪਿਆਰ ਹੈ ਪਰ ਮੂਲਵਾਦੀਆਂ ਵਾਂਗ ਕਿਸੇ ਨਾਲ ਨਫਰਤ ਕਰ ਕੇ ਨਹੀਂ:

ਸਭ ਮੁਲਕ ਦੁਨੀਆਂ ਦੇ ਚੰਗੇ,
ਸੋਹਣੇ ਮੁਲਕ ਬਥੇਰੇ।
ਦਾਗਿਸਤਾਨ ਪਿਆਰਾ ਮੈਨੂੰ,
ਉਕਰਿਆ ਦਿਲ 'ਤੇ ਮੇਰੇ।

ਹਮਜ਼ਾਤੋਵ ਜਿਹੀ ਰੂਹ ਪੰਜਾਬ ਵਿਚ ਪ੍ਰੋ. ਪੂਰਨ ਸਿੰਘ ਦੀਆਂ ਕਵਿਤਾਵਾਂ ਨਾਲ ਮਿਲਦੀ ਹੈ।


ਅਵਾਰ ਭਾਸ਼ਾ 'ਚ ਇਨਸਾਨ ਤੇ ਆਜ਼ਾਦੀ, ਦੋਵਾਂ ਲਈ ਇਕੋ ਹੀ ਸ਼ਬਦ ਹੈ, ਅਰਥਾਤ ਇਨਸਾਨ ਹੈ ਤਾਂ ਉਹ ਆਜ਼ਾਦ ਵੀ ਹੋਵੇਗਾ ਹੀ। ਤੇ ਦਾਗਿਸਤਾਨ ਦਾ ਮਨਪਸੰਦ ਪੰਛੀ ਹੈ ਉਕਾਬ; ਸ਼ਾਨ ਨਾਲ, ਆਜ਼ਾਦੀ ਨਾਲ ਉਡਣ ਵਾਲਾ ਪੰਛੀ।

'ਮੇਰਾ ਦਾਗਿਸਤਾਨ' ਉਸ ਮੁਲਕ ਦਾ ਸਿਰਜਣਾਤਮਕ ਅੰਦਾਜ਼ ਵਿਚ ਰਚਿਆ ਇਤਿਹਾਸ ਵੀ ਹੈ ਅਤੇ ਕਵਿਤਾਵਾਂ ਤੇ ਗੱਦ ਕਵਿਤਾ ਵਿਚ ਰਚਿਆ ਸਾਹਿਤ ਦਾ ਅਮੁੱਲ ਖਜ਼ਾਨਾ ਵੀ। ਇਹ ਇਨਸਾਨੀ ਬਹਾਦਰੀ, ਆਣ, ਬਾਣ, ਸ਼ਾਨ, ਆਜ਼ਾਦੀ ਦੀ ਗਾਥਾ ਵੀ ਹੈ ਅਤੇ ਗਿਆਨ ਦਾ ਚਾਨਣ ਮੁਨਾਰਾ ਵੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਦਸੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-357



*ਪੈਦਲ ਸਫਰ ਤੇ ਰਾਹ ਵਿਚ ਅਰਾਮ ਕਰਨਾ,*
*ਰਹਿ ਗਏ ਵੇਰਵੇ ਵਿਚ ਕਹਾਣੀਆਂ ਦੇ।*
*ਥੜ੍ਹੇ ਹੁੰਦੇ ਸੀ ਪਿੱਪਲ ਜਾਂ ਬੋਹੜ ਥੱਲੇ,*
*ਪੌ ਹੁੰਦੇ ਸੀ ਕਦੇ ਠੰਢੇ-ਠਾਰ ਪਾਣੀਆਂ ਦੇ।*

## ਕੈਪਸ਼ਨ ਮੁਕਾਬਲਾ-355



ਪੱਠਿਆਂ ਦਾ ਆ ਗਿਆ ਤੋੜਾ
ਤੂੜੀ ਲੈਣ ਲਈ ਚੱਲੇ।
ਬੋਰੀਆਂ ਦੇ ਬੰਨ ਲਏ ਪੱਲੜ
ਟਰਾਲੀ ਨੂੰ ਉਪਰ-ਥੱਲੇ।
ਭੰਨ ਕੇ ਲੱਦਿਆ ਸਾਰਾ ਕੁੱਪ
ਤੋਅ ਤੋਅ ਚੌੜਾ ਕੀਤਾ।
ਸਿਖਰ ਬਿਠਾਏ ਕਾਮੇ ਸਾਰੇ
ਕਾਨੂੰਨ ਕੀਤਾ ਫੀਤਾ ਫੀਤਾ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਲਕਾ-ਤੁਕਾ ਸਭ ਨਾਲ ਲੈ ਲਿਆ
ਲੋੜ ਨਹੀਂ ਕੋਈ ਡਰਨੇ ਦੀ।
ਅਸਾਂ ਤਾਂ ਕੀਤੀ ਫੁੱਲ ਤਿਆਰੀ
ਸੜਕ 'ਤੇ ਕਬਜ਼ਾ ਕਰਨੇ ਦੀ।
ਲੰਘਣ ਵਾਲੇ ਦੀ ਆਪਣੀ ਮਰਜੀ
ਜਿਉਣੇ ਦੀ ਜਾਂ ਮਰਨੇ ਦੀ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਟਾਂਗਰ ਨੂੰ ਕਹਿੰਦੇ ਅੱਗ ਨਹੀਂ ਲਾਉਣੀ
ਹੋ ਗਏ ਨੇ ਹੁਕਮ ਸਰਕਾਰੀ।
ਰਹਿੰਦ ਖੂਹੰਦ ਦੀ ਤੂੜੀ ਬਣਾ ਕੇ
ਵੇਚਣ ਚੱਲਿਆ 'ਜੱਟ ਵਪਾਰੀ।'
ਲਤੜ ਲਤੜ ਕੇ ਭਰੀ ਟਰਾਲੀ
ਰੋਕੀ ਜਾਵੇ ਸੜਕ ਉਹ ਸਾਰੀ।
ਅੱਗੋਂ ਪਿੱਛੋਂ ਕੋਈ ਲੰਘ ਨਹੀਂ ਸਕਦਾ
ਦੁਰਘਟਨਾ ਹੋ ਸਕਦੀ ਹੈ ਭਾਰੀ।
*-ਗੁਰਦੇਵ ਸਿੰਘ ਚਪਾਲੀ, ਬਠਿੰਡਾ*
*ਫੋਨ: 91-94176-49275*

---


ਲਾਇਸੈਂਸ, ਕਾਨੂੰਨ ਨਾ ਕੋਈ ਰੋਕ
ਜੀ. ਟੀ. ਰੋਡ 'ਤੇ ਭੱਜਣ ਬੇ-ਟੋਕ।
ਕੋਠਾ ਭਰ ਕੇ ਲੱਦ ਲੈਂਦੇ ਨੇ
ਦਸ-ਬਾਰਾਂ ਜਣੇ ਬਹਿ ਜਾਂਦੇ ਨੇ।
ਸੰਜਮ, ਸੰਤੋਖ ਦਾ ਛੱਡਦੇ ਪੱਲਾ
ਰਸਤੇ ਵਿਚ ਹੀ ਰਹਿ ਜਾਂਦੇ ਨੇ।
*-ਦਵਿੰਦਰ ਕੌਰ*

---

ਖੇਤਾਂ ਦਾ ਤਾਂ ਬਾਦਸ਼ਾਹ ਹੈ ਹੀ
ਸੜਕ 'ਤੇ ਵੀ ਬਣ ਬੈਠਾ
ਟਰੈਕਟਰ ਉਤੇ ਬਾਦਸ਼ਾਹ।
ਪੂਰੀ ਜਿਣਸ ਲੱਦੀ ਟਰੈਕਟਰ ਮਗਰ
ਚਾੜ੍ਹ ਕੰਮੀ ਵੀ ਬਿਠਾ ਲਏ ਸਿਖਰ
ਕੁਝ ਆਲੇ-ਦੁਆਲੇ ਬਿਠਾ ਲਏ।
ਘੇਰ ਸੜਕ ਸਾਰੀ
ਉਡਾ ਧੱਜੀਆਂ ਕਾਨੂੰਨ ਦੀਆਂ
ਤੰਗ ਕਰ ਦਿੱਤਾ ਹੋਰਾਂ ਨੂੰ
ਕਿੰਨਾ ਜੋਖਮ ਹੈ ਲੈ ਰਿਹਾ
ਆਪ ਤਾਂ ਮਰਨਾ ਹੀ
ਹੋਰਾਂ ਨੂੰ ਵੀ ਮਾਰੇਗਾ,
ਫਿਰ ਵੀ ਜਾਊ ਸਿੱਧਾ
ਮਜਾਲ ਕਿ ਕੋਈ ਨੇੜੇ ਖੰਘ ਵੀ ਜਾਵੇ।
ਜ਼ਿੰਦਗੀ ਹੈ ਬੜੀ ਵਡਮੁੱਲੀ
ਨਾ ਗੁਆਓ ਜਾਨਾਂ ਹਾਦਸਿਆਂ 'ਚ।
*-ਦਰਸ਼ਨਪਾਲ ਦੋਸਾਂਝ*

# ਸਿੱਖ ਸਿਆਸਤ ਅਤੇ ਬੁੱਧੀਜੀਵੀ ਮਧਾਣੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com



ਸੈਮੀਨਾਰ ਵਿਚ ਹਾਜ਼ਰ ਬੀਰ ਦਵਿੰਦਰ ਸਿੰਘ (ਖੱਬਿਓਂ ਦੂਜੇ) ਅਤੇ ਹੋਰ ਵਿਦਵਾਨ

ਇੰਸਟੀਚਿਊਟ ਆਫ ਸਿੱਖ ਸਟੱਡੀਜ਼, ਚੰਡੀਗੜ੍ਹ ਵਲੋਂ ਕਰਵਾਏ ਗਏ ਦੋ ਰੋਜ਼ਾ ਸੈਮੀਨਾਰ ਦੌਰਾਨ ਉਥੇ ਸਿੱਖ ਬੁੱਧੀਜੀਵੀਆਂ ਨੇ ਸੰਕਟ-ਗ੍ਰਸਤ ਸਿੱਖ ਸਮਾਜ ਦੀ ਵਰਤਮਾਨ ਸਥਿਤੀ ਬਾਰੇ ਨਿੱਠ ਕੇ ਵਿਚਾਰ-ਵਟਾਂਦਰਾ ਕੀਤਾ। ਪੰਜਾਬ ਤੇ ਸਿੱਖ ਸਮਾਜ ਵਿਚ ਪੈਦਾ ਹੋਈਆਂ ਸਾਰੀਆਂ ਆਰਥਕ, ਸਮਾਜਕ ਤੇ ਧਾਰਮਕ ਸਮੱਸਿਆਵਾਂ ਲਈ ਇੱਕੋ ਪਰਿਵਾਰ ਦੇ ਕਬਜ਼ੇ ਵਾਲੀ ਅਤੇ ਰਾਸ਼ਟਰੀਆ ਸਵੈਮ ਸੇਵਕ ਸੰਘ ਤੇ ਭਾਰਤੀ ਜਨਤਾ ਪਾਰਟੀ ਦੀ ਕਠਪੁਤਲੀ ਅਕਾਲੀ ਲੀਡਰਸ਼ਿਪ ਨੂੰ ਦੋਸ਼ੀ ਠਹਿਰਾਇਆ ਗਿਆ।

ਸੈਮੀਨਾਰ ਵਿਚ ਮੌਕਾਪ੍ਰਸਤ ਲੀਡਰਸ਼ਿਪ ਉਤੇ ਪੰਜਾਬ ਵਰਗੇ ਖੇਤੀਬਾੜੀ ਪ੍ਰਧਾਨ ਸੂਬੇ ਲਈ ਬਿਲਡਰ ਲੌਬੀ ਨਾਲ ਮਿਲੀਭੁਗਤ ਕਰਕੇ ਅੰਨੇਵਾਹ ਸ਼ਹਿਰੀਕਰਨ ਦਾ ਵਿਕਾਸ ਮਾਡਲ ਚੁਣਨ, ਪੜ੍ਹੀ-ਲਿਖੀ ਸਿੱਖ ਨੌਜੁਆਨ ਪੀੜ੍ਹੀ ਦੇ ਰੋਜ਼ਗਾਰ ਮੌਕੇ ਖਤਮ ਕਰਨ, ਨਿੱਜੀ ਸਿਆਸੀ ਮੁਫਾਦ ਲਈ ਸਿੱਖ ਗੁਰਦੁਆਰਿਆਂ ਦੇ ਧਨ ਅਤੇ ਸਾਧਨਾਂ ਦੀ ਦੁਰਵਰਤੋਂ ਕਰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਸਿਆਸੀਕਰਨ, ਸਿੱਖ ਤਖਤਾਂ ਉਤੇ ਕਠਪੁਤਲੀ ਜਥੇਦਾਰਾਂ ਦੀਆਂ ਨਿਯੁਕਤੀਆਂ ਕਰਨ, ਪੰਥ ਵਿਰੋਧੀ ਤੇ ਤਨਖਾਹੀਆ ਕਰਾਰ ਦਿੱਤੇ ਗਏ ਡੇਰਾ ਮੁਖੀ ਨੂੰ ਸ਼ਹਿ ਦੇਣ ਅਤੇ ਉਸ ਦੇ ਕਾਰਕੁਨਾਂ ਵਲੋਂ ਪਾਵਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਨਜ਼ਰਅੰਦਾਜ਼ ਕਰਨ, ਨਸ਼ੇ ਬਣਾਉਣ ਤੇ ਵੇਚਣ, ਸਰਕਾਰੀ ਬੱਸ ਸੇਵਾ ਤਬਾਹ ਕਰਕੇ ਨਿੱਜੀ ਏ. ਸੀ. ਬੱਸਾਂ ਚਲਾਉਣ, ਸਜ਼ਾ ਭੁਗਤ ਚੁਕੇ ਸਿੱਖ ਨੌਜੁਆਨਾਂ ਦੀ ਰਿਹਾਈ ਦੀ ਮੰਗ ਨਾ ਮੰਨਵਾਉਣ ਅਤੇ ਪੰਜਾਬ ਨੂੰ ਲੰਬੇ ਸਮੇਂ ਤੱਕ ਨਾ ਉਤਰਨ ਵਾਲੇ ਕਰਜ਼ੇ ਵਿਚ ਧੱਕਣ ਦੇ ਦੋਸ਼ ਵੀ ਲਾਏ ਗਏ।

ਸਿੱਖ ਸਮਾਜ ਨੂੰ ਅਜਿਹੀ ਲੀਡਰਸ਼ਿਪ ਤੋਂ ਛੁਟਕਾਰਾ ਪਾਉਣ ਦੀ ਅਪੀਲ ਕਰਨਾ ਇਸ ਰਿੜਕਣ ਦਾ ਨਿਚੋੜ ਹੋ ਕੇ ਨਿੱਤਰਿਆ। ਇਨ੍ਹਾਂ ਬੁੱਧੀਜੀਵੀਆਂ ਵਿਚ ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਕੇ. ਸੀ. ਸਿੰਘ, ਹਰਮਨ ਪਿਆਰਾ ਕਵੀ ਸੁਰਜੀਤ ਪਾਤਰ, ਸੇਵਾ ਮੁਕਤ ਆਈ. ਏ. ਐਸ. ਅਧਿਕਾਰੀ ਤੇ ਖੋਜੀ ਗੁਰਜੀਤ ਸਿੰਘ ਚੀਮਾ, ਢੁੱਡੀਕੇ ਵਾਲਾ ਚਿੰਤਕ ਸੁਮੇਲ ਸਿੰਘ, ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਹੀ ਨਹੀਂ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਅੰਤਰਰਾਸ਼ਟਰੀ ਵਿਸ਼ਲੇਸ਼ਕ ਡਾ. ਸਵਰਾਜ ਸਿੰਘ, ਪੰਜਾਬ ਦੇ ਸਾਬਕਾ ਇਨਫਰਮੇਸ਼ਨ ਕਮਿਸ਼ਨਰ ਪੀ. ਪੀ. ਐਸ. ਗਿੱਲ, ਭਾਈ ਅਸ਼ੋਕ ਸਿੰਘ ਬਾਗੜੀਆਂ, ਡਾ. ਬਲਕਾਰ ਸਿੰਘ ਤੇ ਸੈਮੀਨਾਰ ਰਚਾਉਣ ਵਾਲੀ ਸੰਸਥਾ ਦਾ ਪ੍ਰਧਾਨ ਪ੍ਰੋਫੈਸਰ ਕੁਲਵੰਤ ਸਿੰਘ ਵੀ ਸ਼ਾਮਲ ਸਨ।

ਸੈਮੀਨਾਰ ਦਾ ਤੋੜਾ ਇਸ ਧਾਰਨਾ ਉਤੇ ਟੁੱਟਾ ਕਿ ਸਿੱਖ ਸੰਸਥਾਵਾਂ ਤੇ ਗੁਰਧਾਮਾਂ ਨੂੰ ਨਿੱਜੀ ਸਵਾਰਥਾਂ ਲਈ ਵਰਤਣ ਵਿਰੁਧ ਸੁੱਚੀ ਤੇ ਸਾਰਥਕ ਆਵਾਜ਼ ਬੁਲੰਦ ਕੀਤੀ ਜਾਵੇ ਅਤੇ ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ ਵਿਚ ਹੋ ਰਹੀ ਸਿਆਸੀ ਦਖਲਅੰਦਾਜ਼ੀ ਨੂੰ ਨਕੇਲ ਪਾਈ ਜਾਵੇ। ਇਹ ਵੀ ਕਿ ਇਸ ਲੀਡਰਸ਼ਿਪ ਨੇ ਸਿੱਖ ਸਿਆਸਤ ਨੂੰ ਨਿੱਜੀ ਵਪਾਰਕ ਮੁਫਾਦ ਲਈ ਵਰਤ ਕੇ ਅਤੇ ਕੇਂਦਰ ਸਰਕਾਰ 'ਤੇ ਕਾਬਜ਼ ਹਿੰਦੁਤਵਵਾਦੀ ਭਾਜਪਾ ਸਰਕਾਰ ਦੀ ਕਠਪੁਤਲੀ ਬਣ ਕੇ ਬਹੁਤ ਹੀ ਬੇਅਦਬੀ ਦੀਆਂ ਦੁਖਦਾਈ ਘਟਨਾਵਾਂ ਵਲੋਂ ਅੱਖਾਂ ਮੀਚ ਕੇ ਸਿੱਖ ਕੌਮ ਨੂੰ ਵਿਸ਼ਵ ਭਰ ਵਿਚ ਮਖੌਲੀਆ ਰੰਗਮੰਚ ਵਿਚ ਬਦਲ ਕੇ ਰੱਖ ਦਿੱਤਾ। ਉਹਦੇ ਬਾਰੇ ਵੱਡੀ ਮੁਹਿੰਮ ਚਲਾਉਣ ਲਈ ਦਰਪੇਸ਼ ਚੁਣੌਤੀਆਂ ਦੀ ਸੂਚੀ ਬਣਾ ਕੇ ਸਰਬ ਸੰਮਤੀ ਦੇ ਆਧਾਰ 'ਤੇ ਸੁਝਾਏ ਹੱਲ ਤਿਆਰ ਕਰਨ ਲਈ ਇਸੇ ਤਰ੍ਹਾਂ ਦੇ ਹੋਰ ਸੈਮੀਨਾਰ ਕਰਵਾਏ ਜਾਣ ਤਾਂ ਕਿ ਇਹ ਵਾਲੀ ਸੋਚ ਮਸਲੇ ਗਿਣੇ ਜਾਣ ਤੱਕ ਹੀ ਸੀਮਤ ਹੋ ਕੇ ਨਾ ਰਹਿ ਜਾਵੇ।

ਅਮਰੀਕਾ ਤੋਂ ਪਹੁੰਚੇ ਚਿੰਤਕ ਗੁਰਿੰਦਰ ਸਿੰਘ ਮਾਨ ਨੇ ਖਾਲਿਸਤਾਨੀ ਧਾਰਨਾ ਬਾਰੇ ਆਪਣਾ ਨੁਕਤਾ ਸਪਸ਼ਟ ਕਰਨ ਲਈ ਸੁਰਜੀਤ ਪਾਤਰ ਦੇ ਹੇਠ ਲਿਖੇ ਸ਼ਬਦਾਂ ਦੀ ਮਦਦ ਲਈ,

ਮੈਂ ਕਦ ਕਹਿਨੈ ਇਨਸਾਫ ਨਾ ਮੰਗ
ਤੇ ਆਪਣੇ ਹੱਕ ਲਈ ਛੇੜ ਨਾ ਜੰਗ
ਪਰ ਕਟਦੈਂ ਕਿਉਂ ਆਪਣੇ ਹੀ ਅੰਗ
ਇਉਂ ਖੰਭਾਂ ਦੀ ਤੌਹੀਨ ਨਾ ਕਰ
ਇਹ ਛੋਟੀ ਬਹੁਤ ਉਡਾਰੀ ਹੈ।

ਖੇਤੀ ਯੂਨੀਵਰਸਿਟੀ, ਲੁਧਿਆਣਾ ਤੋਂ ਆਏ ਸਰਬਜੀਤ ਸਿੰਘ ਨੇ ਕਿਸਾਨੀ ਨੂੰ ਕਰਜ਼ਾ ਮੁਕਤ ਕਰਨ ਲਈ ਨਵਾਂ ਹੋਕਾ ਦਿੱਤਾ,

ਸਾਦੇ ਵਿਆਹ ਤੇ ਸਾਦੇ ਭੋਗ
ਨਾ ਕੋਈ ਚਿੰਤਾ ਨਾ ਹੀ ਰੋਗ।

**ਸ਼੍ਰੋਮਣੀ ਅਕਾਲੀ ਦਲ ਡਾਂਵਾਂਡੋਲ:** ਇਹ ਵੀ ਸਬੱਬ ਹੀ ਹੈ ਕਿ ਜਦੋਂ ਦੇਸ਼-ਵਿਦੇਸ਼ ਦੇ ਬੁੱਧੀਜੀਵੀ ਉਕਤ ਵਿਚਾਰ ਪੇਸ਼ ਕਰ ਰਹੇ ਸਨ ਤਾਂ ਅਕਾਲੀ ਦਲ ਵਿਚੋਂ ਕੱਢੇ ਗਏ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਨਵਾਂ ਅਕਾਲੀ ਦਲ ਬਣਾਉਣ ਦੀ ਸੋਚ ਰਹੇ ਸਨ। ਉਨ੍ਹਾਂ ਦਾ ਮੱਤ ਹੈ ਕਿ ਜਿੰਨਾ ਚਿਰ ਅਕਾਲੀ ਦਲ ਨੂੰ ਇਕ ਹੀ ਪਰਿਵਾਰ ਦੀ ਚੁੰਗਲ ਵਿਚੋਂ ਕੱਢ ਕੇ ਸੌ ਸਾਲ ਪਹਿਲਾਂ ਵਾਲੀ ਗੁਰਦੁਆਰਾ ਸੁਧਾਰ ਲਹਿਰ ਦੀਆਂ ਲੀਹਾਂ ਉਤੇ ਨਹੀਂ ਤੋਰਿਆ ਜਾਂਦਾ, ਸਿੱਖ ਸਮਾਜ ਦਾ ਸਹੀ ਵਿਕਾਸ ਹੋਣਾ ਅਸੰਭਵ ਹੈ। ਉਨ੍ਹਾਂ ਨੇ ਨਵੀਂ ਧਾਰਨਾ ਉਤੇ ਮੋਹਰ ਲਾਉਣ ਲਈ ਸਵਰਗਵਾਸੀ ਪੰਥਕ ਨੇਤਾਵਾਂ ਦਾ ਹਵਾਲਾ ਵੀ ਦਿੱਤਾ, ਖਾਸ ਕਰਕੇ ਬਾਬਾ ਖੜਕ ਸਿੰਘ, ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਦਾ।

ਇਹ ਵੀ ਸਬੱਬ ਹੀ ਸਮਝੋ ਕਿ ਜਿਸ ਵੇਲੇ ਟਕਸਾਲੀ ਆਗੂ ਇਨ੍ਹਾਂ ਮਹਾਰਥੀਆਂ ਦੀ ਸ਼ਰਨ ਲੈ ਰਹੇ ਸਨ, ਉਕਤ ਸੈਮੀਨਾਰ ਦਾ ਬੁਲਾਰਾ ਸੁਮੇਲ ਸਿੰਘ ਸਿੱਧੂ ਆਪਣੇ ਸਰੋਤਿਆਂ ਨੂੰ ਤੇਜਾ ਸਿੰਘ ਸਮੁੰਦਰੀ ਦੇ ਬੋਲ ਚੇਤੇ ਕਰਵਾ ਰਿਹਾ ਸੀ। ਤੇਜਾ ਸਿੰਘ ਸਮੁੰਦਰੀ ਨੇ ਕਿਹਾ ਸੀ ਕਿ ਆਪਾਂ ਨੇ ਗੁਰਦੁਆਰੇ ਤਾਂ ਆਜ਼ਾਦ ਕਰਵਾ ਲਏ ਪਰ ਬਹੁਤ ਵੱਡੇ ਗੁਰਦੁਆਰੇ ਦੇ ਦੁੱਖ ਦਰਦ ਹਾਲੀ ਸੁਣਨੇ ਹਨ। ਵੱਡੇ ਗੁਰਦੁਆਰੇ ਤੋਂ ਉਨ੍ਹਾਂ ਦੀ ਮੁਰਾਦ ਹਿੰਦੁਸਤਾਨ ਸੀ, ਜਿਸ ਦੇ ਹੁਣ ਤਿੰਨ ਟੁਕੜੇ ਹੋ ਚੁਕੇ ਹਨ। ਸਿੱਖ ਸਮਾਜ ਅੱਗੇ ਤੋਂ ਕੀ ਭੂਮਿਕਾ ਨਿਭਾਉਂਦਾ ਹੈ, ਸਮਾਂ ਦੱਸੇਗਾ ਤੇ ਦੇਖੇਗਾ ਵੀ।

**ਭਾਈ ਵੀਰ ਸਿੰਘ, ਕੰਵਲ ਤੇ ਮੋਹਨਜੀਤ:** ਵੱਖ ਵੱਖ ਪੀੜ੍ਹੀਆਂ ਦੇ ਸਾਹਿਤਕਾਰਾਂ ਨੂੰ ਇਕ ਹੀ ਧਾਗੇ ਵਿਚ ਪਰੋਣਾ ਬਣਦਾ ਤਾਂ ਨਹੀਂ, ਕਰਨਾ ਪੈ ਗਿਆ ਹੈ। ਇਸ ਵਰ੍ਹੇ ਦਾ ਸਾਹਿਤ ਅਕਾਡਮੀ ਪੁਰਸਕਾਰ ਮੋਹਨਜੀਤ ਦੀ ਮਹਾਕਾਵਿਕ ਰਚਨਾ 'ਕੋਣੇ ਦਾ ਸੂਰਜ' ਨੂੰ ਮਿਲਿਆ ਹੈ। ਇਹ ਪੁਰਸਕਾਰ ਭਾਈ ਵੀਰ ਸਿੰਘ



ਡਾ. ਮੋਹਨਜੀਤ

ਨੂੰ ਉਨ੍ਹਾਂ ਦੀ ਰਚਨਾ 'ਮੇਰੇ ਸਾਈਆਂ ਜੀਓ' ਉਤੇ 1953 ਵਿਚ ਮਿਲਿਆ ਸੀ ਤੇ ਜਸਵੰਤ ਸਿੰਘ ਕੰਵਲ ਨੂੰ ਉਨ੍ਹਾਂ ਦੀ ਰਚਨਾ 'ਤੌਸ਼ਾਲੀ ਦੀ ਹੰਸੋ' ਉਤੇ 1997 ਵਿਚ ਮਿਲਿਆ ਸੀ। ਮੋਹਨਜੀਤ 80 ਵਰ੍ਹੇ ਦੀ ਉਮਰ ਵਿਚ ਸਨਮਾਨਿਆ ਗਿਆ, ਜਸਵੰਤ ਸਿੰਘ ਕੰਵਲ 78 ਵਰ੍ਹੇ ਤੇ ਭਾਈ ਵੀਰ ਸਿੰਘ 85 ਵਰ੍ਹੇ ਦੀ ਉਮਰ ਵਿਚ। ਪੰਜਾਬੀ ਸਾਹਿਤ ਵਿਚ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੀ ਭਾਈ ਵੀਰ ਸਿੰਘ ਸਭ ਤੋਂ ਪਹਿਲੀ ਹਸਤੀ ਸਨ ਤੇ ਮੋਹਨਜੀਤ ਅੱਜ ਦੇ ਦਿਨ ਆਖਰੀ ਵਿਅਕਤੀ ਹੈ। ਕਾਰਨ ਕੋਈ ਵੀ ਹੋਵੇ ਮੋਹਨਜੀਤ ਉਪਰਲੇ ਤਿੰਨਾਂ ਵਿਚ ਆ ਗਿਆ ਹੈ। ਮੁਬਾਰਕਾਂ!

**ਅੰਤਿਕਾ: ਰਮਨ ਸੰਧੂ**

ਬੇਸ਼ਕ ਜਰਜਰ ਹਾਂ ਮੈਂ ਲੇਕਿਨ
ਨਜ਼ਰ ਅੰਦਾਜ਼ ਨਾ ਕਰਨਾ
ਕਿ ਆਪਣੇ ਆਪ ਵਿਚ ਖੰਡਰ
ਬੜੇ ਇਤਿਹਾਸ ਰਖਦਾ ਹੈ।

## 'ਕੋਣੇ ਦਾ ਸੂਰਜ'

ਸੰਪਾਦਕ ਜੀ!

'ਪੰਜਾਬ ਟਾਈਮਜ਼' ਰਾਹੀਂ (15 ਦਸੰਬਰ 2018 ਦੇ ਅੰਕ) ਮੋਹਨਜੀਤ ਦੀ ਕਿਤਾਬ 'ਕੋਣੇ ਦਾ ਸੂਰਜ', ਜਿਸ ਨੂੰ ਇਸ ਵਾਰ ਦਾ ਭਾਰਤੀ ਸਾਹਿਤ ਅਕੈਡਮੀ ਦਾ ਐਵਾਰਡ ਮਿਲਿਆ ਹੈ, ਬਾਰੇ ਸੁਰਿੰਦਰ ਸੋਹਲ ਦਾ ਲੇਖ ਪਾਠਕਾਂ ਤੱਕ ਪਹੁੰਚਾਉਣ ਲਈ ਤੁਸੀਂ ਵਧਾਈ ਦੇ ਪਾਤਰ ਹੋ।

ਬੜੀਆਂ ਘੱਟ ਕਲਮਾਂ ਅਜਿਹੀਆਂ ਹੁੰਦੀਆਂ ਹਨ ਜੋ ਦਿਲ ਤੇ ਮਨ ਦੀਆਂ ਭਾਵਨਾਵਾਂ ਨੂੰ ਇਕੋ ਸਮੇਂ, ਇਕੋ ਜਿੰਨੀ ਸ਼ਿੱਦਤ ਨਾਲ ਪੇਸ਼ ਕਰਨ ਦੇ ਸਮਰੱਥ ਹੁੰਦੀਆਂ ਹਨ। ਨਾਲ ਦੀ ਨਾਲ ਜੇ ਉਹ ਵਕਤ ਦਾ ਯਥਾਰਥ ਵੀ ਫੜ ਸਕਣ, ਫੇਰ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਖੁਸ਼ਕਿਸਮਤੀ ਹੈ ਕਿ ਮੋਹਨਜੀਤ ਸਾਡੇ ਉਨ੍ਹਾਂ ਚੰਦ ਕੁ ਸ਼ਾਇਰਾਂ 'ਚੋਂ ਇਕ ਹੈ।

ਭਾਵੇਂ ਇਨਾਮ ਬਹੁਤ ਪਛੜ ਕੇ ਮਿਲਿਆ ਹੈ, ਫਿਰ ਵੀ ਅਸੀਂ ਅਕੈਡਮੀ ਨੂੰ ਵੀ ਇਸ ਗੱਲ ਦੀ ਵਧਾਈ ਦਿੰਦੇ ਹਾਂ। ਉੜੀਸਾ ਦੇ ਸ਼ਹਿਰ ਕੋਣਾਰਕ ਵਿਚ ਬੰਗਾਲ ਦੀ ਖਾੜੀ ਕੰਢੇ ਬਣੇ ਇਸ 'ਸੂਰਜ ਮੰਦਿਰ' ਦੀ ਕਹਾਣੀ ਵੀ ਬਹੁਤ ਹੀ ਦਿਲਚਸਪ ਅਤੇ ਮਨੁੱਖੀ ਮਨ 'ਚੋਂ ਨਿਕਲਦੀ ਕੋਹਾਂ ਲੰਮੀ ਹੂਕ ਵਰਗੀ ਹੈ, ਜਿਸ ਦਾ ਲਿਖਾਰੀ ਨੇ ਬਾਖੂਬੀ ਵਰਣਨ ਕੀਤਾ ਹੈ।

ਕਵੀ ਨੇ ਖੁਦ ਓਥੇ ਜਾ ਕੇ ਮੰਦਿਰ ਦੇਖਿਆ। ਇਸ ਦਾ ਪਿਛੋਕੜ ਜਾਣਿਆ। ਦੰਤ-ਕਥਾਵਾਂ ਸੁਣੀਆਂ। ਇਹ ਲੰਮੀ ਕਵਿਤਾ ਲਿਖਣ ਤੋਂ ਪਹਿਲਾਂ ਉਸ ਮੰਦਿਰ ਨਾਲ ਸਬੰਧਤ ਸਾਹਿਤ ਵੀ ਪੜ੍ਹਿਆ ਅਤੇ ਫਿਲਮ ਵੀ ਦੇਖੀ, ਜਿਸ ਦਾ ਜ਼ਿਕਰ ਉਸ ਨੇ ਭੂਮਿਕਾ ਵਿਚ ਵੀ ਕੀਤਾ ਹੈ।

ਇਸ ਦੀ ਸਿਰਜਣ ਪ੍ਰਕ੍ਰਿਆ ਸਮੇਂ ਕਵਿਤਾ ਦੇ ਕਈ ਹਿੱਸੇ ਮੇਰੇ ਨਾਲ ਸਾਂਝੇ ਕੀਤੇ ਸਨ। ਮੈਨੂੰ ਉਦੋਂ ਹੀ ਲੱਗਦਾ ਸੀ ਕਿ ਸਾਡਾ ਇਹ ਮਾਣ-ਮੱਤਾ ਸ਼ਾਇਰ ਕੋਈ ਵਿਲੱਖਣ ਰਚਨਾ ਕਰੇਗਾ। ਭਾਵੇਂ ਉਸ ਦੀ ਹਰ ਰਚਨਾ ਹੀ ਵਿਲੱਖਣ ਹੁੰਦੀ ਹੈ। 'ਓਹਲੇ ਵਿਚ ਉਜਿਆਰਾ' ਸਮੇਂ ਸਭ ਨੂੰ ਉਮੀਦ ਸੀ ਕਿ ਉਹ ਇਨਾਮ ਦਾ ਹੱਕਦਾਰ ਹੈ। ਪਰ ਖੈਰ! ਇਸ ਸਿਆਸਤ ਦੀ ਗੱਲ ਫਿਰ ਕਦੇ। ਹਰ ਪਾਸਿਓਂ ਮਿਲ ਰਹੀਆਂ ਵਧਾਈਆਂ ਇਸ ਗੱਲ ਦੀ ਗਵਾਹੀ ਹਨ ਕਿ ਉਹ ਸਾਡਾ ਵੱਡਾ ਸ਼ਾਇਰ ਹੈ। ਇਕ ਵਾਰ ਫਿਰ ਮੁਬਾਰਕਾਂ।

-ਰਵਿੰਦਰ ਸਹਿਰਾਅ
ਪੈਨਸਿਲਵੇਨੀਆ।

# ਟ੍ਰੈਜਡੀ ਪ੍ਰਚਲਨ

ਪੰਜਾਬੀ ਵਿਚ ਟ੍ਰੈਜਡੀ ਨੂੰ ਤ੍ਰਾਸਦੀ ਕਹਿੰਦੇ ਹਨ। ਸੰਸਕ੍ਰਿਤ ਵਿਚ ਤ੍ਰਾਸ ਅੰਤਾਂ ਦੇ ਡਰ ਨੂੰ ਕਹਿੰਦੇ ਹਨ ਅਤੇ ਅਸਹਿ ਸਦਮੇ ਜਾਂ ਦੁੱਖ ਤਕਲੀਫ ਨੂੰ ਵੀ ਇਹੋ ਕਹਿ ਲੈਂਦੇ ਹਨ।

ਅੰਗਰੇਜ਼ੀ ਵਾਲੇ ਟ੍ਰੈਜਡੀ ਲਫਜ਼ ਦੀ ਨਿਰੁਕਤੀ ਬਾਬਤ ਸਪਸ਼ਟ ਨਹੀਂ ਹਨ। ਉਹ ਘੁੰਮ ਘੁਮਾ ਕੇ ਗੋਟ ਸੌਂਗ ਤੱਕ ਪੁੱਜਦੇ ਹਨ ਤੇ ਫਿਰ ਆਪੇ ਹੀ ਸਵਾਲ ਕਰਦੇ ਹਨ ਕਿ ਬੱਕਰਾ ਵੀ ਕਦੀ ਕਿਸੇ ਨੇ ਗਾਉਂਦਾ ਸੁਣਿਆ ਹੈ!

ਬੱਕਰੇ ਬਾਬਤ ਅਖਾਣ ਹੈ ਕਿ ਬੱਕਰੇ ਦੀ ਮਾਂ ਨੇ ਕਦ ਤੱਕ ਖੈਰ ਮਨਾਉਣੀ ਹੈ। ਇਹ ਵੀ ਕਹਿੰਦੇ ਹਨ ਕਿ ਬੱਕਰੀ ਜਾਨੋਂ ਗਈ ਖਾਣ ਵਾਲੇ ਨੇ ਸੁਆਦ ਨਾ ਪਾਇਆ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਜਦ ਕਦੀ ਕਿਸੇ ਨੂੰ ਕਿਸੇ ਹੋਰ ਦੀ ਥਾਂ ਕੋਈ ਜੋਖਮ ਉਠਾਉਣਾ ਪਵੇ ਤਾਂ ਉਸ ਨੂੰ 'ਬਲੀ ਦਾ ਬੱਕਰਾ' ਬਣਾਉਣਾ ਕਹਿੰਦੇ ਹਨ। ਕਈ ਲੋਕ ਬਕਰੀਦ ਦਾ ਅਰਥ ਵੀ ਬੱਕਰੇ ਵਾਲੀ ਈਦ ਕਰ ਲੈਂਦੇ ਹਨ, ਜਦਕਿ ਅਰਬੀ ਵਿਚ ਬੱਕਰ ਗਊ ਨੂੰ ਕਹਿੰਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿਚ ਈਦ ਸਮੇਂ ਬੱਕਰਾ ਹੀ ਕੋਹਿਆ ਜਾਂਦਾ ਹੈ, ਇਸ ਲਈ ਇਥੇ ਬਕਰੀਦ ਪ੍ਰਚਲਿਤ ਹੋ ਗਿਆ ਹੈ।

ਯੂਨਾਨ ਵਿਚ ਜਦ ਬੱਕਰੇ ਦੀ ਬਲੀ ਦਿੱਤੀ ਜਾਂਦੀ ਹੋਵੇਗੀ ਤਾਂ ਬੱਕਰੇ ਦੀ ਮਿਆਂਕ ਨੂੰ ਵੀ ਟ੍ਰੈਜਡੀ ਕਿਹਾ ਗਿਆ ਹੋ ਸਕਦਾ ਹੈ, ਪਰ ਹੁਣ ਇਸ ਦਾ ਅਰਥ ਇਹ ਨਹੀਂ ਰਿਹਾ। ਕਈ ਲੋਕ ਕਿਸੇ ਵੀ ਦੁਰਘਟਨਾ ਨੂੰ ਟ੍ਰੈਜਡੀ ਕਹਿ ਲੈਂਦੇ ਹਨ।

ਮੇਰੇ ਮੁਰਸ਼ਦ ਡਾ. ਸੱਚਰ ਨੇ ਟ੍ਰੈਜਡੀ ਦੇ ਅਰਥ ਸਮਝਾਏ ਸਨ ਕਿ ਜਦ ਕੋਈ ਮਹਾਂ ਨਾਇਕ ਕਿਸੇ ਬਦੀ ਦੇ ਮੁਜੱਸਮੇ ਨਾਲ ਭਿੜ ਕੇ ਮਰਦਾ ਹੈ ਤਾਂ ਉਹ ਟ੍ਰੈਜਡੀ ਨਹੀਂ ਬਣਦੀ। ਕਿਸੇ ਯੋਧੇ ਦਾ ਹਿੱਕ 'ਤੇ ਦੁਸ਼ਮਣ ਦਾ ਵਾਰ ਖਾਣਾ ਟ੍ਰੈਜਡੀ ਨਹੀਂ ਹੁੰਦਾ। ਯੋਧੇ ਦਾ ਯੋਧੇ ਹੱਥੋਂ ਮਰਨਾ ਟ੍ਰੈਜਡੀ ਨਹੀਂ ਹੁੰਦਾ, ਬਲਕਿ ਜਦ ਗੱਦਾਰ ਲੋਕ ਯੋਧੇ ਨਾਲ ਵਿਸਾਹਘਾਤ ਕਰਦੇ ਹਨ, ਤਾਂ ਟ੍ਰੈਜਡੀ ਹੁੰਦੀ ਹੈ।

ਸਕਤੇ ਦੇ ਸਕਤੇ ਹੱਥੋਂ ਮਾਰੇ ਜਾਣ 'ਤੇ ਗੁਰੂ ਨਾਨਕ ਦੇਵ ਦੇ ਮਨ ਨੂੰ ਵੀ ਕੋਈ ਰੋਸ ਨਹੀਂ ਸੀ, ਪਰ ਸਕਤੇ ਹੱਥੋਂ ਗਊ ਗਰੀਬ ਦੇ ਮਰਨ ਦਾ ਉਨ੍ਹਾਂ ਨੇ ਸਖਤ ਨੋਟਿਸ ਲਿਆ ਸੀ।

ਜਿਨ੍ਹਾਂ ਦੀ ਮੁਕਤੀ ਖਾਤਰ ਕੋਈ ਮਹਾਂ ਨਾਇਕ ਬਦੀ ਦੇ ਮੁਜੱਸਮੇ ਨਾਲ ਟਕਰਾਉਂਦਾ ਹੈ, ਉਹੀ ਲੋਕ ਆਪਣੇ ਨਾਇਕ ਦੀ ਪਿੱਠ ਵਿਚ ਛੁਰਾ ਖੋਭ ਦੇਣ ਤਾਂ ਉਹ ਟ੍ਰੈਜਡੀ ਹੁੰਦੀ ਹੈ।

ਸਾਡੇ ਆਸ-ਪਾਸ ਹਰ ਰੋਜ਼ ਟ੍ਰੈਜਡੀ ਵਾਪਰ ਰਹੀ ਹੈ; ਅਸੀਂ ਹੱਸ ਹੱਸ ਦੇਖਦੇ ਰਹਿੰਦੇ ਹਾਂ। ਜਦ ਸਾਡੀ ਵਾਰੀ ਆਉਂਦੀ ਹੈ, ਫਿਰ ਅਸੀਂ ਆਸੇ-ਪਾਸੇ ਦੇਖਦੇ ਹਾਂ ਕਿ ਕੋਈ ਸਾਡਾ ਸਾਥ ਦੇਵੇ। ਉਸ ਵੇਲੇ ਸਾਡੇ ਕੋਲ ਪਛਤਾਵੇ ਦੇ ਸਿਵਾ ਕੋਈ ਚਾਰਾ ਨਹੀਂ ਬਚਦਾ; ਉਦੋਂ ਤੱਕ ਚਿੜੀਆਂ ਚੋਗ ਚੁਗ ਚੁਕੀਆਂ ਹੁੰਦੀਆਂ ਹਨ।

ਦੁਸ਼ਮਣ ਤਾਂ ਦੁਸ਼ਮਣ ਹੁੰਦੇ ਹਨ, ਉਨ੍ਹਾਂ 'ਤੇ ਕਾਹਦਾ ਗਿਲਾ! ਗਿਲਾ ਤਾਂ ਉਨ੍ਹਾਂ 'ਤੇ ਹੁੰਦਾ ਹੈ, ਜਿਨ੍ਹਾਂ ਆਜ਼ਾਦੀ ਦਾ ਨਿੱਘ ਮਾਣਨਾ ਹੁੰਦਾ ਹੈ ਅਤੇ ਜੋ ਜ਼ਿਬਾਹ ਹੋ ਰਹੇ ਬੱਕਰੇ ਦੀ ਮਿਆਂਕ ਸੁਣ ਸੁਣ ਕੁਸਕਣਾ ਤਾਂ ਕਿਤੇ ਰਿਹਾ ਸਗੋਂ ਹਿੜ ਹਿੜ ਕਰਦੇ ਹਨ। ਉਹ ਕਲਹਿਣੇ ਲੋਕ ਇਸ ਵਹਿਮ 'ਚ ਰਹਿੰਦੇ ਹਨ ਕਿ ਉਨ੍ਹਾਂ ਦੀ ਵਾਰੀ ਕਦੀ ਨਹੀਂ ਆਵੇਗੀ।

ਇਤਿਹਾਸ ਗਵਾਹ ਹੈ ਅਤੇ ਅਜਿਹੀਆਂ ਗਵਾਹੀਆਂ ਨਾਲ ਭਰਿਆ ਪਿਆ ਹੈ ਕਿ ਜਿਸ ਤਰ੍ਹਾਂ ਦੀ ਮੌਤ ਗੱਦਾਰ 'ਵਫਾਦਾਰ' ਮਰਦੇ ਹਨ, ਉਸ ਤਰ੍ਹਾਂ ਯੋਧੇ ਕਦੇ ਨਹੀਂ ਮਰਦੇ। ਇਹ ਟ੍ਰੈਜਡੀ ਸਾਡੇ ਚਾਰੇ ਪਾਸੇ ਵਾਪਰ ਰਹੀ ਹੈ; ਘਰ ਵਿਚ, ਮਹੱਲੇ ਵਿਚ, ਸ਼ਹਿਰ, ਸੂਬੇ ਅਤੇ ਦੇਸ਼ ਵਿਚ ਵੀ। ਯੋਧੇ ਜ਼ਿਬਾਹ ਹੋ ਰਹੇ ਹਨ ਤੇ ਕਾਇਰ, ਕਮੀਨੇ ਅਤੇ ਜਾਹਲ ਕਿਸਮ ਦੇ ਲੋਕ ਵਫਾਦਾਰੀਆਂ ਦੇ ਲਿਬਾਸ ਵਿਚ ਗੱਦਾਰੀਆਂ ਨੂੰ ਅੰਜਾਮ ਦੇ ਰਹੇ ਹਨ। ਖਬਰਾਂ ਦੇ ਹਰੇਕ ਚੈਨਲ 'ਤੇ ਗੱਦਾਰੀਆਂ ਦੇ ਲੁਕਵੇਂ ਅਤੇ ਨਵੇਂ ਨਵੇਂ ਨਾਚ ਹਰ ਰੋਜ਼ ਦੇਖਣ ਨੂੰ ਮਿਲਦੇ ਹਨ।

ਹਿੰਦੁਸਤਾਨ ਬੇਤਾਜ ਟ੍ਰੈਜਡੀ ਕਿੰਗ ਬਣਦਾ ਜਾ ਰਿਹਾ ਹੈ। ਇਸ ਤੋਂ ਵੱਧ ਚਿੰਤਾਜਨਕ ਗੱਲ ਹੋਰ ਕੀ ਹੋ ਸਕਦੀ ਹੈ!

'ਐਟ ਟਿਊ, ਬਰੂਟ' ਲੈਟਿਨ ਦਾ ਮੁਹਾਵਰਾ ਹੈ, ਜਿਸ ਦਾ ਅਰਥ ਹੈ: ਬਰੂਟੇ, ਤੂੰ ਵੀ! ਇਸ ਲਾਤੀਨੀ ਮੁਹਾਵਰੇ ਦੀ ਵਰਤੋਂ ਸ਼ੇਕਸਪੀਅਰ ਨੇ ਆਪਣੀ ਟ੍ਰੈਜਡੀ ਵਿਚ ਬੜੇ ਹੀ ਦਿਲ ਟੁੰਬਵੇਂ ਅੰਦਾਜ਼ ਵਿਚ ਕੀਤੀ ਹੈ ਕਿ ਇਹ ਮੁਹਾਵਰਾ ਸ਼ੇਕਸਪੀਅਰ ਦਾ ਹੀ ਹੋ ਗਿਆ ਹੈ।

ਮਿੱਤਰ ਬਰੂਟਸ ਨੂੰ ਆਪਣੇ ਕਾਤਲਾਂ ਵਿਚ ਸ਼ਾਮਲ ਦੇਖ ਕੇ ਜ਼ਖਮੀ ਬਾਦਸ਼ਾਹ ਸੀਜ਼ਰ ਨੇ ਇਹ ਸ਼ਬਦ ਆਖੇ ਸਨ। ਉਸ ਨੂੰ ਵਿਰੋਧੀਆਂ 'ਤੇ ਨਹੀਂ ਸਗੋਂ ਆਪਣੇ ਮਿੱਤਰ 'ਤੇ ਹਿਰਦੇਵੇਧਕ ਹੈਰਾਨੀ, ਅਤੇ ਅੰਤਾਂ ਦਾ ਦੁੱਖ ਹੋਇਆ ਸੀ।

ਵੱਟੇ ਮਾਰ ਮਾਰ ਮੌਤ ਦੇ ਘਾਟ ਉਤਾਰ ਦੇਣ ਦੀ ਸਜ਼ਾਯਾਫਤਾ ਮਨਸੂਰ ਨੂੰ ਲੋਕਾਂ ਦੇ ਪੱਥਰਾਂ ਦੀ ਜ਼ਰਾ ਤਕਲੀਫ ਨਹੀਂ ਸੀ ਹੋਈ, ਪਰ ਉਹ ਆਪਣੇ ਮਿੱਤਰ ਸ਼ਿਵਲੀ ਵਲੋਂ ਮਾਰੇ ਗਏ ਫੁੱਲ ਕਾਰਨ ਜ਼ਾਰ ਜ਼ਾਰ ਰੋ ਪਿਆ ਸੀ। ਇੱਥੋਂ ਹੀ 'ਸ਼ਿਵਲੀ ਦਾ ਫੁੱਲ' ਮੁਹਾਵਰਾ ਬਣਿਆ ਹੈ।

ਜਸਵੰਤ ਸਿੰਘ ਕੰਵਲ ਦੀ ਕਹਾਣੀਆਂ ਦੀ ਕਿਤਾਬ 'ਸੰਧੂਰ' ਵਿਚਲੀ ਕਹਾਣੀ 'ਭੱਠੀ ਤੋਂ ਸਾਣ ਤੱਕ' ਵਿਚ ਇੱਕ ਕਮਿਊਨਿਸਟ ਕਾਰਕੁਨ ਕੁੜੀ 'ਤੇ ਉਸੇ ਦਾ ਹਮਜਮਾਤੀ, ਹਮਖਿਆਲ, ਹਮਪਿਆਲਾ ਅਤੇ ਹਮਰਕਾਬ ਦੋਸਤ ਅਰਥਾਤ ਸਾਬਕਾ ਕਾਮਰੇਡ ਮਿੱਤਰ, ਪੁਲਿਸ ਵਿਚ ਭਰਤੀ ਹੋ ਕੇ ਛਾਪਾ ਮਾਰਦਾ ਹੈ, ਤਾਂ ਉਹ ਕੁੜੀ ਅਤਿ ਦੀ ਹੈਰਾਨੀ ਅਤੇ ਪਸ਼ੇਮਾਨੀ 'ਚ ਡੁੱਬ ਕੇ ਉਸ ਨੂੰ ਆਖਦੀ ਹੈ, "ਤੂੰ ਵੀ?"

ਕਈ ਕਹਿੰਦੇ ਹਨ, ਕੰਵਲ ਨੇ ਇਹ ਖਿਆਲ ਸ਼ੇਕਸਪੀਅਰ ਤੋਂ ਲਿਆ ਹੋਵੇਗਾ। ਪਰ, ਮੈਨੂੰ ਨਹੀਂ ਲੱਗਦਾ ਕੰਵਲ ਨੇ ਸ਼ੇਕਸਪੀਅਰ ਪੜ੍ਹਿਆ ਹੋਵੇ! ਨਹੀਂ ਤਾਂ ਉਸ ਨੇ ਹੋਰ ਸੂਖਮ ਹੋਣਾ ਸੀ।

ਭਾਰਤ ਨੂੰ ਆਜ਼ਾਦੀ ਮਿਲਣ ਪਿਛੋਂ ਮਹਾਤਮਾ ਗਾਂਧੀ ਨੂੰ ਕੱਟੜ ਜਨੂਨੀ ਨੱਥੂ ਰਾਮ ਗੌਡਸੇ ਨੇ ਸ਼ਰਧਾਲੂ ਦੇ ਲਿਬਾਸ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਸੀ। 'ਰਾਮ' ਅਤੇ 'ਗੌਡ' ਜਿਸ ਦੇ ਨਾਂ ਦਾ ਹਿੱਸਾ ਸਨ ਅਤੇ ਜਿਹੜਾ ਸ਼ਰਧਾਲੂ ਦੇ ਭੇਖ ਵਿਚ ਗਾਂਧੀ ਜੀ ਦੇ 'ਦਰਸ਼ਨ' ਕਰਨ ਆਇਆ ਸੀ, ਉਸ ਦੀ ਗੋਲੀ ਖਾ ਕੇ, ਗਾਂਧੀ ਜੀ ਨੇ ਤਿੰਨ ਵਾਰੀ 'ਹੇ ਰਾਮ' ਪੁਕਾਰਿਆ ਸੀ।

ਡਿਗਦੇ ਹੋਏ ਗਾਂਧੀ ਜੀ ਦੇ ਮੂਹੋਂ ਤਿੰਨ ਵਾਰ 'ਰਾਮ' ਸੁਣ ਕੇ, ਨੱਥੂ ਰਾਮ ਗੌਡ(ਸੇ) ਨੂੰ ਪਤਾ ਨਹੀਂ ਕੁਝ ਹੋਇਆ ਸੀ ਕਿ ਨਹੀਂ, ਪਰ ਕਹਿੰਦੇ ਹਨ, ਫਿਲਮ 'ਗਾਂਧੀ' ਵਿਚ ਗਾਂਧੀ ਜੀ ਦਾ ਰੋਲ ਕਰਨ ਵਾਲੇ ਐਕਟਰ ਦੇ ਮੂਹੋਂ 'ਓ ਗੌਡ' ਸੁਣ ਕੇ, ਗੌਡਸੇ ਦਾ ਰੋਲ ਕਰਨ ਵਾਲੇ ਐਕਟਰ ਨੂੰ ਉਸ ਕਹਿਰ ਦੀ ਨਮੋਸ਼ੀ 'ਚੋਂ ਬਾਹਰ ਆਉਣ ਲਈ ਸਾਇਕੈਟਰਿਸਟ ਕੋਲ ਜਾਣਾ ਪਿਆ ਸੀ।

ਇਹ ਹੁੰਦੀ ਹੈ, ਸੰਵੇਦਨਸ਼ੀਲਤਾ! ਇਸੇ ਨੂੰ ਕਹਿੰਦੇ ਹਨ, ਮਨੁੱਖਤਾ! ਜੋ ਲੋਕ ਗੌਡਸੇ ਨੂੰ ਮਹਾਨ ਸਮਝਦੇ ਹਨ, ਉਨ੍ਹਾਂ ਦੀ 'ਮਹਾਨਤਾ' 'ਤੇ ਸਾਰਾ ਦੇਸ਼ ਨਰਕ ਵਿਚ ਗਰਕ ਸਕਦਾ ਹੈ।

ਉਤਲਿਆਂ ਦੇ 'ਵਫਾਦਾਰ' ਬਣ ਕੇ, ਮਿੱਤਰਾਂ ਨੂੰ ਦਬਕਾਉਣ, ਜਰਕਾਉਣ ਜਾਂ ਧਮਕਾਉਣ ਵਾਲੇ ਨਿਰਲੱਜ ਅਤੇ ਬੇਲੱਜ ਬੰਦੇ, ਬੰਦੇ ਨਹੀਂ ਸਗੋਂ ਬੰਦਿਆਂ ਦੀ ਜੂਨ 'ਚ ਆਏ ਕੁਝ 'ਹੋਰ' ਹੁੰਦੇ ਹਨ। ਮਿੱਤਰਾਂ ਖਾਤਰ ਬਲੀ ਦੇਣ ਤੇ ਆਪਣੇ ਮੁਫਾਦ ਲਈ ਮਿੱਤਰਾਂ ਨੂੰ ਹੀ ਬਲੀ ਚਾੜ੍ਹ ਦੇਣ 'ਚ ਸ਼ਹੀਦ ਅਤੇ ਗੱਦਾਰ ਜਿੰਨਾ ਫਰਕ ਹੁੰਦਾ ਹੈ।

ਗੱਲ ਟ੍ਰੈਜਡੀ ਦੀ ਹੋ ਰਹੀ ਸੀ। ਜਦ ਆਪਣੇ ਹੀ ਬੇਗਾਨੇ ਮੁਜਰਮਾਨਾ ਵਿਰੋਧੀਆਂ ਨਾਲ ਰਲ ਕੇ ਵਾਰ ਅਤੇ ਮਾਰ ਕਰਦੇ ਹਨ, ਤਦ ਅਸਲ ਟ੍ਰੈਜਡੀ ਵਾਪਰਦੀ ਹੈ। ਬਰਦਾਸ਼ਤ ਦੇ ਬਾਹਰ ਇਹੀ ਟ੍ਰੈਜਡੀ ਹੁੰਦੀ ਹੈ। ਬਾਕੀ ਸਾਰੇ ਦੁੱਖ ਸਹਿ ਅਤੇ ਕਹਿ ਹੋ ਜਾਂਦੇ ਹਨ, ਟ੍ਰੈਜਡੀ ਨਹੀਂ।

# ਮੋਦੀ ਦੇ ਵਿਦੇਸ਼ ਦੌਰਿਆਂ ਨੇ ਤੋੜੇ ਰਿਕਾਰਡ

**ਬਠਿੰਡਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਵਿਸ਼ਵ ਦਰਸ਼ਨ' ਸਰਕਾਰੀ ਖ਼ਜ਼ਾਨੇ ਨੂੰ 2022.58 ਕਰੋੜ ਰੁਪਏ ਵਿਚ ਪਏ ਹਨ। ਪ੍ਰਧਾਨ ਮੰਤਰੀ ਮੋਦੀ ਨੇ ਵਿਦੇਸ਼ ਯਾਤਰਾ ਦੇ ਮਾਮਲੇ ਵਿਚ ਪਿਛਲੇ ਸਾਰੇ ਪ੍ਰਧਾਨ ਮੰਤਰੀਆਂ ਦੇ ਰਿਕਾਰਡ ਤੋੜ ਦਿੱਤੇ ਹਨ। ਸ੍ਰੀ ਮੋਦੀ ਵੱਲੋਂ 3 ਦਸੰਬਰ 2018 ਤੱਕ ਕੁੱਲ 84 ਵਿਦੇਸ਼ ਦੌਰੇ ਕੀਤੇ ਗਏ ਹਨ, ਦੌਰਾਨ ਵਰਤੀ ਹਾਟਲਾਈਨ 'ਤੇ 9.12 ਕਰੋੜ ਰੁਪਏ ਦਾ ਖਰਚਾ ਪਿਆ ਹੈ। ਇਸ ਖ਼ਰਚੇ ਵਿਚ ਨਰਿੰਦਰ ਮੋਦੀ ਦੀ ਵਿਦੇਸ਼ਾਂ ਵਿਚਲੀ ਰਿਹਾਇਸ਼ ਤੇ ਹੋਰ ਖ਼ਰਚੇ ਸ਼ਾਮਲ ਨਹੀਂ ਹਨ। ਆਖਰੀ ਚਾਰ ਵਿਦੇਸ਼ ਦੌਰਿਆਂ ਦਾ ਖਰਚਾ ਵੀ ਇਸ ਤੋਂ ਵੱਖਰਾ ਹੈ, ਜਿਸ ਦੇ ਬਿਲ ਪ੍ਰਾਪਤ ਹੋਣੇ ਬਾਕੀ ਹਨ। ਸਾਲ 2018 ਦੌਰਾਨ ਸ੍ਰੀ ਮੋਦੀ ਨੇ 54 ਦਿਨ ਅਤੇ



ਜਿਨ੍ਹਾਂ ਦੌਰਾਨ ਉਨ੍ਹਾਂ ਨੇ ਕਰੀਬ 60 ਮੁਲਕਾਂ ਦੇ ਰੰਗ ਵੇਖੇ ਹਨ। ਨਰਿੰਦਰ ਮੋਦੀ ਨੇ ਆਪਣੇ 1700 ਦਿਨਾਂ ਦੇ ਕਾਰਜਕਾਲ ਦੌਰਾਨ ਵਿਦੇਸ਼ੀ ਧਰਤੀ 'ਤੇ ਕਰੀਬ 196 ਦਿਨ ਬਿਤਾਏ, ਭਾਵ ਸ੍ਰੀ ਮੋਦੀ ਦਾ ਔਸਤਨ ਹਰ ਅੱਠਵਾਂ ਦਿਨ ਵਿਦੇਸ਼ ਵਿਚ ਲੰਘਿਆ।

ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਮੋਦੀ ਦੇ ਵਿਦੇਸ਼ ਦੌਰਿਆਂ ਦਾ ਹੁਣ ਤੱਕ ਦਾ ਖਰਚਾ 2022.58 ਕਰੋੜ ਆਇਆ ਹੈ, ਜਿਸ ਵਿਚੋਂ ਏਅਰ ਕਰਾਫਟ ਮੁਰੰਮਤ 'ਤੇ 1583.18 ਕਰੋੜ ਅਤੇ ਵਿਸ਼ੇਸ਼ ਉਡਾਣਾਂ (ਚਾਰਟਰਡ ਫਲਾਈਟ) ਉਤੇ 429.28 ਕਰੋੜ ਰੁਪਏ ਦਾ ਖਰਚਾ ਆਇਆ ਹੈ। ਵਿਦੇਸ਼ ਯਾਤਰਾ 2015 ਵਿਚ 56 ਦਿਨ ਵਿਦੇਸ਼ ਯਾਤਰਾ ਵਿਚ ਕੱਢੇ। ਸ੍ਰੀ ਮੋਦੀ ਕੋਲ ਇਸ ਵਕਤ ਸਿਰਫ 2.28 ਕਰੋੜ ਦੀ ਚੱਲ-ਅਚੱਲ ਸੰਪਤੀ ਹੈ। ਉਨ੍ਹਾਂ ਕੋਲ ਨਾ ਕੋਠੀ, ਨਾ ਕਾਰ, ਨਾ ਹੀ ਕੋਈ ਸ਼ੋਅਰੂਮ ਤੇ ਨਾ ਕੋਈ ਦੁਕਾਨ ਹੈ।

ਉਨ੍ਹਾਂ ਦਾ ਔਸਤਨ ਪ੍ਰਤੀ ਦਿਨ ਦਾ ਵਿਦੇਸ਼ ਖ਼ਰਚਾ 10.31 ਕਰੋੜ ਆਇਆ ਹੈ ਤੇ ਪ੍ਰਤੀ ਦੇਸ਼ ਔਸਤਨ 33.70 ਕਰੋੜ ਖ਼ਰਚ ਆਏ ਹਨ। ਜਦੋਂ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ 31 ਦੇਸ਼ਾਂ ਦੇ ਦੌਰਿਆਂ ਦੌਰਾਨ 131 ਦਿਨ ਵਿਦੇਸ਼ਾਂ 'ਚ ਬਿਤਾਏ ਅਤੇ ਉਨ੍ਹਾਂ ਦੀ ਵਿਦੇਸ਼ ਯਾਤਰਾ ਦਾ ਖਰਚਾ ਸਿਰਫ 144.43 ਕਰੋੜ ਰਿਹਾ ਸੀ। ਵਾਜਪਾਈ ਦਾ ਪ੍ਰਤੀ ਦਿਨ ਦਾ ਵਿਦੇਸ਼ ਖਰਚਾ 1.10 ਕਰੋੜ ਰੁਪਏ ਰਿਹਾ। ਯੂ.ਪੀ.ਏ. ਸਰਕਾਰ ਦੇ 10 ਵਰ੍ਹਿਆਂ ਦੌਰਾਨ ਡਾ. ਮਨਮੋਹਨ ਸਿੰਘ ਨੇ ਪਹਿਲੀ ਪਾਰੀ ਦੌਰਾਨ 35 ਮੁਲਕਾਂ ਦੇ ਦੌਰੇ ਦੌਰਾਨ 144 ਦਿਨ ਵਿਦੇਸ਼ੀ ਧਰਤੀ 'ਤੇ ਬਿਤਾਏ। ਇਵੇਂ ਦੂਜੀ ਪਾਰੀ ਦੌਰਾਨ ਡਾ. ਮਨਮੋਹਨ ਸਿੰਘ ਨੇ 38 ਮੁਲਕਾਂ ਦੇ ਦੌਰੇ ਦੌਰਾਨ 161 ਦਿਨ ਵਿਦੇਸ਼ੀ ਧਰਤੀ 'ਤੇ ਬਿਤਾਏ। ਇਨ੍ਹਾਂ ਦਸ ਵਰ੍ਹਿਆਂ ਦੀ ਵਿਦੇਸ਼ ਯਾਤਰਾ ਦਾ ਕੁੱਲ ਖਰਚਾ 699 ਕਰੋੜ ਰਿਹਾ। ਡਾ. ਮਨਮੋਹਨ ਸਿੰਘ ਦਾ ਦਸ ਵਰ੍ਹਿਆਂ ਦੌਰਾਨ ਪ੍ਰਤੀ ਦਿਨ ਵਿਦੇਸ਼ ਯਾਤਰਾ ਦਾ ਖਰਚਾ 2.29 ਕਰੋੜ ਰਿਹਾ। ਡਾ. ਮਨਮੋਹਨ ਸਿੰਘ ਤੇ ਅਟਲ ਬਿਹਾਰੀ ਵਾਜਪਾਈ ਦੇ ਬਹੁ-ਗਿਣਤੀ ਦੌਰੇ ਏਸ਼ਿਆਈ ਮੁਲਕਾਂ ਦੇ ਰਹੇ ਹਨ। ਵਾਜਪਾਈ ਦਾ ਸਭ ਤੋਂ ਮਹਿੰਗਾ ਵਿਦੇਸ਼ ਦੌਰਾ ਜਮਾਇਕਾ ਦਾ ਇਕ ਰੋਜ਼ਾ ਦੌਰਾ ਸੀ, ਜਿਸ 'ਤੇ 9.25 ਕਰੋੜ ਖਰਚ ਆਏ ਸਨ ਅਤੇ ਇਸੇ ਤਰ੍ਹਾਂ ਡਾ. ਮਨਮੋਹਨ ਸਿੰਘ ਦਾ ਸਭ ਤੋਂ ਮਹਿੰਗਾ ਵਿਦੇਸ਼ ਦੌਰਾ ਡੈਨਮਾਰਕ ਦਾ ਸੀ, ਜਿਸ 'ਤੇ ਇਕ ਦਿਨ ਵਿਚ 10.71 ਕਰੋੜ ਖਰਚ ਆਏ ਸਨ।

ਨਰਿੰਦਰ ਮੋਦੀ ਦੇ ਵਿਦੇਸ਼ ਦੌਰੇ ਦੇ ਔਸਤਨ ਹਰ ਦਿਨ ਦਾ 10.31 ਕਰੋੜ ਖਰਚ ਆਇਆ ਹੈ। ਮੋਟੇ ਅੰਦਾਜ਼ੇ ਅਨੁਸਾਰ ਸ੍ਰੀ ਮੋਦੀ ਨੇ ਦੇਸ਼ ਦੇ ਹੁਣ ਤੱਕ ਕਰੀਬ 350 ਦੌਰੇ ਕੀਤੇ ਹਨ। ਦੱਸਣਯੋਗ ਹੈ ਕਿ ਨਰਿੰਦਰ ਮੋਦੀ ਦੀ ਵਿਦੇਸ਼ ਯਾਤਰਾ ਨੂੰ ਲੈ ਕੇ ਮੁਲਕ ਵਿਚ ਅਕਸਰ ਚਰਚਾ ਛਿੜੀ ਰਹਿੰਦੀ ਹੈ। ਸੂਤਰ ਦੱਸਦੇ ਹਨ ਕਿ ਏਨੇ ਵਿਦੇਸ਼ ਦੌਰੇ ਤਾਂ ਸ਼ਾਇਦ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਹਿੱਸੇ ਵੀ ਨਹੀਂ ਆਏ ਹਨ। ਉਂਜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੌਜੂਦਾ ਕਾਰਜਕਾਲ ਦੌਰਾਨ ਉਨ੍ਹਾਂ ਕੋਲ ਵਿਦੇਸ਼ ਯਾਤਰਾ ਲਈ ਅਜੇ ਦੋ-ਤਿੰਨ ਮਹੀਨੇ ਹੋਰ ਬਾਕੀ ਹਨ।

## ਮੋਦੀ ਸਰਕਾਰ ਨੇ ਆਪਣੀ ਮਸ਼ਹੂਰੀ 'ਤੇ ਖਰਚੇ 5200 ਕਰੋੜ

**ਨਵੀਂ ਦਿੱਲੀ:** ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ ਰਾਜਵਰਧਨ ਰਾਠੌਣ ਨੇ ਲੋਕ ਸਭਾ 'ਚ ਦੱਸਿਆ ਕਿ ਕੇਂਦਰ ਸਰਕਾਰ ਨੇ ਇਸ਼ਤਿਹਾਰਾਂ ਉਤੇ 2014-15 ਤੋਂ ਲੈ ਕੇ ਹੁਣ ਤੱਕ ਕੁੱਲ 5245.73 ਕਰੋੜ ਰੁਪਏ ਖਰਚ ਕੀਤੇ ਹਨ। ਇਕ ਸਵਾਲ ਦੇ ਲਿਖਤੀ ਜਵਾਬ 'ਚ ਉਨ੍ਹਾਂ ਵੇਰਵੇ ਦਿੰਦਿਆਂ ਦੱਸਿਆ ਕਿ 2014-15 ਵਿਚ 979.78 ਕਰੋੜ ਰੁਪਏ, 2015-16 'ਚ 1160.16 ਕਰੋੜ, 2016-17 'ਚ 1264.26 ਕਰੋੜ, 2017-18 'ਚ 1313.57 ਕਰੋੜ ਅਤੇ 2018 ਤੋਂ ਲੈ ਕੇ 7 ਦਸੰਬਰ ਤੱਕ 527.96 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਮੰਤਰੀ ਨੇ ਦੱਸਿਆ ਕਿ 2282 ਕਰੋੜ ਰੁਪਏ ਪ੍ਰਕਾਸ਼ਿਤ ਇਸ਼ਤਿਹਾਰਾਂ ਅਤੇ 2312.59 ਕਰੋੜ ਰੁਪਏ ਆਡੀਓ-ਵਿਜ਼ੂਅਲ ਮੀਡੀਆ ਰਾਹੀਂ ਖਰਚੇ ਗਏ। ਇਸ ਤੋਂ ਇਲਾਵਾ 651.14 ਕਰੋੜ ਰੁਪਏ ਆਊਟਡੋਰ ਪਬਲੀਸਿਟੀ 'ਤੇ ਖਰਚੇ ਗਏ।

## ਚੌਟਾਲਾ ਨੂੰ ਫਰਵਰੀ 'ਚ ਮਿਲ ਸਕਦੀ ਹੈ ਰਿਹਾਈ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਇਨੈਲੋ ਸੁਪਰੀਮੋ ਓਮ ਪ੍ਰਕਾਸ਼ ਚੌਟਾਲਾ ਜੋ ਅਧਿਆਪਕ ਭਰਤੀ ਘੁਟਾਲੇ 'ਚ 10 ਸਾਲ ਦੀ ਕੈਦ ਕੱਟ ਰਹੇ ਹਨ, ਨੂੰ ਅਗਲੇ ਸਾਲ ਫਰਵਰੀ ਮਹੀਨੇ ਜੇਲ੍ਹ 'ਚੋਂ ਰਿਹਾਈ ਮਿਲ ਸਕਦੀ ਹੈ ਕਿਉਂਕਿ ਭਾਰਤ ਸਰਕਾਰ ਦੇ ਫੈਸਲੇ ਅਨੁਸਾਰ ਉਹ ਉਸ ਕੈਟੇਗਰੀ ਵਿਚ ਪੂਰੀ ਤਰ੍ਹਾਂ ਫਿਟ ਬੈਠਦੇ ਹਨ ਜਿਨ੍ਹਾਂ ਦੀ ਉਮਰ 80 ਸਾਲ ਦੀ ਹੈ ਤੇ ਜਿਹੜੇ



ਜੇਲ੍ਹ ਮੈਨੂਅਲ ਅਨੁਸਾਰ ਫਿਟ ਬੈਠਦੇ ਹਨ।

ਇਹ ਜਾਣਕਾਰੀ ਹਰਿਆਣਾ ਦੀ ਪ੍ਰਮੁੱਖ ਵਿਰੋਧੀ ਪਾਰਟੀ ਇਨੈਲੋ ਦੇ ਬੁਲਾਰੇ ਨੇ ਦਿੱਤੀ। ਉਂਜ ਵੀ ਉਹ ਜਨਵਰੀ ਮਹੀਨੇ 2 ਹਫਤਿਆਂ ਲਈ ਜੇਲ੍ਹ ਤੋਂ ਪੈਰੋਲ 'ਤੇ ਆ ਰਹੇ ਹਨ।

ਇਨ੍ਹਾਂ ਹਾਲਾਤ ਵਿਚ ਉਹ ਨਵੇਂ ਸਾਲ ਦੀ ਸ਼ੁਰੂਆਤ ਵਿਚ ਕਿਸੇ ਵੀ ਸਮੇਂ ਰਾਜ ਵਿਧਾਨ ਸਭਾ ਦੇ ਹਲਕਾ ਜੀਂਦ ਦੀ ਹੋਣ ਵਾਲੀ ਉਪ ਚੋਣ ਵਿਚ ਸੰਭਾਵੀ ਇਨੈਲੋ ਉਮੀਦਵਾਰ ਦੀ ਚੋਣ ਮੁਹਿੰਮ ਦੀ ਕਮਾਂਡ ਸੰਭਾਲ ਸਕਣਗੇ। ਇਹ ਸੀਟ ਇਨੈਲੋ ਵਿਧਾਇਕ ਹਰੀ ਚੰਦ ਮਿੱਢਾ ਦੇ ਦੇਹਾਂਤ ਨਾਲ ਖਾਲੀ ਹੋਈ ਹੈ।

## ਭਾਜਪਾ ਨੇ ਮਿਸ਼ਨ-2019 ਲਈ 'ਚੰਦਾ' ਇਕੱਠਾ ਕਰਨ ਲਈ ਵਿੱਢੀ ਮੁਹਿੰਮ

**ਲੁਧਿਆਣਾ:** ਦੇਸ਼ ਦੀਆਂ ਸਭ ਤੋਂ ਅਮੀਰ ਪਾਰਟੀਆਂ ਵਿਚ ਸ਼ੁਮਾਰ ਅਤੇ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ (ਭਾਜਪਾ) ਹੁਣ ਲੋਕ ਸਭਾ ਚੋਣਾਂ-2019 ਲਈ ਆਮ ਲੋਕਾਂ ਕੋਲ 'ਚੰਦਾ' ਮੰਗ ਰਹੀ ਹੈ। ਨਰਿੰਦਰ ਮੋਦੀ ਨੂੰ ਦੁਬਾਰਾ ਪ੍ਰਧਾਨ ਮੰਤਰੀ ਬਣਾਉਣ ਵਿਚ ਮਦਦ ਕਰਨ ਲਈ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਫੰਡ ਦੇਣ ਦੀ ਅਪੀਲ ਕੀਤੀ ਜਾ ਰਹੀ ਹੈ। ਇਹ ਚੰਦਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੋਬਾਈਲ ਐਪ ਜ਼ਰੀਏ ਮੰਗਿਆ ਜਾ ਰਿਹਾ ਹੈ। ਪੰਜ ਰੁਪਏ ਤੋਂ ਲੈ ਕੇ 1000 ਰੁਪਏ ਤੱਕ ਐਪ ਜ਼ਰੀਏ ਆਨਲਾਈਨ ਦੇਣ ਦੀ ਅਪੀਲ ਕੀਤੀ ਜਾ ਰਹੀ ਹੈ। ਫੇਸਬੁੱਕ ਪੇਜ ਰਾਹੀਂ ਵੀ ਅਪੀਲ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੀ ਅਜਿਹਾ ਕਰ ਚੁੱਕੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਤਾ ਸੰਭਣ ਤੋਂ ਬਾਅਦ ਭਾਜਪਾ ਦੀ ਆਮਦਨੀ ਵਿਚ ਜ਼ਬਰਦਸਤ ਵਾਧਾ ਦਰਜ ਕੀਤਾ ਗਿਆ ਹੈ। ਭਾਜਪਾ ਨੇ ਇਕ ਸਾਲ ਦੌਰਾਨ ਹੀ 1000 ਕਰੋੜ ਰੁਪਏ ਤੋਂ ਵੱਧ ਇਕੱਠੇ ਕੀਤੇ ਸਨ। ਇਸ ਦਾ ਖੁਲਾਸਾ ਆਮਦਨ ਕਰ ਭਰਨ ਵੇਲੇ ਹੋਇਆ ਹੈ। ਇਸ ਮਾਮਲੇ ਵਿਚ ਭਾਜਪਾ ਸਭ ਤੋਂ ਮੋਹਰੀ ਪਾਰਟੀ ਬਣ ਕੇ ਉੱਭਰੀ ਹੈ। ਲੋਕ ਸਭਾ ਚੋਣਾਂ ਸਿਰ ਉਤੇ ਹੋਣ ਕਾਰਨ ਹੁਣ ਭਾਜਪਾ ਨੇ ਫੰਡ ਇਕੱਠਾ ਕਰਨ ਦੀ ਮੁਹਿੰਮ ਛੇੜੀ ਹੈ। ਭਾਜਪਾ ਪਾਰਟੀ ਦੇ ਨਾਂ 'ਤੇ ਤਾਂ ਫੰਡ ਲੈ ਹੀ ਰਹੀ ਹੈ, ਨਾਲ ਹੀ ਪਾਰਟੀ ਨੇ ਇਸ ਵਾਰ 'ਨਮੋਅਗੇਨ 2019' ਨਾਂ ਦੀ ਵੀ ਇਕ ਮੁਹਿੰਮ ਛੇੜੀ ਹੈ। ਇਸ ਜ਼ਰੀਏ ਪ੍ਰਧਾਨ ਮੰਤਰੀ




ਵੱਲੋਂ ਆਰੰਭੇ ਕਾਰਜਾਂ ਬਾਰੇ ਸੋਸ਼ਲ ਮੀਡੀਆ ਵਰਤਦੇ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ। ਭਾਜਪਾ ਦੇ ਫੇਸਬੁੱਕ ਪੇਜ 'ਤੇ ਪੇਡ ਸਪਾਂਸਰਡ ਇਸ਼ਤਿਹਾਰਬਾਜ਼ੀ ਵੀ ਚੱਲ ਰਹੀ ਹੈ। ਇਥੇ ਇਕ ਪੇਜ ਦਾ ਲਿੰਕ ਦਿੱਤਾ ਗਿਆ ਹੈ ਜਿਸ ਨੂੰ ਕਲਿੱਕ ਕਰਦੇ ਹੀ ਨਰਿੰਦਰ ਮੋਦੀ ਮੋਬਾਈਲ ਐਪ ਖੁੱਲ੍ਹ ਜਾਂਦੀ ਹੈ। ਪੰਜ ਰੁਪਏ, 10, 50 ਰੁਪਏ, 100 ਰੁਪਏ, 150 ਰੁਪਏ, 500 ਰੁਪਏ ਤੇ 1000 ਰੁਪਏ ਚੰਦਾ ਦੇਣ ਦਾ ਬਦਲ ਦਿੱਤਾ ਗਿਆ ਹੈ।

# ਸਿਆਸੀ ਲਾਹੇ ਲਈ ਹਨ ਕਿਸਾਨਾਂ ਦੀ ਕਰਜ਼ਾ ਮੁਆਫੀ ਬਾਰੇ ਫੈਸਲੇ

**ਮੁੰਬਈ:** ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਮੁੱਚੇ ਜਾਂ ਚੋਣਵੇਂ ਖੇਤੀ ਕਰਜ਼ੇ ਦੀ ਮੁਆਫੀ ਦਾ ਐਲਾਨ ਕਰ ਸਕਦੀ ਹੈ। ਹਾਲਾਂ ਕਿ ਇਹ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਖਾਤਮੇ ਲਈ ਸਹੀ ਨਹੀਂ। ਸਟੇਟ ਬੈਂਕ ਦੇ ਅਰਥਸ਼ਾਸਤਰੀਆਂ ਨੇ ਅਧਿਐਨ ਤੋਂ ਬਾਅਦ ਇਹ ਗੱਲ ਕਹੀ। ਉਨ੍ਹਾਂ ਕਿਹਾ ਹੈ ਕਿ ਇਸ ਦੀ ਥਾਂ ਕਿਸਾਨਾਂ ਦੀ ਆਮਦਨ ਵਧਾਉਣ ਵਾਲੀਆਂ ਯੋਜਨਾਵਾਂ ਵਧੇਰੇ ਪ੍ਰਭਾਵਸ਼ਾਲੀ ਬਦਲ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਖੇਤੀ ਸੰਕਟ ਨੂੰ ਦੂਰ ਕਰਨ ਲਈ ਮਜ਼ਬੂਤ ਕਦਮ ਚੁੱਕਣ ਦੀ ਲੋੜ ਹੈ।

ਐਸ.ਬੀ.ਆਈ. ਰਿਸਰਚ ਨੇ ਭਾਜਪਾ ਨੂੰ ਤਿੰਨ ਪ੍ਰਮੁੱਖ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਇਹ ਗੱਲ ਕਹੀ। ਇਨ੍ਹਾਂ ਸੂਬਿਆਂ ਵਿਚ ਕਿਸਾਨ ਫਸਲਾਂ ਦੇ ਘੱਟ ਮੁੱਲ ਅਤੇ ਵਧ ਲਾਗਤ ਤੋਂ ਪਰੇਸ਼ਾਨ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਖੇਤੀਬਾੜੀ ਖੇਤਰ ਦੀ ਸਮੱਸਿਆ ਅਤੇ ਖੁਰਾਕੀ ਮਹਿੰਗਾਈ ਘਟਣ ਕਾਰਨ ਕਿਸਾਨਾਂ ਦੀ ਘੱਟ ਆਮਦਨ ਦੇ ਖਦਸ਼ੇ ਨੂੰ ਦੇਖਦਿਆਂ ਕੇਂਦਰ ਸਰਕਾਰ ਸਮੁੱਚੇ ਜਾਂ ਚੋਣਵੇਂ ਰੂਪ ਵਿਚ ਕੁਝ ਸੂਬਿਆਂ ਵਿੱਚ ਕਿਸਾਨਾਂ ਦੀ ਕਰਜ਼ ਮੁਆਫ਼ੀ 'ਤੇ ਵਿਚਾਰ ਕਰ ਸਕਦੀ ਹੈ। ਮੀਡੀਆ ਦੇ ਇਕ ਵਰਗ ਵਿਚ ਅਜਿਹੀਆਂ ਖ਼ਬਰਾਂ ਵਿਚਾਲੇ ਇਹ ਰਿਪੋਰਟ ਆਈ ਹੈ। ਖ਼ਬਰਾਂ ਵਿਚ ਕਿਹਾ ਗਿਆ ਹੈ ਕਿ ਸੰਸਦੀ ਚੋਣਾਂ ਦੇ ਨਾਲ ਹੀ ਸੱਤ ਸੂਬਿਆਂ 'ਚ ਚੋਣਾਂ ਨੂੰ ਦੇਖਦਿਆਂ ਖੇਤੀਬਾੜੀ ਕਰਜ਼ਾ ਮੁਆਫ਼ੀ ਜਿਹੇ ਫੈਸਲੇ ਲਏ ਜਾ ਸਕਦੇ ਹਨ।

ਬੈਂਕ ਤੇ ਰਿਜ਼ਰਵ ਬੈਂਕ ਹਮੇਸ਼ਾ ਇਸ ਸਬੰਧੀ ਚਿੰਤਾ ਜਤਾਉਂਦੇ ਰਹੇ ਹਨ ਕਿ ਕਰਜ਼ਾ ਮੁਆਫੀ ਨਾਲ ਕਰਜ਼ਾ ਮੋੜਨ ਦੇ ਰੁਝਾਨ 'ਤੇ ਮਾੜਾ ਅਸਰ ਪਵੇਗਾ। ਰਿਪੋਰਟ ਅਨੁਸਾਰ ਜੇ ਸਰਕਾਰ ਮਈ 2019 ਤੱਕ ਖੇਤੀਬਾੜੀ ਕਰਜ਼ਾ ਮੁਆਫੀ ਯੋਜਨਾ ਦਾ ਐਲਾਨ ਕਰਦੀ ਹੈ ਤਾਂ ਇਸ 'ਤੇ 70,000 ਕਰੋੜ ਰੁਪਏ ਖਰਚ ਹੋਣਗੇ। ਹਾਲਾਂਕਿ ਰਿਪੋਰਟ ਵਿਚ ਬਦਲ ਵਜੋਂ ਆਮਦਨ ਸਮਰਥਨ ਯੋਜਨਾ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਕਹੀ ਗਈ ਹੈ।

## ਪਾਕਿਸਤਾਨ ਤੋਂ ਆਏ 83 ਹਿੰਦੂਆਂ ਨੂੰ ਮਿਲੀ ਭਾਰਤੀ ਨਾਗਰਿਕਤਾ

**ਅਹਿਮਦਾਬਾਦ:** ਪਾਕਿਸਤਾਨ ਤੋਂ ਕਈ ਵਰ੍ਹੇ ਪਹਿਲਾਂ ਇਥੇ ਆਏ ਹਿੰਦੂਆਂ ਨੂੰ ਜ਼ਿਲ੍ਹਾ ਅਧਿਕਾਰੀਆਂ ਨੇ ਭਾਰਤੀ ਨਾਗਰਿਕਤਾ ਦਿੱਤੀ। ਜ਼ਿਲ੍ਹਾ ਕੁਲੈਕਟਰੇਟ (ਡੀਸੀ) 'ਚ ਲਾਏ ਗਏ ਇਕ ਕੈਂਪ ਦੌਰਾਨ ਕੁਲੈਕਟਰ ਵਿਕਰਾਂਤ ਪਾਂਡੇ ਅਤੇ ਵਿਧਾਇਕ ਬਲਰਾਮ ਥਵਾਨੀ ਨੇ 83 ਉਮੀਦਵਾਰਾਂ ਨੂੰ ਨਾਗਰਿਕਤਾ ਦੇ ਸਰਟੀਫਿਕੇਟ ਸੌਂਪੇ।

ਇਹ ਸਰਟੀਫਿਕੇਟ ਨਾਗਰਿਕਤਾ ਐਕਟ 1955 ਤਹਿਤ ਜਾਰੀ ਕੀਤੇ ਗਏ ਹਨ। ਨਾਗਰਿਕਤਾ ਹਾਸਲ ਕਰਨ ਵਾਲਿਆਂ ਵਿਚੋਂ ਜ਼ਿਆਦਾਤਰ ਸਿੰਧੀ ਜਾਂ ਮਹੇਸ਼ਵਰੀ ਭਾਈਚਾਰੇ ਤੋਂ ਹਨ। ਸ੍ਰੀ ਪਾਂਡੇ ਨੇ ਦੱਸਿਆ ਕਿ ਕੈਂਪ ਤੋਂ ਪਹਿਲਾਂ 400 ਲੋਕਾਂ ਨੂੰ ਡੀ.ਸੀ. ਦਫਤਰ ਵੱਲੋਂ ਭਾਰਤੀ ਨਾਗਰਿਕਤਾ ਦੇ ਸਰਟੀਫਿਕੇਟ ਦਿੱਤੇ ਗਏ ਸਨ ਅਤੇ ਇਸ ਦੇ ਨਾਲ ਹੀ ਦੋ ਸਾਲ ਪਹਿਲਾਂ ਨਵੀਂ ਵਿਵਸਥਾ ਲਾਗੂ ਹੋਣ ਦੇ ਨਾਲ ਹੀ ਉਹ ਇਸ ਤਰ੍ਹਾਂ ਦੀ ਨਾਗਰਿਕਤਾ ਦੇਣ ਦੇ ਮਾਮਲੇ ਵਿਚ ਸਭਨਾਂ ਜ਼ਿਲ੍ਹਿਆਂ ਵਿਚੋਂ ਸਿਖਰ ਤੇ ਪੁੱਜ ਗਿਆ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਨੇ ਸਾਲ 2016 ਵਿਚ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਤੋਂ ਆਏ ਘੱਟ ਗਿਣਤੀ ਭਾਈਚਾਰੇ ਜਿਵੇਂ ਹਿੰਦੂ ਅਤੇ ਸਿੱਖਾਂ ਨੂੰ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਦਾ ਵਿਕੇਂਦਰੀਕਰਨ ਕੀਤੀ ਸੀ। ਦਸੰਬਰ 2016 ਦੇ ਗਜ਼ਟ ਨੋਟੀਫਿਕੇਸ਼ਨ ਰਾਹੀਂ ਅਹਿਮਦਾਬਾਦ, ਗੁਜਰਾਤ ਵਿਚ ਗਾਂਧੀਨਗਰ ਅਤੇ ਕੱਛ ਦੇ ਜ਼ਿਲ੍ਹਾ ਕੁਲੈਕਟਰਾਂ ਨੂੰ ਗੁਜਰਾਤ 'ਚ ਰਹਿੰਦੇ ਇਨ੍ਹਾਂ ਫਿਰਕਿਆਂ ਦੇ ਉਮੀਦਵਾਰਾਂ ਨੂੰ ਭਾਰਤੀ ਨਾਗਰਿਕਤਾ ਦੇਣ ਦਾ ਹੱਕ ਦਿੱਤਾ ਗਿਆ ਸੀ।

## ਖੱਬੀਆਂ ਧਿਰਾਂ ਵੱਲੋਂ ਇਕਜੁੱਟਤਾ ਬਾਰੇ ਵਿਚਾਰਾਂ

**ਜਲੰਧਰ:** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਅਤੇ ਐਮ.ਸੀ.ਪੀ.ਆਈ. (ਯੂ) ਦੇ ਆਗੂਆਂ ਦੀ ਮੀਟਿੰਗ ਵਿਚ ਦੇਸ਼ ਦੀ ਅਜੋਕੀ ਰਾਜਨੀਤਕ ਸਥਿਤੀ 'ਚ ਖੱਬੀਆਂ ਸ਼ਕਤੀਆਂ ਦੀ ਭੂਮਿਕਾ ਤੇ ਖੱਬੀਆਂ ਧਿਰਾਂ ਦੀ ਇਕਜੁੱਟਤਾ ਬਾਰੇ ਵਿਚਾਰ ਕੀਤਾ ਗਿਆ।

ਇਸ ਮਗਰੋਂ ਦੋਵਾਂ ਪਾਰਟੀਆਂ ਦੀ ਏਕਤਾ ਵੱਲ ਵਧਣ ਲਈ ਆਰ.ਐਮ.ਪੀ.ਆਈ. ਦੀ ਸਟੈਂਡਿੰਗ ਕਮੇਟੀ ਤੇ ਐਮ.ਸੀ.ਪੀ.ਆਈ. (ਯੂ) ਦੇ ਪੋਲਿਟ ਬਿਊਰੋ ਮੈਂਬਰਾਂ 'ਤੇ ਆਧਾਰਿਤ ਇਕ ਇਕਜੁੱਟਤਾ ਕਮੇਟੀ ਕਾਇਮ ਕੀਤੀ ਗਈ।

ਇਹ ਕਮੇਟੀ ਦੋਵਾਂ ਪਾਰਟੀਆਂ ਨੂੰ ਇਕਜੁੱਟ ਕਰਨ ਅਤੇ ਕਿਰਤੀ ਲੋਕਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਦੇਸ਼-ਵਿਆਪੀ ਸੰਘਰਸ਼ ਲਈ ਲਾਮਬੰਦੀ ਵਾਸਤੇ ਕੰਮ ਕਰੇਗੀ। ਇਸ ਮੀਟਿੰਗ ਵਿਚ ਐਮ.ਸੀ.ਪੀ.ਆਈ. (ਯੂ) ਵੱਲੋਂ ਸਾਥੀ ਮੁਹੰਮਦ ਗੌਸ, ਕਿਰਨਜੀਤ ਸਿੰਘ ਸੇਖੋਂ ਤੇ ਅਨੁਭਵ ਦਾਸ ਸ਼ਾਸਤਰੀ ਅਤੇ ਆਰ. ਐਮ. ਪੀ. ਆਈ. ਵੱਲੋਂ ਸਾਥੀ ਮੰਗਤ ਰਾਮ ਪਾਸਲਾ, ਰਾਜਿੰਦਰ ਪ੍ਰਾਂਜਪੇ, ਕੇ.ਐਸ. ਹਰੀਹਰਨ, ਹਰਕੰਵਲ ਸਿੰਘ, ਟੀ.ਐਲ. ਸੰਤੋਸ਼ ਤੇ ਕੁਮਾਰਨਕੁੱਟੀ ਨੇ ਹਿੱਸਾ ਲਿਆ।

ਆਰ. ਐਮ. ਪੀ. ਆਈ. ਦੇ ਸੂਬਾ ਸਕੱਤਰ ਸਾਥੀ ਹਰਕੰਵਲ ਸਿੰਘ ਨੇ ਦੱਸਿਆ ਕਿ ਇਸ ਇਕਜੁੱਟਤਾ ਕਮੇਟੀ ਦੀ ਅਗਲੀ ਮੀਟਿੰਗ 19-20 ਫਰਵਰੀ ਨੂੰ ਅਰਨਾਕੁਲਮ (ਕੇਰਲਾ) ਵਿਚ ਹੋਵੇਗੀ। ਉਨ੍ਹਾਂ ਦੱਸਿਆ ਕਿ ਦੋਵਾਂ ਪਾਰਟੀਆਂ ਦੇ ਕੇਂਦਰੀ ਕਮੇਟੀ ਮੈਂਬਰਾਂ ਵਿਚਕਾਰ ਤਾਲਮੇਲ ਵਧਾਉਣ ਲਈ ਸਾਂਝੀ ਮੀਟਿੰਗ ਵੀ ਕੀਤੀ ਜਾਵੇਗੀ।

## ਖੇਤੀ ਕਰਜ਼ ਮੁਆਫੀ ਦੇ ਚੋਣ ਵਾਅਦੇ ਨਹੀਂ ਹੋਣੇ ਚਾਹੀਦੇ: ਰਾਜਨ

**ਨਵੀਂ ਦਿੱਲੀ:** ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਕਿ ਖੇਤੀ ਕਰਜ਼ ਦਾ ਮੁੱਦਾ ਚੋਣ ਵਾਅਦਿਆਂ ਦਾ ਹਿੱਸਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਕਿਹਾ ਕਿ ਅਜਿਹੇ ਮੁੱਦਿਆਂ ਨੂੰ ਚੋਣ ਪ੍ਰਕਿਰਿਆ ਤੋਂ ਵੱਖ ਰੱਖਣਾ ਚਾਹੀਦਾ ਹੈ। ਉਹ ਇਥੇ 'ਭਾਰਤ ਲਈ ਆਰਥਿਕ ਰਣਨੀਤੀ' ਨਾਂ ਹੇਠ ਜਾਰੀ ਰਿਪੋਰਟ ਨੂੰ ਜਾਰੀ ਕਰਨ ਸਮੇਂ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਨਾਲ ਖੇਤੀਬਾੜੀ ਖੇਤਰ ਵਿਚ ਨਾ ਸਿਰਫ ਨਿਵੇਸ਼ ਰੁਕਦਾ ਹੈ, ਸਗੋਂ ਉਨ੍ਹਾਂ ਸੂਬਿਆਂ ਦੇ ਖਜ਼ਾਨੇ ਉਤੇ ਵੀ ਦਬਾਅ ਪੈਂਦਾ ਹੈ ਜੋ ਖੇਤੀ ਕਰਜ਼ ਮੁਆਫੀ ਨੂੰ ਅਮਲ ਵਿਚ ਲਿਆਉਂਦੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਹਰ ਸੂਬਾਈ ਚੋਣ ਵਿਚ ਇਕ ਜਾਂ ਦੂਜੀ ਪਾਰਟੀ ਵੱਲੋਂ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ ਗਿਆ।

## ਗਲੋਬਲ ਪੁਰਸਕਾਰ ਲਈ ਸੂਚੀ ਵਿਚ ਦੋ ਭਾਰਤੀ ਅਧਿਆਪਕਾਂ ਦਾ ਨਾਂ

**ਲੰਡਨ:** ਯੂਕੇ ਦੀ ਵਰਕੇ ਫਾਊਂਡੇਸ਼ਨ ਵੱਲੋਂ ਆਪਣੇ ਸਾਲਾਨਾ 'ਗਲੋਬਲ ਟੀਚਰ ਪ੍ਰਾਈਜ਼' ਲਈ ਸ਼ਾਰਟਲਿਸਟ ਕੀਤੇ ਵਿਸ਼ਵ ਦੇ 50 ਅਧਿਆਪਕਾਂ ਦੀ ਸੂਚੀ ਵਿਚ ਭਾਰਤ ਦੇ ਦੋ ਅਧਿਆਪਕਾਂ ਦੇ ਨਾਂ ਵੀ ਸ਼ਾਮਲ ਹਨ। ਦਿੱਲੀ ਦੇ ਸ਼ੱਕਰਪੁਰ ਵਿਚ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਚ ਇੰਗਲਿਸ਼ ਅਧਿਆਪਕਾ ਆਰਤੀ ਕਾਨੂੰਨਗੋ ਅਤੇ ਗੁਜਰਾਤ ਦੇ ਲਾਵਦ ਪ੍ਰਾਇਮਰੀ ਸਕੂਲ ਵਿਚ ਲਾਈਫ ਸਕਿੱਲਜ਼ ਅਧਿਆਪਕ ਸਵਰੂਪ ਰਾਵਲ ਮਾਰਚ ਵਿਚ ਦੁਬਈ 'ਚ ਗਲੋਬਲ ਐਜੂਕੇਸ਼ਨ ਐਂਡ ਸਕਿੱਲਜ਼ ਫੋਰਮ ਦੇ ਮੰਚ ਉਤੇ ਐਲਾਨੇ ਜਾਣ ਵਾਲੇ ਇਸ ਵੱਕਾਰੀ ਐਵਾਰਡ ਲਈ 48 ਅਧਿਆਪਕਾਂ ਦਾ ਮੁਕਾਬਲਾ ਕਰਨਗੇ। ਇਸ ਐਵਾਰਡ ਤਹਿਤ ਇਕ ਮਿਲੀਅਨ ਅਮਰੀਕੀ ਡਾਲਰ ਦਿੱਤੇ ਜਾਂਦੇ ਹਨ।

ਸ਼ਖਸੀਅਤਾਂ

# ਏਨਾ ਸੱਚ ਨਾ ਲਿਖ ਮਾਧੋਪੁਰੀ

***ਪੰਜਾਬੀ ਸਾਹਿਤ 'ਚ ਬਲਬੀਰ ਮਾਧੋਪੁਰੀ ਦਾ ਆਪਣਾ ਮੁਕਾਮ ਹੈ। ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਨਾਲ ਉਸ ਦੀ ਇਹ ਪਛਾਣ ਬਹੁਤ ਗੂੜ੍ਹੀ ਹੋਈ ਪਈ ਹੈ। ਇਸ ਸਵੈ-ਜੀਵਨੀ ਦੇ ਕਈ ਐਡੀਸ਼ਨ ਤਾਂ ਛਪ ਹੀ ਚੁਕੇ ਹਨ, ਆਕਸਫੋਰਡ ਯੂਨੀਵਰਸਿਟੀ ਨੇ ਇਸ ਦਾ ਅੰਗਰੇਜ਼ੀ ਅਨੁਵਾਦ ਵੀ ਛਾਪਿਆ ਹੈ। ਇਹ ਕਿਤਾਬ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਚੁਕੀ ਹੈ। ਇਸ ਸਵੈ-ਜੀਵਨੀ ਦੇ ਅੰਸ਼ 'ਪੰਜਾਬ ਟਾਈਮਜ਼' ਦੇ ਪਾਠਕ ਗਾਹੇ-ਬਗਾਹੇ ਪੜ੍ਹ ਚੁਕੇ ਹਨ। ਹਰਜਿੰਦਰ ਸਿੰਘ ਸੂਰੇਵਾਲੀ ਨੇ ਬਲਬੀਰ ਮਾਧੋਪੁਰੀ ਬਾਰੇ ਲੰਮਾ ਲੇਖ ਲਿਖਿਆ ਹੈ, ਜੋ ਅਸੀਂ ਦੋ ਕਿਸ਼ਤਾਂ ਵਿਚ ਛਾਪ ਰਹੇ ਹਾਂ। ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਇਕ ਵਾਰ ਦਲਿਤ ਮਰਾਠੀ ਲੇਖਕਾਂ ਦਾ ਵਫਦ ਦਿੱਲੀ ਦੇ ਲੇਖਕਾਂ ਨੂੰ ਮਿਲਣ ਆਇਆ। ਵਫਦ ਦੇ ਮੈਂਬਰਾਂ ਨੇ ਦਿੱਲੀ ਦੇ ਸਭ ਲੇਖਕਾਂ ਨਾਲ ਹੱਥ ਮਿਲਾਏ ਪਰ ਬਲਬੀਰ ਮਾਧੋਪੁਰੀ ਨੂੰ ਉਹ ਜੱਫੀ ਪਾ ਕੇ ਮਿਲੇ। ਦਲਿਤ ਮਰਾਠੀ ਲੇਖਕਾਂ ਨੇ ਭਾਈ ਨੂੰ ਪਛਾਣ ਲਿਆ ਸੀ। ਮਾਧੋਪੁਰੀ ਆਪ ਵੀ ਹਾਸੇ ਵਿਚ ਕਹਿ ਦਿੰਦਾ ਹੈ ਕਿ ਮੈਂ ਵੇਖਣ ਨੂੰ ਵੀ ਦਲਿਤ ਹੀ ਲੱਗਦਾ ਹਾਂ! ਭਾਰਤ ਦਾ ਮੂਲ ਨਿਵਾਸੀ!

ਉਸ ਦੇ ਨੈਣ ਨਕਸ਼ ਤਿੱਖੇ, ਰੰਗ ਲਾਖਾ, ਕੱਦ 71 ਇੰਚ! ਕਦੇ ਉਹ ਪੱਗ ਬੰਨ੍ਹਣ ਵਾਲਾ ਸਰਦਾਰ ਹੁੰਦਾ ਸੀ ਪਰ ਅੱਜ ਕੱਲ੍ਹ ਸਿਰੋਂ ਨੰਗਾ ਹੈ, ਦਾੜ੍ਹੀ ਤੇ ਸਿਰ ਦੇ ਵਾਲ ਹੁਣ ਖਿਚੜੀ ਹੋ ਗਏ ਹਨ। ਮੱਥਾ ਝੋਟੇ ਦੇ ਸਿਰ ਜਿੱਡਾ ਹੈ ਅਤੇ ਮੱਥੇ ਤੋਂ ਉਪਰ ਨਾਲੋ-ਨਾਲ ਸਿਰ ਦੇ ਘੁੰਗਰਾਲੇ ਵਾਲਾਂ ਦੀਆਂ ਇਕੱਠੀਆਂ ਤਿੰਨ ਦੌਗੀਆਂ ਜਿਹੀਆਂ ਹਨ। ਕੰਨਾਂ ਤੋਂ ਸਿਰ ਤੇ ਗਿੱਚੀ ਤਕ ਤਾਂ ਵਾਲ ਹਨ ਪਰ ਮੱਥੇ ਦੇ ਵਾਲਾਂ ਦੀਆਂ ਦੌਗੀਆਂ ਤੋਂ ਅੱਗੇ ਵਿਚਕਾਰੋਂ ਸਾਰਾ ਸਿਰ ਉਸ ਹਵਾਈ ਪਟੜੀ ਵਾਂਗ ਹੈ, ਜਿਸ ਦੇ ਆਸੇ ਪਾਸੇ ਘਾਹ ਉਗਿਆ ਹੋਵੇ। ਇਹ ਗੰਜ ਪਿਛਲੇ ਪਾਸੇ ਤੋਂ ਹੀ ਦਿਸਦਾ ਹੈ। ਦਾੜ੍ਹੀ ਦੇ ਵਾਲ

**ਹਰਜਿੰਦਰ ਸਿੰਘ ਸੂਰੇਵਾਲੀਆ**
ਫੋਨ:+91-95010-50016


ਵੀ ਇੰਜ ਹਨ, ਜਿਵੇਂ ਖੇਤ ਦੀ ਵੱਟ 'ਤੇ ਖੱਬਲ ਘਾਹ ਦੀਆਂ ਦੌਗੀਆਂ ਹੋਣ। ਰਾਜਸਥਾਨੀਆਂ ਵਾਂਗ ਉਸ ਦੀਆਂ ਮੁੱਛਾਂ ਭਾਰੀਆਂ ਤੇ ਲੰਮੀਆਂ ਹਨ। ਬਹੁਤੇ ਮਿਲਣ-ਗਿਲਣ ਵਾਲੇ ਤਾਂ ਉਸ ਨੂੰ ਸਾਊਥ ਇੰਡੀਅਨ ਹੀ ਸਮਝ ਲੈਂਦੇ ਹਨ ਤੇ ਉਹ ਵੀ ਸ਼ੁਗਲ 'ਚ ਆਪਣੇ ਆਪ ਨੂੰ ਸਾਊਥ ਇੰਡੀਅਨ ਹੀ ਦੱਸ ਦਿੰਦੈ। ਕਹਿੰਦੈ, ਮੈਂ ਅਸਲੀ ਇੰਡੀਅਨ ਹਾਂ ਤੇ ਮੇਰੀ ਲੜਾਈ ਤਾਂ ਆਰੀਅਨ ਲੋਕਾਂ ਨਾਲ ਹੈ। ਇਨ੍ਹਾਂ ਨੇ ਭਾਰਤ ਦੇ ਮੂਲ ਵਾਸੀਆਂ ਨੂੰ ਸ਼ੂਦਰਾਂ-ਅਛੂਤਾਂ ਦੀ ਸ਼੍ਰੇਣੀ 'ਚ ਰੱਖ ਕੇ ਉਨ੍ਹਾਂ ਦੇ ਮਨੁੱਖ ਹੋਣ 'ਤੇ ਹੀ ਸਵਾਲੀਆ ਚਿੰਨ੍ਹ ਲਾ ਉਨ੍ਹਾਂ ਨੂੰ ਪਸ਼ੂਆਂ ਜਿਹਾ ਜੀਵਨ ਜਿਉਣ ਲਈ ਮਜਬੂਰ ਕਰ ਰੱਖਿਆ ਹੈ।

ਉਸ ਦੇ ਬਹੁਤੇ ਦੋਸਤ ਜਦੋਂ ਵੀ ਉਸ ਨੂੰ ਫੋਨ ਕਰਦੇ ਹਨ ਤਾਂ ਹਮੇਸ਼ਾ ਹੀ ਇਸ ਵਾਕ ਨਾਲ ਗੱਲਬਾਤ ਸ਼ੁਰੂ ਕਰਦੇ ਹਨ, 'ਦਲਿਤ ਭਾਈ, ਕੀ ਹਾਲ-ਚਾਲ ਹੈ?' ਮਾਧੋਪੁਰੀ ਨੂੰ ਹੁਣ ਦਲਿਤ ਅਖਵਾਉਣ ਵਿਚ ਨਾ ਕੋਈ ਸੰਗ ਹੈ, ਨਾ ਸੰਕੋਚ। ਜਾਤ-ਪਾਤ ਦੇ ਬੰਧਨਾਂ ਨੂੰ ਲੱਤ ਮਾਰਨ ਵਾਲਾ ਕਿਸੇ ਸਮੇਂ ਦਾ ਪੱਕਾ ਕਾਮਰੇਡ ਬਲਬੀਰ ਮਾਧੋਪੁਰੀ ਆਪ ਹੀ ਹੁਣ ਸਦੀਆਂ ਪੁਰਾਣੇ ਸਮਾਜ ਵਾਂਗ ਇਸ ਜਾਤੀ ਬੰਧਨ 'ਚ ਬੱਝ ਗਿਆ ਹੈ। ਚੌਵੀ ਘੰਟੇ, ਚੱਤੋ ਪਹਿਰ ਉਸ ਦੀ ਸੋਚ ਦਬੇ-ਕੁਚਲੇ ਦਲਿਤ ਸਮਾਜ ਦੁਆਲੇ ਹੀ ਘੁੰਮਦੀ ਰਹਿੰਦੀ ਹੈ। ਇਕ ਵਾਰ ਮੇਰੇ ਬੈਠਿਆਂ ਉਸ ਕੋਲ ਆਏ ਮਿੱਤਰ ਨੂੰ ਘਰੋਂ ਫੋਨ ਆ ਗਿਆ। ਪਤਨੀ ਪੁੱਛ ਰਹੀ ਸੀ ਕਿ ਕਿੱਥੇ ਬੈਠੇ ਹੋ, ਮਿੱਤਰ ਦਾ ਜਵਾਬ ਸੀ, 'ਦਲਿਤ ਪ੍ਰਵਚਨ ਸੁਣ ਰਿਹਾ ਹਾਂ।'

'ਅੱਛਾ, ਮਾਧੋਪੁਰੀ ਕੋਲ ਬੈਠੇ ਹੋ।' ਪਤਨੀ ਨੇ ਬੁੱਝ ਲਿਆ ਸੀ।

ਪੰਜਾਬੀ ਵਿਚ ਅਨੇਕ ਦਲਿਤ ਲੇਖਕ ਹੋਏ ਹਨ, ਜੋ ਕਵਿਤਾ, ਕਹਾਣੀ, ਨਾਵਲ ਆਦਿ ਲਿਖਦੇ ਰਹੇ ਹਨ ਤੇ ਲਿਖ ਰਹੇ ਹਨ। ਇਨ੍ਹਾਂ ਵਿਚੋਂ ਕਈਆਂ ਨੇ ਸਵੈ-ਜੀਵਨੀਆਂ ਵੀ ਲਿਖੀਆਂ ਹਨ, ਪਰ ਸਵੈ-ਜੀਵਨੀ 'ਛਾਂਗਿਆ ਰੁੱਖ' ਲਿਖਣ ਕਰਕੇ ਜੋ ਮਾਨਤਾ ਦਲਿਤ ਲੇਖਕ ਵਜੋਂ ਬਲਬੀਰ ਮਾਧੋਪੁਰੀ ਨੂੰ ਹਾਸਲ ਹੋ ਗਈ ਹੈ, ਉਹ ਕਿਸੇ ਨੂੰ ਨਹੀਂ ਹੋਈ। ਜਦੋਂ ਤੋਂ ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਅੰਗਰੇਜ਼ੀ 'ਚ ਅਨੁਵਾਦ ਕਰਕੇ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪੀ ਹੈ, ਉਦੋਂ ਤੋਂ ਹੀ ਉਹ ਕੌਮਾਂਤਰੀ ਪ੍ਰਸਿਧੀ ਦਾ ਲੇਖਕ ਮੰਨਿਆ ਜਾਣ ਲੱਗਾ ਹੈ। ਉਹ ਅਸਲ ਵਿਚ ਤੇ ਸਹੀ ਅਰਥਾਂ ਵਿਚ ਪੰਜਾਬੀ ਦਾ ਇਕੋ ਇਕ ਦਲਿਤ ਲੇਖਕ ਹੋ ਨਿਬੜਿਆ ਹੈ, ਜਿਸ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦੀ ਮਾਨਤਾ ਮਿਲੀ ਹੈ। ਉਸ ਨੇ ਦਲਿਤ ਹੋਣ ਦਾ ਸੰਤਾਪ ਤਨ-ਮਨ 'ਤੇ ਪੂਰੀ ਸ਼ਿੱਦਤ ਨਾਲ ਹੰਢਾਇਆ ਹੈ ਤੇ ਉਹ ਹੁਣ ਪੂਰੀ ਤਰ੍ਹਾਂ ਦਲਿਤ ਮੂਲ ਸੋਚ ਨੂੰ ਪ੍ਰਣਾਇਆ ਹੋਇਆ ਲੇਖਕ ਹੈ।

ਬਚਪਨ ਵਿਚ ਉਸ ਨੇ ਅੰਤਾਂ ਦੀ ਗਰੀਬੀ ਅਤੇ ਕਥਿਤ ਨੀਵੀਂ ਜਾਤ ਦਾ ਹੋਣ ਦਾ ਜੋ ਮਾਨਸਿਕ ਸੰਤਾਪ ਭੋਗਿਆ ਹੈ, ਆਪਣੀ ਸਵੈ-ਜੀਵਨੀ ਵਿਚ ਉਸੇ ਦਾ ਹੀ ਪ੍ਰਗਟਾਵਾ ਕੀਤਾ ਹੈ। 'ਚੜ੍ਹਿਆ ਚੇਤ, ਨਾ ਘਰ ਨਾ ਖੇਤ' ਦੀ ਕਹਾਵਤ ਅਨੁਸਾਰ ਉਨ੍ਹਾਂ ਸਮਿਆਂ ਵਿਚ 'ਫੱਗਣ-ਚੇਤ' ਵਿਚ ਤਾਂ ਕਣਕ ਅੰਨ-ਦਾਤਿਆਂ ਦੇ ਘਰਾਂ 'ਚੋਂ ਵੀ ਮੁੱਕ ਜਾਂਦੀ ਸੀ ਤੇ ਵਿਚਾਰੇ ਗਰੀਬ ਤਾਂ ਕੀਹਦੇ ਪਾਣੀਹਾਰ ਸਨ? ਉਨ੍ਹੀਂ ਦਿਨੀਂ ਪਿੰਡ ਮਾਧੋਪੁਰ ਦੇ ਗਰੀਬ ਪਰਿਵਾਰ ਗੁੜ ਕੱਢਣ ਵਾਲੇ ਵੇਲਣਿਆਂ ਤੋਂ ਗੰਨੇ ਦੇ ਰਸ ਦੀ ਲਿਆਂਦੀ ਮੈਲ ਪੀ ਕੇ ਹੀ ਗੁਜ਼ਾਰਾ ਕਰਦੇ। ਬਲਬੀਰ ਤੇ ਉਸ ਦਾ ਵੱਡਾ ਭਰਾ ਬਿਰਜੂ ਵੀ ਮੈਲ ਲੈਣ ਜਾਂਦੇ ਤਾਂ ਉਹ ਬੜੀ ਨਮੋਸ਼ੀ ਮੰਨਦਾ। ਬਰਸਾਤਾਂ ਦੇ ਦਿਨੀਂ ਗੁੜ 'ਚ ਕੀੜੇ ਪੈ ਜਾਂਦੇ ਤਾਂ ਖਰਾਬ ਗੁੜ ਨੂੰ ਸਿੱਟਣ ਦੀ ਥਾਂ ਉਹ ਉਸੇ ਗੁੜ ਦੀ ਚਾਹ ਬਣਾ ਕੇ ਡੰਗ ਸਾਰਦੇ ਰਹਿੰਦੇ। ਚਾਹ ਪੁਣਨ ਸਮੇਂ ਚਿੱਟੇ ਕੀੜੇ ਕਾਲੀ ਚਾਹ ਪੱਤੀ ਵਿਚ ਫੁੱਲੇ ਹੋਏ ਹੋਰ ਵੀ ਵੱਡੇ ਤੇ ਡਰਾਉਣੇ ਜਾਪਦੇ। ਕੀੜਿਆਂ ਦੇ ਡਰ ਕਰਕੇ ਬਲਬੀਰ ਆਮ ਦਿਨਾਂ ਵਿਚ ਵੀ ਡਰ ਡਰ ਕੇ ਚਾਹ ਪੀਂਦਾ ਤਾਂ ਉਸ ਦਾ ਭਾਈਆ ਕਹਿੰਦਾ, 'ਡੱਫ ਲਾ ਹੁਣ, ਬਰਸਾਤ ਆ ਕਿਤੇ ਹੁਣ, ਜਿਹੜਾ ਕੀੜੇ ਤਰਦੇ ਦੇਖਦਾ ਆਂ। ਇਨ੍ਹਾਂ ਦਿਨਾਂ 'ਚ ਗੁੜ 'ਚ ਕੀੜੇ ਨਈ੍ਹਂ ਪਈਂਦੇ।'







***(ਖੱਬੇ) ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦਾ ਮੁਖੜਾ ਅਤੇ (ਸੱਜੇ) ਅੰਗਰੇਜ਼ੀ ਅਨੁਵਾਦ ਜੋ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪਿਆ***

ਸ਼ੁਰੂ ਵਿਚ ਤਾਂ ਉਹ ਪ੍ਰਗਤੀਵਾਦੀ ਕਵੀ ਸੀ, ਜੋ ਮਾਰਕਸੀ ਵਿਚਾਰਧਾਰਾ ਦਾ ਹਮਾਇਤੀ ਸੀ ਤੇ ਹੋਰ ਕਾਮਰੇਡਾਂ ਵਾਂਗ ਉਸ ਨੂੰ ਵੀ ਆਸ ਸੀ ਕਿ ਇਨਕਲਾਬ ਤਾਂ ਬੱਸ ਆਇਆ ਹੀ ਪਿਆ ਹੈ। ਉਸ ਨੂੰ ਇਹ ਵੀ ਭਰੋਸਾ ਸੀ ਕਿ ਇਸ ਤਰ੍ਹਾਂ ਆਰਥਕ ਬਰਾਬਰੀ ਆ ਜਾਣ 'ਤੇ ਸਮਾਜਕ ਬਰਾਬਰੀ ਵੀ ਆ ਹੀ ਜਾਵੇਗੀ। ਉਸ ਦਾ ਪਿਤਾ ਠਾਕਰ ਦਾਸ ਭਾਵੇਂ ਅਨਪੜ੍ਹ ਸੀ ਪਰ ਉਸ ਨੂੰ ਸਮਾਜਕ ਯਥਾਰਥ ਦਾ ਪਤਾ ਸੀ ਤੇ ਉਹ ਦੂਰ ਦੀ ਸੋਚਣ ਵਾਲਾ ਮਨੁੱਖ ਸੀ। ਉਹ ਹਮੇਸ਼ਾ ਹੀ ਉਸ ਨੂੰ ਕਾਮਰੇਡਾਂ ਦਾ ਖਹਿੜਾ ਛੱਡਣ ਅਤੇ ਪੜ੍ਹ ਕੇ ਇਸ ਜ਼ਲਾਲਤ ਭਰੀ ਜ਼ਿੰਦਗੀ ਵਿਚੋਂ ਨਿਕਲਣ ਲਈ ਪ੍ਰੇਰਦਾ ਰਹਿੰਦਾ। ਜਿਵੇਂ ਮਲਵਈ ਔਰਤਾਂ 'ਮੇਰੇ ਪਿਓ ਦਿਆ ਸਾਲਿਆ' ਦੀ ਕਰਾਰੀ ਗਾਲ੍ਹ ਕੱਢਦੀਆਂ ਹਨ, ਉਸੇ ਤਰ੍ਹਾਂ ਉਸ ਦਾ ਭਾਈਆ ਉਸ ਨੂੰ ਉਹੀ ਗਾਲ੍ਹ ਮਿੱਠੀ ਬਣਾ ਕੇ ਕੱਢਦਾ, 'ਮਾਮਾ! ਤੂੰ ਆਪਣੇ ਘਰ ਤਾਂ ਪਹਿਲਾਂ ਇਨਕਲਾਬ ਲੈ ਆ। ਫੇ ਜੋ ਮਰਜੀ ਕਰੀਂ। ਜਦੋਂ ਦੇਖੋ ਰੂਸ-'ਮਰੀਕਾ ਦੀਆਂ ਗੱਲਾਂ ਕਰਨ ਡਹਿ ਪੈਂਦਾ। ਆਪ ਸਬਿਆਰ ਨੂੰ ਅਜੇ ਦਿੱਲੀ ਨਹੀਂ ਟੱਪਿਆ। ਫੜੀ ਫਿਰਦੈ ਹਰ ਵੇਲੇ ਇਨਕਲਾਬ ਦਾ ਛੁਣਛਣਾ...।'

ਪਿਤਾ ਵਲੋਂ ਜ਼ਲਾਲਤ ਭਰੀ ਜ਼ਿੰਦਗੀ 'ਚੋਂ ਨਿਕਲਣ ਲਈ ਦਿੱਤੀ ਜਾਂਦੀ ਹੱਲਾਸ਼ੇਰੀ ਅਤੇ ਤਾਅਨਿਆਂ ਨੇ ਬਲਬੀਰ ਨੂੰ ਪੜ੍ਹਾਈ ਦੇ ਰਸਤੇ 'ਤੇ ਤੋਰੀ ਰੱਖਿਆ। ਉਹ ਵੀ ਸਮਝ ਗਿਆ ਕਿ ਸਾਡੀ ਮੁਕਤੀ ਦਾ ਰਾਹ ਤਾਂ ਬੱਸ ਹੁਣ ਇਹੋ ਹੈ, ਨਹੀਂ ਤਾਂ ਸਾਰੀ ਉਮਰ ਜੱਟਾਂ ਤੋਂ ਆਪਣਾ ਚੰਮ ਲੁਹਾਉਣਾ ਪਊ। ਉਸ ਨੂੰ ਸ਼ੁਰੂ ਤੋਂ ਹੀ ਉਚੀਆਂ ਜਾਤਾਂ, ਖਾਸ ਕਰਕੇ ਜੱਟਵਾਦ ਨਾਲ ਨਫਰਤ ਹੋ ਗਈ ਸੀ। ਜਦੋਂ ਉਸ ਦੀ ਮਾਂ ਜੱਟਾਂ ਦੀ ਹਵੇਲੀ ਗੋਹਾ-ਕੂੜਾ ਕਰਨ ਜਾਂਦੀ ਤਾਂ ਉਸ ਨੂੰ ਵੀ ਨਾਲ ਹੀ ਲੈ ਜਾਂਦੀ। ਉਸ ਦਾ ਬਾਲ ਮਨ ਸੋਚਦਾ, ਜਦੋਂ ਉਸ ਨੇ ਕਰਨਾ ਹੀ ਕੁਝ ਨਹੀਂ ਤਾਂ ਉਸ ਨੂੰ ਮਾਂ ਨਾਲ ਕਿਉਂ ਲੈ ਆਉਂਦੀ ਹੈ। ਪਰ ਹੌਲੀ-ਹੌਲੀ ਉਸ ਦੇ ਬਾਲ ਮਨ ਨੂੰ ਸੋਝੀ ਆ ਗਈ ਕਿ ਉਹ ਤਾਂ ਆਪਣੀ ਮਾਂ ਦਾ ਰਖਵਾਲਾ ਬਣ ਕੇ ਆਇਆ ਹੈ। ਛੋਟੀਆਂ ਕਲਾਸਾਂ ਵਿਚ ਜਦੋਂ ਉਹ ਨਲਕੇ ਤੋਂ ਪਾਣੀ ਪੀ ਕੇ ਹਟਦਾ ਤਾਂ ਜੱਟਾਂ ਦੇ ਮੁੰਡੇ ਨਲਕੇ ਦੇ ਉਸ ਥਾਂ ਨੂੰ ਦੁਬਾਰਾ ਧੋਂਦੇ, ਜਿਥੇ ਬਲਬੀਰ ਦੇ ਹੱਥ ਲੱਗੇ ਹੁੰਦੇ।

ਵੱਡੀਆਂ ਜਮਾਤਾਂ ਵਿਚ ਹੋ ਕੇ ਵੀ ਉਹ ਛੁੱਟੀ ਦੇ ਦਿਨ ਖੇਤਾਂ 'ਚ ਦਿਹਾੜੀ ਕਰਦਾ, ਤਾਂ ਉਦੋਂ ਵੀ ਜਿਮੀਂਦਾਰ ਉਸ ਨੂੰ ਜਾਤੀਗਤ ਟਕੋਰਾਂ ਮਾਰਨੋਂ ਨਾ ਹਟਦੇ। ਪਿੰਡ ਦੀ ਵਿਗੜੀ ਜਟੌੜ ਉਨ੍ਹਾਂ ਦੇ ਵਿਹੜੇ ਆ ਕੇ ਉਨ੍ਹਾਂ 'ਤੇ ਧੌਂਸ ਜਮਾਉਂਦੀ ਤੇ ਉਨ੍ਹਾਂ ਦੀਆਂ ਔਰਤਾਂ 'ਤੇ ਪੱਠੇ ਵੱਢਣ ਦੇ ਝੂਠੇ ਦੋਸ਼ ਲਾਉਂਦੀ। ਉਨ੍ਹਾਂ ਦੀਆਂ ਨਜ਼ਰਾਂ ਵਿਚ ਵਿਹੜੇ ਦੀਆਂ ਔਰਤਾਂ ਭੋਗਣਯੋਗ ਵਸਤਾਂ ਸਨ। ਹਾਣੀ ਮੁੰਡੇ ਵੀ ਉਸ ਦੇ ਪਿਓ ਅਤੇ ਚਾਚੇ ਤਾਇਆਂ ਨੂੰ ਉਨ੍ਹਾਂ ਦੇ ਨਾਂ ਲੈ ਕੇ ਬੁਲਾਉਂਦੇ ਜਦੋਂ ਕਿ ਉਹ ਤੇ ਉਸ ਦੀ ਬਰਾਦਰੀ ਦੇ ਦੂਜੇ ਮੁੰਡੇ ਪਿੰਡ ਦੇ ਬੰਦਿਆਂ ਨੂੰ ਚਾਚਾ, ਤਾਇਆ, ਬਾਬਾ ਕਹਿ ਕੇ ਬੁਲਾਉਂਦੇ। ਛੋਟੀ ਉਮਰ ਦੀਆਂ ਜੱਟੀਆਂ ਉਸ ਦੀ ਸੌ ਸਾਲ ਨੂੰ ਢੁੱਕੀ ਦਾਦੀ ਨੂੰ 'ਹਰੋ' ਕਹਿ ਕੇ ਹੀ ਬੁਲਾਉਂਦੀਆਂ, ਤੇ ਜੱਟਾਂ ਦੇ ਵਿਗੜੇ 'ਕਾਕੇ' ਉਨ੍ਹਾਂ ਦੀਆਂ ਔਰਤਾਂ ਨੂੰ ਮਖੌਲ ਕਰਨੋਂ ਨਾ ਟਲਦੇ। ਇਕ ਸ਼ਰਾਰਤੀ ਉਸ ਦੀ ਦਾਦੀ ਨੂੰ ਹਮੇਸ਼ਾ ਹੀ ਇਹ ਟੋਟਕਾ ਸੁਣਾ ਕੇ ਭੱਜ ਜਾਂਦਾ ਸੀ, 'ਥੁਆਡੀ ਸੱਤੋ ਦੇ ਜਾਰ, ਕੋਈ... ਕੋਈ...।'

ਤੇ ਫਿਰ ਉਸ ਦੀ ਦਾਦੀ ਗਾਲ੍ਹਾਂ ਦਾ ਮੀਂਹ ਵਰ੍ਹਾ ਦਿੰਦੀ, "ਕਿਹੜੀ ਨਖਸਮੀ ਦਾਂ? ਖੜ੍ਹਾ ਹੋ ਜਰਾ, ਚੀਰ ਕੇ ਦੋ ਥਾਂਈਂ ਕਰਾਂ...ਕੰਜਰਾਂ ਦੇ ਜਾਣੀ ਦਾ ਜਦੋਂ ਨੰਘਦਾ ਟਾਂਚ ਕਰਕੇ ਦੌੜ ਜਾਂਦਾ, ਮੇਰੇ ਪੇ ਦਾ ਸਾਲਾ। ਇਹਨੂੰ ਔਤ ਜਾਣੇ ਨੂੰ ਫੇ ਸ਼ਰਮ ਨਈ੍ਹ ਆਉਂਦੀ ਮਸ਼ਕਰੀਆਂ ਕਰਦੇ ਨੂੰ...ਮੈਤੋਂ ਕਿਹੜਾ ਸਿਆਣ ਹੋਇਆ ਉਧਲ ਜਾਣੀ ਦਾ! ਫੁੜਕੀ ਪੈਣੇ ਦੀ ਲੂਹ ਹੋਣੀ ਜੁਬਾਨ ਈ ਪਛਾਣਦੀ ਆਂ! ਜੀਭ ਧੂਊਂਗੀ ਕਿਸੇ ਦਿਨ, ਹੱਥ ਆਬੇ ਇਕ ਬਾਰੀ। ਮੈਂ ਕਹਿੰਨੀ ਆਂ ਪਈ ਸੱਤੋ ਬਛੇਰੀ ਹਊਗੀ ਧੁਆਡੀ, ਹਰਾਮ ਦੀ ਅਲਾਦ।" ਤੇ ਬਲਬੀਰ ਨੂੰ ਜਾਪਦਾ, ਦਾਦੀ ਕੋਲ ਗਾਲ੍ਹਾਂ ਦਾ ਅਮੁੱਕ ਭੰਡਾਰ ਹੈ।

ਜਿਥੇ ਮਾਧੋਪੁਰ ਦੇ ਜੱਟ ਭਾਈਚਾਰੇ ਪ੍ਰਤੀ ਬਲਬੀਰ ਦੇ ਦਿਲ ਵਿਚ ਨਫਰਤ ਅਤੇ ਰੋਸ ਪੈਦਾ ਹੋ ਗਿਆ ਸੀ, ਉਥੇ ਮਾਧੋਪੁਰ ਦੇ ਨਾਲ ਹੀ ਵਸੇ ਛੋਟੇ ਜਿਹੇ ਪਿੰਡ ਸੋਹਲਪੁਰ ਦੇ ਇਕ ਜੱਟ ਪਰਿਵਾਰ ਨਾਲ ਉਸ ਦਾ ਰੂਹ ਦਾ ਰਿਸ਼ਤਾ ਬਣ ਗਿਆ ਸੀ। ਇਸ ਪਰਿਵਾਰ ਦਾ ਜੀਤ ਸਿੰਘ ਤੇ ਉਸ ਦਾ ਪਿਤਾ ਬਿਨਾ ਪੱਗਾਂ ਵਟਾਏ ਪੱਗ ਵੱਟ ਭਰਾ ਬਣੇ ਹੋਏ ਸਨ। ਜੀਤ ਸਿੰਘ ਨੇ ਉਸ ਦੇ ਪਿਤਾ ਨੂੰ ਕਿਹਾ ਸੀ, "ਠਾਕਰਾ, ਐਹ ਲੈ ਆਪਣੇ ਕੋਲ ਪੱਗਾਂ ਨਈ੍ਹਂ, ਆ ਤੂੰਮ੍ਹੀ ਗੋਕੇ ਦੇ ਪਿੰਡੇ 'ਤੇ ਹੱਥ ਰੱਖ, ਲੈ ਅੱਜ ਤੋਂ ਆਪਾਂ ਭਰਾ ਬਣ ਗਏ ਆਂ।"

ਜੀਤ ਸਿੰਘ ਦੀ ਬੇਵਕਤੀ ਮੌਤ ਪਿਛੋਂ ਵੀ ਦੋਹਾਂ ਪਰਿਵਾਰਾਂ ਦਾ ਉਸੇ ਤਰ੍ਹਾਂ ਮੇਲ-ਜੋਲ ਬਣਿਆ ਰਿਹਾ। ਜੀਤ ਸਿੰਘ ਦੀ ਘਰ ਵਾਲੀ ਮਲਕੀਤ ਕੌਰ ਉਸ ਨੂੰ ਬਹੁਤ ਮੋਹ ਕਰਦੀ ਤੇ ਬਲਬੀਰ ਵੀ ਤਾਈ ਤਾਈ ਕਰਦਾ ਉਸ ਦੇ ਪਿੱਛੇ ਮੇਮਣੇ ਵਾਂਗ ਤੁਰਿਆ ਫਿਰਦਾ। ਉਹ ਲਿਖਦੈ, "ਹੁਣ ਵੀ ਜਦੋਂ ਮੇਰੇ ਰੋਮਾਂ ਵਿਚ ਰਚੇ ਇਸ ਜੱਟ ਪਰਿਵਾਰ ਦੇ ਮੋਹ-ਤੇਹ ਦਾ



***ਬਲਬੀਰ ਮਾਧੋਪੁਰੀ***

ਖਿਆਲ ਆਉਂਦਾ ਹੈ ਤਾਂ ਮੈਨੂੰ ਲੱਗਦਾ ਹੈ, ਜਿਵੇਂ ਉਹ ਸਾਡੀ ਜ਼ਿੰਦਗੀ ਦੇ ਰੇਗਿਸਤਾਨ ਵਿਚ ਵਗਿਆ ਦਰਿਆ ਹੋਵੇ, ਜਿਸ ਸਦਕਾ ਥੋੜ੍ਹੀ-ਥੋੜ੍ਹੀ ਹਰਿਆਲੀ ਭਾਅ ਮਾਰਨ ਲੱਗ ਪਈ ਹੋਵੇ।"

ਜੱਟਵਾਦ ਦੇ ਨਾਲ ਉਸ ਨੂੰ ਹਿੰਦੂ ਵਰਣ-ਧਰਮ ਨਾਲ ਵੀ ਅੰਤਾਂ ਦੀ ਨਫਰਤ ਹੋ ਗਈ ਸੀ, ਜਿਸ ਧਰਮ ਨੇ ਉਨ੍ਹਾਂ ਨੂੰ ਜ਼ਲਾਲਤ ਭਰੀ ਜ਼ਿੰਦਗੀ ਬਖਸ਼ ਦਿੱਤੀ ਸੀ। ਇਸ ਨਫਰਤ ਕਰਕੇ ਉਹ ਸੁੱਕੇ ਗੂੰਹ ਨੂੰ ਬਾਹਮਣ ਕਹਿੰਦੇ ਸਨ। ਉਸ ਨੂੰ ਆਪਣੇ ਨਾਂ ਦੇ ਨਾਲ ਲੱਗੇ 'ਚੰਦ' ਤੋਂ ਵੀ ਸਖਤ ਘ੍ਰਿਣਾ ਸੀ, ਤੇ ਇਸੇ ਨਾਲ ਉਸ 'ਤੇ ਹਿੰਦੂ ਹੋਣ ਦਾ ਠੱਪਾ ਲੱਗਦਾ ਸੀ। ਬਾਅਦ ਵਿਚ ਉਸ ਨੇ ਆਪਣੇ ਨਾਂ ਨਾਲ ਲੱਗੇ ਇਸ ਦਾਗੀ ਚੰਦ ਤੋਂ ਖਹਿੜਾ ਛੁਡਾ ਕੇ ਆਪਣੇ ਨਾਂ ਨਾਲ ਮਾਧੋਪੁਰੀ ਜੋੜ ਲਿਆ।

ਉਹ ਬਚਪਨ ਤੋਂ ਹੀ ਬਹੁਤ ਸੰਵੇਦਨਸ਼ੀਲ ਸੀ, ਜੋ ਉਚ ਜਾਤੀਆਂ, ਖਾਸ ਕਰਕੇ ਜੱਟਾਂ ਵਲੋਂ ਕੰਮੀਆਂ-ਕਮੀਣਾਂ ਨਾਲ ਕੀਤੇ ਜਾਂਦੇ ਮਾੜੇ ਵਿਹਾਰ ਨੂੰ ਵੇਖ ਬੇਚੈਨ ਹੋ ਜਾਂਦਾ। ਗੁਰਦੁਆਰੇ ਦੇ ਭਾਈ ਜੀ ਵਲੋਂ ਵਿਹੜੇ ਦੇ ਬੱਚਿਆਂ ਨੂੰ ਪ੍ਰਸ਼ਾਦ ਦੇਣ ਸਮੇਂ ਕੱਢੀਆਂ ਗਾਲ੍ਹਾਂ ਅਤੇ ਉਚਾਈ ਤੋਂ ਉਨ੍ਹਾਂ ਦੇ ਹੱਥਾਂ ਵਿਚ ਸੁੱਟਿਆ ਪ੍ਰਸ਼ਾਦ, ਜੋ ਕਈ ਵਾਰ ਹੇਠਾਂ ਵੀ ਡਿੱਗ ਪੈਂਦਾ, ਆਦਿ ਗੱਲਾਂ ਉਸ ਨੂੰ ਪ੍ਰੇਸ਼ਾਨ ਕਰਦੀਆਂ ਤੇ ਉਹ ਸੋਚਦਾ, 'ਏਦਾਂ ਦਾ ਪ੍ਰਸ਼ਾਦ ਲੈਣ ਨਾਲੋਂ ਕੀ ਥੁੜਿਆ?' ਉਸ ਨੂੰ 'ਭਿੱਟ' ਸ਼ਬਦ ਜ਼ਹਿਰ ਵਰਗਾ ਜਾਪਦਾ ਤੇ ਹੈਰਾਨ ਹੁੰਦਾ ਕਿ ਜੋ ਅਨਾਜ ਉਸ ਦੇ ਪਿਤਾ ਜਾਂ ਚਾਚਿਆਂ-ਤਾਇਆਂ ਨੇ ਆਪ ਜੱਟਾਂ ਦੇ ਭੜੋਲਿਆਂ ਵਿਚ ਪਾਇਆ, ਉਹੀ ਅਨਾਜ ਭੜੋਲੇ ਵਿਚ ਪੈਣ ਪਿਛੋਂ ਉਨ੍ਹਾਂ ਦੇ ਹੱਥ ਲੱਗਣ ਨਾਲ ਕਿਵੇਂ ਭਿੱਟਿਆ ਜਾਂਦਾ ਹੈ? ਉਸ ਨੂੰ ਇਹ ਵੀ ਸਮਝ ਨਾ ਆਉਂਦੀ ਕਿ ਕੁੱਤੇ-ਬਿੱਲੇ ਤਾਂ ਜੱਟਾਂ ਦੇ ਚੌਂਤਰਿਆਂ ਵਿਚ ਮਰਜ਼ੀ ਨਾਲ ਘੁੰਮ ਫਿਰ ਸਕਦੇ ਸਨ ਪਰ ਕੰਮੀ-ਕਮੀਣ ਬੱਚੇ ਦਾ ਉਨ੍ਹਾਂ ਦੇ ਚੌਂਤਰੇ ਚੜ੍ਹਨਾ ਕਿਉਂ ਮਨ੍ਹਾਂ ਸੀ? ਉਸ ਦਾ ਬਾਲ ਮਨ ਇਹ ਦੇਖ ਕੇ ਵੀ ਬੜਾ ਦੁਖੀ ਹੁੰਦਾ ਕਿ ਜੱਟਾਂ ਦੇ ਜਵਾਕ ਆਪਣੇ ਭਾਂਡਿਆਂ ਵਿਚ ਬਿੱਲੀ ਦੇ ਬਲੂੰਗੜਿਆਂ ਨੂੰ ਤਾਂ ਦੁੱਧ ਪਿਆ ਦਿੰਦੇ ਹਨ ਪਰ ਉਸ ਦੀ ਜਾਤੀ ਦੇ ਬੰਦਿਆਂ ਨੂੰ ਉਹ ਆਪਣੇ ਭਾਂਡਿਆਂ ਨੂੰ ਹੱਥ ਵੀ ਨਹੀਂ ਸੀ ਲਾਉਣ ਦਿੰਦੇ।

ਉਹ ਸਮਝਦਾ, ਜੱਟਾਂ ਵਲੋਂ ਉਨ੍ਹਾਂ ਨਾਲ ਇਸ ਵਿਹਾਰ ਦਾ ਕਾਰਨ ਹੈ ਕਿ ਉਹ ਜਮੀਨਾਂ ਦੇ ਮਾਲਕ ਹਨ। ਉਸ ਦੇ ਮਨ ਵਿਚ ਆਉਂਦਾ ਕਿ ਕਾਸ਼ ਉਨ੍ਹਾਂ ਕੋਲ ਵੀ ਜਮੀਨਾਂ ਹੁੰਦੀਆਂ। ਇਸ ਕਰਕੇ ਹੀ ਉਸ ਦਾ ਮੁੱਢ ਤੋਂ ਹੀ ਝੁਕਾਅ ਕਾਮਰੇਡਾਂ ਵਲ ਹੋ ਗਿਆ ਸੀ ਤੇ ਵੀਹ ਸਾਲ ਦੀ ਉਮਰੇ ਪਾਰਟੀ ਦਾ ਕਾਰਡ ਹੋਲਡਰ ਬਣ ਗਿਆ ਸੀ, ਤੇ ਉਹ ਪੰਜਾਬ ਭਰ ਤਾਂ ਕੀ, ਦਿੱਲੀ ਤਕ ਕਾਮਰੇਡਾਂ ਦੇ ਹੋਣ ਵਾਲੇ ਧਰਨੇ ਮੁਜਾਹਰਿਆਂ, ਜਲੂਸਾਂ ਆਦਿ ਵਿਚ ਪਿੰਡੋਂ ਵੱਧ ਤੋਂ ਵੱਧ ਬੰਦੇ ਲੈ ਕੇ ਪੂਰੇ ਜੋਸ਼-ਓ-ਖਰੋਸ਼ ਨਾਲ ਸ਼ਾਮਲ ਹੁੰਦਾ। ਤੇ ਉਹ ਕੇਂਦਰ ਦੀ ਕਾਂਗਰਸ ਸਰਕਾਰ ਖਿਲਾਫ ਉਚੀ ਆਵਾਜ਼ ਵਿਚ ਨਾਹਰੇ ਮਾਰਦੇ,

ਇੰਦਰਾ ਗਾਂਧੀ ਦਾ ਦੇਖੋ ਖੇਲ,
ਖਾ ਗਈ ਬਿਜਲੀ, ਪੀ ਗਈ ਤੇਲ।

ਉਸ ਨੂੰ ਉਮੀਦ ਸੀ ਕਿ ਇਨਕਲਾਬ ਆਉਣ ਨਾਲ ਸਭ ਲੋਕ ਬਰਾਬਰ ਹੋ ਜਾਣਗੇ ਤੇ ਉਨ੍ਹਾਂ ਨੂੰ ਇਸ ਨਰਕਮਈ ਜ਼ਿੰਦਗੀ 'ਚੋਂ ਰੂਸ ਵਾਂਗ ਆਇਆ ਇਨਕਲਾਬ ਹੀ ਕੱਢ ਸਕਦਾ ਸੀ, ਤੇ ਜਾਂ ਫਿਰ ਦੂਜਾ ਰਸਤਾ ਸੀ-ਪੜ੍ਹਾਈ, ਪੜ੍ਹਾਈ ਤੇ ਪੜ੍ਹਾਈ। ਤੇ ਉਹ ਪੜ੍ਹਦਾ ਗਿਆ, ਪੜ੍ਹਦਾ ਗਿਆ...।

1977 ਵਿਚ ਉਸ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ. ਏ. ਆਨਰਜ਼ ਕਰ ਲਈ ਤਾਂ ਐਮ. ਏ. (ਪੰਜਾਬੀ) ਦੇ ਪਹਿਲੇ ਸਾਲ ਹੀ ਉਹ ਆਪਣੇ ਘਰ ਵਿਚ ਇਨਕਲਾਬ ਲਿਆਉਣ ਵਿਚ ਸਫਲ ਹੋ ਗਿਆ! ਉਸ ਦੀ ਐਫ. ਸੀ. ਆਈ. ਵਿਚ ਏ. ਜੀ. ਗਰੇਡ 3 ਵਿਚ ਨਿਯੁਕਤੀ ਹੋ ਗਈ ਸੀ। ਉਹ ਸਰਕਾਰੀ ਨੌਕਰ ਤਾਂ ਹੋ ਗਿਆ ਪਰ ਸਭ ਤੋਂ ਵੱਧ ਭ੍ਰਿਸ਼ਟ ਸਮਝੇ ਤੇ ਚੋਰਾਂ ਦਾ ਮਹਿਕਮਾ ਕਹੇ ਜਾਂਦੇ ਇਸ ਮਹਿਕਮੇ ਵਿਚ ਕਾਮਰੇਡ ਬੰਦੇ ਦਾ ਹੋਣਾ 'ਏ ਸੁਕੇਅਰ ਪੈਗ ਇਨ ਏ ਰਾਊਂਡ ਹੋਲ' ਵਾਲੀ ਗੱਲ ਹੀ ਸੀ। ਰਿਸ਼ਵਤ ਉਹ ਲੈਂਦਾ ਨਹੀਂ ਸੀ ਤੇ ਨਾ ਹੀ ਸ਼ਰਾਬ ਪੀਂਦਾ ਸੀ ਤਾਂ ਉਸ ਦੇ ਸਾਥੀ ਹੀ ਉਸ ਨੂੰ ਕਾਣਾ ਕਰਨ ਦੀਆਂ ਹੋਰ ਤਰਕੀਬਾਂ ਸੋਚਦੇ। ਉਸ ਦੇ ਅਫਸਰ ਉਸ ਨੂੰ ਤੰਗ ਪ੍ਰੇਸ਼ਾਨ ਕਰਦੇ ਤੇ ਉਸ ਦੀ ਔਖੀ ਜਾਂ ਦੂਰ-ਦੁਰੇਡੇ ਡਿਊਟੀ ਲਾ ਦਿੰਦੇ। ਨਿਮਨ ਜਾਤੀ ਦੀਆਂ ਮਜ਼ਦੂਰ ਔਰਤਾਂ ਦਾ ਇਥੇ ਜਿਨਸੀ ਸ਼ੋਸ਼ਣ ਹੁੰਦਾ ਵੇਖ ਉਸ ਦਾ ਮਨ ਹੋਰ ਵੀ ਦੁਖੀ ਹੁੰਦਾ, ਤੇ ਉਹ ਉਨ੍ਹਾਂ ਨੂੰ ਹਮੇਸ਼ਾ ਹੀ ਸਮਝਾਉਂਦਾ ਰਹਿੰਦਾ ਕਿ ਇੱਜਤ ਨਾਲ ਕਿਵੇਂ ਰਿਹਾ ਜਾਂਦਾ ਹੈ।

"ਸਮਝਾ'ਤਾ, ਆਪਣੀਆਂ ਮਾਂਵਾਂ-ਭੈਣਾਂ ਨੂੰ?" ਇਕ ਦਿਨ ਜਦੋਂ ਉਹ ਉਨ੍ਹਾਂ ਔਰਤਾਂ ਨਾਲ ਗੱਲਾਂ ਕਰ ਰਿਹਾ ਸੀ ਤਾਂ ਚੱਕੇ ਉਹਲਿਓਂ ਅਚਾਨਕ ਨਿਕਲੇ ਇਕ ਮੁਲਾਜ਼ਮ ਸਾਥੀ ਨੇ ਉਸ ਨੂੰ ਟਿੱਚਰ ਕੀਤੀ ਪਰ ਉਹ ਆਪਣੇ ਹੀ ਸਾਥੀਆਂ ਦੀਆਂ ਇਨ੍ਹਾਂ ਵਧੀਕੀਆਂ ਨੂੰ ਅਣਗੌਲੇ ਕਰ ਅਸੂਲਾਂ 'ਤੇ ਡਟਿਆ ਰਿਹਾ, ਨਾ ਡਰਿਆ ਤੇ ਨਾ ਡੋਲਿਆ।

ਪੰਜ ਕੁ ਸਾਲ ਇਸ ਮਹਿਕਮੇ ਵਿਚ ਖੱਜਲ ਖੁਆਰ ਹੋਣ ਪਿਛੋਂ ਉਸ ਨੇ ਦਿੱਲੀ ਵਿਚ ਵੱਡੇ ਅਹੁਦੇ 'ਤੇ ਕੰਮ ਕਰਦੇ ਆਪਣੀ ਭੂਆ ਦੇ ਪੁੱਤ ਦੀ ਅਗਵਾਈ ਹੇਠ ਯੂ. ਪੀ. ਐਸ. ਸੀ. ਦੀ ਪ੍ਰੀਖਿਆ ਪਾਸ ਕਰ ਲਈ ਤੇ ਉਸ ਦੀ 1983 ਵਿਚ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਵਿਚ ਕਲਾਸ ਟੂ ਨਾਨ ਗਜ਼ਟਿਡ ਅਫਸਰ ਵਜੋਂ ਜਲੰਧਰ ਵਿਚ ਹੀ ਪ੍ਰੈਸ ਇਨਫਰਮੇਸ਼ਨ ਬਿਊਰੋ ਦੇ ਦਫਤਰ ਵਿਚ ਨਿਯੁਕਤੀ ਹੋ ਗਈ। ਅਫਸਰ ਬਣਨ ਪਿਛੋਂ ਉਸ ਦੀ ਸ਼ਖਸੀਅਤ ਵਿਚ ਵਿਲੱਖਣ ਨਿਖਾਰ ਆਉਣ ਲੱਗਾ ਤੇ ਉਸ ਨੂੰ ਹੋਰ ਮੌਲਣ ਵਿਗਸਣ ਦੇ ਮੌਕੇ ਮਿਲਣ ਲੱਗੇ ਤੇ ਨਵੀਂਆਂ ਯਾਰੀਆਂ-ਦੋਸਤੀਆਂ ਵੀ ਹਾਸਲ ਹੋਣ ਲੱਗੀਆਂ। 'ਨਵਾਂ ਜ਼ਮਾਨਾ' ਅਖਬਾਰ ਵਿਚ ਉਸ ਦਾ ਜਾਣ-ਆਉਣ ਬਣਨ ਨਾਲ ਉਸ ਨੂੰ ਕਾਮਰੇਡ ਸੁਰਜਨ ਜ਼ੀਰਵੀ ਦਾ ਸਾਥ ਮਿਲਿਆ ਤੇ ਬਲਬੀਰ ਪਰਵਾਨਾ ਨਾਲ ਦੋਸਤੀ ਹੋਰ ਪੱਕੀ ਹੋਈ।

ਰੂਸੀ ਸਾਹਿਤ ਪੜ੍ਹ ਕੇ ਉਸ ਦੀ ਮਾਰਕਸੀ ਵਿਚਾਰਧਾਰਾ ਹੋਰ ਪੱਕੀ ਹੋਣ ਲੱਗੀ। ਖੱਬੇ ਪੱਖੀ ਵਿਚਾਰਧਾਰਾ, ਉਸ ਨਾਲ ਸਬੰਧਤ ਕਿਤਾਬਾਂ ਅਤੇ ਸੋਵੀਅਤ ਯੂਨੀਅਨ ਦੇ ਭੂਗੋਲਕ, ਸਭਿਆਚਾਰਕ, ਪ੍ਰਬੰਧਕੀ ਢਾਂਚੇ, ਤੀਜੀ ਜੰਗ ਸੰਭਾਵੀ, ਵਿਗਿਆਨਕ ਤਰੱਕੀ ਦੇ ਵੱਖ-ਵੱਖ ਪਹਿਲੂਆਂ ਬਾਰੇ ਉਸ ਦੇ ਲੇਖ 'ਨਵਾਂ ਜ਼ਮਾਨਾ' ਅਤੇ 'ਅਜੀਤ' ਵਿਚ ਛਪਣ ਲੱਗੇ। ਕਈ ਸਾਥੀ ਉਸ ਨੂੰ ਸੋਵੀਅਤ ਯੂਨੀਅਨ ਦਾ ਪ੍ਰਤੀਨਿਧ ਪੱਤਰਕਾਰ ਕਹਿ ਕੇ ਮਖੌਲ ਵੀ ਕਰਦੇ। ਕਦੇ-ਕਦੇ ਉਹ ਅਤਿਵਾਦ ਦਾ ਵਿਰੋਧ ਕਰਦੀਆਂ ਕਵਿਤਾਵਾਂ ਤੇ ਚਿੱਠੀਆਂ ਲਿਖਦਾ ਤੇ ਅਖਬਾਰਾਂ ਆਦਿ 'ਚ ਛਪਵਾਉਂਦਾ ਅਤੇ ਕਦੇ ਉਹ ਪੂੰਜੀਵਾਦੀ ਮੁਲਕਾਂ ਦੇ ਸਰਦਾਰ ਅਮਰੀਕਾ ਖਿਲਾਫ ਵੀ ਕਵਿਤਾਵਾਂ ਲਿਖ ਕੇ ਅਪਣੀ ਭੜਾਸ ਕੱਢਦਾ,

ਮੈਂ ਜ਼ਿੰਦਗੀ ਦੇ ਫਿਕਰਾਂ ਨਾਲ ਲੈਸ ਹਾਂ ਇੰਜ,
ਡੀਗੋ ਗਾਰਸ਼ੀਆ ਜਿਵੇਂ ਹਥਿਆਰਾਂ ਨਾਲ।

...

ਮੇਰਾ ਤਨ ਮਨ ਹੈ ਉਸ ਕੋਲ ਇਸ ਤਰ੍ਹਾਂ,
ਅਮਰੀਕਾ ਕੋਲ ਜਿਵੇਂ ਗਿਰਵੀ ਪਾਕਿਸਤਾਨ।

**(ਚਲਦਾ)**

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ

**ਸ਼ਹੀਦੀ ਸਾਕੇ**

## ਮਾਣਮੱਤੀ ਵਿਰਾਸਤ ਦਾ ਦਰਪਣ-ਸ਼ਹੀਦੀ ਜੋੜ ਮੇਲਾ

ਸ਼ਹੀਦੀ ਜੋੜ ਮੇਲਿਆਂ ਦਾ ਪੰਜਾਬ ਦੇ ਲੋਕ ਜੀਵਨ ਵਿਚ ਅਹਿਮ ਸਥਾਨ ਹੈ। ਇਹ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖ ਜਗਤ ਲਈ ਇਤਿਹਾਸਕ, ਧਾਰਮਕ ਅਤੇ ਸਭਿਆਚਾਰਕ ਮਹੱਤਤਾ ਰੱਖਦੇ ਹਨ। ਇਹ ਸ਼ਹੀਦੀ ਜੋੜ ਮੇਲੇ ਪੋਹ ਦੇ ਮਹੀਨੇ ਵਿਚ ਹਰ ਵਰ੍ਹੇ ਚਮਕੌਰ ਸਾਹਿਬ ਵਿਖੇ 6, 7, 8 ਪੋਹ ਨੂੰ ਅਤੇ ਫਤਿਹਗੜ੍ਹ ਸਾਹਿਬ ਵਿਖੇ 11, 12 ਅਤੇ 13 ਪੋਹ ਨੂੰ ਸ਼ਰਧਾ ਭਾਵਨਾ ਨਾਲ ਬੜੇ ਉਤਸ਼ਾਹ ਅਤੇ ਉਮਾਹ ਨਾਲ ਮਨਾਏ ਜਾਂਦੇ ਹਨ। ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ਼ਾਮਿਲ ਹੋ ਕੇ ਇਨ੍ਹਾਂ ਸਥਾਨਾਂ 'ਤੇ ਨਤਮਸਤਕ ਹੁੰਦੀਆਂ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਚੇਤੇ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੀਆਂ ਹਨ।



ਸਿੱਖ ਜਗਤ

ਸੁਖਦੇਵ ਮਾਦਪੁਰੀ
ਫੋਨ: 91-94630-34472

ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ 'ਸੱਚਾ ਪਾਤਸ਼ਾਹ' ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਇਸ ਕਰਕੇ ਉਨ੍ਹਾਂ ਦੇ ਚਾਰੇ ਸਪੁੱਤਰਾਂ ਨੂੰ ਆਦਰ ਵਜੋਂ ਸਿੱਖ ਸੰਗਤਾਂ 'ਚਾਰ ਸਾਹਿਬਜ਼ਾਦਿਆਂ' ਦੇ ਨਾਂ ਨਾਲ ਯਾਦ ਕਰਦੀਆਂ ਹਨ। ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ-ਦੋਵੇਂ ਇੱਕੋ ਦਿਨ ਸ਼ਹੀਦ ਹੋਏ, ਇਸ ਕਰਕੇ ਇਨ੍ਹਾਂ ਨੂੰ 'ਵੱਡੇ ਸਾਹਿਬਜ਼ਾਦੇ' ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ-ਦੋਹਾਂ ਨੂੰ ਇੱਕੋ ਦਿਨ ਸ਼ਹੀਦ ਕੀਤਾ ਗਿਆ ਸੀ। ਇਸ ਲਈ ਇਨ੍ਹਾਂ ਨੂੰ 'ਛੋਟੇ ਸਾਹਿਬਜ਼ਾਦੇ' ਆਖਦੇ ਹਨ। ਇਨ੍ਹਾਂ ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਇਨ੍ਹਾਂ ਦਾ ਨਾਂ ਅਰਦਾਸ ਵਿਚ ਵੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਸ਼ਹਿਨਸ਼ਾਹਾਂ ਵਾਂਗ ਰਹਿ ਰਹੇ ਸਨ। ਉਨ੍ਹਾਂ ਦਾ ਤੇਜ਼ ਪ੍ਰਤਾਪ ਆਏ ਦਿਨ ਵੱਧ ਰਿਹਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਉਨ੍ਹਾਂ ਦੇ ਦਰਬਾਰ ਵਿਚ ਸ਼ਾਮਿਲ ਹੋ ਰਹੇ ਸਨ। ਪਹਾੜੀ ਰਾਜੇ ਉਨ੍ਹਾਂ ਦੀ ਵੱਧ ਰਹੀ ਤਾਕਤ ਤੋਂ ਖਾਰ ਖਾ ਰਹੇ ਸਨ। ਉਨ੍ਹਾਂ ਮੁਗਲ ਸਰਕਾਰ ਨੂੰ ਵੀ ਇਨ੍ਹਾਂ ਵਿਰੁਧ ਭੜਕਾ ਦਿੱਤਾ। ਔਰੰਗਜ਼ੇਬ ਨੇ ਸੂਬਾ ਲਾਹੌਰ ਅਤੇ ਸੂਬਾ ਸਰਹਿੰਦ ਨੂੰ ਗੁਰੂ ਜੀ ਵਿਰੁਧ ਲੜਨ ਲਈ ਪਹਾੜੀ ਰਾਜਿਆਂ ਦੀ ਮਦਦ ਲਈ ਭੇਜਿਆ। ਕਈ ਯੁੱਧ ਹੋਏ। ਖਾਲਸਾਈ ਫੌਜਾਂ ਬੜੀ ਬਹਾਦਰੀ ਨਾਲ ਲੜੀਆਂ। ਆਖਰ ਅਨੰਦਗੜ੍ਹ ਦੇ ਕਿਲੇ ਨੂੰ ਮੁਗਲ ਫੌਜਾਂ ਨੇ ਘੇਰਾ ਪਾ ਲਿਆ। ਬਾਹਰੋਂ ਕਿਲੇ ਨੂੰ ਰਸਦ ਆਦਿ ਜਾਣੀ ਬੰਦ ਹੋ ਗਈ। ਅੱਠ ਮਹੀਨੇ ਘੇਰਾ ਪਿਆ ਰਿਹਾ। ਹੁਣ ਸਿੱਖਾਂ ਲਈ ਬਹੁਤ ਦੇਰ ਲਈ ਕਿਲੇ ਵਿਚ ਰਹਿਣਾ ਮੁਸ਼ਕਿਲ ਹੋ ਗਿਆ ਸੀ। ਔਰੰਗਜ਼ੇਬ ਨੇ ਆਪਣੇ ਦਸਤਖਤਾਂ ਹੇਠ ਗੁਰੂ ਗੋਬਿੰਦ ਸਿੰਘ ਜੀ ਨੂੰ ਚਿੱਠੀ ਲਿਖ ਭੇਜੀ ਕਿ ਜੇ ਉਹ ਕਿਲਾ ਖਾਲੀ ਕਰਕੇ ਅਨੰਦਪੁਰ ਛੱਡ ਜਾਣ ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ।

ਮਾਤਾ ਗੁਜਰੀ ਅਤੇ ਸਿੱਖਾਂ ਦੇ ਜ਼ੋਰ ਦੇਣ 'ਤੇ ਆਖਰ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਗੜ੍ਹ ਦਾ ਕਿਲਾ ਛੱਡਣ ਦਾ ਫੈਸਲਾ ਕਰ ਲਿਆ। 21-22 ਦਸੰਬਰ 1704 ਈਸਵੀ ਦੀ ਰਾਤ ਨੂੰ ਗੁਰੂ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ ਅਤੇ ਹੋਰਨਾਂ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਛੱਡ ਕੇ ਰੋਪੜ ਵੱਲ ਨੂੰ ਚਲੇ ਗਏ।

ਜਦ ਮੁਗਲ ਫੌਜਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਦੋਹਾਂ ਫੌਜਾਂ ਦਾ ਭਿਆਨਕ ਯੁੱਧ ਹੋਇਆ। ਸਰਸਾ ਨਦੀ ਵਿਚ ਕੀਮਤੀ ਵਸਤਾਂ ਤੇ ਅਨੇਕਾਂ ਸਿੰਘ ਵਹਿ ਗਏ। ਪਰਿਵਾਰ ਵਿਛੜ ਗਿਆ। ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਅਤੇ ਕੁਝ ਸਿੰਘਾਂ ਸਮੇਤ ਚਮਕੌਰ ਵਲ ਚਲੇ ਗਏ। ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਸਮੇਤ ਉਨ੍ਹਾਂ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਸਹੇੜੀ ਚਲੇ ਗਏ। ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਕਿਵੇਂ ਨਾ ਕਿਵੇਂ ਦਿੱਲੀ ਪੁੱਜਣ ਵਿਚ ਸਫਲ ਹੋ ਗਏ।

ਚਮਕੌਰ ਪੁੱਜ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਕੱਚੀ ਗੜ੍ਹੀ ਵਿਚ ਆਣ ਡੇਰੇ ਲਾਏ ਤੇ ਸਿੱਖਾਂ ਨੇ ਮੋਰਚੇ ਸੰਭਾਲ ਲਏ। ਮੁਗਲ ਫੌਜਾਂ ਨੇ ਆ ਕੇ ਗੜ੍ਹੀ ਨੂੰ ਘੇਰ ਲਿਆ। ਇੱਕ ਪਾਸੇ ਭੁੱਖੇ-ਤਿਹਾਏ ਮੁੱਠੀ ਭਰ ਸਿੱਖ ਤੇ ਦੂਜੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਮੁਗਲ ਫੌਜਾਂ, ਪਰ ਸਿੱਖ ਚੜ੍ਹਦੀ ਕਲਾ ਵਿਚ ਸਨ।

ਮੁਗਲ ਫੌਜਾਂ ਨੇ ਭਰਵੇਂ ਵਾਰ ਕੀਤੇ ਪਰ ਗੁਰੂ ਜੀ ਦੇ ਤੀਰਾਂ ਸਾਹਮਣੇ ਉਨ੍ਹਾਂ ਦੀ ਪੇਸ਼ ਨਾ ਗਈ। ਆਖਰ ਉਨ੍ਹਾਂ ਗੜ੍ਹੀ ਦਾ ਦਰਵਾਜ਼ਾ ਤੋੜਨ ਦਾ ਯਤਨ ਕੀਤਾ। ਸਿੱਖਾਂ ਨੇ ਪੰਜ-ਪੰਜ ਦੀ ਗਿਣਤੀ ਵਿਚ 'ਕੱਠੇ ਹੋ ਕੇ ਗੜ੍ਹੀ ਦੇ ਦਰਵਾਜ਼ੇ ਨੂੰ ਬਚਾਉਣ ਦਾ ਫੈਸਲਾ ਕੀਤਾ ਪਰ ਹਜ਼ਾਰਾਂ ਦੇ ਮੁਕਾਬਲੇ ਪੰਜਾਂ ਦੀ ਕੀ ਵੱਟੀ ਦੀ ਸੀ! ਸਿੱਖ ਸੂਰਮੇ ਬੜੀ ਸੂਰਮਤਾਈ ਨਾਲ ਲੜ ਰਹੇ ਸਨ।

ਸੂਰਮਿਆਂ ਦੀ ਬਹਾਦਰੀ ਵੇਖ ਕੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਖੂਨ ਨੇ ਉਬਾਲਾ ਖਾਧਾ। ਉਸ ਨੇ ਗੁਰੂ ਜੀ ਪਾਸੋਂ ਮੈਦਾਨ-ਏ-ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਬਹਾਦਰ ਪੁੱਤਰ ਨੂੰ ਆਪਣੇ ਹੱਥੀਂ ਤਿਆਰ ਕੀਤਾ ਤੇ ਘੋੜੇ 'ਤੇ ਚੜ੍ਹਾ ਕੇ ਪੰਜ ਸਿੱਖਾਂ ਸਮੇਤ ਮੈਦਾਨ-ਏ-ਜੰਗ ਵਿਚ ਲੜਨ ਲਈ ਭੇਜ ਦਿੱਤਾ। ਇਸ ਸਮੇਂ ਬਾਬਾ ਅਜੀਤ ਸਿੰਘ ਦੀ ਉਮਰ 19 ਕੁ ਸਾਲ ਦੀ ਸੀ। ਉਨ੍ਹਾਂ ਨੇ ਬੜੀ ਬਹਾਦਰੀ ਨਾਲ ਮੁਗਲਾਂ ਦਾ ਮੁਕਾਬਲਾ ਕੀਤਾ ਤੇ ਲੜਦੇ-ਲੜਦੇ ਸ਼ਹਾਦਤ ਦਾ ਜਾਮ ਪੀ ਗਏ। ਇਹ ਘਟਨਾ 22 ਦਸੰਬਰ 1704 ਦੀ ਦੁਪਹਿਰ ਦੀ ਹੈ।

ਆਪਣੇ ਵੱਡੇ ਭਰਾ ਦੀ ਸ਼ਹਾਦਤ ਨੂੰ ਵੇਖ ਕੇ ਬਾਬਾ ਜੁਝਾਰ ਸਿੰਘ ਵੀ ਜੋਸ਼ ਵਿਚ ਆ ਗਏ। ਉਨ੍ਹਾਂ ਗੁਰੂ ਜੀ ਨੂੰ ਜੰਗ ਦੇ ਮੈਦਾਨ ਵਿਚ ਜਾਣ ਦੀ ਆਗਿਆ ਦੇਣ ਲਈ ਬੇਨਤੀ ਕੀਤੀ। ਇਸ ਸਮੇਂ ਉਨ੍ਹਾਂ ਦੀ ਉਮਰ 14 ਸਾਲ ਦੀ ਸੀ। ਗੁਰੂ ਗੋਬਿੰਦ




ਸਿੰਘ ਜੀ ਨੇ ਬਾਬਾ ਜੁਝਾਰ ਸਿੰਘ ਨੂੰ ਵੀ ਖਿੜੇ ਮੱਥੇ ਜੰਗ ਵਿਚ ਕੁੱਦਣ ਦੀ ਆਗਿਆ ਦੇ ਦਿੱਤੀ ਤੇ ਆਪਣੇ ਹੱਥੀਂ ਤਿਆਰ ਕੀਤਾ। ਉਹ ਪੰਜ ਸਿੰਘ ਨਾਲ ਲੈ ਕੇ ਜੰਗ-ਏ-ਮੈਦਾਨ ਵਿਚ ਜਾ ਕੁੱਦੇ। ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਵਿਚੋਂ ਤੀਰਾਂ ਦੀ ਬਾਰਿਸ਼ ਵਰ੍ਹਾ ਰਹੇ ਸਨ ਤੇ ਬਾਬਾ ਜੁਝਾਰ ਸਿੰਘ ਤੀਰਾਂ ਦੀ ਛਾਂਵੇਂ ਅੱਗੇ ਵੱਧ ਰਹੇ ਸਨ। ਉਹ ਬੜੀ ਬਹਾਦਰੀ ਨਾਲ ਲੜੇ ਤੇ ਉਨ੍ਹਾਂ ਕਈ ਮੁਗਲਾਂ ਦੇ ਆਹੂ ਲਾਹ ਸੁੱਟੇ। ਆਖਰ ਅਜਿਹੇ ਘੇਰੇ ਵਿਚ ਆਏ ਕਿ ਮੁੜ ਕੇ ਉਠ ਨਾ ਸਕੇ ਅਤੇ ਸ਼ਹੀਦੀ ਪਾ ਗਏ। ਇਹ ਸ਼ਹਾਦਤ 22 ਦਸੰਬਰ 1704 ਦੀ ਸ਼ਾਮ ਨੂੰ ਹੋਈ। ਗੁਰੂ ਗੋਬਿੰਦ ਸਿੰਘ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਬਹਾਦਰ ਪੁੱਤਰਾਂ ਨੂੰ ਸ਼ਹਾਦਤ ਦੇ ਜਾਮ ਪੀਂਦੇ ਵੇਖਿਆ। ਉਨ੍ਹਾਂ ਸੂਰਬੀਰ ਸਾਹਿਬਜ਼ਾਦਿਆਂ ਦੀ ਯਾਦ ਵਿਚ ਹਰ ਵਰ੍ਹੇ ਚਮਕੌਰ ਸਾਹਿਬ ਵਿਖੇ 6, 7 ਅਤੇ 8 ਪੋਹ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ।

ਚਮਕੌਰ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਮੁਗਲ ਫੌਜ ਨੂੰ ਝਕਾਨੀ ਦੇ ਕੇ ਮਾਛੀਵਾੜੇ ਦੇ ਜੰਗਲ ਵੱਲ ਨੂੰ ਤੁਰ ਪਏ। ਇੱਧਰ ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਸਰਸਾ ਨਦੀ ਤੋਂ ਵਿਛੜ ਕੇ ਆਪਣੇ ਰਸੋਈਏ ਗੰਗੂ ਬ੍ਰਾਹਮਣ ਦੇ ਘਰ ਮੋਰਿੰਡੇ ਕੋਲ ਸਹੇੜੀ ਆ ਗਏ। ਗੰਗੂ ਉਨ੍ਹਾਂ ਦਾ ਇਤਬਾਰੀ ਰਸੋਈਆ ਸੀ ਤੇ ਉਸ ਨੇ ਗੁਰੂ ਘਰ ਦਾ ਨਮਕ ਖਾਧਾ ਹੋਇਆ ਸੀ। ਇਸੇ ਵਿਸ਼ਵਾਸ ਕਰਕੇ ਮਾਤਾ ਗੁਜਰੀ ਜੀ ਗੰਗੂ ਨਾਲ ਉਸ ਦੇ ਪਿੰਡ ਸਹੇੜੀ ਆ ਗਏ ਸਨ। ਬੰਦੇ ਦਾ ਮਨ ਡੋਲਦਿਆਂ ਚਿਰ ਨਹੀਂ ਲੱਗਦਾ। ਮਾਤਾ ਗੁਜਰੀ ਕੋਲ ਬੇਸ਼ਕੀਮਤੀ ਸਮਾਨ ਸੀ। ਵੇਖ ਕੇ ਗੰਗੂ ਦਾ ਮਨ ਡੋਲ ਗਿਆ। ਉਸ ਨੇ ਰਾਤ ਸਮੇਂ ਸਮਾਨ ਚੋਰੀ ਚੁੱਕ ਕੇ ਇੱਧਰ-ਉਧਰ ਕਰ ਦਿੱਤਾ। ਮਾਤਾ ਜੀ ਨੇ ਜਦੋਂ ਸਵੇਰੇ ਸਮਾਨ ਨਾ ਵੇਖ ਕੇ ਗੱਲ ਕੀਤੀ ਤਾਂ ਉਹ ਉਲਟਾ ਉਨ੍ਹਾਂ ਦੇ ਗਲ ਪੈ ਗਿਆ ਤੇ ਡਰਾਵਾ ਦਿੱਤਾ ਕਿ ਉਹ ਉਨ੍ਹਾਂ ਨੂੰ ਫੜਾ ਦੇਵੇਗਾ।

ਮਾਤਾ ਜੀ ਨੇ ਉਸ ਨੂੰ ਬਥੇਰਾ ਆਖਿਆ ਕਿ ਉਹ ਅਜਿਹਾ ਨਾ ਕਰੇ, ਪਰ ਇਨਾਮ ਦੇ ਲਾਲਚ ਵਸ ਉਸ ਨੇ ਮੋਰਿੰਡੇ ਦੇ ਕੋਤਵਾਲ ਨੂੰ ਗੁਰੂ ਜੀ ਦੀ ਮਾਤਾ ਅਤੇ ਛੋਟੇ ਸਾਹਿਬਜ਼ਾਦਿਆਂ ਬਾਰੇ ਜਾ ਸੂਹ ਦਿੱਤੀ। ਸਾਹਿਬਜ਼ਾਦਿਆਂ ਨੂੰ ਮਾਤਾ ਗੁਜਰੀ ਸਮੇਤ ਗ੍ਰਿਫਤਾਰ ਕਰਕੇ ਸਰਹਿੰਦ ਲਿਜਾਇਆ ਗਿਆ ਤੇ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਪੋਹ ਦਾ ਮਹੀਨਾ, ਸਖਤ ਸਰਦੀ ਪੈ ਰਹੀ ਸੀ ਪਰ ਮਾਤਾ ਗੁਜਰੀ ਜੀ ਆਪਣੇ ਪੋਤਰਿਆਂ ਨੂੰ ਹਿੱਕ ਨਾਲ ਲਾਈ ਨਿੱਘ ਦੇ ਰਹੇ ਸਨ ਤੇ ਉਹ ਬੱਚੇ ਚੜ੍ਹਦੀ ਕਲਾ ਵਿਚ ਸਨ। ਇਸ ਸਮੇਂ ਦੋਹਾਂ ਸਾਹਿਬਜ਼ਾਦਿਆਂ-ਬਾਬਾ ਫਤਿਹ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਦੀ ਉਮਰ 7 ਤੇ 9 ਸਾਲ ਸੀ। ਦੋ ਨਿਰਦੋਸ਼ ਜਿੰਦਾਂ ਸੂਬਾ ਸਰਹਿੰਦ ਦੀ ਕੈਦ ਵਿਚ ਸਨ।

ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਨੇ ਸਲਾਮ ਕਰਨ ਦੀ ਥਾਂ ਗੱਜ ਕੇ ਫਤਿਹ ਬੁਲਾਈ। ਨਵਾਬ ਦੇ ਵਜ਼ੀਰ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਨਵਾਬ ਸਾਹਮਣੇ ਝੁਕ ਕੇ ਸਲਾਮ ਕਰਨ ਲਈ ਆਖਿਆ ਪਰ ਉਨ੍ਹਾਂ ਨੇ ਅੱਗੋਂ ਉਤਰ ਦਿੱਤਾ, "ਗੁਰੂ ਪਿਤਾ ਨੇ ਸਾਨੂੰ ਇਹੋ ਸਿੱਖਿਆ ਦਿੱਤੀ ਹੈ ਕਿ ਪਰਮਾਤਮਾ ਤੋਂ ਸਿਵਾ ਹੋਰ ਕਿਸੇ ਸਾਹਮਣੇ ਨਹੀਂ ਝੁਕਣਾ।"

ਵਜ਼ੀਰ ਖਾਨ ਨੇ ਸਾਹਿਬਜ਼ਾਦਿਆਂ ਨੂੰ ਕਈ ਲਾਲਚ ਦਿੱਤੇ ਅਤੇ ਇਸਲਾਮ ਕਬੂਲ ਕਰਨ ਲਈ ਕਿਹਾ, "ਮੁਸਲਮਾਨ ਬਣ ਜਾਵੋ ਜਾਂ ਮੌਤ ਕਬੂਲ ਕਰੋ, ਦੱਸੋ ਕੀ ਚਾਹੁੰਦੇ ਹੋ?" ਪਰ ਨੰਨ੍ਹੀਆਂ ਜਿੰਦਾਂ ਡੋਲੀਆਂ ਨਾ। ਉਨ੍ਹਾਂ ਧਾਰਮਕ ਆਜ਼ਾਦੀ ਅਤੇ ਮਨੁੱਖੀ ਸਵੈਮਾਣ ਲਈ ਆਪਣੀ ਜਾਨ ਕੁਰਬਾਨ ਕਰਨੀ ਸਵੀਕਾਰ ਕਰ ਲਈ। "ਸਾਨੂੰ ਮੌਤ ਕਬੂਲ ਹੈ।" ਦੋਹਾਂ ਸਾਹਿਬਜ਼ਾਦਿਆਂ ਨੇ ਨਿਧੱੜਕ ਹੋ ਕੇ ਉਤਰ ਦਿੱਤਾ।

ਸੁਣ ਕੇ ਵਜ਼ੀਰ ਖਾਨ ਰੋਹ ਵਿਚ ਆ ਗਿਆ। ਉਸ ਨੇ ਕਾਜ਼ੀ ਮੁਲਾਣਿਆਂ ਨਾਲ ਮਸ਼ਵਰਾ ਕਰਕੇ ਹੁਕਮ ਦਿੱਤਾ, "ਇਨ੍ਹਾਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਜਾਵੇ।" ਉਥੇ ਹਾਜ਼ਰ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਮਾਸੂਮ ਜਿੰਦਾਂ ਨੂੰ ਛੱਡਣ ਲਈ ਬੇਨਤੀ ਕੀਤੀ ਪਰ ਅੰਨੇ ਮਜ਼ਹਬੀ ਜਨੂਨ ਨੇ ਉਸ ਦੀ ਇੱਕ ਨਾ ਸੁਣੀ। ਆਖਰ 27 ਦਸੰਬਰ 1704 ਈਸਵੀ ਨੂੰ ਇਨ੍ਹਾਂ ਦੋ ਨਿਰਦੋਸ਼ ਜਿੰਦਾਂ ਨੂੰ ਸਰਹਿੰਦ ਵਿਖੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਜੀ ਨੇ ਜਦੋਂ ਇਨ੍ਹਾਂ ਦੀ ਸ਼ਹੀਦੀ ਦੀ ਖਬਰ ਸੁਣੀ ਤਾਂ ਉਹ ਵੀ ਠੰਢੇ ਬੁਰਜ ਵਿਖੇ ਪ੍ਰਾਣ ਤਿਆਗ ਗਏ।

ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਫਤਿਹਗੜ੍ਹ ਸਾਹਿਬ ਵਿਖੇ ਬਹੁਤ ਵੱਡਾ ਗੁਰਦੁਆਰਾ 'ਗੁਰਦੁਆਰਾ ਫਤਿਹਗੜ੍ਹ ਸਾਹਿਬ' ਬਣਿਆ ਹੋਇਆ ਹੈ, ਜਿੱਥੇ ਹਰ ਵਰ੍ਹੇ 25, 26 ਅਤੇ 27 ਦਸੰਬਰ ਨੂੰ ਬੜਾ ਭਾਰੀ ਜੋੜ ਮੇਲਾ ਲੱਗਦਾ ਹੈ। ਇਸ ਜੋੜ ਮੇਲੇ ਵਿਚ ਲੱਖਾਂ ਸੰਗਤਾਂ ਸ਼ਾਮਿਲ ਹੋ ਕੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਦੀਆਂ ਹਨ। ਦੀਵਾਨ ਸਜਦੇ ਹਨ, ਜਿਸ ਵਿਚ ਢਾਡੀ ਅਤੇ ਕਵੀਸ਼ਰ ਸਿੱਖ ਇਤਿਹਾਸ ਵਿਚੋਂ ਬੀਰ-ਰਸੀ ਵਾਰਾਂ ਗਾ ਕੇ ਅਤੇ ਇਤਿਹਾਸਕ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਂਦੇ ਹਨ।

ਪਹਿਲੇ ਸਮਿਆਂ ਵਿਚ ਸ਼ਹੀਦੀ ਜੋੜ ਮੇਲਿਆਂ ਦੇ ਦਿਨਾਂ ਵਿਚ ਇਸ ਇਲਾਕੇ ਦੇ ਲੋਕ ਇਸ ਨੂੰ ਸੋਗ ਦੇ ਮਹੀਨੇ ਵਜੋਂ ਮਨਾਉਂਦੇ ਸਨ। ਨਾ ਕੋਈ ਵਿਆਹ ਦਾ ਸਮਾਗਮ ਹੁੰਦਾ ਸੀ, ਨਾ ਕੋਈ ਹੋਰ ਖੁਸ਼ੀ ਦਾ ਸਮਾਗਮ ਰਚਾਇਆ ਜਾਂਦਾ ਸੀ। ਲੋਕਾਂ 'ਚ ਐਨੀ ਸ਼ਰਧਾ ਸੀ ਕਿ ਲੋਕ ਮੰਜਿਆਂ ਦੀ ਥਾਂ ਧਰਤੀ 'ਤੇ ਸੌਂ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਸਨ। ਅੱਜ ਕੱਲ ਉਹ ਗੱਲਾਂ ਨਹੀਂ ਰਹੀਆਂ। ਜੋੜ ਮੇਲੇ 'ਤੇ ਹੁਣ ਸਿਆਸੀ ਪਾਰਟੀਆਂ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦੇਣ ਦੀ ਥਾਂ ਆਪਣੀ ਪਾਰਟੀ ਦੇ ਹੀ ਗੁਣ-ਗਾਨ ਕਰਦੀਆਂ ਜਾਂ ਦੂਜੀ ਨੂੰ ਨਿੰਦਦੀਆਂ ਹਨ।

ਜੋੜ ਮੇਲੇ ਦੇ ਆਖਰੀ ਦਿਨ ਖਾਲਸਾਈ ਸ਼ਾਨ ਨੂੰ ਪ੍ਰਗਟ ਕਰਨ ਵਾਲਾ ਸ਼ਾਨਾਂ ਮੱਤਾ ਨਗਰ ਕੀਰਤਨ ਸਜਾਇਆ ਜਾਂਦਾ ਹੈ, ਜਿਸ ਵਿਚ ਖਾਲਸਾਈ ਪਰੰਪਰਾਗਤ ਖੇਡਾਂ ਅਤੇ ਗਤਕਾਬਾਜ਼ੀ ਦੇ ਜੌਹਰ ਵਿਖਾਏ ਜਾਂਦੇ ਹਨ।

ਇਹ ਸ਼ਹੀਦੀ ਜੋੜ ਮੇਲੇ ਜਿੱਥੇ ਨੌਜਵਾਨ ਪੀੜ੍ਹੀ ਨੂੰ ਆਪਣੀ ਮੁਲਵਾਨ ਵਿਰਾਸਤ ਨਾਲ ਜੋੜਦੇ ਹਨ, ਉਥੇ ਇਹ ਉਨ੍ਹਾਂ ਨੂੰ ਗੌਰਵਸ਼ਾਲੀ ਇਤਿਹਾਸ ਤੋਂ ਵੀ ਜਾਣੂ ਕਰਵਾਉਂਦੇ ਹਨ।

# ਸੱਚਾ ਸ਼ਰਧਾਲੂ ਦੀਵਾਨ ਟੋਡਰ ਮੱਲ

ਮਨੁੱਖੀ ਬਰਾਬਰੀ, ਆਪਸੀ ਭਾਈਚਾਰੇ ਅਤੇ ਸਰਬਤ ਦਾ ਭਲਾ ਮੰਗਣ ਵਾਲੇ ਸਿੱਖ ਧਰਮ ਦੀ ਦੁਨੀਆਂ ਵਿਚ ਵੱਖਰੀ ਪਛਾਣ ਹੈ। ਇਸ ਧਰਮ ਨੂੰ ਕਾਇਮ ਕਰਨ ਲਈ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਵਡਮੁੱਲਾ (ਉਦਾਸੀਆਂ ਦੇ ਰੂਪ ਵਿਚ) ਯੋਗਦਾਨ ਪਾਇਆ, ਉਥੇ ਬਾਕੀ ਗੁਰੂਆਂ

ਰਮੇਸ਼ ਬੱਗਾ ਚੋਹਲਾ

ਤੇ ਗੁਰੂ ਘਰ ਦੇ ਸਿੱਖਾਂ ਨੇ ਵੀ ਕਈ ਯਤਨ ਕੀਤੇ। ਇਨ੍ਹਾਂ ਯਤਨਾਂ ਬਦਲੇ ਉਨ੍ਹਾਂ ਨੂੰ ਕਈ ਵਾਰ ਅਕਹਿ ਤੇ ਅਸਹਿ ਕਸ਼ਟ ਵੀ ਝੱਲਣੇ ਪਏ ਪਰ ਉਨ੍ਹਾਂ ਨੇ ਕਦੇ ਵੀ ਆਪਣੇ ਸਿੱਖੀ ਸਿਦਕ ਨੂੰ ਡੋਲਣ ਨਹੀਂ ਦਿੱਤਾ।

ਗੁਰੂ ਘਰ 'ਤੇ ਜਦੋਂ ਵੀ ਕਦੀ ਸੰਕਟ ਦਾ ਸਮਾਂ ਆਇਆ ਤਾਂ ਸਿੱਖਾਂ ਦੇ ਨਾਲ-ਨਾਲ ਕੁਝ ਗੈਰ-ਸਿੱਖਾਂ ਨੇ ਵੀ ਤਨ, ਮਨ ਅਤੇ ਧਨ ਨਾਲ ਆਪਣਾ ਵਿਸ਼ੇਸ਼ ਯੋਗਦਾਨ ਪਾ ਕੇ ਵੱਖਰੀ ਮਿਸਾਲ ਕਾਇਮ ਕੀਤੀ। ਗੁਰੂ ਪਰਿਵਾਰ (ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ) ਪ੍ਰਤੀ ਪਿਆਰ ਤੇ ਸਤਿਕਾਰ ਦੀ ਭਾਵਨਾ ਰੱਖਣ ਵਾਲੇ ਦੀਵਾਨ ਟੋਡਰ ਮੱਲ ਇਸ ਤਰ੍ਹਾਂ ਦਾ ਯੋਗਦਾਨ ਪਾਉਣ ਵਾਲੇ ਗੈਰ ਸਿੱਖਾਂ ਵਿਚੋਂ ਇਕ ਹਨ।

ਛੋਟੇ ਸਾਹਿਬਜ਼ਾਦੇ-ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਬੇਅਦਬੀ ਤੋਂ ਬਚਾਉਣ ਲਈ ਦੀਵਾਨ ਟੋਡਰ ਮੱਲ ਨੇ ਵੱਡਾ ਧਨ ਖਰਚਿਆ ਅਤੇ ਪੂਰੇ ਸਨਮਾਨ ਨਾਲ ਉਨ੍ਹਾਂ ਦਾ ਸਸਕਾਰ ਕਰਵਾਇਆ। ਸਰਹਿੰਦ ਵਿਚ ਰਹਿਣ ਵਾਲੇ ਦੀਵਾਨ ਟੋਡਰ ਮੱਲ ਧਨਾਢ ਵਪਾਰੀ ਹੋਣ ਦੇ ਨਾਲ-ਨਾਲ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚੇ ਸ਼ਰਧਾਲੂ ਵੀ ਸਨ। ਜਿਸ ਹਵੇਲੀ ਵਿਚ ਉਹ ਨਿਵਾਸ ਕਰਦੇ ਸਨ, ਉਸ ਨੂੰ 'ਜਹਾਜ ਮਹੱਲ' ਕਿਹਾ ਜਾਂਦਾ ਸੀ।

ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਅਤੇ ਉਸ ਦੇ ਅਹਿਲਕਾਰਾਂ ਨੇ 13 ਪੋਹ ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਉਣ ਤੋਂ ਬਾਅਦ ਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਕਿ ਹਕੂਮਤ ਦੇ ਬਾਗੀਆਂ ਦਾ ਸਰਕਾਰੀ ਜਮੀਨ 'ਤੇ ਸਸਕਾਰ ਨਹੀਂ ਕੀਤਾ ਜਾ ਸਕਦਾ। ਫੁਰਮਾਨ ਵਿਚ ਇਹ ਸ਼ਰਤ ਰੱਖੀ ਗਈ ਸੀ ਕਿ ਜੇ ਕੋਈ ਇਨ੍ਹਾਂ ਤਿੰਨਾਂ ਦਾ ਸਸਕਾਰ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਸਸਕਾਰ ਕਰਨ ਲਈ ਸਰਹਿੰਦ ਦੇ ਚੌਧਰੀ ਕੋਲੋਂ ਜਮੀਨ ਮੁੱਲ ਖਰੀਦਣੀ ਪਵੇਗੀ। ਸਸਕਾਰ ਲਈ ਲੋੜੀਂਦੀ ਜਮੀਨ ਵਾਸਤੇ ਓਨੀ ਥਾਂ 'ਤੇ ਸੋਨੇ ਦੇ ਸਿੱਕੇ (ਅਸ਼ਰਫੀਆਂ) ਸਿੱਧੇ ਖੜ੍ਹੇ ਕਰਨੇ ਪੈਣੇ ਸਨ, ਜੋ ਕਿਸੇ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ ਸੀ। ਇਹ ਮਹਿੰਗੀ ਜਮੀਨ ਖਰੀਦਣ ਲਈ ਵੱਡੇ ਹੌਸਲੇ ਅਤੇ ਧਨ ਦੀ ਲੋੜ ਸੀ।

ਉਸ ਸਮੇਂ ਦੀਵਾਨ ਟੋਡਰ ਮੱਲ ਨੇ ਕਰੀਬ 78 ਹਜ਼ਾਰ ਸੋਨੇ ਦੀਆਂ ਮੋਹਰਾਂ ਨੂੰ ਸਿੱਧਾ ਖੜ੍ਹਿਆਂ ਕਰਕੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜਮੀਨ ਮੁੱਲ ਖਰੀਦੀ। ਉਨ੍ਹਾਂ ਦੀ ਇਸ ਵਡਮੁੱਲੀ ਅਤੇ ਨੇਕ ਸੇਵਾ ਦਾ ਧੰਨਵਾਦ ਕਰਦਿਆਂ ਸਿੱਖ ਸੰਗਤ ਨੇ ਉਨ੍ਹਾਂ ਦੇ ਨਾਂ 'ਤੇ 'ਦੀਵਾਨ ਟੋਡਰ ਮੱਲ ਮਾਰਗ' ਅਤੇ 'ਦੀਵਾਨ ਟੋਡਰ ਮੱਲ ਯਾਦਗਾਰੀ ਗੇਟ' ਬਣਾਏ ਹਨ। ਉਨ੍ਹਾਂ ਦੀ ਯਾਦ ਵਿਚ 'ਦੀਵਾਨ ਟੋਡਰ ਮੱਲ ਹਾਲ' ਵੀ ਉਸਾਰਿਆ ਗਿਆ ਹੈ।



ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਅਸ਼ਰਫੀਆਂ ਖੜ੍ਹੀਆਂ ਕਰਕੇ ਜਮੀਨ ਖਰੀਦ ਰਿਹਾ ਦੀਵਾਨ ਟੋਡਰ ਮੱਲ

# ਚਮਕੌਰ ਦੀ ਗੜ੍ਹੀ ਤੋਂ ਸਰਹਿੰਦ ਦੀ ਦੀਵਾਰ ਤੱਕ

ਪੰਜਾਬ ਦੇ ਇਤਿਹਾਸ ਵਿਚ ਦਸੰਬਰ ਮਹੀਨੇ ਦੇ ਪਿਛਲੇ ਪੰਦਰਵਾੜੇ ਦਾ ਵਿਸ਼ੇਸ਼ ਸਥਾਨ ਹੈ। ਇਨ੍ਹੀਂ ਦਿਨੀਂ ਹੀ ਇਕ ਪਿਤਾ ਦੇ ਚਾਰ ਪੁੱਤਰ ਕੌਮ ਅਤੇ ਧਰਮ ਲਈ ਆਪਾ ਵਾਰ ਗਏ ਸਨ। ਇਨ੍ਹਾਂ ਵਿਚੋਂ ਵੱਡੇ ਦੋ ਸਾਹਿਬਜ਼ਾਦੇ-ਅਜੀਤ ਸਿੰਘ ਤੇ ਜੁਝਾਰ ਸਿੰਘ, ਜਿਨ੍ਹਾਂ ਚਮਕੌਰ ਦੇ ਮੈਦਾਨ-ਏ-ਜੰਗ ਵਿਚ ਆਪਣੀ ਤਲਵਾਰ ਦੇ ਜੌਹਰ ਵਿਖਾਏ ਅਤੇ ਛੋਟੇ ਦੋ ਸਾਹਿਬਜ਼ਾਦੇ-ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਸਨ, ਜਿਨ੍ਹਾਂ ਨੇ ਸੂਬਾ ਸਰਹਿੰਦ ਦੇ ਦਿੱਤੇ ਦੁਨਿਆਵੀ ਲਾਲਚਾਂ ਨੂੰ ਠੁਕਰਾਉਂਦਿਆਂ

ਗੁਰਦੇਵ ਸਿੰਘ ਸਿੱਧੂ (ਡਾ.)

ਧਰਮ ਪ੍ਰਤੀ ਆਸਥਾ ਨੂੰ ਠੇਸ ਨਹੀਂ ਪੁੱਜਣ ਦਿੱਤੀ।

ਇਸ ਘਟਨਾਵਲੀ ਦਾ ਅਰੰਭ ਮਈ 1704 ਵਿਚ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਵਲੋਂ ਗੁਰੂ ਗੋਬਿੰਦ ਸਿੰਘ ਦੇ ਟਿਕਾਣੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਤੋਂ ਹੁੰਦਾ ਹੈ। ਜਦ ਦੁਸ਼ਮਣ ਆਪਣੀ ਸੈਨਾ ਨਾਲ ਸਿੰਘਾਂ ਨੂੰ ਦਬਕਾਉਣ ਵਿਚ ਸਫਲ ਨਾ ਹੋਇਆ ਤਾਂ ਉਸ ਨੇ ਇਕ ਪਾਸੇ ਨਗਰ ਵਿਚ ਜਾਣ ਵਾਲੇ ਪਾਣੀ ਦੇ ਸਰੋਤ ਨੂੰ ਰੋਕ ਦਿੱਤਾ ਅਤੇ ਦੂਜੇ ਪਾਸੇ ਕੁਰਾਨ ਤੇ ਦੇਵੀ ਦੇ ਨਾਂ ਉਤੇ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਕਿਲਾ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇ ਦਿੱਤਾ ਜਾਵੇਗਾ। ਗੁਰੂ ਗੋਬਿੰਦ ਸਿੰਘ ਆਪਣੇ ਪਰਿਵਾਰ ਅਤੇ ਸਿੱਖ ਸੈਨਾ ਨਾਲ ਅਜੇ ਅਨੰਦਪੁਰ ਤੋਂ ਬਹੁਤੀ ਦੂਰ ਨਹੀਂ ਸਨ ਪਹੁੰਚੇ ਕਿ ਦੁਸ਼ਮਣ ਨੇ ਪਿੱਛਿਓਂ ਹਮਲਾ ਕਰ ਦਿੱਤਾ।

ਗੁਰੂ ਜੀ ਨੇ ਰਣਨੀਤਕ ਪੈਂਤੜੇ ਵਜੋਂ ਸਿੰਘਾਂ ਦੇ ਤਿੰਨ ਜਥਿਆਂ ਨੂੰ ਵੱਖ-ਵੱਖ ਸਥਾਨਾਂ 'ਤੇ ਤਾਇਨਾਤ ਕੀਤਾ ਹੋਇਆ ਸੀ। ਉਨ੍ਹਾਂ ਜਥਿਆਂ ਨੇ ਦੁਸ਼ਮਣ ਨੂੰ ਉਲਝਾਈ ਰੱਖਿਆ, ਜਿਸ ਦੌਰਾਨ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦਾ ਪਰਿਵਾਰ ਅਤੇ ਕੁਝ ਸਿੰਘ ਸਰਸਾ ਨਦੀ ਤਕ ਪਹੁੰਚ ਗਏ ਪਰ ਇਸ ਹਫੜਾ-ਦਫੜੀ ਵਿਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਵੱਡੇ ਦੋਵੇਂ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਦੇ ਨਾਲ, ਛੋਟੇ ਸਾਹਿਬਜ਼ਾਦੇ ਆਪਣੀ ਦਾਦੀ ਮਾਤਾ ਗੁਜਰੀ ਨਾਲ ਅਤੇ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਤੇ ਮਾਤਾ



*ਇਕ ਚਿਤਰਕਾਰ ਦੀਆਂ ਨਜ਼ਰਾਂ ਵਿਚ ਚਮਕੌਰ ਦੀ ਲੜਾਈ।*

ਜੀਤੋ ਭਾਈ ਮਨੀ ਸਿੰਘ ਦੇ ਨਾਲ ਸਨ। ਦੋਹਾਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਦਿੱਲੀ ਲੈ ਗਏ, ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਆਪਣੇ ਪਿੰਡ ਸਹੇੜੀ ਲੈ ਗਿਆ ਅਤੇ ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਨਾਲ ਚਮਕੌਰ ਪੁੱਜੇ। ਹੋਰ ਚਾਲੀ ਸਿੰਘ ਵੀ ਇਸ ਜਥੇ ਵਿਚ ਸ਼ਾਮਲ ਸਨ।

ਗੁਰੂ ਜੀ ਜਾਣਦੇ ਸਨ ਕਿ ਦੁਸ਼ਮਣ ਸੈਨਾ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ, ਇਸ ਲਈ ਉਨ੍ਹਾਂ ਚਮਕੌਰ ਦੀ ਕੱਚੀ ਗੜ੍ਹੀ ਵਿਚ ਮੋਰਚੇ ਲਾ ਲਏ। ਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਤੀਰ, ਗੋਲੀਆਂ ਆਦਿ ਵੰਡ ਕੇ ਚੁਫੇਰੇ ਨਜ਼ਰ ਰੱਖਣ ਲਈ ਆਖਿਆ। ਇਉਂ ਇਥੇ ਉਹ ਅਸਾਵੀਂ ਜੰਗ ਲੜੀ ਗਈ ਜਿਥੇ ਇਕ ਪਾਸੇ ਕੱਚੀ ਗੜ੍ਹੀ ਵਿਚ ਗਿਣਤੀ ਦੇ ਚਾਲੀ ਸਿੰਘ ਸਨ ਅਤੇ ਦੂਜੇ ਪਾਸੇ ਵੱਡੀ ਗਿਣਤੀ ਵਿਚ ਦੁਸ਼ਮਣ ਸੈਨਾ। ਜਿਉਂ ਹੀ ਦੁਸ਼ਮਣ ਗੜ੍ਹੀ ਦੇ ਨੇੜੇ ਆਉਂਦਾ, ਗੁਰੂ ਜੀ ਅਤੇ ਸਿੰਘ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦੇ। ਜਦ ਤੀਰ ਅਤੇ ਗੋਲੀਆਂ ਖਤਮ ਹੋ ਗਏ ਤਾਂ ਗੁਰੂ ਜੀ ਤੋਂ ਆਗਿਆ ਲੈ ਕੇ ਸਿੰਘ ਛੋਟੀਆਂ-ਛੋਟੀਆਂ ਟੋਲੀਆਂ 'ਚ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਉਤੇ ਹਮਲਾਵਰ ਹੋਏ।

ਗੜ੍ਹੀ ਉਤੇ ਖੜ੍ਹ ਕੇ ਸਿੰਘਾਂ ਦੀ ਸੂਰਬੀਰਤਾ ਨੂੰ ਵੇਖ ਅਜੀਤ ਸਿੰਘ ਨੇ ਗੁਰੂ-ਪਿਤਾ ਅੱਗੇ ਜੰਗ ਦੇ ਮੈਦਾਨ ਵਿਚ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਮੱਥਾ ਚੁੰਮ ਕੇ ਉਨ੍ਹਾਂ ਨੂੰ ਛਾਤੀ ਨਾਲ ਲਾਇਆ ਤੇ ਹੱਥੀਂ ਜੰਗ ਦੇ ਮੈਦਾਨ ਵਿਚ ਤੋਰਿਆ। ਵੱਡੇ ਵੀਰ ਨੂੰ ਬਹਾਦਰੀ ਨਾਲ ਜੂਝਦਿਆਂ ਵੇਖ ਛੋਟੇ ਸਾਹਿਬਜ਼ਾਦੇ ਦੇ ਮਨ ਵਿਚ ਵੀ ਉਤਸ਼ਾਹ ਪੈਦਾ ਹੋਇਆ ਤਾਂ ਉਨ੍ਹਾਂ ਨੇ ਵੀ ਗੁਰੂ-ਪਿਤਾ ਨੂੰ ਬੇਨਤੀ ਕੀਤੀ, "ਦਿਹੋ ਆਗਿਆ ਪਿਤਾ ਜੀ ਮੇਰੇ ਤਾਈਂ, ਜਾਵਾਂ ਜੰਗ ਅੰਦਰ ਲਲਕਾਰ ਕਰ ਕੇ।" ਬੇਨਤੀ ਸੁਣ ਕੇ ਗੁਰੂ ਜੀ ਖੁਸ਼ ਹੋਏ ਅਤੇ ਉਸ ਨੂੰ ਵੀ ਜੰਗ ਦੇ ਮੈਦਾਨ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ।

ਚਮਕੌਰ ਦੀ ਜੰਗ ਦਾ ਮਹੱਤਵ ਇਸ ਕਾਰਨ ਨਹੀਂ ਕਿ ਭੋਜਨ ਅਤੇ ਅਸਲੇ ਤੋਂ ਵਾਂਝੇ ਚਾਲੀ ਸਿੰਘਾਂ, ਦੋਹਾਂ ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਨੇ ਦੁਸ਼ਮਣ ਫੌਜ ਦਾ ਬੇਮਿਸਾਲ ਬਹਾਦਰੀ ਨਾਲ ਮੁਕਾਬਲਾ ਕੀਤਾ, ਸਗੋਂ ਇਕ ਬਾਪ ਵਲੋਂ ਆਪਣੇ ਜਿਗਰ ਦੇ ਟੋਟਿਆਂ ਨੂੰ ਸਾਹਮਣੇ ਖੜ੍ਹੀ ਮੌਤ ਵੱਲ ਆਪ ਤੋਰ ਕੇ ਹਉਕੇ ਲੈਣ ਦੀ ਥਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਕਰਕੇ ਵੀ ਹੈ। ਵੱਡੇ ਸਾਹਿਬਜ਼ਾਦਿਆਂ ਦੀ ਜੰਗ ਦੇ ਮੈਦਾਨ ਵਿਚ ਸ਼ਹੀਦੀ ਤੋਂ ਕੁਝ ਹੀ ਦਿਨ ਪਿੱਛੋਂ ਸਰਹਿੰਦ ਦਾ ਸਾਕਾ ਵਰਤਿਆ।

ਸਰਸਾ ਨਦੀ 'ਤੇ ਗੁਰੂ ਜੀ ਦੇ ਮੁੱਖ ਜਥੇ ਤੋਂ ਵਿਛੜੀ ਮਾਤਾ ਗੁਜਰੀ, ਸਿਆਲ ਦੀ ਠੰਢੀ ਠਾਰ ਰਾਤ ਵਿਚ ਵਗ ਰਹੀ ਠੱਕੇ ਦੀ ਹਵਾ, ਨਦੀ ਪਾਰ ਕਰਨ ਸਮੇਂ ਭਿੱਜੇ ਕੱਪੜੇ ਅਤੇ ਚਾਰ-ਚੁਫੇਰੇ ਹਰਲ-ਹਰਲ ਕਰਦੇ ਦੁਸ਼ਮਣਾਂ ਤੋਂ ਬਾਲਾਂ ਨੂੰ ਬਚਾ ਕੇ ਕਿਸੇ ਸੁਰੱਖਿਅਤ ਟਿਕਾਣੇ ਲਿਜਾਣ ਬਾਰੇ ਸੋਚ ਹੀ ਰਹੀ ਸੀ ਕਿ ਗੁਰੂ ਘਰ ਦਾ ਰਸੋਈਆ ਗੰਗੂ ਆ ਗਿਆ। ਉਸ ਨੇ ਮਾਤਾ ਗੁਜਰੀ ਨੂੰ ਧਰਵਾਸ ਦਿੰਦਿਆਂ ਆਖਿਆ, "ਏਥੋਂ ਥੋੜ੍ਹੇ ਹੀ ਕੋਹਾਂ 'ਤੇ ਪਿੰਡ ਮੇਰਾ, ਓਹ ਤਾਂ ਸਮਝ ਤੂੰ ਆਪਣਾ ਘਰ ਮਾਈ।" ਡੁੱਬਦੇ ਨੂੰ ਤਿਣਕੇ ਦਾ ਸਹਾਰਾ; ਮਾਤਾ ਗੁਜਰੀ ਨੇ ਨਾਲ ਜਾਣ ਦੀ ਸਹਿਮਤੀ ਦੇ ਦਿੱਤੀ।

ਮਾਤਾ ਗੁਜਰੀ ਕੋਲ ਦੌਲਤ ਵੇਖ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਘਰ ਪਹੁੰਚ ਕੇ ਉਸ ਨੇ ਪਹਿਲਾਂ ਧਨ ਕਾਬੂ ਕੀਤਾ ਅਤੇ ਫਿਰ ਉਨ੍ਹਾਂ ਬਾਰੇ ਮੋਰਿੰਡੇ ਦੇ ਮੁਗਲ ਹਾਕਮ ਪਾਸ ਜਾ ਮੁਖਬਰੀ ਕੀਤੀ। ਮੋਰਿੰਡੇ ਦੇ ਹਾਕਮਾਂ ਨੇ ਮਾਤਾ ਗੁਜਰੀ ਅਤੇ ਦੋਹਾਂ ਬਾਲ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਕੋਲ ਪਹੁੰਚਾਉਣ ਵਿਚ ਦੇਰ ਨਾ ਲਾਈ।

ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਲਵੇ ਵਲ ਜਾ ਰਹੇ ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਨਾ ਛੱਡ ਕੇ ਵਜ਼ੀਰ ਖਾਂ ਸੂਬਾ ਸਰਹੰਦ ਰਾਜਧਾਨੀ ਪਰਤਿਆ ਤਾਂ ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦਿਆਂ 'ਤੇ ਮੁਸਲਮਾਨ ਬਣਨ ਲਈ ਜ਼ੋਰ ਪਾਇਆ ਗਿਆ, ਪਰ ਉਹ ਨਾ ਮੰਨੇ। ਫਿਰ ਲਾਲਚ ਦਿੱਤੇ ਗਏ, ਫਿਰ ਵੀ ਦੋਹਾਂ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਨਾ ਮਨਾ ਸਕੇ। ਆਖਰ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤਾ ਗਿਆ। ਸ਼ਹੀਦੀ ਮੌਕੇ ਸਾਹਿਬਜ਼ਾਦਿਆਂ ਦੀ ਉਮਰ ਕ੍ਰਮਵਾਰ ਨੌਂ ਸਾਲ ਤੇ ਸੱਤ ਸਾਲ ਸੀ ਅਤੇ ਇਉਂ ਉਹ ਸੰਸਾਰ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹੋਏ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦੁਖਦਾਈ ਖਬਰ ਮਿਲੀ ਤਾਂ ਮਾਤਾ ਗੁਜਰੀ ਦੇ ਪ੍ਰਾਣ ਪੰਖੇਰੂ ਵੀ ਉਡਾਰੀ ਮਾਰ ਗਏ।

ਚਮਕੌਰ ਸਾਹਿਬ ਅਤੇ ਸਰਹਿੰਦ ਵਿਚ ਵਾਪਰੀਆਂ ਇਨ੍ਹਾਂ ਦੋਹਾਂ ਅਦੁੱਤੀ ਘਟਨਾਵਾਂ ਦੀ ਮਹੱਤਤਾ ਦ੍ਰਿੜਾਉਣ ਲਈ ਵਿਦਵਾਨ ਲੇਖਕ ਖੋਜੀ ਕਾਫਿਰ ਦੇ ਆਪਣੀ ਪੁਸਤਕ 'ਸਿੱਖ ਇਤਿਹਾਸਕਾਰੀ ਵਿਚ ਤੁਕਾਕਾਰੀ' ਵਿਚ ਲਿਖੇ ਇਹ ਸ਼ਬਦ ਵਿਚਾਰਨਯੋਗ ਹਨ, "ਅਨੰਦਪੁਰ ਛੱਡਣ ਤੋਂ ਲੈ ਕੇ ਚਮਕੌਰ ਅਤੇ ਸਰਹਿੰਦ ਵਾਲੇ ਸਾਕੇ, ਇਕ ਹਫਤੇ ਦੇ ਬੜੇ ਸੰਖੇਪ ਸਮੇਂ 'ਚ ਵਾਪਰਦੇ ਆ, ਮਗਰ ਸਾਕਿਆਂ 'ਚ ਸਮੋਇਆ ਇਤਿਹਾਸ ਸੰਖੇਪ ਨਹੀਂ, ਸਗੋਂ ਅਤਿ ਵਿਸ਼ਾਲ ਏ, ਸੰਘਣਾ ਵੀ। ਸੰਸਾਰ ਦੇ ਇਤਿਹਾਸ ਦੇ ਪ੍ਰਸੰਗ ਨਾਤੇ ਵੀ, ਖਾਸ ਕਰ ਕੇ ਚਮਕੌਰ ਦੀ ਅਜੋੜ ਜੰਗ ਅਤੇ ਸਰਹਿੰਦ ਵਿਚਲੀ ਸ਼ਹੀਦੀ ਦਾ ਤੋੜ, ਸ਼ਾਇਦ ਕਿਧਰੇ ਨਹੀਂ ਮਿਲਦਾ।"

# ਬਾਬਾ ਬੰਦਾ ਸਿੰਘ ਦੀ ਸਢੌਰਾ 'ਤੇ ਜਿੱਤ

**ਇਤਿਹਾਸ 'ਚੋਂ**

**ਠਸਕੇ ਦੀ ਲੁੱਟ ਮਾਫ ਕਰਨੀ:** ਸਮਾਣੇ ਨੂੰ ਤਹਿਸ ਨਹਿਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਢੌਰੇ ਵੱਲ ਕੂਚ ਕਰ ਦਿੱਤਾ ਅਤੇ ਰਸਤੇ ਵਿਚ ਠਸਕੇ ਨੂੰ ਜਾ ਘੇਰਿਆ। ਠਸਕੇ ਦਾ ਪੀਰ ਜਾਫਰ ਅਲੀ ਖਾਂ ਮੂੰਹ ਵਿਚ ਘਾਹ ਲੈ ਕੇ ਬਾਬਾ ਬੰਦਾ ਬਹਾਦਰ ਅੱਗੇ ਆ ਖਲੋਤਾ। ਬਾਬਾ ਬੰਦਾ ਬਹਾਦਰ ਨੇ ਠਸਕੇ ਦੇ ਪੀਰ ਸੈਦ ਭੀਖ ਦੇ ਮਿਲਾਪ ਦਾ ਪ੍ਰਸੰਗ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਮਿਠਾਈ ਦੇ ਤਿੰਨ ਘੜੇ ਲੈ ਕੇ ਆਇਆ ਸੀ, ਸੁਣਿਆ ਹੋਇਆ ਸੀ। ਸ਼ਰਨ ਆਏ ਦੀ ਲਾਜ ਰਖਣ ਲਈ ਬਾਬਾ ਜੀ ਨੇ ਠਸਕੇ ਦੀ ਲੁੱਟ ਮਾਫ ਕਰਕੇ ਅੱਗੇ ਚਾਲੇ ਪਾ ਦਿੱਤੇ।



ਨਿਰਮਲ ਸਿੰਘ ਕਾਹਲੋਂ, ਸਿਡਨੀ
ਫੋਨ: 0468395922
kahlonhayatnagar94@gmail.com

**ਟੋਹਾ ਸੋਧਣਾ:** ਲਸ਼ਕਰ ਨੇ ਲੰਗਰ ਤਿਆਰ ਕਰਨ ਲਈ ਡੇਰੇ ਲਾਏ ਹੋਏ ਸਨ। ਲਸ਼ਕਰ ਦੇ 7 ਸਿੰਘ ਸੈਰ ਕਰਦੇ ਪਿੰਡ ਟੋਹਾ ਪਹੁੰਚ ਗਏ। ਬਕਰੀਦ ਦਾ ਦਿਨ ਸੀ। ਕੁਝ ਮੁਸਲਮਾਨ ਇਕ ਗਾਂ ਨੂੰ ਘੇਰ ਰਹੇ ਸਨ। ਗਾਂ ਨੂੰ ਛੁਡਾਉਣ ਲਈ ਤੇਗੇ ਸੋਧ ਕੇ ਸਿੰਘ ਮੁਸਲਮਾਨਾਂ 'ਤੇ ਟੁੱਟ ਪਏ। ਕਾਫੀ ਕੱਟ ਵੱਢ ਹੋਈ। ਮੁਸਲਮਾਨ ਬਹੁਤ ਇੱਕਠੇ ਹੋ ਗਏ, 2 ਸਿੰਘ ਸ਼ਹੀਦ ਕਰ ਦਿੱਤੇ ਅਤੇ ਬਾਕੀ ਸਿੰਘਾਂ ਨੂੰ ਮੁਸਲਮਾਨਾਂ ਨੇ ਇਕ ਕਮਰੇ ਵਿਚ ਬੰਦ ਕਰ ਦਿੱਤਾ। ਕਿਸੇ ਨੇ ਜਾ ਕੇ ਬਾਬਾ ਬੰਦਾ ਬਹਾਦਰ ਨੂੰ ਦੱਸ ਦਿੱਤਾ। ਲਸ਼ਕਰ ਨੇ ਪਿੰਡ ਉਤੇ ਚੜ੍ਹਾਈ ਕਰ ਦਿੱਤੀ। ਬਾਬਾ ਜੀ ਦਾ ਸਖਤ ਹੁਕਮ ਸੀ ਕਿ ਕਿਸੇ ਬੱਚੇ, ਬੁੱਢੇ ਅਤੇ ਤੀਵੀਂ ਨੂੰ ਨਹੀਂ ਮਾਰਨਾ ਅਤੇ ਨਾ ਹੀ ਕਿਸੇ ਮਸੀਤ ਜਾਂ ਮੰਦਿਰ ਨੂੰ ਨੁਕਸਾਨ ਪਹੁੰਚਾਉਣਾ ਹੈ। ਸਾਡੀ ਲੜਾਈ ਜੁਲਮ ਦੇ ਵਿਰੁਧ ਹੈ, ਕਿਸੇ ਧਰਮ ਦੇ ਵਿਰੁਧ ਨਹੀਂ। ਜੋ ਹੱਥ ਆਇਆ ਸੋਧ ਦਿੱਤਾ, ਬੋਦੀ ਜਨੇਊ ਬਿਨਾ ਸਭ ਨੂੰ ਤੇਗ ਦੇ ਘਾਟ ਉਤਾਰ ਦਿੱਤਾ।

**ਹਿੰਦੂਆਂ ਦੀ ਫਰਿਆਦ:** ਹਿੰਦੂਆਂ ਨੇ ਵੇਖਿਆ ਕਿ ਸਿੱਖ ਤਾਂ ਸਾਡੇ ਧਰਮ ਦੇ ਰਾਖੇ ਹਨ, ਬਹੁਤ ਸਾਰੇ ਹਿੰਦੂ ਵੀ ਸਿੰਘਾਂ ਨਾਲ ਰਲ ਗਏ। ਜਿੱਥੇ ਜਿੱਥੇ ਤੁਰਕ ਗਊਆਂ ਮਾਰਦੇ ਸਨ, ਸਿੰਘਾਂ ਨੂੰ ਨਾਲ ਲੈ ਉਨ੍ਹਾਂ ਨੂੰ ਕੀਤੀ ਦਾ ਫਲ ਦਿੱਤਾ। ਉਸ ਸਮੇਂ ਸਢੌਰੇ ਦੇ ਕਈ ਹਿੰਦੂਆਂ ਨੇ ਬਾਬਾ ਜੀ ਕੋਲ ਅਰਜ ਕੀਤੀ ਕਿ ਸਾਡਾ ਨਵਾਬ ਅਸਮਾਨ ਖਾਨ ਬੜਾ ਅਨਿਆਂਈ ਅਤੇ ਜ਼ਿੱਦੀ ਹੈ, ਉਹ ਮੁਸਲਮਾਨਾਂ ਨਾਲੋਂ ਹਿੰਦੂਆਂ ਤੋਂ ਚੌਗੁਣਾ ਮਾਮਲਾ ਲੈਂਦਾ ਹੈ; ਮੁਸਲਮਾਨ ਸਾਡੇ ਘਰਾਂ ਅਤੇ ਗਲੀਆਂ ਵਿਚ ਹੀ ਗਊਆਂ ਮਾਰ ਕੇ ਗੰਦ ਖਿਲਾਰ ਜਾਂਦੇ ਹਨ; ਹਿੰਦੂਆਂ ਦੀ ਬੇਟੀ ਘਰ ਨਹੀਂ ਰਹਿਣ ਦਿੰਦੇ, ਮੱਲੋ ਮੱਲੀ ਫੜ੍ਹ ਕੇ ਲੈ ਜਾਂਦੇ ਹਨ; ਹਿੰਦੂਆਂ ਨੂੰ ਆਪਣੇ ਧਰਮ ਦੀ ਕੋਈ ਵੀ ਰਸਮ ਕਰਨ ਨਹੀਂ ਦਿੰਦੇ, ਇੱਥੋਂ ਤੱਕ ਕਿ ਮੁਰਦਾ ਵੀ ਸਾੜਨ ਨਹੀਂ ਦਿੰਦੇ। ਪੀਰ ਬੁੱਧੂ ਸ਼ਾਹ ਨੂੰ ਇਨ੍ਹਾਂ ਨੇ ਇਸ ਕਰਕੇ ਕਤਲ ਕਰਵਾ ਦਿੱਤਾ ਸੀ ਕਿ ਉਸ ਨੇ ਭੰਗਾਣੀ ਦੇ ਯੁੱਧ 'ਚ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਕੀਤੀ ਸੀ।

ਇਸ ਤਰ੍ਹਾਂ ਦੇ ਅਨੇਕ ਜੁਲਮਾਂ ਦੇ ਬਿਰਤਾਂਤ ਸੁਣ ਕੇ ਬਾਬਾ ਜੀ ਨੇ ਅਰਦਾਸਾ ਸੋਧ ਕੇ ਸਢੌਰੇ ਉਤੇ ਚੜ੍ਹਾਈ ਕਰਨ ਲਈ ਚਾਲੇ ਪਾ ਦਿੱਤੇ ਅਤੇ 6 ਅਪਰੈਲ 1704 ਨੂੰ ਸਢੌਰੇ ਤੋਂ 4 ਕੋਹ ਦੂਰ ਲੁਬਾਣਿਆਂ ਦੇ ਪਿੰਡ ਲੰਡੇਰੇ ਕੋਲ ਜਾ ਡੇਰੇ ਲਾਏ। ਲੁਬਾਣੇ ਸਿੰਘਾਂ ਅਤੇ ਹਿੰਦੂਆਂ ਨਾਲ ਸਲਾਹ ਕਰ ਕੇ ਬਾਬਾ ਜੀ ਨੇ ਸਢੌਰੇ ਨੂੰ ਜਾ ਘੇਰਿਆ ਅਤੇ ਇਕ ਟਿੱਬੇ ਉਤੇ ਦੋਵੇਂ ਤੋਪਾਂ ਚਾੜ੍ਹ ਕੇ ਗੋਲੇ ਦਾਗ ਦਿੱਤੇ। ਇਹ ਤੋਪਾਂ ਸਮਾਣੇ ਤੋਂ ਜਿੱਤੀਆਂ ਸਨ। ਤਿੰਨ ਪਹਿਰ ਤੀਰ ਅਤੇ ਗੋਲੀ ਚਲਦੇ ਰਹੇ ਪਰ ਕਿਲਾ ਨਾ ਟੁੱਟਿਆ। ਦੋਹਾਂ ਪਾਸਿਆਂ ਦਾ ਬੜਾ ਜਾਨੀ ਨੁਕਸਾਨ ਹੋਇਆ।

ਬਾਬਾ ਜੀ ਪਿੱਛੇ ਬੈਠ ਕੇ ਭਗਤੀ ਕਰ ਰਹੇ ਸਨ। ਫਤਿਹ ਸਿੰਘ ਨੇ ਜਾ ਕੇ ਬਾਬਾ ਜੀ ਨੂੰ ਆਖਿਆ, 'ਜਿੰਨਾ ਚਿਰ ਤੁਸੀਂ ਨਹੀਂ ਆਉਂਦੇ, ਜਿੱਤ ਮੁਸ਼ਕਿਲ ਹੈ।' ਬਾਬਾ ਜੀ ਨੇ ਟਿੱਬੇ ਉਤੇ ਖੜੇ ਹੋ ਕੇ ਦਸਮ ਪਾਤਸ਼ਾਹ ਦਾ ਬਖਸ਼ਿਆ ਇਕ ਤੀਰ ਦਾਗ ਦਿੱਤਾ। ਮੀਂਹ ਤੇ ਹਨੇਰੀ ਆ ਗਈ ਅਤੇ ਮੁਗਲ ਫੌਜ ਤਿਤਰ ਬਿੱਤਰ ਹੋ ਗਈ। ਕੁਝ ਸਿੰਘਾਂ ਨੇ ਕੰਧ ਟੱਪ ਕੇ ਕਿਲੇ ਦੇ ਦਰਵਾਜੇ ਖੋਲ੍ਹ ਦਿੱਤੇ। ਲੁਟੇਰਿਆਂ ਅਤੇ ਸਿੰਘਾਂ ਨੇ ਸ਼ਹਿਰ ਵਿਚ ਜਾ ਕੇ ਕਤਲੇਆਮ ਅਤੇ ਲੁੱਟਮਾਰ ਸ਼ੁਰੂ ਕਰ ਦਿੱਤੀ। ਬੋਦੀ ਜਨੇਊ ਦੱਸ ਕੇ ਹਿੰਦੂ ਬਚ ਗਏ ਅਤੇ ਫੌਜ ਦੌੜ ਗਈ। ਬਾਬਾ ਜੀ ਨੇ ਮੁਸਲਮਾਨਾਂ ਦੀਆਂ ਲੋਥਾਂ ਅਤੇ ਪੀਰਾਂ ਦੀਆਂ ਕਬਰਾਂ ਪੁਟਵਾ ਕੇ ਹੱਢੀਆਂ ਵੀ ਸਾੜ ਦਿੱਤੀਆਂ, ਉਥੋਂ ਦੇ ਹਾਕਮ ਅਸਮਾਨ ਖਾਨ ਨੂੰ ਫੜ੍ਹ ਕੇ ਇੱਲਾਂ ਦੇ ਖਾਣ ਲਈ ਦਰਖਤ ਉਤੇ ਪੁੱਠਾ ਟੰਗ ਦਿੱਤਾ।

ਅਗਲੇ ਦਿਨ ਸ਼ਹਿਰ ਦੇ ਪਤਵੰਤੇ ਲੋਕ ਬਾਬਾ ਜੀ ਪਾਸ ਆਏ ਅਤੇ ਲਿਖ ਕੇ ਦੇ ਦਿੱਤਾ ਕਿ ਅਸੀਂ ਖਾਲਸੇ ਦੀ ਕਦੀ ਵੀ ਬੁਰਾਈ ਨਹੀਂ ਕਰਾਂਗੇ। ਲੁੱਟ ਅਤੇ ਕਤਲੇਆਮ ਬੰਦ ਹੋ ਗਈ। ਇਧਰ ਤਾਂ ਲਿਖਤ ਪਾਈ, ਉਧਰ ਵਜੀਦੇ ਨੂੰ ਲਿਖ ਕੇ ਰੁੱਕਾ ਭੇਜ ਦਿੱਤਾ ਕਿ ਬੰਦੇ ਨੂੰ ਅਸਾਂ ਆਪਣੇ ਪੇਚ ਵਿਚ ਫਸਾ



ਲਿਆ ਹੈ, ਜਲਦੀ ਫੌਜ ਲੈ ਕੇ ਆ ਜਾਓ। ਇਹ ਰੁੱਕਾ ਇਕ ਪੋਲੇ ਵਾਂਸ ਵਿਚ ਬੰਦ ਕਰਕੇ ਹਲਕਾਰੇ ਹੱਥ ਸਰਹਿੰਦ ਨੂੰ ਤੋਰ ਦਿੱਤਾ। ਹਲਕਾਰਾ ਉਸ ਰਸਤੇ ਗਿਆ, ਜਿਸ ਰਸਤੇ ਚਰਵਾਹਾ ਬਾਬਾ ਬੰਦਾ ਸਿੰਘ ਦੇ ਊਠ ਚਾਰ ਰਿਹਾ ਸੀ। ਇਕ ਊਠ ਖੇਤ ਵਿਚ ਜਾ ਵੜਿਆ, ਚਰਵਾਹੇ ਨੇ ਹਲਕਾਰੇ ਕੋਲੋਂ ਵਾਂਸ ਖੋਹ ਕੇ ਊਠ ਨੂੰ ਮਾਰਿਆ। ਵਾਂਸ ਟੁੱਟ ਕੇ ਕਾਗਜ ਡਿੱਗ ਗਿਆ। ਚਰਵਾਹੇ ਨੇ ਹਲਕਾਰੇ ਅਤੇ ਕਾਗਜ ਨੂੰ ਬਾਬਾ ਬੰਦਾ ਬਹਾਦਰ ਦੇ ਪੇਸ਼ ਕੀਤਾ। ਬਾਬਾ ਜੀ ਨੇ ਹਲਕਾਰੇ ਨੂੰ ਕੈਦ ਕਰਕੇ ਮੁਸਲਮਾਨਾਂ ਨੂੰ ਸਭਾ ਵਿਚ ਤਲਬ ਕਰਕੇ ਪੁਛਿਆ ਕਿ ਜੇ ਕੋਈ ਮਿੱਤਰ ਬਣ ਕੇ ਨੇਮ ਧਰਮ ਕਰਕੇ ਲਿਖਤ ਪਾ ਕੇ ਦਗਾ ਕਰੇ ਤਾਂ ਉਸ ਲਈ ਤੁਹਾਡੀ ਸ਼ਰ੍ਹਾ ਵਿਚ ਕੀ ਸਜ਼ਾ ਲਿਖੀ ਹੈ? ਉਨ੍ਹਾਂ ਨੇ ਆਖ ਦਿੱਤਾ, ਉਹ ਮੌਤ ਦੇ ਲਾਇਕ ਹੁੰਦਾ ਹੈ। ਬਾਬਾ ਜੀ ਨੇ ਉਹ ਰੁੱਕਾ ਉਨ੍ਹਾਂ ਅੱਗੇ ਰੱਖ ਦਿੱਤਾ, ਉਸ ਉਪਰ ਦਸਤਖਤ ਅਤੇ ਮੋਹਰਾਂ ਲੱਗੀਆਂ ਹੋਈਆਂ ਸਨ। ਮੁਸਲਮਾਨਾਂ ਦੇ ਹੋਸ਼ ਉਡ ਗਏ। ਕਿਲੇ ਦੇ ਦਰਵਾਜੇ ਬੰਦ ਕਰਕੇ ਬਾਬਾ ਜੀ ਨੇ ਕਤਲੇਆਮ ਦਾ ਹੁਕਮ ਦੇ ਦਿੱਤਾ। ਮੁਸਲਮਾਨਾਂ ਨੇ ਬਾਬਾ ਜੀ ਤੋਂ ਮਾਫੀ ਮੰਗੀ। ਬਾਬਾ ਜੀ ਨਾ ਮੰਨੇ। ਸਿੰਘਾਂ ਨੇ ਸ਼ਹਿਰ ਨੂੰ ਖੂਬ ਲੁੱਟਿਆ ਅਤੇ ਕੁੱਟਿਆ।

ਕਈ ਇਤਿਹਾਸਕਾਰਾਂ ਦਾ ਮੱਤ ਹੈ ਕਿ ਬਾਬਾ ਜੀ ਨੇ ਹੁਕਮ ਦਿੱਤਾ ਕਿ ਜਿਹੜਾ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਚਲਿਆ ਜਾਏਗਾ, ਉਹ ਬਚ ਜਾਏਗਾ। ਪੀਰ ਜੀ ਦੀ ਹਵੇਲੀ ਤੁੰਨ ਤੁੰਨ ਕੇ ਭਰ ਗਈ। ਬੁੱਢੇ ਅਤੇ ਕਮਜੋਰ ਲੋਕ ਹਵੇਲੀ ਵਿਚ ਨਾ ਵੜ ਸਕੇ। ਬਾਬਾ ਜੀ ਦੇ ਹੁਕਮ ਨਾਲ ਹਵੇਲੀ ਵਿਚ ਸਾਰੇ ਲੋਕ ਕਤਲ ਕਰ ਦਿੱਤੇ ਗਏ। ਅਜੇ ਤੱਕ ਇਸ ਹਵੇਲੀ ਦਾ ਨਾਂ ਕਤਲਗਾਹ ਹੈ।

**ਕਪੂਰੀ ਨੂੰ ਸੋਧਣਾ:** ਸਢੌਰੇ ਤੋਂ 4 ਕੋਹ ਦੂਰ ਪਿੰਡ ਕਪੂਰੀ ਦਾ ਹਾਕਮ ਸੱਯਦ ਅਮਾਨਉਲਾ ਬੜਾ ਹੀ ਲੋਭੀ ਅਤੇ ਦੁਰਾਚਾਰੀ ਸੀ। ਉਸ ਕੋਲ ਬੇਓੜਕ ਦੌਲਤ ਸੀ। ਉਸ ਨੂੰ ਕਾਜ਼ੀ ਨੇ ਦਸਿਆ ਸੀ ਕਿ ਹਿੰਦੂਆਂ ਨੂੰ ਮਾਰਨ ਨਾਲ ਬਹਿਸ਼ਤ ਮਿਲਦੀ ਹੈ। ਬਹਿਸ਼ਤ ਜਾਣ ਲਈ ਉਸ ਨੇ ਬਹੁਤ ਹਿੰਦੂ ਕਤਲ ਕੀਤੇ। ਕਿਸੇ ਹਿੰਦੂ ਦੀ ਬਹੂ ਬੇਟੀ ਨਹੀਂ ਸੀ ਛੱਡਦਾ। ਉਸ ਦਾ ਲੜਕਾ ਕਰਮਦੀਨ ਉਸ ਤੋਂ ਵੀ ਵੱਧ ਦੁਰਾਚਾਰੀ ਸੀ। ਇਸ ਤਰ੍ਹਾਂ ਦੀਆਂ ਕਈ ਹੋਰ ਗੱਲਾਂ ਸੁਣ ਕੇ ਬਾਬਾ ਜੀ ਨੇ ਸਿੰਘਾਂ ਦਾ ਇਕ ਜਥਾ ਤਖਤਾ ਸਿੰਘ ਦੁਲਟ ਦੀ ਕਮਾਨ ਹੇਠ ਭੇਜ ਦਿੱਤਾ। ਸਿੰਘਾਂ ਨੇ ਸੁੱਤੇ ਪਏ ਅਮਾਨਉਲਾ ਨੂੰ ਜਾ ਘੇਰਿਆ। ਇਸ ਦੇ ਸਾਰੇ ਸਬੰਧੀਆਂ ਦੀਆਂ ਮਸ਼ਕਾਂ ਬੰਨ ਕੇ ਕਮਰੇ ਵਿਚ ਬੰਦ ਕਰਕੇ ਪਹਿਰਾ ਲਾ ਦਿੱਤਾ। ਇਹ ਪਾਪੀ ਤੜਫਦਾ ਆਪਣੇ ਕਰਮਾਂ ਦਾ ਫਲ ਭੋਗਦਾ ਮਰ ਗਿਆ ਅਤੇ ਸਾਰਾ ਪਰਿਵਾਰ ਵੀ ਖਤਮ ਕਰਵਾ ਲਿਆ। ਉਸ ਦੇ ਘਰੋਂ ਲੁੱਟੀ ਦੌਲਤ ਬਾਬਾ ਜੀ ਨੇ ਸਿੰਘਾਂ ਵਿਚ ਵੰਡ ਦਿੱਤੀ।

**ਬੰਨੂੜ ਸੋਧਣਾ:** ਰਾਜਪੂਰਾ ਤਹਿਸੀਲ ਦਾ ਬੰਨੂੜ ਇਕ ਕਸਬਾ ਹੈ। ਬੰਨੂੜ ਕਸਬੇ ਦੇ ਹਿੰਦੂਆਂ ਨੇ ਵੀ ਬਾਬਾ ਜੀ ਕੋਲ ਫਰਿਆਦੀ ਹੋ ਕੇ ਦਸਿਆ ਕਿ ਮੁਸਲਮਾਨ ਸਾਡੇ ਉਤੇ ਬੜੇ ਜ਼ੁਲਮ ਕਰਦੇ ਹਨ। ਸਾਡੀ ਬਹੂ ਬੇਟੀ ਨਹੀਂ ਛੱਡਦੇ, ਕਈ ਡਰਦੀਆਂ ਮਾਰੀਆਂ ਮਰ ਜਾਂਦੀਆਂ ਹਨ। ਜੇ ਕਿਸੇ ਹਿੰਦੂ ਦੇ ਘਰ ਵਿਚ ਗਊ ਜਾਂ ਬਲਦ ਬੀਮਾਰ ਹੋ ਜਾਏ, ਤਾਂ ਕਾਜ਼ੀ ਆ ਕੇ ਉਸ ਨੂੰ ਹਲਾਲ ਕਰਕੇ ਉਸ ਦੀ ਮਿੱਟੀ ਘਰ ਵਾਲਿਆਂ ਦੇ ਸਿਰਾਂ ਉਤੇ ਚੁਕਾ ਮਸੀਤ ਵਿਚ ਲੈ ਜਾ ਕੇ ਮੁਸਲਮਾਨਾਂ ਵਿਚ ਵੰਡ ਦਿੰਦਾ ਹੈ। ਜੇ ਮਰਨ ਵਾਲੇ ਪਸ਼ੂ ਦੀ ਖਬਰ ਨਾ ਕਰੀਏ ਤਾਂ ਬੜੀ ਸਜਾ ਦਿੰਦੇ ਹਨ ਅਤੇ ਆਖਦੇ ਹਨ, ਹਿੰਦੂਆਂ ਨੂੰ ਖੁਦਾ ਨੇ ਮੁਸਲਮਾਨਾਂ ਦੀ ਗੁਲਾਮੀ ਲਈ ਹੀ ਬਣਾਇਆ ਹੈ। ਜਿੰਨਾ ਇਨ੍ਹਾਂ ਨੂੰ ਦੁੱਖ ਦਈਏ, ਉਨਾ ਹੀ ਪੁੰਨ ਹੈ। ਆਪਣੇ ਦੀਨ ਵਿਚ ਲਿਆਉਣ ਲਈ ਕਈ ਤਰ੍ਹਾਂ ਦੇ ਦੁੱਖ ਦਿੰਦੇ ਹਨ, ਕਿਸੇ ਤਰ੍ਹਾਂ ਵੀ ਚੈਨ ਲੈਣ ਨਹੀਂ ਦਿੰਦੇ, ਜੇ ਤੁਸੀਂ ਸਾਡੀ ਮਦਦ ਕਰੋ ਤਾਂ ਬਚਦੇ ਹਾਂ।

ਜੁਲਮ ਦੀਆਂ ਇਸ ਤਰ੍ਹਾਂ ਦੀਆਂ ਖਬਰਾਂ ਸੁਣ ਕੇ ਬਾਬਾ ਜੀ ਨੇ ਬੰਨੂੜ 'ਤੇ ਹਮਲਾ ਕਰ ਦਿੱਤਾ। ਤਲਵਾਰਾਂ ਸੂਤ ਕੇ ਸਿੰਘ ਨਗਰ ਵਿਚ ਜਾ ਵੜੇ, ਜਿਸ ਨੇ ਹੱਥ ਉਠਾਇਆ ਤੇਗ ਨੂੰ ਛਕਾਇਆ, ਜਿਸ ਨੇ ਬੋਦੀ ਦਿਖਾਈ ਉਸ ਨੇ ਜਾਨ ਬਚਾਈ। ਕਈ ਮੁਸਲਮਾਨ, ਹਿੰਦੂਆਂ ਨੂੰ ਬਾਪੂ ਕਹਿ ਕੇ ਆਪਣੀ ਜਾਨ ਬਖਸ਼ਾਉਣ ਲਈ ਬਾਬਾ ਜੀ ਦੇ ਚਰਨੀਂ ਆ ਡਿੱਗੇ। ਬਾਬਾ ਜੀ ਨੇ ਬੰਨੂੜ ਦੀ ਚੰਗੀ ਤਰ੍ਹਾਂ ਭੁਗਤ ਸਵਾਰ ਦਿੱਤੀ। ਬਾਬਾ ਜੀ ਤੇ ਸਿੰਘਾਂ ਨੇ ਨਗਰ ਨੂੰ ਖੂਬ ਲੁਟਿਆ ਅਤੇ ਕੁੱਟਿਆ। ਦੇਸ਼ ਵਿਚ ਸਿੰਘਾਂ ਦਾ ਦਬਦਬਾ ਵਧ ਗਿਆ। ਸਰਹਿੰਦ ਨੂੰ ਸੋਧਣ ਲਈ ਬਾਬਾ ਜੀ ਕੋਲ ਕਈ ਸਿੰਘ ਅਤੇ ਧਾੜਵੀ ਵੀ ਆ ਗਏ।

## ਗਦਰ ਦੀਆਂ ਗੱਲਾਂ

# ਗਦਰ ਵਾਸਤੇ ਰਸਤਾ ਸਾਫ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਇਨ੍ਹਾਂ ਲੇਖਾਂ ਵਿਚੋਂ ਗਦਰੀਆਂ ਦੇ ਸਿਦਕ, ਸਿਰੜ ਅਤੇ ਸੁੱਚੀ ਸੋਚ ਦੇ ਝਲਕਾਰੇ ਮਿਲਦੇ ਹਨ ਅਤੇ ਉਸ ਵੇਲੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਪਤਾ ਲਗਦਾ ਹੈ। -ਸੰਪਾਦਕ*

*(15 ਸਤੰਬਰ 1914 ਨੂੰ ਛਪਿਆ)*

ਇਹ ਲਿਖਿਆ ਜਾ ਚੁੱਕਾ ਹੈ ਕਿ ਹਿੰਦੁਸਤਾਨੀ ਫੌਜਾਂ ਯੂਰਪ ਵਿਚ ਲੜਨ ਜਾਣਗੀਆਂ। ਇਹ ਗੱਲ ਅਸਾਂ ਦੁੱਖ ਨਾਲ ਪ੍ਰਗਟ ਕੀਤੀ ਹੈ ਕਿ ਅਗਰ ਹਿੰਦੀ ਫੌਜੀ ਯੂਰਪ ਵਿਚ ਜ਼ਾਲਮ ਅੰਗਰੇਜ਼ਾਂ ਵਾਸਤੇ ਜਰਮਨ ਨਾਲ ਲੜਨਗੇ ਤਾਂ ਹਿੰਦੀਆਂ ਨੂੰ ਸ਼ਰਮ ਨਾਲ ਡੁੱਬਣਾ ਪਵੇਗਾ ਅਤੇ ਸਦੀਆਂ ਤਕ ਸਾਡੇ ਮੱਥੇ ਉਤੇ ਗੁਲਾਮੀ ਦਾ ਟਿੱਕਾ ਨਹੀਂ ਮਿਟੇਗਾ। ਅਸੀਂ ਖੁਦ ਤਾਂ ਗੁਲਾਮ ਹਾਂ, ਦੂਸਰਿਆਂ ਨੂੰ ਭੀ ਜ਼ਾਲਮ ਫਰੰਗੀਆਂ ਦਾ ਗੁਲਾਮ ਬਣਾਉਣ ਵਾਸਤੇ ਲੜਦੇ ਹਾਂ। ਅਫਰੀਕਾ, ਅਫਗਾਨਿਸਤਾਨ ਅਤੇ ਨੇਪਾਲ ਵਿਚ ਅਸੀਂ ਲੜੇ ਅਤੇ ਇਸ ਦਾ ਫਲ ਮਿਲਿਆ ਅੰਗਰੇਜ਼ਾਂ ਨੂੰ, ਹੁਣ ਸਾਡੀਆਂ ਫੌਜਾਂ ਦੁਨੀਆਂ ਭਰ ਦੀ ਦਰਿਆ(ਦਿਲੀ) ਅਤੇ ਦਾਨਾਈ ਦੇ ਘਰ ਜਰਮਨ ਉਤੇ ਧਾਵਾ ਕਰਨ ਜਾਂਦੀਆਂ ਹਨ। ਸਾਡੇ ਦਸ-ਦਸ ਰੁਪਏ ਦੇ ਗੁਲਾਮ ਸਿਪਾਹੀ ਤਰਕੀ (ਤੁਰਕੀ), ਈਰਾਨ, ਹਿੰਦੁਸਤਾਨ, ਮਿਸਰ ਅਤੇ ਤਮਾਮ ਗੁਲਾਮ ਦੇਸ਼ਾਂ ਦੇ ਲੀਡਰ ਜਰਮਨ ਨਾਲ ਲੜਨ ਜਾਂਦੇ ਹਨ। ਇਹ ਸੋਚਦਿਆਂ ਹੀ ਤਮਾਮ ਦੇਸ਼ ਭਗਤਾਂ ਦੇ ਦਿਲਾਂ ਉਤੇ ਅਫਸੋਸ ਅਤੇ ਗ਼ਮ ਦੇ ਬੱਦਲ ਛਾ ਜਾਂਦੇ ਹਨ। ਇਹ ਤਾਂ ਅੱਗੇ ਹੀ ਪ੍ਰਗਟ ਹੈ ਕਿ ਜਿਸ ਤਰ੍ਹਾਂ ਫਰਾਂਸ ਦੀ ਅਲਜੀਰੀਆ ਆਦਿ ਗੁਲਾਮ ਫੌਜ ਆਪਣੇ ਮਾਲਕ ਫਰਾਂਸ ਵਾਸਤੇ ਜ਼ਰੂਰ ਹੀ ਜਾਨ ਤੋੜ ਕੇ ਲੜੀ, ਮਗਰ ਜਰਮਨ ਦੀਆਂ ਖੂਨੀ ਤੋਪਾਂ ਨੇ ਮਕੱਈ ਵਾਂਗ ਭੁੰਨ ਸੁੱਟਿਆ। ਇਸ ਤਰ੍ਹਾਂ ਸਾਡੇ ਹਿੰਦੀ ਬਹਾਦਰ ਫੌਜ ਭੀ ਜਰਮਨ ਦੀਆਂ ਤੋਪਾਂ ਦੇ ਸਾਹਮਣੇ ਆਉਂਦੀ ਹੀ ਭਸਮ ਹੋ ਜਾਵੇਗੀ, ਮਗਰ ਹਾਏ ਅਫਸੋਸ; ਇਹ ਗੁਲਾਮੀ ਅਤੇ ਬੇਵਕੂਫੀ ਦਾ ਧੱਬਾ ਸਦੀਵ ਸਾਡੇ ਮੱਥੇ ਉਤੇ ਰਹੇਗਾ ਕਿਉਂਕਿ ਅਸੀਂ ਆਪਣੇ ਦੋਸਤ ਅਤੇ ਵਿਦਿਆ ਦੇ ਸਾਗਰ ਜਰਮਨ ਨਾਲ ਲੜੇ ਜੋ ਹਮੇਸ਼ਾ, ਹਿੰਦੁਸਤਾਨ, ਤਰਕੀ (ਤੁਰਕੀ), ਈਰਾਨ ਨੂੰ ਅੰਗਰੇਜ਼ਾਂ ਦੇ ਜ਼ੁਲਮ ਤੋਂ ਬਚਾਉਣ ਦੀ ਫਿਕਰ ਦੇ ਵਿਚ ਰਹਿੰਦਾ ਹੈ।

10 ਸਤੰਬਰ ਨੂੰ ਜਦ ਇਹ ਖਬਰ ਅਖਬਾਰਾਂ ਵਿਚ ਛਪ ਗਈ ਕਿ 70 ਹਜ਼ਾਰ ਹਿੰਦੁਸਤਾਨੀ ਫੌਜ (ਜਿਸ ਵਿਚ ਗੋਰੀ ਹਿੰਦੀ ਫੌਜਾਂ ਹਨ) ਯੂਰਪ ਨਾਲ ਲੜਨ ਜਾਣਗੀਆਂ ਅਤੇ 70 ਹਜ਼ਾਰ ਵਿਚੋਂ ਅੱਧੀ ਫੌਜ ਫਰਾਂਸ ਵਿਚ ਜਾ ਪਹੁੰਚੀ ਹੈ ਅਤੇ ਅਖਬਾਰਾਂ ਵਿਚ ਬੀਰ ਰਾਜਪੂਤ, ਬਹਾਦਰ ਸਿੱਖ, ਨਿਡਰ ਮੁਸਲਮਾਨ, ਡੋਗਰੇ ਅਤੇ ਗੋਰਖਿਆਂ ਦੀਆਂ ਤਸਵੀਰਾਂ ਛਪੀਆਂ ਤਾਂ ਸਭ ਅਮਰੀਕਨਾਂ ਨੇ ਹਿੰਦੀਆਂ ਨੂੰ ਸ਼ਰਮ ਦਿੱਤੀ ਕਿ ਤੁਸੀਂ ਗੁਲਾਮ ਦਰ ਗੁਲਾਮ ਉਲਟਾ ਆਪਣੇ ਉਤੇ ਜ਼ੁਲਮ ਕਰਨ ਵਾਲੇ ਅੰਗਰੇਜ਼ਾਂ ਵਾਸਤੇ ਲੜਨ ਜਾਂਦੇ ਹੋ। ਹਿੰਦੀ ਉਨ੍ਹਾਂ ਅੰਗਰੇਜ਼ਾਂ ਵਾਸਤੇ ਲੜਨ ਜਾਂਦੇ ਹਨ ਜਿਨ੍ਹਾਂ ਅੰਗਰੇਜ਼ਾਂ ਨੇ ਅਫਰੀਕਾ ਵਿਚ ਸਾਡੀਆਂ ਮਾਵਾਂ ਅਤੇ ਭੈਣਾਂ ਨੂੰ ਕੈਦ ਕੀਤਾ ਹੈ। ਹਿੰਦੀ ਉਸ ਫਰੰਗੀ ਵਾਸਤੇ ਯੂਰਪ ਵਿਚ ਲੜਨ ਜਾਂਦੇ ਹਨ ਜਿਸ ਜ਼ਾਲਮ ਫਰੰਗੀ ਨੇ ਕੈਨੇਡਾ ਵਿਚੋਂ ਸਾਡੇ ਤਿੰਨ ਸੌ ਹਿੰਦੀ ਭਰਾਵਾਂ ਨੂੰ ਬੜੇ-ਬੜੇ ਦੁੱਖ ਦੇ ਕੇ ਮੋੜਿਆ ਹੈ। ਹਾਏ; ਹਾਏ; ਅੱਜ ਅਸੀਂ ਭੋਲੇ ਭਾਲੇ ਹਿੰਦੀ ਉਸ ਫਰੰਗੀ ਵਾਸਤੇ ਲੜਨ ਜਾਂਦੇ ਹਾਂ ਜਿਸ ਫਰੰਗੀ ਨੇ ਸਾਡੇ ਚਾਰ ਕਰੋੜ ਭਾਈ ਭੈਣ ਕੈਦ ਅਤੇ ਕਾਲ ਵਿਚ ਮਰਵਾ ਦਿੱਤੇ ਹਨ।

ਵੱਡੇ ਡਾਕੂ (ਹਾਰਡਿੰਗ) ਨੇ ਡਾਕੂ ਸਭਾ ਵਿਚ ਬੜੀ ਹੇਹ ਨਾਲ ਆਖਿਆ ਹੈ ਕਿ ਹਿੰਦੀ ਫੌਜਾਂ ਖੁਸ਼ੀ ਨਾਲ ਯੂਰਪ ਵਿਚ ਲੜਨ ਜਾਂਦੀਆਂ ਹਨ। ਇਹ ਉਹੀ ਡਾਕੂ ਹਨ ਜਿਸ ਨੇ ਕੈਨੇਡਾ ਦੇ ਬਾਰੇ ਵਿਚ ਖਾਲਸਾ ਡੈਪੂਟੇਸ਼ਨ ਨੂੰ ਆਖਿਆ ਸੀ ਕਿ ਕੈਨੇਡਾ ਦੇ ਬਾਰੇ ਮੈਂ ਕੁਝ ਨਹੀਂ ਕਰ ਸਕਦਾ। ਹਿੰਦੀ ਫੌਜਾਂ ਦੇ ਬਿਨਾਂ ਬੀਕਾਨੇਰ ਦੇ ਰਾਜਾ ਪ੍ਰਤਾਪ ਸਿੰਘ, ਮਹਾਰਾਜਾ ਪਟਿਆਲਾ, ਰਤਲਾਮ, ਕ੍ਰਿਸ਼ਨਗੜ੍ਹ, ਜੋਧਪੁਰ, ਨਵਾਬ ਜੋਧਾ, ਸਰੀਨ, ਭੂਪਾਲ ਅਤੇ ਮਲਕ ਉਮਰ ਹਯਾਤ ਆਦਿ ਰਈਸ ਭੀ ਆਪਣੀਆਂ ਫੌਜਾਂ ਸਮੇਤ ਯੂਰਪ ਵਿਚ ਲੜਨ ਗਏ ਹਨ।



*ਪਹਿਲੀ ਸੰਸਾਰ ਜੰਗ ਵਿਚ ਸਿੱਖ ਸਿਪਾਹੀ।*

ਇਸ ਬੇਵਕੂਫ ਟੋਲੇ ਤੋਂ ਬਿਨਾਂ ਹਿੰਦੁਸਤਾਨ ਦੇ ਖਜ਼ਾਨੇ ਵਿਚੋਂ ਦਸ ਲੱਖ ਪੌਂਡ ਇਨ੍ਹਾਂ ਫੌਜਾਂ ਦੇ ਖਰਚ ਵਾਸਤੇ ਭੇਜਿਆ ਜਾਵੇਗਾ। ਇਸ ਰੁਪਏ ਤੋਂ ਬਿਨਾਂ ਪੰਜਾਹ ਲੱਖ ਰੁਪਿਆ ਮੈਸੂਰ, ਦੋ ਲੱਖ ਕਸ਼ਮੀਰ ਅਤੇ ਇਕ ਲੱਖ ਜੋਧਪੁਰ ਦੇ ਰਾਜਿਆਂ ਨੇ ਇਸ ਲੜਾਈ ਵਾਸਤੇ ਦਿੱਤਾ ਹੈ, ਤਿੱਬਤ ਦੇ ਗੁਲਾਮ ਰਾਜਾ ਨੇ ਇਕ ਹਜ਼ਾਰ ਨੌਜਵਾਨ ਯੂਰਪ ਨੂੰ ਭੇਜੇ ਹਨ।

## ਜਾਓ

ਅਫਰੀਕਾ, ਫਿਜੀ, ਚੀਨ, ਕੈਨੇਡਾ, ਮਲਾਇਆ, ਅਮਰੀਕਾ ਅਤੇ ਆਸਟ੍ਰੇਲੀਆ ਵਿਚ ਰਹਿਣ ਵਾਲੇ ਹਿੰਦੀਓ; ਜਾਓ, ਹਿੰਦੁਸਤਾਨ ਅਤੇ ਉਥੇ ਜੋ ਅੱਜ ਕਲ੍ਹ ਹੱਲਾ-ਗੁੱਲਾ ਹੋ ਰਿਹਾ ਹੈ, ਉਸ ਦੀਆਂ ਖੂਬ ਪੱਕੀਆਂ ਜੜ੍ਹਾਂ ਕਰੋ। ਸ਼ਹੀਦਾਂ ਅਤੇ ਸੂਰਬੀਰਾਂ ਦਾ ਲਿਬਾਸ ਪਹਿਨ ਕੇ ਰਣਭੂਮੀ ਵਿਚ ਬੁਜ਼ਦਿਲ ਫਰੰਗੀ ਨੂੰ ਲਲਕਾਰੋ ਆਦਿ ਅਤੇ ਹਿੰਦੁਸਤਾਨ ਦੇ ਆਉਣ ਵਾਲੇ ਇਤਿਹਾਸ ਨੂੰ ਖੂਨ ਨਾਲ ਰੰਗ ਦਿਓ। ਐ ਹਿੰਦੀ ਭਾਈਓ; ਤੁਸੀਂ ਵੇਖਦੇ ਹੋ, ਅੱਜ ਹਿੰਦੁਸਤਾਨ ਦੇ ਆਉਣ ਵਾਲੇ ਇਤਿਹਾਸ ਨੂੰ ਹਰ ਪਾਸਿਓਂ ਅੰਗਰੇਜ਼ਾਂ ਦੀ ਮਦਦ ਦੀਆਂ ਖੋਖਲੀਆਂ ਆਵਾਜ਼ਾਂ ਆ ਰਹੀਆਂ ਹਨ, ਨਕਲੀ ਸਾਂਗ ਰਚਣ ਵਾਲੇ ਲੀਡਰ ਅੰਗਰੇਜ਼ਾਂ ਵਾਸਤੇ ਵਾਲੰਟੀਅਰ ਭਰਤੀ ਕਰ ਰਹੇ ਹਨ। ਹਿੰਦੁਸਤਾਨੀਆਂ ਦੇ ਗਰੀਬਾਂ ਅਤੇ ਕਿਸਾਨਾਂ ਦੇ ਧਨ ਨਾਲ ਮੋਟੇ ਹੋਏ ਰਈਸ, ਧਨਵਾਨ ਰਾਜੇ ਅਤੇ ਨਵਾਬ ਯੂਰਪ ਦੀ ਲੜਾਈ ਵਾਸਤੇ ਅੰਗਰੇਜ਼ਾਂ ਨੂੰ ਲੱਖ ਪੌਂਡ ਦੇ ਰਹੇ ਹਨ।

ਸੱਤਰ ਹਜ਼ਾਰ ਹਿੰਦੀ ਗੁਲਾਮ ਫੌਜ ਜੋ ਯੂਰਪ ਨਾਲ ਲੜਨ ਗਈ ਸੀ, ਉਹਦਾ ਖਰਚ ਹਿੰਦੁਸਤਾਨ ਤੋਂ ਜਾਵੇਗਾ। ਹਿੰਦੀਆਂ ਦਾ ਅੱਜ ਹਰ ਇਕ ਫਿਰਕਾ ਇਹ ਐਲਾਨ ਕਰਦਾ ਹੈ ਕਿ (ਅਤੇ) ਜ਼ਰਾ ਨਹੀਂ ਸ਼ਰਮਾਉਂਦਾ ਕਿ ਫਲਾਣਾ ਫਿਰਕਾ ਨਈਂ, ਅਸੀਂ ਬਹੁਤੇ ਵਫਾਦਾਰ ਹਾਂ ਅਤੇ ਅੰਗਰੇਜ਼ਾਂ ਦੀ ਸੇਵਾ ਸਾਡੇ ਤੋਂ ਕਿਸੇ ਨੇ ਬਹੁਤ ਨਹੀਂ ਕੀਤੀ, ਅਥਵਾ ਅਸੀਂ ਬੜੇ ਬੇਸ਼ਰਮ ਤੇ ਬੇਹਯਾ ਗੁਲਾਮ ਹਾਂ ਅਤੇ ਇਸ ਗੱਲ ਉਤੇ ਬੜਾ ਮਾਣ ਕਰਦੇ ਹਾਂ, ਪਰ ਅਜਿਹੀਆਂ ਆਵਾਜ਼ਾਂ ਦੀ ਗਦਰ ਦੇ ਸਿਪਾਹੀਆਂ ਨੂੰ ਪ੍ਰਵਾਹ ਨਹੀਂ ਕਰਨੀ ਚਾਹੀਦੀ ਸਗੋਂ ਇਹ ਗੱਲ ਯਾਦ ਰੱਖ ਲੈਣੀ ਚਾਹੀਦੀ ਹੈ ਕਿ ਇਹ ਸਭ ਗੱਲਾਂ ਥੋਥੀਆਂ ਅਤੇ ਬੋਦੀਆਂ ਹਨ। ਅਜਿਹੇ ਸਭ ਦਿਵਾ-ਦਿਖਾਵੇ ਦੇ ਲੋਕ ਛਿਤਰ ਦੇ ਯਾਰ ਹਨ। ਜਦ ਗਦਰ ਦੇ ਸਿਪਾਹੀ ਆਪਣਾ ਡੰਡਾ ਖੜਕਾਉਣਾ ਆਰੰਭ ਕਰ ਦੇਣਗੇ ਤਾਂ ਉਸ ਵੇਲੇ ਸਾਰੇ ਦੇਸੀ ਐਰੇ ਗੈਰੇ ਨਥੂ ਖੈਰੇ ਸਾਡੇ ਵੱਲ ਹੋ ਜਾਣਗੇ। ਵਿਦੇਸ਼ੀ ਸਰਕਾਰ ਦੇ ਜ਼ੁਲਮ ਤੋਂ ਹਰ ਇਕ ਜਾਣੂ ਹੈ। ਅੰਗਰੇਜ਼ੀ ਸਰਕਾਰ ਦੀ ਦਿਲੋਂ ਭਲਾਈ ਮੰਗਣ ਵਾਲੇ ਥੋੜ੍ਹੇ ਹਨ। ਤਮਾਮ ਲੋਕ ਫਰੰਗੀਆਂ ਦੇ ਵਿਰੁਧ ਗਦਰ ਮਚਾਉਣ ਨੂੰ ਹਰਦਮ ਤਿਆਰ ਹਨ। ਇਹ ਸਿਰਫ ਵਫਾਦਾਰੀ, ਗੁਲਾਮੀ, ਬੇਸ਼ਰਮੀ, ਬੇਹਯਾਈ ਦਾ ਰਾਗ ਗਾਉਣ ਵਾਲੇ ਥੋੜ੍ਹੇ ਅਖਬਾਰ ਨਵੀਸ, ਰਈਸ, ਲੀਡਰ, (ਗਿੱਦੜ) ਅੰਗਰੇਜ਼ਾਂ ਦੇ ਨੌਕਰ ਹਨ, ਜਾਂ ਉਨ੍ਹਾਂ ਦੀ ਜੁੱਤੀ ਪਾਸੋਂ ਡਰਦੇ ਹਨ। ਇਸ ਵਾਸਤੇ ਤੁਸੀਂ 'ਗਦਰ' ਦੇ ਸਿਪਾਹੀਓ, ਸੰਸਾਰੀ ਦੌਲਤਾਂ ਉਤੇ ਲੱਤ ਮਾਰ ਕੇ ਕਿਸੇ ਸਾਲੇ ਸੁਸਰੇ ਪਾਸੋਂ ਨਾ ਡਰਦੇ ਹੋਏ ਕੇਸਰੀ ਲਿਬਾਸ ਪਹਿਨ ਕੇ ਰਣਭੂਮੀ ਵਿਚ ਨਿਕਲ ਆਉ ਅਤੇ ਅੰਗਰੇਜ਼ੀ ਜ਼ੁਲਮ ਅਤੇ ਧੋਖੇਬਾਜ਼ੀਆਂ ਨੂੰ ਦੁਨੀਆਂ ਉਤੇ ਪ੍ਰਗਟ ਕਰ ਦਿਓ ਅਤੇ ਗਦਰ ਦਾ ਨਾਅਰਾ ਲਾ ਕੇ ਕੁਰਬਾਨੀ ਅਤੇ ਬਹਾਦਰੀ ਦੀ ਅੱਗ ਨਾਲ ਬੁਜ਼ਦਿਲੀ ਅਤੇ ਡਰਪੋਕੀ ਨੂੰ ਸਾੜ ਕੇ ਸੁਆਹ ਕਰ ਦਿਓ। ਲੋਕਾਂ ਨੂੰ ਆਖ ਦਿਉ ਕਿ ਸਦੀਆਂ ਦੀ ਗੁਲਾਮੀ ਛੱਡ ਦਿਉ, ਮਰਦ ਬਣੋ ਅਤੇ ਗਦਰ ਦੀ ਫੌਜ ਵਿਚ ਸ਼ਾਮਿਲ ਹੋ ਕੇ ਆਪਣੇ ਪਿਛਲੇ ਗੁਲਾਮੀ ਤੇ ਗੋਰਿਆਂ ਦੀ ਤਾਬਿਆਦਰੀ ਕਰਨ ਦੇ ਪਾਪਾਂ ਨੂੰ ਧੋ ਸੁੱਟੋ; ਗਦਰ ਦੇ ਦਰਿਆ ਵਿਚ ਨਹਾ ਕੇ ਸੈਂਕੜੇ ਸਾਲਾਂ ਦੀ ਕਾਇਰਤਾ ਅਤੇ ਗ਼ੁਲਾਮੀ ਦੀ ਮੈਲ ਕੁਚੈਲ ਸਾਫ ਕਰ ਦਿਉ। ਜਾਉ; ਜਾਉ; ਹਿੰਦੀਓ; ਹਿੰਦੁਸਤਾਨ; ਆਜ਼ਾਦੀ ਦੇ ਮੰਦਰ ਵਿਚ ਆਪਣੀ ਭੇਂਟ ਚੜ੍ਹਾਉਣ ਜਾਉ। ਭਰਾਵਾਂ ਨੂੰ ਜਗਾਉਣ ਅਤੇ ਅੰਗਰੇਜ਼ਾਂ ਨੂੰ ਤੰਗ ਕਰਨ ਜਾਉ। ਗਦਰ ਦੀ ਪਲਟਨ ਵਿਚ ਭਰਤੀ ਹੋਣ ਵਾਸਤੇ ਦੇਰੀ ਅਤੇ ਸੁਸਤੀ ਦਾ ਕੀ ਮਤਲਬ? ਅੰਗਰੇਜ਼ਾਂ ਨਾਲ ਜੰਗ ਦਾ ਬਿਗਲ ਵਜ ਗਿਆ ਹੈ, ਹੁਣ ਇਥੇ ਦਿਨ ਗਵਾਉਣ ਵਿਚ ਕੀ ਫਾਇਦਾ? ਪਿਆਰੇ; ਗਦਰ ਵਾਸਤੇ ਬੇਕਰਾਰ ਹੋ ਜਾਉ। ਕੀ ਸਰਵੀਆ (ਸਰਬੀਆ) ਦਾ ਬਾਰਾਂ ਸਾਲਾਂ ਦਾ ਲੜਕਾ ਆਪਣੇ ਦੁਸ਼ਮਣਾਂ ਨਾਲ ਲੜ ਸਕਦਾ ਹੈ? ਜਰਮਨੀ, ਫਰਾਂਸ, ਇੰਗਲੈਂਡ ਦੀਆਂ ਔਰਤਾਂ ਦੇਸ਼ ਦੀ ਇੱਜ਼ਤ ਵਾਸਤੇ ਲੜ ਸਕਦੀਆਂ ਹਨ? ਬੈਲਜੀਅਮ ਦੀ ਰਾਣੀ ਅਤੇ ਸ਼ਹਿਜ਼ਾਦੀਆਂ ਅਤੇ ਰੂਸ ਦੇ ਕਮਾਂਡਰ ਦੀਆਂ ਪੁੱਤਰੀਆਂ ਆਪਣੇ ਵਤਨ ਵਾਸਤੇ ਲੜ ਸਕਦੀਆਂ ਹਨ? ਤਾਂ ਫੇਰ ਕੀ ਅਸੀਂ ਹਿੰਦੁਸਤਾਨੀ ਮਰਦ ਆਪਣੇ ਦੇਸ਼ ਦੀ ਰੱਖਿਆ ਵਾਸਤੇ ਨਹੀਂ ਲੜ ਸਕਦੇ? ਉਠੋ, ਭਾਰਤ ਮਾਤਾ ਦੇ ਤਾਰਿਓ, ਗਦਰ ਦੇ ਬੀਰ ਸਿਪਾਹੀਓ; ਆਪਣੇ ਸੁਸਤ ਖਿਆਲ ਵਾਲੇ ਮਕਾਨ ਦੀ ਸਫਾਈ ਕਰੋ। ਗੁਲਾਮ ਇੱਜ਼ਤ ਦੇ ਨਾਲ ਜੀਓਂਦਾ ਨਹੀਂ ਹੈ ਤਾਂ ਇਸ ਦੁਨੀਆਂ ਵਿਚ ਉਸ ਦਾ ਦਰਜਾ ਪਸ਼ੂ ਨਾਲੋਂ ਵਧ ਕੇ ਨਹੀਂ ਹੈ। ਇਸ ਵਾਸਤੇ ਮੁਬਾਰਕ ਅਤੇ ਪਵਿਤਰ ਜੀਵਨ ਉਹੀ ਹੈ, ਜੋ ਜਾਤੀ ਦੇ ਮਾਣ ਅਤੇ ਆਜ਼ਾਦੀ ਵਾਸਤੇ ਜ਼ੁਲਮ ਦੇ ਵਿਰੁਧ ਗਦਰ ਵਿਚ ਸਹਾਇਤਾ ਹੋਵੇ। ਜ਼ਾਲਮ ਬਦਮਾਸ਼ ਸਰਕਾਰ ਦਾ ਮੁਕਾਬਲਾ ਕਰੋ, ਆਜ਼ਾਦੀ ਦੇ ਸੂਰਜ ਨੂੰ ਪ੍ਰਕਾਸ਼ ਕਰਨ ਵਿਚ ਮਦਦ ਦੇਵੋ।

ਬਸ ਅੱਜ ਗਦਰ ਫਿਜੀ, ਚੀਨ, ਮਲਾਇਆ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਅਫਰੀਕਾ ਦੇ ਹਿੰਦੀਆਂ ਨੂੰ ਲਲਕਾਰ ਕੇ ਆਖਦਾ ਹੈ ਕਿ ਗਦਰ ਤੋਂ ਬਿਨਾਂ ਆਜ਼ਾਦੀ ਸੰਭਵ ਹੈ ਅਤੇ ਇਸ ਗਦਰ ਵਾਸਤੇ ਇਹੋ ਵੇਲਾ ਹੈ। ਜਾਉ ਹਿੰਦ!



*ਮੋਰਚੇ 'ਤੇ ਡਟਿਆ ਸਿੱਖ ਸਿਪਾਹੀ*

## ਉਠੋ ਮੁਰਦਿਓ ਖੀਰ ਖਾਓ

*(22 ਸਤਬੰਰ 1914 ਨੂੰ ਛਪਿਆ)*


ਹਿੰਦੁਸਤਾਨੀਓ; ਵੈਸੇ ਤਾਂ ਜ਼ਾਲਮ ਫਰੰਗੀਆਂ ਪਾਸੋਂ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਬੜੀ ਭਾਰੀ ਤਿਆਰੀ ਕਰਨੀਆਂ ਪੈਂਦੀਆਂ। ਬਦਕਾਰ ਰੂਸ, ਫਰਾਂਸ ਅਤੇ ਜਾਪਾਨ ਨਾਲ ਭੀ ਲੜਨਾ ਪੈਂਦਾ, ਮਗਰ ਹੁਣ ਬਦਚਾਲ ਅੰਗਰੇਜ਼ ਰੂਸ, ਜਾਪਾਨ, ਫਰਾਂਸ ਸਭ ਬਹਾਦਰ ਜਰਮਨੀ ਨਾਲ ਜੰਗ ਵਿਚ ਰੁੱਝੇ ਹੋਏ ਹਨ। ਬਸ ਇਹੀ ਵੇਲਾ ਹੈ, ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਬਾਹਰ ਕੱਢਣ ਦਾ ਅਤੇ ਆਜ਼ਾਦੀ ਦੇ ਰਾਜ ਨੂੰ ਰੁਖ ਕਰਨ ਦਾ।

ਤਮਾਮ ਹਿੰਦੀ ਰਾਜਪੂਤ, ਸਿੱਖ, ਪਠਾਣ, ਡੋਗਰੇ, ਗੋਰਖੇ, ਸਿਪਾਹੀ ਨੂੰ ਯੂਰਪ ਦੀ ਜੰਗ ਵਿਚ ਬੀਰ ਜਰਮਨ ਦੇ ਸਾਹਮਣੇ ਹਥਿਆਰ ਸੁੱਟ ਦੇਣੇ ਚਾਹੀਦੇ ਹਨ ਅਤੇ ਫੇਰ ਜਰਮਨ ਨਾਲ ਮਿਲ ਕੇ ਅੰਗਰੇਜ਼ਾਂ ਨਾਲ ਲੜਨਾ ਚਾਹੀਦਾ ਹੈ ਤਾਂ ਕਿ ਹਿੰਦੁਸਤਾਨ, ਕਸ਼ਮੀਰ, ਈਰਾਨ, ਕਲਕੱਤਾ, ਅਫਗ਼ਾਨਿਸਤਾਨ, ਬਲੋਚਿਸਤਾਨ, ਚੀਨ, ਫਰੰਗੀਆਂ ਦੇ ਜ਼ੁਲਮ ਅਤੇ ਗੁਲਾਮੀ ਤੋਂ ਬਿਲਕੁਲ ਆਜ਼ਾਦ ਹੋ ਜਾਣ ਅਤੇ ਤੁਰਕੀ, ਕਾਬਲ, ਨੇਪਾਲ ਆਦਿ ਭੀ ਸਭ ਦੇਸ਼ ਫਰੰਗੀ ਅਤੇ ਰੂਸ ਦੇ ਦਬਾਉ ਅਤੇ ਜ਼ੁਲਮ ਤੋਂ ਛੁੱਟ ਜਾਣ ਅਤੇ ਹਰ ਜਗ੍ਹਾ ਬਦੇਸ਼ੀ ਰਾਜ ਨੀਅਤ ਹੋ ਜਾਵੇ ਅਤੇ ਸਭ ਨਰ ਨਾਰੀ ਇਸ ਦੁੱਖਾਂ ਤੋਂ ਸੁਖ ਪ੍ਰਾਪਤ ਕਰਨ।

ਹਿੰਦੁਸਤਾਨ ਦੇ ਇਕ ਫੌਜੀ ਸਿਪਾਹੀ ਨੂੰ ਕੀ ਤਨਖਾਹ ਮਿਲਦੀ ਹੈ? ਦਸ ਜਾਂ ਹੱਦ ਬਾਰਾਂ ਰੁਪਏ। ਤਾਅਜੁਬ ਦੀ ਗੱਲ ਹੈ, ਬੀਰ ਹਿੰਦੁਸਤਾਨੀ ਸਿਰਫ ਦਸ ਬਾਰਾਂ ਰੁਪਿਆਂ ਵਾਸਤੇ ਆਪਣਾ ਸਿਰ ਫਰੰਗੀਆਂ ਅੱਗੇ ਵੇਚਦੇ ਹਨ, ਹਾਲਾਂਕਿ ਗੋਰਿਆਂ ਨੂੰ ਇਨ੍ਹਾਂ ਨਾਲੋਂ ਦੁਗਣੀ ਤਿਗਣੀ ਤਨਖਾਹ ਅਤੇ ਰਸਦ ਮਿਲਦੀ ਹੈ ਅਤੇ ਫੇਰ ਇਹ ਬਹਾਦਰ ਹਿੰਦੁਸਤਾਨੀ ਦਸ ਬਾਰਾਂ ਰੁਪਿਆਂ ਦੇ ਬਦਲੇ ਆਪਣੇ ਹੀ ਦੇਸ਼ ਹਿੰਦ ਨੂੰ ਫਰੰਗੀਆਂ ਦਾ ਗੁਲਾਮ ਬਣਾਉਂਦੇ ਹਨ ਅਤੇ ਅੰਗਰੇਜ਼ ਕਰੋੜਾਂ, ਅਰਬਾਂ ਰੁਪਏ ਸਾਡੇ ਦੇਸ਼ ਵਿਚੋਂ ਹਰ ਸਾਲ ਵਲੈਤ ਲੈ ਜਾਂਦੇ ਹਨ।

ਹਿੰਦੁਸਤਾਨ ਵਿਚੋਂ ਹਰ ਕਿਸਮ ਦੇ ਦਾਣੇ ਅਤੇ ਫਲ ਵਲੈਤ ਨੂੰ ਜਾਂਦੇ ਹਨ ਅਤੇ ਕਰੋੜਾਂ ਹਿੰਦੁਸਤਾਨੀ ਭੁੱਖ, ਕੈਹਤ, ਪਲੇਗ, ਮਲੇਰੀਆ ਨਾਲ ਮਰ ਚੁੱਕੇ ਹਨ। ਦੇਸ਼ ਭਗਤ ਹਿੰਦੁਸਤਾਨੀ ਅੰਗਰੇਜ਼ਾਂ ਦੇ ਜੇਲ੍ਹਖਾਨਿਆਂ ਵਿਚ ਟਾਟ ਅਤੇ ਬੋਰੀਆਂ ਦੇ ਕੱਪੜੇ ਪਹਿਨਦੇ ਹੋਏ ਸੜ ਰਹੇ ਹਨ, ਉਨ੍ਹਾਂ ਨੂੰ ਚਾਬਕ ਅਤੇ ਕੋੜੇ ਮਾਰੇ ਜਾਂਦੇ ਹਨ, ਉਨ੍ਹਾਂ ਨੂੰ ਕੋਹਲੂ ਜਾਂ ਖੂਹ ਅੱਗੇ ਬਲਦਾਂ ਵਾਂਗ ਜੋਇਆ ਜਾਂਦਾ ਹੈ, ਉਨ੍ਹਾਂ ਨੂੰ ਚੱਕੀ ਵੀ ਪੀੜਨੀ ਪੈਂਦੀ ਹੈ, ਬੀਰ ਸਿੱਖ ਹਿੰਦੂਆਂ ਮੁਸਲਮਾਨ ਕੈਨੇਡਾ ਅਤੇ ਅਫਰੀਕਾ ਦੇ ਜੇਲ੍ਹਖਾਨਿਆਂ ਵਿਚ ਸੜ ਰਹੇ ਹਨ ਅਤੇ ਅੰਗਰੇਜ਼ ਇਨ੍ਹਾਂ ਹਿੰਦੀਆਂ ਉਤੇ ਨਿਤ ਨਵੇਂ ਸਲੂਕ ਜ਼ੁਲਮ ਕਰਦੇ ਹਨ ਅਤੇ ਹਿੰਦੁਸਤਾਨੀ ਔਰਤਾਂ ਤਕ ਬਦਜ਼ਾਤ ਗੋਰੇ ਹਮੇਸ਼ਾ ਬੇਇਜ਼ਤੀ ਕਰਦੇ ਰਹਿੰਦੇ ਹਨ। ਸਮਝੋ ਇਨ੍ਹਾਂ ਭੋਲੇ ਭਾਲੇ ਹਿੰਦੁਸਤਾਨੀ ਸਿਪਾਹੀਆਂ ਨੇ ਅਫਗਾਨਿਸਤਾਨ, ਨੇਪਾਲ, ਈਰਾਨ, ਬਲੋਚਿਸਤਾਨ, ਅਫਰੀਕਾ, ਚੀਨ ਵਿਚ ਜੰਗ ਕਰਕੇ ਬਹੁਤ ਖੂਨ ਵਗਿਆ (ਵਹਾਇਆ) ਹੈ। ਮਗਰ ਕਿਸ ਵਾਸਤੇ? ਧੋਖੇਬਾਜ਼ ਅੰਗਰੇਜ਼ਾਂ ਵਾਸਤੇ। ਅਸੀਂ ਹੀ ਹਿੰਦੁਸਤਾਨੀ ਸਿਪਾਹੀ ਹਿੰਦੁਸਤਾਨ ਅਤੇ ਸਭ ਦੁਨੀਆਂ ਨੂੰ ਗੁਲਾਮ ਬਣਾ ਰਹੇ ਹਾਂ। ਅਤੇ ਅੰਗਰੇਜ਼ ਹਰ ਜਗ੍ਹਾ ਤੋਂ ਕਰੋੜਾਂ ਅਤੇ ਅਰਬਾਂ ਰੁਪਿਆ ਵਲੈਤ ਲੈ ਜਾਂਦੇ

*(ਅਗਲੇ ਸਫੇ 'ਤੇ ਜਾਰੀ)*



*ਅਦਨ (ਯਮਨ) ਦੇ ਮਾਅਲਾ ਘਾਟ ਦੀ ਤਸਵੀਰ। ਅੰਗਰੇਜ਼ਾਂ ਨੇ ਸੁਏਜ਼ ਤੋਂ ਬੰਬੇ ਤੱਕ ਸਿੱਧੇ ਲਾਂਘੇ ਲਈ ਅਦਨ ਨੂੰ ਚੁਣਿਆ ਸੀ।*

ਕਹਾਣੀ

# ਪਾਕਿਸਤਾਨ ਹਮਾਰਾ ਹੈ!

*ਨਾਮੀ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਪਾਕਿਸਤਾਨ ਹਮਾਰਾ ਹੈ!' ਦੀਆਂ ਅਨੇਕ ਪਰਤਾਂ ਹਨ। ਇਹ ਵੰਡ ਵੇਲੇ ਹੋਏ ਕਹਿਰ ਦੀ ਕਹਾਣੀ ਹੈ ਪਰ ਉਸ ਨੇ ਵੰਡ ਦੀ ਮਾਰ-ਧਾੜ ਦਿਖਾਏ ਬਗੈਰ ਮਨੁੱਖੀ ਮਨ ਅੰਦਰ ਹੋਈ ਹਲਚਲ ਅਤੇ ਉਸ ਹਲਚਲ ਨੂੰ ਚੁੱਪ-ਚਪੀਤੇ ਪੀ ਜਾਣ ਦੀ ਮਨੁੱਖਾ ਸ਼ਕਤੀ ਦਾ ਪ੍ਰਗਟਾਵਾ ਇਸ ਕਹਾਣੀ ਵਿਚ ਕੀਤਾ ਹੈ। ਕੋਈ ਮਨੁੱਖ ਕਿਵੇਂ ਜੜ੍ਹਾਂ ਨਾਲੋਂ ਟੁੱਟ ਕੇ ਫਿਰ ਆਪਣੀਆਂ ਜੜ੍ਹਾਂ ਕਾਇਮ ਕਰ ਲੈਂਦਾ ਹੈ, ਇਸ ਕਹਾਣੀ ਦਾ ਮੁੱਖ ਸੁਨੇਹਾ ਹੈ। -ਸੰਪਾਦਕ*

ਪਹਿਲੇ ਉਸ ਦਾ ਨਾਂ ਰਾਮ ਰੱਖੀ ਸੀ-ਹੁਣ ਉਸ ਦਾ ਨਾਂ ਅੱਲਾ ਰੱਖੀ ਰੱਖ ਦਿੱਤਾ ਗਿਆ। ਉਂਜ ਉਸ ਨੂੰ ਅੱਗੇ ਵੀ ਲੋਕ ਰੱਖੀ ਸੱਦਦੇ ਸਨ, ਹੁਣ ਵੀ ਲੋਕ ਰੱਖੀ ਸੱਦਦੇ ਨੇ।

ਉਸ ਰਾਤ ਜਦੋਂ ਢੋਲ ਵੱਜੇ, ਜਦੋਂ ਨੇਜ਼ੇ ਲਿਸ਼ਕੇ, ਤਾਰੇ ਟੁੱਟੇ, ਜਦੋਂ ਭੂਚਾਲ ਆਇਆ, ਰੱਖੀ ਪਤਾ ਨਹੀਂ ਕਿਸ ਤਰ੍ਹਾਂ ਸੁੱਤੀ ਸੁੱਤੀ ਉਠੀ, ਪਤਾ ਨਹੀਂ ਕਿਸ ਤਰ੍ਹਾਂ ਸੁੱਤੀ ਸੁੱਤੀ ਉਸ ਗਠਿਆਲੀ ਟੱਪੀ, ਪਤਾ ਨਹੀਂ ਕਿਸ ਤਰ੍ਹਾਂ ਸੁੱਤੀ ਸੁੱਤੀ ਪੈਲੀਆਂ ਵਿਚੋਂ ਗੁਜ਼ਰੀ, ਪਤਾ ਨਹੀਂ ਕਿਸ ਤਰ੍ਹਾਂ ਸੁੱਤੀ ਸੁੱਤੀ, ਬੇਸੁਧ ਇਕ ਦਰੁੱਘ ਵਿਚ ਜਾ ਪਈ।

ਤੇ ਤਿੰਨ ਪੂਰੀਆਂ ਰਾਤਾਂ, ਤਿੰਨ ਪੂਰੇ ਦਿਨ ਉਥੇ ਉਹ ਦੁਬਕੀ ਰਹੀ। ਉਹਦੇ ਹੇਠੋਂ ਲਹੂ ਦੀ ਨੁਚੜਦੀ ਲਕੀਰ ਲੰਘ ਗਈ, ਉਹਦੇ ਉਤੋਂ ਦੁਨਾਲੀਆਂ ਦੀਆਂ ਗੋਲੀਆਂ ਗੁਜ਼ਰਦੀਆਂ ਰਹੀਆਂ। ਉਹਦੇ ਕੰਨਾਂ ਵਿਚ ਕਈ ਜਾਣੀਆਂ, ਕਈ ਪਛਾਣੀਆਂ, ਕਈ ਇਹੋ ਜਿਹੀਆਂ ਚੀਖਾਂ ਵੀ ਸੁਣਾਈ ਦਿੱਤੀਆਂ, ਜਿਨ੍ਹਾਂ ਨਾਲ ਉਸ ਦੀ ਦੁਧ ਦੀ ਸਾਂਝ



**ਕਰਤਾਰ ਸਿੰਘ ਦੁੱਗਲ**

ਸੀ। ਤੇ ਫੇਰ ਘੋੜਿਆਂ ਦੀਆਂ ਟਾਪਾਂ, ਫੇਰ ਲਾਰੀਆਂ, ਮੋਟਰਾਂ, ਟਰੱਕਾਂ ਦੀ ਗੁੰਜਾਰ ਉਸ ਨੂੰ ਸੁਣਾਈ ਦਿੱਤੀ।

ਅਗਲੀ ਸਵੇਰ ਸਾਰੀ ਦੀ ਸਾਰੀ ਵਾਦੀ ਇੰਜ ਸੀ, ਜਿਵੇਂ ਕਦੀ ਹੁੰਦੀ ਸੀ। ਬਲਦਾਂ ਦੇ ਗਲ ਪਈਆਂ ਟੱਲੀਆਂ ਸਹਿਜੇ ਸਹਿਜੇ ਟੁਣਕਣ ਲਗ ਪਈਆਂ। ਇਜੜਾਂ ਦੇ ਵਗਾਂ ਦੇ ਵਗ ਨਿਕਲਣ ਲਗ ਪਏ, ਜਿਵੇਂ ਹਮੇਸ਼ਾਂ ਹਰ ਪਿੰਡ ਵਿਚ ਹੁੰਦਾ ਹੈ। ਖੂਹਾਂ ਦੀ ਮਧੁਰ ਰੀਂ-ਰੀਂ ਠਕ-ਠਕ ਚਵ੍ਹਾਂ ਪਾਸੇ ਗੂੰਜਣੀ ਸ਼ੁਰੂ ਹੋ ਗਈ। ਭੀੜਾਂ ਦੀਆਂ ਭੀੜਾਂ, ਪੰਛੀਆਂ ਦੇ ਡਾਰ ਅਸਮਾਨਾਂ ਵਿਚ ਆ ਗਏ। ਦੁਧਾਂ ਵਿਚ ਮਧਾਣੀਆਂ ਛੁਲ੍ਹਕੀਆਂ, ਵਿਹੜਿਆਂ ਵਿਚ ਧੂਏਂ ਉਠੇ ਤੇ ਮਸੀਤ ਵਿਚੋਂ ਬਾਂਗ ਦੀ ਆਵਾਜ਼ ਆਈ। ਰਾਮ ਰੱਖੀ ਕਿਤਨਾ ਚਿਰ ਉਡੀਕਦੀ ਰਹੀ। ਨਾ ਮੰਦਰ ਵਿਚ ਅਜੇ ਟਣ-ਟਣ ਹੋਈ, ਨਾ ਗੁਰਦਵਾਰੇ ਵਿਚੋਂ ਸੰਖ ਦੀ ਆਵਾਜ਼ ਉਹਦੇ ਕੰਨੀ ਪਈ।

ਤੇ ਜਦੋਂ ਪੀਲੀਆਂ ਪੀਲੀਆਂ ਧੁਪਾਂ ਨਿਕਲੀਆਂ, ਰਾਮ ਰੱਖੀ ਉਠ ਕੇ ਪਿਛੋਕੜ ਆਪਣੇ ਗਵਾਂਢੀਆਂ ਦੇ ਵਿਹੜੇ ਜਾ ਵੜੀ। ਹਸਦੇ, ਖੇਡਦੇ, ਖਾਂਦੇ ਸਾਰੇ ਦੇ ਸਾਰੇ ਉਹਨੂੰ ਵੇਖ ਹੱਕੇ ਬੱਕੇ ਰਹਿ ਗਏ। ਔਰਤਾਂ ਨੇ ਸੋਚਿਆ ਜਿਵੇਂ ਖੂਨ ਦੀ ਨਦੀ ਵਿਚੋਂ ਰੱਖੀ ਉਮ੍ਹਲ ਆਈ ਹੈ, ਤੇ ਮਰਦਾਂ ਜਾਣਿਆਂ ਜਿਵੇਂ ਉਨ੍ਹਾਂ ਨਾਲ ਕੋਈ ਚਾਲ ਚਲੀ ਗਈ ਹੋਵੇ। ਜਵਾਨ ਜਹਾਨ ਸ਼ੇਰ ਬਾਜ਼ ਦਾ ਮੂੰਹ ਭਖਣ ਲਗ ਪਿਆ। ਉਹਦੀਆਂ ਅੱਖਾਂ ਵਿਚ ਫੇਰ ਇਕ ਵਾਰ ਵਹਿਸ਼ਤ ਆਈ। ਮਸਾਂ ਮਸਾਂ ਢਿਲਕੀਆਂ ਉਹਦੀਆਂ ਰਗਾਂ ਫੇਰ ਤਣ ਗਈਆਂ। ਤੇ ਮੰਜੀ ਹੇਠੋਂ ਲਿਸ਼ਕਦੀ ਛਵ੍ਹੀ ਛਿਕ ਕੇ ਉਹ ਡਾਢੇ ਗਜ਼ਬ ਵਿਚ ਉਠਿਆ। ਏਸ ਛਵ੍ਹੀ ਨੇ ਕਈ ਧੜ ਚੀਰੇ ਸਨ, ਕਈ ਖੋਪਰੀਆਂ ਮਿਧੀਆਂ ਸਨ, ਕਈ ਗਰਦਨਾਂ ਲਾਹੀਆਂ ਸਨ। ਪਰ ਕੋਈ ਦੋ ਕਦਮ ਰੱਖੀ ਤੋਂ ਦੂਰ ਉਹਦੀ ਛਵ੍ਹੀ ਜਿਵੇਂ ਉਘਰੀ ਦੀ ਉਘਰੀ ਰਹਿ ਗਈ। ਰੱਖੀ ਤੇ ਉਹਦੇ ਵਿਚਕਾਰ ਉਹਦੀ ਮਾਂ ਸੀ, ਉਹਦਾ ਪਿਓ ਸੀ, ਉਹਦੀ ਭੈਣ ਸੀ। ਪਤਾ ਨਹੀਂ ਕਿਸ ਤਰ੍ਹਾਂ ਅੱਖ ਦੀ ਫੋਰ ਵਿਚ ਉਹ ਨੱਠ ਕੇ ਰੱਖੀ ਉਤੇ ਆ ਪਏ ਤੇ ਉਹਨੂੰ ਜ਼ਰਬ ਆਣ ਨਾ ਦਿੱਤੀ।


ਉਹ ਘੜੀ ਲੰਘ ਗਈ। ਪਰ ਉਸ ਤੋਂ ਬਾਅਦ ਹਮੇਸ਼ਾ ਸ਼ੇਰ ਬਾਜ਼ ਹੈਰਾਨ ਹੁੰਦਾ, ਕਿਵੇਂ ਉਸ ਨੂੰ ਕਹਿਰ ਆ ਸਕਿਆ ਸੀ ਰੱਖੀ 'ਤੇ। ਉਹਦੀ ਅਸਪਾਤ ਦੀ ਛਵ੍ਹੀ ਉਸ ਨੂੰ ਹਮੇਸ਼ਾ ਸ਼ਰਮਿੰਦਿਆ ਕਰਦੀ, ਤੇ ਉਹ ਡਾਢਾ ਕੱਚਾ ਹੁੰਦਾ। ਇਕ ਦਿਨ ਉਸ ਨੂੰ ਤੋੜ-ਫੋੜ ਕੇ ਖੂਹ ਵਿਚ ਸੁੱਟ ਆਇਆ। ਤੇ ਧਰੇਕ ਹੇਠ ਜਿਥੇ ਸ਼ੇਰ ਬਾਜ਼ ਉਸ ਨੂੰ ਵਢਣ ਲਈ ਟੁੱਟਿਆ ਸੀ, ਰੱਖੀ ਕਦੀ-ਕਦੀ ਰੰਗਲਾ ਪੀੜ੍ਹਾ ਡਾਹ ਕੇ ਬਹਿੰਦੀ, ਜਿਸ ਪੀੜ੍ਹੇ ਨਾਲ ਘੁੰਗਰੂ ਲਗੇ ਹੋਏ ਸਨ, ਜਿਸ ਪੀੜ੍ਹੇ 'ਤੇ ਸ਼ੇਰ ਬਾਜ਼ ਦੀ ਮਾਂ ਬੈਠੀ ਜਦੋਂ ਉਹ ਵਿਆਹੀ ਹੋਈ ਆਈ ਸੀ, ਜਿਸ ਪੀੜ੍ਹੇ 'ਤੇ ਸ਼ੇਰ ਬਾਜ਼ ਦੀ ਦਾਦੀ ਬੈਠੀ ਸੀ, ਜਦੋਂ ਉਹ ਵਿਆਹੀ ਆਈ ਸੀ।

ਇਕ ਰੋਜ਼ ਸ਼ੇਰ ਬਾਜ਼ ਨੇ ਰੱਖੀ 'ਤੇ ਛਵ੍ਹੀ ਉਘਰੀ, ਅਗਲੇ ਰੋਜ਼ ਗਾਨਾ ਬੰਨ੍ਹ ਕੇ ਉਸ ਨੂੰ ਆਪਣੀ ਤ੍ਰੀਮਤ ਬਣਾ ਲਿਆ। ਰੱਖੀ ਤੇ ਉਸ ਨੂੰ ਹਮੇਸ਼ਾ ਚੰਗੀ ਲਗਦੀ ਸੀ। ਬਚਪਨ ਵਿਚ ਉਹ ਇਕੱਠੇ ਖੇਡਦੇ ਸਨ; ਇਕੱਠੇ ਗੁੰਮਦੇ, ਇਕੱਠੇ ਲਭਦੇ, ਇਕੱਠੇ ਹੱਸਦੇ, ਇਕੱਠੇ ਪੀਂਘਾਂ ਝੂਟਦੇ। ਤੇ ਫੇਰ ਜਦੋਂ ਉਹ ਵੱਡੀ ਹੋਈ, ਸ਼ੇਰ ਬਾਜ਼ ਨੇ ਹਲ ਵਾਂਹਦਿਆਂ ਕਈ ਟੱਪੇ ਉਸ ਦੀ ਯਾਦ ਵਿਚ ਗਾਂਵੇ ਸਨ। ਕਈ ਵਾਰੀ ਉਸ ਦੇ ਸੁਫਨਿਆਂ ਵਿਚ ਰੱਖੀ ਮੁੜ-ਮੁੜ ਆਇਆ ਕਰਦੀ ਸੀ। ਤੇ ਜਦੋਂ ਹੋਰ ਵੱਡੀ ਹੋਈ, ਸ਼ੇਰ ਬਾਜ਼ ਉਸ ਨੂੰ ਲੁਕ ਛਿਪ ਕੇ ਵੇਖਿਆ ਕਰਦਾ ਸੀ, ਭਾਵੇਂ ਰੱਖੀ ਨੂੰ ਪਤਾ ਸੀ, ਭਾਵੇਂ ਰੱਖੀ ਨੂੰ ਨਹੀਂ ਪਤਾ ਸੀ।

ਸਵੇਰੇ ਸਰਘੀ ਵੇਲੇ ਉਠ ਕੇ ਰੱਖੀ ਦੁਧ ਚੋਂਦੀ-ਮੱਝੀਆਂ ਦਾ, ਗਾਈਆਂ ਦਾ, ਬੱਕਰੀਆਂ ਦਾ, ਫੇਰ ਦੁਧ ਰਿੜਕਦੀ, ਫੇਰ ਸਾਰੇ ਘਰ ਨੂੰ ਸਾਂਭਦੀ ਸਲੀਟਦੀ। ਲਿੰਬ ਪੋਚ ਕੇ ਉਸ ਨੇ ਸ਼ੇਰ ਬਾਜ਼ ਹੋਰਾਂ ਦੀ ਪੁਰਾਣੀ ਹਵੇਲੀ ਨੂੰ ਸ਼ੀਸ਼ੇ ਵਾਂਗ ਬਣਾ ਲਿਆ ਸੀ। ਸ਼ਾਮੀਂ ਹਰ ਡੰਗਰ ਲਈ ਆਪ ਗੁਤਾਵਾ ਕਰਦੀ, ਆਪਣੇ ਹੱਥੀਂ ਉਨ੍ਹਾ ਨੂੰ ਖੁਆਂਦੀ; ਮੱਝੀਆਂ ਦਾ ਦੁਧ ਸਵਾਇਆ ਹੋ ਗਿਆ। ਬਲਦ ਦੌੜ ਦੌੜ ਕੇ ਸ਼ੇਰ ਬਾਜ਼ ਵਰਗੇ ਹਾਲੀਆਂ ਨੂੰ ਥਕਾ ਛਡਦੇ। ਆਪਣੇ ਸੱਸ-ਸਹੁਰੇ ਦੇ ਜਿਵੇਂ ਉਹ ਪੈਰ ਧੋ-ਧੋ ਪੀਂਦੀ, ਕਦੀ ਉਨ੍ਹਾਂ ਨੂੰ ਪਲੰਘ ਤੋਂ ਨਾ ਲਹਿਣ ਦਿੰਦੀ। ਆਂਢਣਾਂ ਗੁਆਢਣਾਂ ਉਹਨੂੰ ਵੇਖ-ਵੇਖ ਹੈਰਾਨ ਹੁੰਦੀਆਂ, ਮੂੰਹ 'ਚ ਉਂਗਲਾਂ ਪਾ-ਪਾ ਟੁਕਦੀਆਂ। ਗਲੀ ਮੁਹੱਲੇ ਵਿਚ ਉਹਨੇ ਘਰ ਘਰ ਸਹੇਲੀਆਂ ਬਣਾ ਲਈਆਂ ਸਨ। ਤ੍ਰਿੰਝਣਾਂ ਵਿਚ ਉਹ ਸਭ ਨੂੰ ਪਛਾੜਦੀ, ਖਿਚਕਿਲੀ ਮਚਾਈ ਰਖਦੀ।

ਸਾਡੇ ਪਿੰਡ ਵਿਚ ਕਿਸੇ ਨੂੰ ਸਵੈਟਰ ਦਾ ਨਵਾਂ ਨਮੂਨਾ ਸਿਖਾਣਾ ਹੁੰਦਾ, ਰੱਖੀ ਸਿਖਾਂਦੀ। ਕਿਸੇ ਨੂੰ ਅੱਖ ਵਿਚ ਚੁਟਕੀ ਪੁਆਣੀ ਹੁੰਦੀ, ਰੱਖੀ ਕੋਲ ਆਂਦਾ। ਕਿਸੇ ਨੂੰ ਕੋਈ ਭੇਤ ਦੱਸਣਾ ਹੁੰਦਾ, ਰੱਖੀ ਸਾਂਭਦੀ। ਰੱਖੀ ਜਿਵੇਂ ਪਤਾਸੇ ਵਾਂਗ ਘੁਲ ਮਿਲ ਗਈ।

ਟਾਹਲੀਆਂ ਹੇਠ ਕਦੀ-ਕਦੀ ਪੀਂਘ ਝੂਟਦੀ ਰੱਖੀ ਜਦੋਂ-ਜਦੋਂ ਦੂਰ ਤਕ ਹਰਿਆਵਲ ਤੇ ਹਰਿਆਵਲ ਦੇ ਪਿੱਛੇ ਆਪਣੇ ਪਿੰਡ ਦੀਆਂ ਮਧਰੀਆਂ ਪਹਾੜੀਆਂ ਵੇਖਦੀ, ਉਹ ਹੈਰਾਨ ਹੁੰਦੀ, ਕਿੰਜ ਲੋਕ ਉਥੋਂ ਤੁਰ ਗਏ ਸਨ। ਆਪਣੇ ਢੰਨਾਂ ਦਾ ਮੋਤੀਆਂ ਵਰਗਾ ਪਾਣੀ ਤਕ ਕੇ ਉਹਦਾ ਜੀ



ਕਹਿੰਦਾ-ਬੰਦਾ ਇਥੇ ਹੀ ਮਰ ਜਾਏ! ਉਸ ਨੂੰ ਛੱਡ ਕੇ ਕੋਈ ਕਿਸ ਤਰ੍ਹਾਂ ਕਿਤੇ ਜਾ ਸਕਦਾ ਸੀ? ਉਨ੍ਹਾਂ ਸਿੱਟਿਆਂ ਨੂੰ ਜਿਨ੍ਹਾਂ ਦਾ ਬੀਜ ਉਹਦੇ ਪਿਓ-ਭਰਾਵਾਂ ਨੇ ਪਾਇਆ, ਕਦੀ-ਕਦੀ ਉਹ ਗਲ ਨਾਲ ਲਾ ਲੈਂਦੀ ਤੇ ਇਕਰਾਰ ਕਰਦੀ, ਈਦੀ ਉਨ੍ਹਾਂ ਨੂੰ ਉਹ ਛੱਡ ਕੇ ਨਹੀਂ ਜਾਵੇਗੀ। ਉਹ ਹੈਰਾਨ ਸੀ, ਉਨ੍ਹਾਂ ਗਲੀਆਂ ਨੂੰ ਕਿੰਜ ਕੋਈ ਛੱਡ ਸਕਦਾ ਹੈ ਜਿਥੇ ਕੋਈ ਖੇਡਿਆ ਹੋਵੇ। ਉਨ੍ਹਾਂ ਬੇਰੀਆਂ ਦੇ ਬੇਰ ਜਿਵੇਂ ਹਾਕਾਂ ਮਾਰ ਰਹੇ ਹੁੰਦੇ, ਉਨ੍ਹਾਂ ਨੂੰ ਜੋ ਤੁਰ ਗਏ ਸਨ। ਉਹਨੂੰ ਇਸ ਤਰ੍ਹਾਂ ਕੁਝ ਮਹਿਸੂਸ ਹੁੰਦਾ।

ਜਦੋਂ ਇਕ ਵਾਰ ਪਾਕਿਸਤਾਨ ਦਾ ਕੋਈ ਲੀਡਰ ਉਨ੍ਹਾਂ ਦੇ ਪਿੰਡ ਕੋਲੋਂ ਗੁਜ਼ਰਿਆ, ਰੱਖੀ ਸਾਰੀ ਸਵੇਰ ਸਿਹਰੇ ਪ੍ਰੋਂਦੀ ਰਹੀ। ਕੜਕਦੀ ਦੁਪਹਿਰ ਵਿਚ ਪਾਕਿਸਤਾਨ ਦਾ ਝੰਡਾ ਫੜ ਔਰਤਾਂ ਦਾ ਉਹਨੇ ਜਲੂਸ ਕਢਿਆ ਤੇ ਸੜਕ ਕੰਢੇ ਆਪਣੇ ਕੌਮੀ ਆਗੂ ਦੀ ਇੰਤਜ਼ਾਰ ਵਿਚ 'ਪਾਕਿਸਤਾਨ ਹਮਾਰਾ' ਤੇ ਹੋਰ ਕਈ ਗੀਤ ਗਾਂਦੀ ਰਹੀ। ਜਦੋਂ ਲੀਡਰ ਦੀ ਮੋਟਰ ਗੁਜ਼ਰ ਰਹੀ ਸੀ, ਇਸ ਨੇ ਉਚੇ-ਉਚੇ 'ਜ਼ਿੰਦਾਬਾਦ' ਦੇ ਨਾਹਰੇ ਲਾਏ ਤੇ ਫੁਲਾਂ ਦੀ ਵਰਖਾ ਨਾਲ ਧਰਤੀ ਅਟੀ ਗਈ।

ਇੰਜ ਰੱਖੀ ਦੇ ਦਿਨ ਗੁਜ਼ਰ ਰਹੇ ਸਨ, ਇੰਜ ਰੱਖੀ ਦੇ ਹਫਤੇ ਗੁਜ਼ਰ ਰਹੇ ਸਨ, ਇੰਜ ਰੱਖੀ ਦੇ ਮਹੀਨੇ ਗੁਜ਼ਰ ਰਹੇ ਸਨ, ਜਦੋਂ ਇਕ ਦਿਨ ਗਲੀ ਵਿਚੋਂ ਲੰਘਦਿਆਂ ਉਹਨੂੰ ਪਿਛੋਂ ਆਵਾਜ਼ ਆਈ, "ਨੀ ਰੱਖੀਏ!" ਤੇ ਅਗਲੀ ਘੜੀ ਉਹਦਾ ਭਰਾ ਉਸ ਦੇ ਗਲ ਨਾਲ ਲਗਿਆ ਹੋਇਆ ਸੀ। ਕਿਤਨਾ ਚਿਰ ਦੋਵੇਂ ਸੁਬਕਦੇ ਰਹੇ। ਰੱਖੀ ਡਾਢਾ ਉਚਾ-ਉਚਾ ਰੋਈ। ਉਸ ਨੂੰ ਇਹ ਵੀ ਭੁਲ ਗਿਆ ਕਿ ਨਾਲ ਇਕ ਓਪਰਾ ਆਦਮੀ ਜੋ ਸਿਪਾਹੀ ਜਿਹਾ ਲਗਦਾ ਸੀ, ਖਲੋਤਾ ਜਿਸ ਤਰ੍ਹਾਂ ਉਨ੍ਹਾਂ ਦੀ ਇੰਤਜ਼ਾਰ ਕਰ ਰਿਹਾ ਹੋਵੇ।

ਅਖੀਰ ਜਦੋਂ ਉਨ੍ਹਾਂ ਦਾ ਵਿਰਾਗ ਲੱਥਾ, ਉਹਦੇ ਭਰਾ ਨੇ ਸਿਪਾਹੀ ਵਲ ਇਸ਼ਾਰਾ ਕਰ ਕੇ ਕਿਹਾ, "ਇਹਨੂੰ ਲੈ ਚਲੋ, ਮੇਰੀ ਭੈਣ ਲੱਭ ਪਈ ਏ।"

"ਪਰ ਕਿਥੇ?" ਰੱਖੀ ਨੇ ਇਕ ਝਾਤ ਬਾਅਦ, ਜਿਸ ਤਰ੍ਹਾਂ ਉਹ ਸੁੱਤੀ ਹੋਈ ਜਾਗੀ ਹੋਵੇ, ਘਬਰਾ ਕੇ ਪੁਛਿਆ। ਦੂਰ-ਦੂਰ, ਕਿਸੇ ਦੂਰ ਦੇਸ ਵਿਚ ਜਾਣ ਲਈ ਰੱਖੀ ਤਿਆਰ ਨਹੀਂ ਸੀ। ਕੀ ਪਤਾ, ਉਥੇ ਇਸ ਪਿੰਡ ਵਰਗੀਆਂ ਘਣੀਆਂ ਠੰਡੀਆਂ ਛਾਵਾਂ ਹੋਣ ਨਾ ਹੋਣ, ਕੀ ਪਤਾ ਉਥੇ ਏਸ ਪਿੰਡ ਵਰਗੇ ਕਾਗ ਹੋਣ ਨਾ ਹੋਣ ਜੋ ਬਨੇਰਿਆਂ ਤੇ ਆ ਕੇ ਬਹਿ ਜਾਂਦੇ ਤੇ ਫੇਰ ਪਤਾ ਨਹੀਂ ਦਿਲ ਨੂੰ ਕੀ-ਕੀ ਹੋਣ ਲਗ ਜਾਂਦਾ।

ਉਸ ਸ਼ਾਮੀਂ ਜਦੋਂ ਉਹ ਬਾਹਰ ਗਈ, ਉਸ ਟਿੱਬੇ ਨੂੰ ਜਿਸ ਤਰ੍ਹਾਂ ਉਸ ਕਲਾਵੇ ਵਿਚ ਲੈ ਲਿਆ, "ਮੈਂ ਨਹੀਂ ਜਾਵਾਂਗੀ, ਮੈਂ ਕਦੀ ਨਹੀਂ ਜਾਵਾਂਗੀ", ਜਿਸ ਟਿੱਬੇ ਤੇ ਖਲੋ ਕੇ ਉਹ ਸ਼ੇਰ ਬਾਜ਼ ਨੂੰ ਖੇਤਾਂ ਵਿਚ ਕੰਮ ਕਰਦਾ ਵਿੰਹਦੀ ਹੁੰਦੀ ਸੀ। "ਮੈਂ ਨਹੀਂ ਜਾਵਾਂਗੀ", ਦਾਖ ਦੀ ਲਮਕਦੀ ਵੇਲ ਨੂੰ ਉਸ ਪੋਲੇ ਜਹੇ ਟੋਹ ਕੇ ਕਿਹਾ। "ਮੈਂ ਕਦੇ ਨਹੀਂ ਜਾਵਾਂਗੀ", ਉਸ ਨੇ ਵੱਛੇ ਦੀਆਂ ਅੱਖਾਂ ਨਾਲ ਅੱਖਾਂ ਮੇਲ ਉਹਦੀ ਬੂਥਣੀ ਨੂੰ ਚੁੰਮ ਲਿਆ। ਆਪਣੇ ਸੁਫੇ ਦੀ ਛੱਤ ਹੇਠ ਜਾ ਕੇ ਉਸ ਨੇ ਜ਼ੋਰ ਦਾ ਕਿਹਾ, "ਮੈਂ ਹਮੇਸ਼ਾ ਇਥੇ ਰਹਾਂਗੀ।" ਆਪਣੇ ਚੁਲ੍ਹੇ ਕੋਲ ਬੈਠ ਕੇ ਉਹਦਾ ਗਚ ਨਾ ਖਲੋਂਦਾ", ਮੇਰਾ ਆਪਣਾ ਇਹ ਚੌਂਕਾ ਏ", ਉਹ ਚੀਕ ਉਠੀ।

ਉਸ ਰਾਤ ਪੁਰੇ ਦੀ ਠੰਡੀ ਵਾ ਰੁਮਕ ਰਹੀ ਸੀ। ਰੱਖੀ ਨੇ ਤਾਰਿਆਂ ਨਾਲ ਇਕਰਾਰ ਕੀਤੇ, ਚੰਨ ਦੇ ਤਰਲੇ ਲਏ, ਉਠ-ਉਠ ਬਨੇਰਿਆਂ 'ਤੇ ਬਹਿ ਕੇ ਸੋਚਦੀ। ਉਸ ਪੀਰਾਂ ਦੀਆਂ ਮੰਨਤਾਂ ਮੰਨੀਆਂ। ਮੂਰਤੀਆਂ ਨੂੰ ਮਨਾਣ ਦਾ ਪ੍ਰਣ ਕੀਤਾ। ਸਾਹਮਣੇ ਉਹ ਦਰੁੱਘ ਸੀ, ਜਿਥੇ ਪਿਛਲੀ ਵਾਰੀ ਰੱਖੀ ਜਾ ਪਈ ਸੀ ਤੇ ਉਹਨੂੰ ਕਿਸੇ ਨਹੀਂ ਸੀ ਵੇਖਿਆ। ਪਰ ਹੁਣ ਤੇ ਉਹ ਕਿਤਨੀ ਹੋਰ ਦੀ ਹੋਰ ਹੋ ਗਈ ਸੀ। ਹੁਣ ਉਹ ਕਿਸ ਤਰ੍ਹਾਂ ਛਾਲ ਮਾਰ ਸਕਦੀ ਸੀ? ਉਹ ਸਿੱਪ ਜਿਸ ਵਿਚ ਕੋਈ ਮੋਤੀ ਹੋਵੇ, ਕਦੀ ਉਛਲਿਆ ਨਹੀਂ ਕਰਦੀ।

"ਵੇ ਸ਼ੇਰ ਬਾਜ਼ਾ ! ਹੁਣ ਤੇਰੀ ਛਵ੍ਹੀ ਨੂੰ ਕੀ ਹੋ ਗਿਆ ਏ?" ਰੱਖੀ ਉਹਨੂੰ ਮੁੜ-ਮੁੜ ਕਹਿੰਦੀ ਤੇ ਸ਼ੇਰ ਬਾਜ਼ ਅਹਿਲ ਪਲੰਘ 'ਤੇ ਪਿਆ ਹੋਇਆ ਸੀ। ਜਦੋਂ ਦਾ ਨੰਬਰਦਾਰ ਦੇ ਘਰੋਂ ਸ਼ਾਮੀਂ ਉਹ ਮੁੜਿਆ, ਉਸ ਨੇ ਇਕ ਲਫਜ਼ ਨਾ ਕੂਇਆ। ਨਾ ਉਸ ਨੇ ਕੁਝ ਖਾਧਾ ਨਾ ਪੀਤਾ।

"ਵੇ ਸ਼ੇਰ ਬਾਜ਼ਾ ਮੈਂ ਤੇਰੇ ਤੋਂ ਲਖ ਵੀਰ ਵਾਰ ਸੁਟਾਂਗੀ।" ਸ਼ੇਰ ਬਾਜ਼ ਤਾਂ ਵੀ ਚੁਪ ਸੀ। ਉਹਦੇ ਭਖ ਰਹੇ ਚਿਹਰੇ, ਉਹਦੀਆਂ ਲਾਲ ਹੋ ਰਹੀਆਂ ਅੱਖਾਂ ਵਿਚ ਜਿਵੇਂ ਅਥਰੂ ਜੰਮੇ ਹੋਏ ਹੋਣ।

"ਵੇ ਮੇਰਿਆ ਬਾਜ਼ ਸ਼ੇਰ, ਆ ਕਿਤੇ ਟੁਰ ਚਲੀਏ", ਆਖਰ ਝੁੰਜਲਾ ਕੇ ਰੱਖੀ ਨੇ ਕਿਹਾ। ਸ਼ੇਰ ਬਾਜ਼ ਦੇ ਬਿਸਤਰੇ ਤੋਂ ਜਿਵੇਂ ਸੇਕ ਆ ਰਿਹਾ ਹੋਵੇ। ਉਹ ਚੁਪ ਸੀ, ਅਹਿਲ ਸੀ, ਬੇਸੁਧ ਪਿਆ ਸੀ। ਤੇ ਉਹ ਬੋਲਦਾ ਵੀ ਕਿੰਜ? ਨੰਬਰਦਾਰ ਨੇ ਉਹਨੂੰ ਸਭ ਕੁਝ ਦਸ ਦਿੱਤਾ ਸੀ। ਰੱਖੀ ਹਿੰਦੂ ਕੁੜੀ ਸੀ, ਜਿਸ ਨੂੰ ਜ਼ਰੂਰ ਹਿੰਦੁਸਤਾਨ ਵਿਚ ਭੇਜਿਆ ਜਾਣਾ ਸੀ। ਪੰਦਰਾਂ ਅਗਸਤ ਤੋਂ ਜਿਤਨੇ ਕਲਮੇ ਪੜ੍ਹੇ ਗਏ ਸਨ, ਉਨ੍ਹਾਂ ਨਾਲ ਕੋਈ ਮੁਸਲਮਾਨ ਨਹੀਂ ਸੀ ਬਣ ਸਕਿਆ। ਇਹ ਗੱਲ ਆਪਣੀ ਮੁਸਲਮਾਨ ਸਰਕਾਰ ਆਪ ਕਹਿ ਰਹੀ ਸੀ। ਤੇ ਫੇਰ ਇਧਰੋਂ ਹਰ ਹਿੰਦੂ ਕੁੜੀ ਨੂੰ ਭੇਜ ਕੇ ਉਧਰੋਂ ਮੁਸਲਮਾਨ ਕੁੜੀ ਆਣੀ ਸੀ। ਰੱਖੀ ਜਿਹੜੀ ਹਿੰਦੂ ਜੰਮੀ ਸੀ, ਉਹਦੇ ਬਦਲੇ ਇਕ ਇਸਲਾਮ ਵਿਚ ਪੈਦਾ ਹੋਈ ਕੁੜੀ ਨੇ ਏਧਰ ਆਣਾ ਸੀ। ਪਾਕਿਸਤਾਨ ਲਈ ਹਰ ਕੁਰਬਾਨੀ ਦੀ ਲੋੜ ਸੀ।

ਤੇ ਸ਼ੇਰ ਬਾਜ਼ ਅਹਿਲ ਬੇਸੁਧ ਪਿਆ ਸੀ।

ਅਗਲੇ ਰੋਜ਼ ਮਸਾਂ ਅਜੇ ਦਿਹੁੰ ਹੀ ਨਿਕਲਿਆ ਸੀ ਕਿ ਫੌਜੀ ਲਾਰੀ ਉਨ੍ਹਾਂ ਦੇ ਵਿਹੜੇ ਵਿਚ ਆ ਖਲੋਤੀ। ਲੰਮੀਆਂ-ਲੰਮੀਆਂ ਬੰਦੂਕਾਂ ਲਈ ਸਿਪਾਹੀਆਂ ਨੂੰ ਵੇਖ ਕੇ ਰੱਖੀ ਕੁਰਲਾ ਉਠੀ, "ਮੈਂ ਨਹੀਂ ਜਾਣਾ, ਮੈਂ ਕਦੀ ਨਹੀਂ ਜਾਣਾ, ਕੀ ਹੋਇਆ ਜੇ ਇਹਦਾ ਨਾਂ ਵਟ ਗਿਆ ਏ, ਇਹ ਮੇਰਾ ਆਪਣਾ ਦੇਸ਼ ਹੈ। ਇਹ ਪੱਥਰ ਮੇਰੇ ਆਪਣੇ ਨੇ, ਇਹ ਗੀਟੇ ਮੇਰੇ ਆਪਣੇ ਨੇ। ਅਜੇ ਤੇ ਇਸ ਧਰੇਕ ਨੇ ਵੱਡਾ ਹੋਣਾ ਏ ਜਿਸ ਨੂੰ ਮੈਂ ਪਾਣੀ ਦੇ ਦੇ ਪਾਲਦੀ ਰਹੀ।" ਤੇ ਉਹਦੀਆਂ ਅੱਖਾਂ ਵਿਚ ਅਥਰੂ ਨਾ ਠਲ੍ਹੇ ਜਾਂਦੇ।

"ਵੇ ਸ਼ੇਰ ਬਾਜ਼ਾ, ਤੂੰ ਬੋਲਦਾ ਕਿਓਂ ਨਹੀਂ? ਤੂੰ ਕੂੰਦਾ ਕਿਓਂ ਨਹੀਂ? ਮੈਂ ਤੇਰੀ ਅਮਾਨਤ ਨਾਲ ਕੀ ਕਰਾਂਗੀ?" ਤੇ ਰੱਖੀ ਬੇਹੋਸ਼ ਹੋ ਗਈ। ਜਿਤਨਾ ਚਿਰ ਸ਼ੇਰ ਬਾਜ਼ ਤੇ ਰੱਖੀ ਅੰਦਰ ਸੁਫੇ ਵਿਚ ਰਹੇ, ਸਿਪਾਹੀਆਂ ਨੇ ਫੇਰ ਸੋਚਿਆ, ਪੰਚਾਂ ਨੇ ਆਪਣੇ ਦਿਮਾਗ ਲੜਾਏ, ਨੰਬਰਦਾਰ ਦੀ ਰਾਏ ਲੀਤੀ ਗਈ ਪਰ ਆਪਣੀ ਕੌਮੀ ਸਰਕਾਰ ਦਾ ਹੁਕਮ ਸਾਫ ਸੀ। ਪਾਕਿਸਤਾਨ ਨੇ ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਕਰ ਕੇ ਬਣ ਜਾਣਾ ਸੀ, ਇਨ੍ਹਾਂ ਮਾਮੂਲੀ ਗੱਲਾਂ ਕਰ ਕੇ ਰੁੜ੍ਹ ਜਾਣਾ ਸੀ। ਪਾਕਿਸਤਾਨ ਅਜੇ ਬੱਚਾ ਸੀ, ਜਿਸ ਨੂੰ ਹਰ ਕਿਸੇ ਨੇ ਲਡਿਆਣਾ ਸੀ, ਜਿਸ ਦੀਆਂ ਗਲਤ ਗੱਲਾਂ ਨੂੰ ਵੀ ਮੰਨਣਾ ਸੀ।

ਲਾਰੀ ਵਿਹੜੇ ਵਿਚ ਖਲੋਤੀ ਰਹੀ। ਜਾ ਵੀ ਕਿੰਜ ਸਕਦੀ ਸੀ? ਅਖੀਰ ਕੋਈ ਇਕ ਘੰਟੇ ਬਾਅਦ ਸੁਫੇ ਦੇ ਭਿਤ ਖੁਲ੍ਹੇ। ਪਹਿਲੇ ਰੱਖੀ ਨਿਕਲੀ ਪਿਛੇ ਸ਼ੇਰ ਬਾਜ਼ ਸੀ।

ਰੱਖੀ ਨੇ ਲਾਲ ਰੇਸ਼ਮੀ ਜੋੜਾ ਪਾਇਆ ਹੋਇਆ ਸੀ। ਉਹਦੇ ਸਿਰ 'ਤੇ ਗੋਟਿਆਂ ਕਨਾਰੀਆਂ ਵਾਲੀ ਝਿੱਲੀ ਸੀ, ਜਿਹੜੀ ਉਸ ਤੋਂ ਸਾਂਭੀ ਨਹੀਂ ਸੀ ਜਾਂਦੀ। ਉਹਦੇ ਮੱਥੇ ਤੇ ਉਹਦੇ ਕੰਨਾਂ ਵਿਚ, ਉਹਦੇ ਨੱਕ ਵਿਚ, ਬਾਹਵਾਂ ਦੇ ਗਲੇ ਵਿਚ, ਪੈਰਾਂ ਤੇ ਕੋਈ ਥਾਂ ਖਾਲੀ ਨਹੀਂ ਸੀ, ਜਿਥੇ ਕੋਈ ਗਹਿਣਾ ਨਾ ਹੋਏ; ਜਿਸ ਤਰ੍ਹਾਂ ਸੋਨੇ ਨਾਲ ਲੱਦੀ ਹੋਈ ਹੋਵੇ। ਸ਼ੇਰ ਬਾਜ਼ ਦੀ ਦਾਦੀ ਦੇ, ਤੇ ਉਸ ਤੋਂ ਪਹਿਲੇ ਦੇ ਰੱਖੇ ਰਖਾਏ ਸਾਰੇ ਜ਼ੇਵਰ ਉਹਨੇ ਰੱਖੀ ਨੂੰ ਪਵਾਏ। ਝੰਮ-ਝੰਮ ਕਰਦੀ ਉਹ ਲਾਰੀ ਵਿਚ ਆ ਬੈਠੀ। ਸਾਰੇ ਦੇ ਸਾਰੇ ਲੋਕ ਹੈਰਾਨ ਸਨ। ਸ਼ੇਰ ਬਾਜ਼ ਫੇਰ ਅੰਦਰ ਗਿਆ। ਉਸ ਨੇ ਉਸ ਦਾ ਰੰਗਲਾ ਪੀੜ੍ਹਾ ਲਿਆ ਕੇ ਲਾਰੀ ਵਿਚ ਰਖਿਆ। ਫੇਰ ਉਹਦਾ ਸ਼ੀਸ਼ਿਆਂ ਵਾਲਾ ਪਲੰਘ ਰਖਵਾਇਆ। ਫੇਰ ਟਰੰਕ ਰਖਵਾਏ, ਜਿਹੜੇ ਰੱਖੀ ਲਈ ਫੁਲਕਾਰੀਆਂ ਤੇ ਕਪੜਿਆਂ ਦੇ ਭਰੇ ਹੋਏ ਸਨ। ਅਖੀਰਲੀ ਵਾਰ ਸ਼ੇਰ ਬਾਜ਼ ਅੰਦਰ ਗਿਆ ਤੇ ਰੱਖੀ ਨੂੰ ਆ ਕੇ ਇਕ ਪੱਖੀ ਤੇ ਇਕ ਛੰਨਾ ਫੜਾਇਆ। ਛੰਨੇ ਉਤੇ ਚਿਤ੍ਰਿਆ ਹੋਇਆ ਸੀ "ਸ਼ੇਰ ਬਾਜ਼ ਖਾਨ" ਤੇ ਪੱਖੀ ਤੇ ਰੱਖੀ ਨੇ ਆਪ ਸੂਹੇ ਸਾਵੇ ਧਾਗਿਆਂ ਨਾਲ ਕੱਢਿਆ ਸੀ, "ਪਾਕਿਸਤਾਨ ਹਮਾਰਾ ਹੈ!"

# ਗਦਰ ਵਾਸਤੇ ਰਸਤਾ ਸਾਫ

***(ਪਿਛਲੇ ਸਫੇ ਦੀ ਬਾਕੀ)***

ਹਨ ਅਤੇ ਉਥੇ ਕਾਲ, ਪਲੇਗ, ਮੇਲੇ ਦੀ ਮਲੇਰੀਆ ਅਤੇ ਹੋਰ ਕਈ ਤਰ੍ਹਾਂ ਦੀਆਂ ਬੀਮਾਰੀਆਂ ਫੈਲਾਉਂਦੇ ਹਨ ਅਤੇ ਇਨ੍ਹਾਂ ਸਾਰੀਆਂ ਗੱਲਾਂ ਦੇ ਬਦਲੇ ਪਾਪ ਸਾਨੂੰ ਗੁਲਾਮ ਦੇ ਰੂਪ ਵਿਚ ਭਰਨਾ ਪੈਂਦਾ ਹੈ।

ਹੁਣ ਚਾਹੀਦਾ ਹੈ ਕਿ ਅਸੀਂ ਸਾਰੇ ਹਿੰਦੁਸਤਾਨੀ ਰਾਜਪੂਤ, ਸਿੱਖ, ਪਠਾਣ, ਗੋਰਖੇ, ਡੋਗਰੇ, ਬੀਰ ਸਿਪਾਹੀ ਆਪਣੇ ਹੀ ਸੀਨੇ ਵਿਚ ਹੋਰ ਕਟਾਰ ਨਾ ਠੋਕਣ ਅਤੇ ਜ਼ਾਲਮ ਅੰਗਰੇਜ਼ਾਂ ਦਾ ਸਾਥ ਛੱਡ ਕੇ ਹਿੰਦੁਸਤਾਨ, ਤੁਰਕੀ ਅਤੇ ਤਮਾਮ ਗੁਲਾਮ ਕੌਮਾਂ ਦੇ ਦੋਸਤ ਬਹਾਦਰ ਜਰਮਨ ਦੇ ਅੱਗੇ ਹਥਿਆਰ ਸੁੱਟ ਦੇਣ ਅਤੇ ਉਨ੍ਹਾਂ ਨਾਲ ਮਿਲ ਕੇ ਫਿਰ ਬਦਮਾਸ਼ ਅੰਗਰੇਜ਼ਾਂ ਨੂੰ ਈਰਾਨ, ਚੀਨ, ਬਰਮਾ, ਮਲਾਇਆ, ਬਲੋਚਿਸਤਾਨ ਅਤੇ ਅਫਰੀਕਾ ਤੋਂ ਭਜਾ ਦਿਉ ਅਤੇ ਸਾਰੀ ਦੁਨੀਆਂ ਨੂੰ ਜ਼ਾਲਮ ਬਦਜ਼ਾਤ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰ ਦਿਉ ਅਤੇ ਹਿੰਦੁਸਤਾਨ, ਨੇਪਾਲ, ਈਰਾਨ, ਮਲਾਇਆ, ਬਰਮਾ, ਅਫਗਾਨਿਸਤਾਨ, ਕਲਕੱਤਾ, ਬਲੋਚਿਸਤਾਨ 'ਚ ਆਪਣਾ ਆਪਣਾ ਰਾਜ ਸਥਾਪਿਤ ਕਰਨ ਅਤੇ ਖੁਦ ਆਪਣੇ ਦੇਸ਼ ਦੇ ਮਾਲਕ, ਸ਼ਹਿਨਸ਼ਾਹ ਬਣਨ, ਢਿੱਡ ਭਰ ਕੇ ਸੁਖ ਨਾਲ ਰੋਟੀ ਖਾਵਣ। ਦੇਸ਼ ਬਦੇਸ਼ ਵਿਚ ਆਪਣੀਆਂ ਭੈਣਾਂ ਅਤੇ ਭਰਾਵਾਂ ਦੀ ਇੱਜ਼ਤ ਅਤੇ ਹੱਕ ਕਾਇਮ ਕਰਨ।

ਐ ਹੀਰੇ ਜਿਹੇ ਹਿੰਦੁਸਤਾਨੀ ਨੌਜਵਾਨੋ; ਲੰਬੇ ਚੌੜੇ ਸ਼ੇਰਾਂ ਵਰਗੇ ਬਲਵਾਨੋ, ਬੇਇਜ਼ਤੀ ਗੁਲਾਮੀ ਅਤੇ ਦਸ ਬਾਰਾਂ ਰੁਪਏ ਦੀ ਨੌਕਰੀ ਚਾਕਰੀ ਦਾ ਕਾਲਾ ਬੁਰਕਾ ਮੂੰਹ ਉਤੋਂ ਲਾਹ ਦਿਉ, ਜਾਦੂ ਦੇ ਮਹੱਲ ਵਿਚੋਂ ਬਾਹਰ ਆ ਜਾਓ। ਇਹ ਚੰਗਾ ਮੂਹਰਤ ਹੈ। ਹਿੰਮਤ ਕਰੋ, ਦਿਲ ਪੱਕਾ ਕਰਕੇ ਇਕ ਵਾਰੀ ਆਜ਼ਾਦੀ ਦਾ ਪ੍ਰਣ ਧਾਰਨ ਕਰੋ ਅਤੇ ਆਪਣੇ ਦੇਸ਼ਵਾਸੀਆਂ ਦੀ ਆਜ਼ਾਦੀ ਭਲਾਈ ਵਾਸਤੇ ਸ਼ਹੀਦ ਹੋ ਜਾਉ।

## ਜੰਗ ਅਤੇ ਹਿੰਦੁਸਤਾਨ

***(8 ਨਵੰਬਰ 1914 ਨੂੰ ਛਪਿਆ)***

### ਹਿੰਦੀ ਨਵਾਬ

ਨਵਾਬ ਨਸੀਰ ਅਲਾਹ ਖਾਨ ਪਿਸਰ ਬੇ ਰਾਮ ਭੂਪਾਲ ਫੌਜ ਦਾ ਮੇਜਰ ਅਫਸਰ ਹੈ। ਵਫਾਦਾਰੀ ਦੇ ਖਿਆਲ ਤੋਂ ਯੂਰਪ ਵਿਚ ਅੰਗਰੇਜ਼ਾਂ ਦੀ ਖਾਤਿਰ ਲੜਨ ਵਾਸਤੇ ਹਿੰਦੁਸਤਾਨ ਤੋਂ ਰਵਾਨਾ ਹੋਇਆ, ਪਰ ਅਦਨ (ਯਮਨ) ਪਹੁੰਦੇ ਸਾਰ ਬਰਖੁਰਦਾਰ ਨਸੀਰ ਅਲਾਹ ਦੀ ਤਬੀਅਤ ਜਹਾਜ਼ ਦੇ ਹਚਕੋਲਿਆਂ ਨਾਲ ਘਬਰਾ ਗਈ ਅਤੇ ਵਾਪਸ ਮੁੜ ਆਏ। ਵਾਹ ਰੇ ਨਵਾਬ ਤੇਰੀ ਨਵਾਬੀ, ਇਤਨੀ ਨਜ਼ਾਕਤ ਕਿ ਜਹਾਜ਼ ਦੇ ਹਚਕੋਲਿਆਂ ਨਾਲ ਬਿਮਾਰ ਹੋ ਗਏ ਹੋ, ਐਸੇ ਹਜ਼ਰਤ ਜੋ ਜਹਾਜ਼ ਵਿਚ ਘਬਰਾ ਜਾਂਦੇ, ਉਹ ਯੁੱਧ ਦੇ ਮੈਦਾਨ ਵਿਚ ਜਰਮਨ ਦੀ ਫੌਲਾਦੀ ਤਲਵਾਰ ਸਾਹਮਣੇ ਕੀ ਲੜਨਗੇ। ਅਜਿਹੇ ਹੀ ਹਨ, ਹਿੰਦ ਦੇ ਸਭ ਰਾਜੇ ਨਵਾਬ ਜਿਨ੍ਹਾਂ ਦੀ ਬਹਾਦਰੀ ਦੀਆਂ ਦਾਸਤਾਨ ਅੱਜ ਕੱਲ੍ਹ ਅੰਗਰੇਜ਼, ਅਮਰੀਕਾ ਦੇ ਅਖਬਾਰਾਂ ਵਿਚ ਮਸ਼ਹੂਰ ਕਰਦੇ ਹਨ, ਭਲਾ ਐਸੇ ਰਾਜੇ ਨਵਾਬ ਅੰਗਰੇਜ਼ਾਂ ਦੇ ਮਦਦਗਾਰ ਹੋਣ ਤਾਂ ਕਿਹੜੇ ਤੀਰ ਮਾਰ ਲੈਣਗੇ ਅਤੇ ਜੇਕਰ ਗਦਰ ਪਾਰਟੀ ਵਿਚ ਸ਼ਾਮਿਲ ਹੋਣ ਤਾਂ ਕਿਹੜਾ ਪਹਾੜ ਉਠਾ ਲੈਣਗੇ। ਇਸ ਵਾਸਤੇ ਗਦਰ ਦੇ ਪ੍ਰੇਮੀਆਂ ਨੂੰ ਅੰਗਰੇਜ਼ਾਂ ਦੇ ਇਨ੍ਹਾਂ ਰਾਜਿਆਂ ਨਵਾਬਾਂ ਦੇ ਜੰਗ ਵਿਚ ਜਾਣ ਦੀ ਬਾਬਤ ਲੰਬੇ ਲੰਬੇ ਤਾਰ ਪੜ੍ਹ ਕੇ ਹੈਰਾਨ ਨਾ ਹੋਣ- ਗਦਰ ਦੀ ਤਾਕਤ ਆਪਣਾ ਕੰਮ ਸੱਚੇ ਬੀਰਾਂ ਵਿਚ ਬਰਾਬਰ ਕਰ ਰਹੀ ਹੈ। ਮਿਸਟਰ ਗਾਂਧੀ ਅਤੇ ਕਈ ਹੋਰ ਗੁਲਾਮ ਹਿੰਦੀਆਂ ਦੇ (ਨੇ) ਲੰਡਨ ਵਿਚ ਹਿੰਦੀਆਂ ਨੂੰ ਇਕ ਖੁਫੀਆ ਚਿੱਠੀ ਜਾਰੀ ਕੀਤੀ ਹੈ ਜੋ ਸਾਨੂੰ ਭੀ ਕਿਸੀ ਤਰ੍ਹਾਂ ਮਿਲ ਗਈ ਹੈ। ਇਸ ਵਿਚ ਲਿਖਿਆ ਹੈ ਕਿ ਅੰਗਰੇਜ਼ਾਂ ਦੀ ਮਦਦ ਕਰੋ ਕਿਉਂਕਿ ਇਨ੍ਹਾਂ 'ਤੇ ਹੁਣ ਬਿਪਤਾ ਬਣੀ ਹੈ। ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਦੀ ਮਦਦ ਬਿਲਕੁਲ ਨਾ ਕਰੋ ਤਾਂ ਅੱਜ ਹੀ ਗਦਰ ਕਰਕੇ ਅੰਗਰੇਜ਼ਾਂ ਦੇ ਸਿਰ 'ਤੇ ਹਥੌੜਾ ਮਾਰੋ, ਇਹ ਵੇਲਾ ਆਜ਼ਾਦੀ ਹਾਸਲ ਕਰਨ ਦਾ ਹੈ।

# ਮਿਸਤਰੀ, ਰਾਜ ਮਿਸਤਰੀ


ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਜ ਕਲ੍ਹ ਕਿਸੇ ਵੀ ਤਰ੍ਹਾਂ ਦੇ ਮਕੈਨਿਕ ਨੂੰ ਅਸੀਂ ਮਿਸਤਰੀ ਆਖ ਦਿੰਦੇ ਹਾਂ। ਇਸ ਸ਼ਬਦ ਦੀ ਵਧੇਰੇ ਵਰਤੋਂ ਇੱਟਾਂ ਚਿਣਨ ਦੇ ਮਾਹਰ ਲਈ ਹੁੰਦੀ ਹੈ। ਇਸ ਲਈ ਅਸੀਂ ਰਾਜ-ਮਿਸਤਰੀ ਸ਼ਬਦ ਜੁੱਟ ਦੀ ਵਰਤੋਂ ਵੀ ਕਰਦੇ ਹਾਂ। ਕਿਸੇ ਵੀ ਤਰ੍ਹਾਂ ਦੇ ਸ਼ਿਲਪਕਾਰ ਜਾਂ ਰਾਮਗੜ੍ਹੀਆ ਭਾਈਚਾਰੇ ਨੂੰ ਵੀ ਮਿਸਤਰੀ ਕਹਿ ਦਿੱਤਾ ਜਾਂਦਾ ਹੈ, ਖਾਸ ਤੌਰ 'ਤੇ ਤਖਾਣ-ਮਿਸਤਰੀ, ਲੁਹਾਰ-ਮਿਸਤਰੀ ਆਦਿ ਜਿਹੇ ਸ਼ਬਦ-ਜੁੱਟਾਂ ਵਿਚ। ਕਾਰਖਾਨਿਆਂ, ਵਰਕਸ਼ਾਪਾਂ ਵਿਚ ਮਿਸਤਰੀ ਸ਼ਬਦ ਦੀ ਇਕ ਉਪਾਧੀ ਵਜੋਂ ਵੀ ਵਰਤੋਂ ਹੁੰਦੀ ਹੈ, ਜਿਸ ਨੂੰ ਅੱਜ ਕੱਲ ਫੋਰਮੈਨ ਜਾਂ ਸੁਪਰਵਾਈਜ਼ਰ ਕਹਿੰਦੇ ਹਨ।

ਮਿਸਤਰੀ ਸ਼ਬਦ ਦੀ ਵਿਉਤਪਤੀ ਇੱਕ ਤੋਂ ਵੱਧ ਤਰ੍ਹਾਂ ਕੀਤੀ ਜਾਂਦੀ ਹੈ। ਇਸ ਬਾਰੇ ਇਕ ਚਰਚਾ ਵਿਚ ਮੈਂ ਭਾਗ ਲਿਆ ਸੀ। ਇੱਕ ਗੰਭੀਰ ਰਾਏ ਅਨੁਸਾਰ ਇਹ ਅਰਬੀ ਦਾ ਸ਼ਬਦ ਹੈ। ਅਰਬੀ ਵਿਚ ਕਿਸੇ ਸ਼ਬਦ ਅੱਗੇ ਮੀਮ ਲਾ ਕੇ ਹੋਰ ਸ਼ਬਦ ਬਣਾਏ ਜਾਂਦੇ ਹਨ ਜਿਵੇਂ 'ਹਰਮ' ਦੇ ਅੱਗੇ ਮੀਮ ਲਾ ਕੇ 'ਮਹਿਰਮ', ਹਬੂਬ ਦੇ ਅੱਗੇ ਮੀਮ ਲਾ ਕੇ ਮਹਿਬੂਬ (ਹਬ=ਪਿਆਰ) ਆਦਿ। ਇਸ ਤਰ੍ਹਾਂ ਇਸ ਵਿਚਾਰ ਅਨੁਸਾਰ 'ਸਤਰ' ਦੇ ਅੱਗੇ ਮੀਮ ਲਾ ਕੇ ਮਿਸਤਰੀ ਸ਼ਬਦ ਬਣਿਆ। ਅਰਬੀ 'ਸਤਰ' ਦਾ ਅਰਥ ਪਾਲ, ਪੰਗਤੀ, ਰੇਖਾ, ਲਕੀਰ ਹੈ। ਮਿਸਤਰ ਇਕ ਅਜਿਹਾ ਸੰਦ ਹੈ, ਜਿਸ ਦੁਆਲੇ ਸਮਾਨਅੰਤਰ ਡੋਰੇ ਲਾਏ ਹੁੰਦੇ ਹਨ ਅਤੇ ਇਸ ਨਾਲ ਕਾਗਜ਼ 'ਤੇ ਸਿੱਧੀਆਂ ਰੇਖਾਵਾਂ ਖਿੱਚੀਆਂ ਜਾਂਦੀਆਂ ਹਨ। ਘਰ ਬਣਾਉਣ ਲਈ ਇਸ ਦੀ ਸਹਾਇਤਾ ਨਾਲ ਰੇਖਾਵਾਂ ਖਿੱਚੀਆਂ ਜਾਂਦੀਆਂ ਹਨ। ਸੋ, ਮਿਸਤਰ ਨਾਲ ਰੇਖਾਵਾਂ ਉਲੀਕਣ ਵਾਲਾ ਮਿਸਤਰੀ ਹੋਇਆ। ਇਸ ਸ਼ਬਦ ਦਾ ਹੋਰ ਅੱਗੇ ਅਰਥ-ਵਿਸਤਾਰ ਹੋਇਆ। ਪੈਮਾਨਾ ਜਾਂ ਫੁੱਟਾ ਵੀ ਮਿਸਤਰ ਹੈ। ਪਲੱਸਤਰ ਨੂੰ ਇਕਸਾਰ ਕਰਨ ਵਾਲੇ ਇਕ ਹੋਰ ਸੰਦ ਅਰਥਾਤ ਗਰਮਾਲੇ ਨੂੰ ਵੀ ਮਿਸਤਰ ਆਖਦੇ ਹਨ।



ਨਿਰੁਕਤਸ਼ਾਸਤਰੀ ਅਜਿਤ ਵਡਨੇਰਕਰ ਨੇ ਉਪਰੋਕਤ ਵਿਆਖਿਆ ਦੇ ਸਮਰਥਨ ਵਿਚ ਹੋਰ ਪਾਸਾਰ ਜੋੜਦਿਆਂ ਸੁਝਾਅ ਦਿੱਤਾ ਕਿ ਇਹ ਸ਼ਬਦ ਕਿਤੇ ਨਾ ਕਿਤੇ ਹਿੰਦ-ਇਰਾਨੀ ਤੇ ਸੈਮਿਟਿਕ ਵਿਚਕਾਰ ਰਿਸ਼ਤਿਆਂ ਵੱਲ ਸੰਕੇਤ ਕਰਦਾ ਹੈ। ਇਸ ਪ੍ਰਸੰਗ ਵਿਚ ਭਾਰਤੀ ਸ਼ਬਦ 'ਸੁਥਾਰ' ਅਤੇ 'ਮਿਸਤਰੀ' ਵਿਚਕਾਰ ਰਿਸ਼ਤੇਦਾਰੀ ਸੋਚਣ ਵੱਲ ਧਿਆਨ ਗਿਆ। ਸੁਥਾਰ ਸ਼ਬਦ ਦਾ ਇੱਕ ਰੁਪਾਂਤਰ 'ਸੁਤਾਰ' ਵੀ ਹੈ, ਜੋ ਸੂਤਰਧਾਰ ਸ਼ਬਦ ਦਾ ਮੁੱਖ-ਸੁੱਖ ਹੈ। ਗੁਰੂ ਰਾਮਦਾਸ ਨੇ ਸੂਤਧਾਰ ਸ਼ਬਦ ਵਰਤਿਆ ਹੈ, "ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥" ਸੂਤਰਧਾਰ/ਸੁਤਾਰ ਆਦਿ ਹੁੰਦਾ ਹੈ, 'ਨਾਟਕ ਖੇਡਣ ਵਾਲਾ।' ਸਮਝਿਆ ਜਾਂਦਾ ਹੈ ਕਿ ਮੁਢਲੇ ਤੌਰ 'ਤੇ ਸੂਤ ਫੜ ਕੇ ਕਠਪੁਤਲੀ ਨਚਾਉਣ ਵਾਲੇ ਨੂੰ ਸੂਤਰਧਾਰ ਕਿਹਾ ਜਾਂਦਾ ਸੀ। ਅੱਜ ਅਸੀਂ ਪਰਦਾ ਖਿੱਚਣ ਵਾਲੇ ਨੂੰ ਇਹ ਨਾਂ ਦਿੰਦੇ ਹਾਂ। ਗੁਰੂ ਜੀ ਦੀ ਤੁਕ ਵਿਚ ਇਹ ਸ਼ਬਦ ਪਰਮਾਤਮਾ ਦਾ ਸੰਕੇਤਕ ਹੈ।

ਮਿਸਤਰੀ ਸ਼ਬਦ ਵਿਚ ਆਏ ਸਤਰ ਸ਼ਬਦ ਦਾ ਰਿਸ਼ਤਾ ਸਾਡੇ ਸੂਤਰ ਨਾਲ ਜੁੜੇ ਹੋਣ ਦੀ ਸੰਭਾਵਨਾ ਦੀ ਚਰਚਾ ਕੀਤੀ ਗਈ। ਇਸ ਤਰ੍ਹਾਂ ਮਿਸਤਰੀ ਦਾ ਅਰਥ ਬਣਦਾ ਹੈ, ਨਾਪ-ਜੋਖ ਕਰਨ ਜਾਂ ਮਾਪਣ ਵਾਲਾ। ਭਾਰਤ ਵਿਚ ਸੂਤਰਧਾਰ ਨਾਪ-ਜੋਖ ਕਰਨ ਵਾਲੇ ਨੂੰ ਆਖਦੇ ਸਨ। ਇਸ ਦਾ ਸੁੰਗੜਿਆ ਰੂਪ ਸੁਥਾਰ/ਸੁਤਾਰ ਇੱਕ ਗੋਤ ਵੀ ਹੈ। ਰਾਜਸਥਾਨ ਤੇ ਹੋਰ ਕੁਝ ਇਲਾਕਿਆਂ ਵਿਚ ਵਿਸ਼ਕਰਮਾ ਸਮਾਜ ਦੇ ਲੋਕਾਂ ਯਾਨਿ ਤਖਾਣਾਂ-ਲੁਹਾਰਾਂ ਲਈ ਵਰਤੀਂਦਾ ਇਹ ਜਾਤੀਗਤ ਸ਼ਬਦ ਵੀ ਹੈ ਤੇ ਉਪ-ਨਾਂ ਵੀ। ਪੁਰਾਣੇ ਜ਼ਮਾਨੇ ਵਿਚ ਸੂਤਰ ਜਾਂ ਸੂਤ ਪੈਮਾਇਸ਼ ਵਾਲਾ ਇਕ ਸੰਦ ਸੀ। ਸਤਹ ਦੀ ਸਮਤਲਤਾ ਜਾਚਣ ਲਈ ਇਸ ਦੇ ਸਿਰੇ 'ਤੇ ਭਾਰ ਬੰਨ ਕੇ ਲਟਕਾਇਆ ਜਾਂਦਾ ਸੀ, ਇਸ ਨੂੰ ਸਾਹਲ ਕਿਹਾ ਜਾਂਦਾ ਹੈ। ਕੰਧਾਂ ਬਣਾਉਂਦਿਆਂ ਰਦੇ ਨੂੰ ਸੇਧ ਵਿਚ ਰੱਖਣ ਲਈ ਖਿਤਿਜ ਰੁੱਖ ਵੀ ਸੂਤਰ ਲਾਇਆ ਜਾਂਦਾ ਹੈ। ਅਰਬੀ ਸਤਰ ਤੋਂ ਮਿਸਤਰ ਬਣਿਆ ਤੇ ਫਿਰ ਮਿਸਤਰੀ। ਮੁੱਕਦੀ ਗੱਲ ਅਰਬੀ ਸਤਰ ਅਤੇ ਸੰਸਕ੍ਰਿਤ ਸੂਤਰ ਵਿਚਕਾਰ ਕੋਈ ਪੁਰਾਣਾ ਰਿਸ਼ਤਾ ਹੋਣ ਦੀ ਸੰਭਾਵਨਾ ਪ੍ਰਗਟਾਈ ਗਈ। ਦੋਹਾਂ ਸ਼ਬਦਾਂ ਦਾ ਵਿਕਾਸ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ,

ਸਤਰ>ਮਿਸਤਰ>ਮਿਸਤਰੀ
ਸੂਤਰ>ਸੂਤਰਧਾਰ>ਸੁਥਾਰ/ਸੁਤਾਰ

ਮਿਸਤਰੀ ਸ਼ਬਦ ਨੂੰ ਅਰਬੀ ਪਿਛੋਕੜ ਦਾ ਦਰਸਾਉਣ ਲਈ ਇਕ ਹੋਰ ਸੁਝਾਅ ਆਇਆ। ਉਤਰੀ ਅਫਰੀਕਾ ਦੇ ਅਰਬਾਂ ਨੇ 9ਵੀਂ ਤੋਂ 15ਵੀਂ ਸਦੀ ਤੱਕ ਆਇਬੇਰੀਆ ਪ੍ਰਾਯਦੀਪ 'ਤੇ ਰਾਜ ਕੀਤਾ ਸੀ। ਇਸ ਦੌਰਾਨ ਅਰਬੀ ਅਤੇ ਪੁਰਤਗਾਲੀ ਭਾਸ਼ਾਵਾਂ ਵਿਚਾਲੇ ਪਰਸਪਰ ਪ੍ਰਭਾਵ ਪਿਆ। ਸੋ, ਸੰਭਵ ਹੈ ਕਿ ਪੁਰਤਗਾਲੀ Mestre ਅਤੇ ਅਰਬੀ ਮਿਸਤਰੀ ਦੀ ਆਪਸ 'ਚ ਤਾਰ ਜੁੜਦੀ ਹੋਵੇ।

ਮੈਂ ਕੁਝ ਅਰਬੀ ਸ੍ਰੋਤ ਫਰੋਲੇ। ਉਨ੍ਹਾਂ ਵਿਚ ਪਾਲ, ਰੇਖਾ ਦੇ ਅਰਥਾਂ ਵਾਲਾ ਸਤਰ ਸ਼ਬਦ (ਜੋ ਪੰਜਾਬੀ ਵਿਚ ਵੀ ਖੂਬ ਪ੍ਰਚਲਿਤ ਹੈ) ਅਤੇ ਇਸ ਤੋਂ ਬਣੇ ਅਨੇਕਾਂ ਸ਼ਬਦ ਜਿਵੇਂ ਮਿਸਤਰਹ (ਪੈਮਾਨਾ, ਫੁੱਟਾ, ਨਿਮਨ ਲਿਖਤ); ਮਿਸਤਾਰ (ਗਰਮਾਲਾ); ਮੁਸਤਰ (ਕਾਗਜ਼ ਦਾ ਟੁਕੜਾ, ਦਸਤਾਵੇਜ਼); ਤਸਤੀਰ (ਰਿਕਾਰਡ, ਖਾਕਾ, ਉਲੀਕਣ) ਆਦਿ ਤਾਂ ਮਿਲਦੇ ਹਨ, ਪਰ ਸਾਡਾ ਮਿਸਤਰੀ ਗਾਇਬ ਹੈ। ਮਿਸਤਰੀ ਅਤੇ ਰਾਜ ਦੇ ਭਾਵਾਂ ਲਈ ਅਰਬੀ ਵਿਚ ਹੋਰ ਸ਼ਬਦ ਹਨ। ਫਿਰ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਇਹ ਸ਼ਬਦ ਅਰਬੀ ਅਸਲੇ ਦਾ ਹੈ? ਇਸ ਤਰ੍ਹਾਂ ਪੁਰਤਗਾਲੀ ਤੋਂ ਅਰਬੀ ਜਾਂ ਉਲਟ ਦਿਸ਼ਾ ਵੱਲ ਗਏ ਹੋਣ ਦੀ ਸੰਭਾਵਨਾ ਵੀ ਸਮਝੋ ਰੱਦ ਹੀ ਹੈ। ਇਸ ਦਾ ਮਤਲਬ ਹੈ ਕਿ ਸੂਤਰ/ਸੂਤਰਧਾਰ ਅਤੇ ਸਤਰ/ਮਿਸਤਰੀ ਆਦਿ ਸ਼ਬਦਾਂ ਦੇ ਅਰਥਾਂ ਦੀ ਸੰਜੋਗੀ ਸਮਾਨਤਾ ਦੇਖ ਕੇ ਲੰਮਾ ਚੌੜਾ ਤਰਕ ਕੀਤਾ ਗਿਆ ਹੈ। ਵਿਉਤਪਤੀ ਦੇ ਵਿਸ਼ੇ ਵਿਚ ਅਕਸਰ ਬਹੁਤ ਵਾਰੀ ਅਜਿਹੇ ਨਿਪਟ ਤਰਕ ਨਾਲ ਗਲਤ ਨਤੀਜੇ ਕੱਢ ਲਏ ਜਾਂਦੇ ਹਨ। ਠੋਸ ਪ੍ਰਮਾਣ ਲਈ ਸਾਨੂੰ ਸ਼ਬਦਾਂ ਦੇ ਇਤਿਹਾਸ ਅਤੇ ਉਨ੍ਹਾਂ ਦੇ ਲਿਖਤੀ ਰਿਕਾਰਡ ਵੱਲ ਵੀ ਜਾਣਾ ਪੈਂਦਾ ਹੈ।

ਮਿਸਤਰੀ ਸ਼ਬਦ ਦੇ ਮੁੱਢ ਬਾਰੇ ਮੈਨੂੰ ਇਸ ਦੇ ਪੁਰਤਗਾਲੀ ਭਾਸ਼ਾ ਦੇ ਅਸਲੇ ਵਾਲੇ ਹੋਣ ਦਾ ਵਿਚਾਰ ਵਧੇਰੇ ਜਚਦਾ ਹੈ। ਪੁਰਤਗਾਲੀ ਵਿਚ ਇਸ ਲਈ ਸ਼ਬਦ ਹੈ, Mestre. ਪਹਿਲਾਂ ਪਹਿਲ ਇਹ ਸ਼ਬਦ ਕਿਸੇ ਸੁਪਰਵਾਈਜ਼ਰ, ਫੋਰਮੈਨ ਆਦਿ ਲਈ ਵਰਤਿਆ ਜਾਣ ਲੱਗਾ। ਫਿਰ ਕਿਸੇ ਵੀ ਸ਼ਿਲਪਕਾਰ ਯਾਨਿ ਲੁਹਾਰ, ਤਰਖਾਣ, ਸੁਨਿਆਰ, ਰਾਜ ਆਦਿ ਦੇ ਮੁਖੀ ਲਈ ਵਰਤਿਆ ਜਾਣ ਲੱਗਾ। ਡਬਲ ਰੋਟੀਆਂ ਬਣਾਉਣ ਵਾਲੇ ਪੁਰਤਗਾਲੀ ਬੰਦੇ ਨੂੰ ਵੀ ਮਿਸਤਰੀ ਨਾਂ ਨਾਲ ਨਿਵਾਜਿਆ ਗਿਆ। ਮੇਹਤਰ ਸ਼ਬਦ ਵਾਂਗ ਪੁਰਤਗੀਜ਼ ਨੌਕਰਾਂ ਨੂੰ ਵੱਡਾ ਦਰਸਾਉਣ ਲਈ ਵੀ ਇਸ ਸ਼ਬਦ ਤੋਂ ਕੰਮ ਲਿਆ ਗਿਆ।

ਸਪੱਸ਼ਟ ਹੈ, ਇਹ ਸ਼ਬਦ ਦੱਖਣ ਵਿਚ ਪੁਰਤਗੇਜ਼ਾਂ ਦੇ ਰਾਜ ਸਮੇਂ ਪਹਿਲਾਂ ਉਥੋਂ ਦੀਆਂ ਭਾਸ਼ਾਵਾਂ ਵਿਚ ਘੁਸਿਆ। ਕੋਂਕਣੀ ਵਿਚ ਇਸ ਨੇ ਮੇਸਤ ਦਾ ਰੂਪ ਧਾਰਿਆ। ਹੌਲੀ ਹੌਲੀ ਇਹ ਸ਼ਬਦ ਉਤਰ ਦੀਆਂ ਭਾਸ਼ਾਵਾਂ ਵੱਲ ਸਰਕਿਆ। ਬਾਅਦ ਵਿਚ ਗੁਜਰਾਤ, ਰਾਜਸਥਾਨ, ਯੂ. ਪੀ. ਅਤੇ ਪਾਰਸੀ ਧਰਮ ਦੇ ਕਈ ਸ਼ਿਲਪਕਾਰ ਸਮਾਜ ਦੇ ਲੋਕ ਮਿਸਤਰੀ ਸ਼ਬਦ ਦੀ ਉਪ-ਨਾਂ ਵਜੋਂ ਵੀ ਵਰਤੋਂ ਕਰਨ ਲੱਗ ਪਏ।

ਐਂਗਲੋ-ਇੰਡੀਅਨ ਕੋਸ਼ 'ਹਾਬਸਨ-ਜਾਬਸਨ' ਵਿਚ ਹਵਾਲਿਆਂ ਸਹਿਤ ਤਸਦੀਕ ਕੀਤਾ ਗਿਆ ਹੈ ਕਿ ਇਹ ਸ਼ਬਦ ਪੁਰਤਗੇਜ਼ੀ ਭਾਸ਼ਾ ਦੇ Mestre ਸ਼ਬਦ ਦਾ ਵਿਗਾੜ ਹੈ, ਜਿਸ ਦਾ ਉਚਾਰਣ ਮੈਸਤਰੀ ਜਿਹਾ ਹੈ। ਇਸ ਕੋਸ਼ ਵਿਚ ਇਸ ਦਾ ਉਪਯੁਕਤ ਅਰਥ ਫੋਰਮੈਨ ਦਿੱਤਾ ਗਿਆ ਹੈ, ਜੋ ਪੁਰਤਗੀਜ਼ ਭਾਸ਼ਾ ਵਿਚ ਵਰਤੇ ਜਾਂਦੇ ਅਰਥ ਨਾਲ ਐਨ ਮਿਲਦਾ ਹੈ। ਜਾਣਕਾਰੀ ਮਿਲਦੀ ਹੈ ਕਿ ਇਸ ਸ਼ਬਦ ਨੂੰ ਅੰਗਰੇਜ਼ੀ ਵਿਚ Mystery ਵਜੋਂ ਵੀ ਲਿਖਿਆ ਜਾਂਦਾ ਸੀ। ਕੋਸ਼ ਵਿਚ 15ਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ 20ਵੀਂ ਸਦੀ ਦੇ ਸ਼ੁਰੂ ਤੱਕ ਪ੍ਰਚਲਿਤ ਇਸ ਸ਼ਬਦ ਦੀਆਂ ਅਨੇਕਾਂ ਵਰਤਣੀਆਂ ਦਰਜ ਹਨ। 1548 ਵਿਚ ਵਰਤੋਂ ਦੀ ਮਿਸਾਲ ਹੈ, "He ordered to be collected in the smithies of the dockyard as many smiths as could



be had, for he had many misteres." ਅਤੇ 1554 ਦੀ, "To the mestrè of the smith's shop (ferraria) 30,000 reis of salary and 600 reis for maintenance."

ਅਸਲ ਵਿਚ ਪੁਰਤਗੀਜ਼ ਦਾ ਇਹ ਸ਼ਬਦ ਅੰਗਰੇਜ਼ੀ ਮਾਸਟਰ (Master) ਦਾ ਸਜਾਤੀ ਹੈ, ਜਿਸ ਦੀ ਜਨਮ-ਪੱਤਰੀ ਅਸੀਂ ਪਿਛਲੇ ਲੇਖ ਵਿਚ ਵਾਚ ਆਏ ਹਾਂ। ਇਸ ਦਾ ਮੁਢ ਵੀ ਲਾਤੀਨੀ Magester ਹੀ ਹੈ। ਇਸ ਦਾ ਸ਼ਾਬਦਿਕ ਅਰਥ ਬਣਦਾ ਹੈ, 'ਵਡੇਰਾ ਜਾਂ ਮਹਾਨਤਰ' ਅਤੇ ਪਰਿਵਰਤਿਤ ਅਰਥ 'ਮੁਖੀਆ, ਮਾਹਰ।' ਅਸੀਂ ਦੇਖਿਆ ਸੀ ਕਿ ਕਿਵੇਂ ਵਿਭਿੰਨ ਯੂਰਪੀ ਭਾਸ਼ਾਵਾਂ ਵਿਚ ਇਸ ਦੇ ਰੁਪਾਂਤਰ ਕਾਰੀਗਰ ਜਿਹੇ ਅਰਥਾਂ ਵਿਚ ਵਰਤੇ ਜਾਂਦੇ ਹਨ। ਇਥੇ ਸੰਗੀਤ ਦੇ ਪ੍ਰਸੰਗ ਵਿਚ Maestro ਸ਼ਬਦ ਯਾਦ ਕਰਵਾਇਆ ਜਾਂਦਾ ਹੈ। ਰੂਸੀ ਵਿਚ ਇਸ ਦੇ ਰੁਪਾਂਤਰ ਦਾ ਅਰਥ ਹੈ, 'ਕੁਸ਼ਲ ਕਾਮਾ।' ਅਸੀਂ ਇਹ ਵੀ ਦੱਸਿਆ ਸੀ ਕਿ ਅੰਗਰੇਜ਼ੀ ਮਾਸਟਰ ਫਾਰਸੀ ਮੇਹਤਰ ਅਤੇ ਪੰਜਾਬੀ ਮਿਹਤਰ ਦਾ ਸਜਾਤੀ ਹੈ। ਹੁਣ ਹੋਰ ਅਗੇ ਮਿਸਤਰੀ ਵੀ ਜੋੜ ਲਓ। ਗੌਰ ਕਰੋ, ਮੇਹਤਰ ਤੇ ਮਿਸਤਰੀ ਦੇ ਅਰਥਾਂ ਵਿਚ ਵੀ ਕਿੰਨੀ ਸਮਾਨਤਾ ਹੈ। ਮਿਸਤਰੀ ਮੁਖੀਆ ਵੀ ਹੈ ਤੇ ਮਾਹਰ ਵੀ।

ਘਰ ਬਣਾਉਣ ਵਾਲੇ ਲਈ ਵਰਤੇ ਜਾਂਦੇ ਸ਼ਬਦ 'ਰਾਜ' ਦੀ ਵੀ ਕੁਝ ਚਰਚਾ ਕਰ ਲਈਏ, ਕਿਉਂਕਿ ਰਾਜ-ਮਿਸਤਰੀ ਸ਼ਬਦ ਜੁੱਟ ਵਿਚ ਇਹ ਘਟਕ ਵਿਦਮਾਨ ਹੈ। ਸੰਸਕ੍ਰਿਤ ਵਿਚ ਮੈਨੂੰ ਰਾਜ ਸ਼ਬਦ ਦਾ 'ਇਮਾਰਤ ਬਣਾਉਣ ਵਾਲਾ' ਅਰਥ ਨਹੀਂ ਮਿਲਿਆ। ਉਂਜ ਰਾਜ ਸ਼ਬਦ ਦਾ ਅਰਥ ਰਾਜਾ, ਸਾਹਿਬਜ਼ਾਦਾ ਤੋਂ ਇਲਾਵਾ ਮੁਖੀ, ਵੱਡਾ, ਉਤਮ ਵੀ ਹੁੰਦਾ ਹੈ। ਕਈ ਸ਼ਬਦਾਂ ਵਿਚ ਅਗੇਤਰ ਵਜੋਂ ਇਸ ਸ਼ਬਦ ਦੀ ਪਛਾਣ ਹੁੰਦੀ ਹੈ ਜਿਵੇਂ ਰਾਜਮਾਂਹ (ਰੁਆਂਹ)=ਵੱਡੇ ਮਾਂਹ, ਰਾਜ ਮਾਰਗ=ਮੁੱਖ ਮਾਰਗ, ਰਾਜਬਾਹਾ/ਰਜਬਾਹਾ=ਮੁਖ ਨਾਲਾ ਆਦਿ। ਰਾਜ ਦੇ ਮੁਹਾਰਤ ਵਾਲੇ ਵਿਸ਼ੇਸ਼ੀਕ੍ਰਿਤ ਕੰਮ ਜਾਂ ਕਾਰੀਗਰੀ ਦੇਖਦਿਆਂ ਇਸ ਨੂੰ ਰਾਜ ਅਰਥਾਤ ਵੱਡਾ ਜਾਂ ਮੁਖੀਆ ਜਿਹੀ ਸੰਗਿਆ ਨਾਲ ਨਿਵਾਜਿਆ ਗਿਆ ਹੋਵੇਗਾ। ਇਹ ਵੀ ਧਿਆਨ ਦਿਉ ਕਿ ਮਿਸਤਰੀ ਸ਼ਬਦ ਵਿਚ ਵੀ ਮੁਖੀਆ, ਮਹੱਤਵੀ ਦੀ ਗੂੰਜ ਸੁਣਾਈ ਦਿੰਦੀ ਹੈ। ਕਈ ਸ਼ਬਦ ਜੁੱਟ (ਦੁਰੁਕਤੀ) ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚਲੇ ਦੋਨਾਂ ਸ਼ਬਦਾਂ ਦੇ ਇੱਕੋ ਅਰਥ ਹੁੰਦੇ ਹਨ ਜਿਵੇਂ ਜਲ-ਪਾਣੀ, ਚਿੱਠੀ-ਪੱਤਰ ਆਦਿ। ਇਸ ਸ਼ਬਦ ਦਾ ਪਹਿਲਾ ਰੂਪ ਰਾਜਗੀਰ ਅਰਥਾਤ ਮੁਖ ਕਾਰੀਗਰ ਹੋ ਸਕਦਾ ਹੈ, ਜਿਸ ਤੋਂ ਗੀਰ ਪਿਛੇਤਰ ਸਮੇਂ ਨਾਲ ਅਲੋਪ ਹੋ ਗਿਆ। ਕੁਝ ਸ੍ਰੋਤਾਂ ਵਿਚ ਇਸ ਸ਼ਬਦ ਨੂੰ ਫਾਰਸੀ ਰਾਜ਼ ਦਾ ਬਦਲਿਆ ਰੂਪ ਦੱਸਿਆ ਗਿਆ ਹੈ ਪਰ ਇਹ ਬਿਆਨ ਸ਼ੰਕਾਮਈ ਹੈ। ਰਹੱਸ ਦੇ ਅਰਥਾਂ ਵਾਲੇ ਰਾਜ਼ ਦਾ ਮਿਸਤਰੀ ਦੇ ਅਰਥਾਂ ਵਾਲੇ ਰਾਜ ਨਾਲ ਕਿਵੇਂ ਜੋੜ ਬੈਠਦਾ ਹੈ? ਹੋਰ ਖੋਜ ਦੀ ਲੋੜ ਹੈ।

## ਕਾਵਿ ਜਗਤ

### ਵਿੱਛੜ ਗਏ ਲਾਲ ਗੁਰੂ ਦੇ

ਵਿੱਛੜ ਗਏ ਲਾਲ ਗੁਰੂ ਦੇ
ਵਿੱਛੜ ਗਈਆਂ ਸੀ ਮਾਂਵਾਂ।
ਚੜ੍ਹ-ਚੜ੍ਹ ਆਵੇ ਸਰਸਾ
ਚੜ੍ਹਨ ਘਟਾਵਾਂ, ਚੱਲਣ ਤੇਜ 'ਵਾਵਾਂ।

ਬਾਣੀ ਪੜ੍ਹਦੇ, ਵੰਡ ਕੇ ਛਕਦੇ
ਸਿੱਖ ਗੁਰੂਆਂ ਦੇ ਸਾਰੇ।
ਮਹਿਲਾਂ ਵਿਚ ਖੇਡਣ ਲਾਲ ਗੁਰੂ ਦੇ
ਜਿਉਂ ਚਮਕਣ ਅੰਬਰੀਂ ਤਾਰੇ।
ਹੱਸਦੀ-ਵੱਸਦੀ ਅੰਨਦਪੁਰੀ ਨੂੰ
ਘੇਰਿਆ ਆਣ ਬਲਾਵਾਂ...।

ਪਾਪੀ ਪਾਪ ਕਮਾਵਣ ਲੱਗੇ
ਭੁੱਲ ਕੇ ਖਾਧੀਆਂ ਸਹੁੰਆਂ।
ਤੱਕ ਪਰਿਵਾਰ ਗੁਰੂ ਦਾ ਕਰਦੇ
ਜਾਨ-ਮਾਲ ਦੀਆਂ ਲੁੱਟਾ-ਖੋਹਾਂ।
ਲਾ ਸਿਰ-ਧੜ ਦੀ ਬਾਜੀ ਸਿੰਘਾਂ
ਕੀਤੀਆਂ ਤਲਵਾਰਾਂ ਦੀਆਂ ਛਾਂਵਾਂ...।

ਬੱਦਲ ਗਰਜਣ, ਤਲਵਾਰਾਂ ਖੜਕਣ
ਰੂਹ ਧਰਤੀ ਦੀ ਕੰਬੇ।
ਖਿੰਡ ਗਿਆ ਪਰਿਵਾਰ ਦਸ਼ਮੇਸ਼ ਦਾ
ਕੋਈ ਸੱਜੇ, ਕੋਈ ਖੱਬੇ।
ਅੱਗੇ ਕੀ ਅਣਹੋਣੀ ਵਾਪਰੂ
ਮਨਦੀਪ ਹੱਥ ਜੋੜ ਮੰਗੇ ਦੁਆਵਾਂ।

*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

---

### ਕਰਤਾਰਪੁਰ ਦਾ ਲਾਂਘਾ

ਸਿੱਧੂ ਅਤੇ ਇਮਰਾਨ 'ਤੇ
ਜਦ ਮਿਹਰ ਕੀਤੀ ਨਿਰੰਕਾਰ।
ਸੁਣ ਬਾਦਲ ਦੇ ਪਰਿਵਾਰ ਨੂੰ
ਚੜ੍ਹ ਗਿਆ ਤੇਜ ਬੁਖਾਰ।

ਖੜ੍ਹੇ ਪੈਰੀਂ ਉਨ੍ਹਾਂ ਰੱਖ ਲਿਆ
ਘਰ ਕੀਰਤਨ ਦਰਬਾਰ।
ਮੋਦੀ ਨੂੰ ਘਰੇ ਬੁਲਾ ਲਿਆ
ਅਤੇ ਕੀਤੀ ਹਾਲ ਪੁਕਾਰ।

ਫਿਰ ਤਰਲੇ ਕੀਤੇ ਮੋਦੀ ਦੇ
ਅਸੀਂ ਡਾਢੇ ਹਾਂ ਅਵਾਜਾਰ।
ਸਾਨੂੰ ਸਾਰੀ ਦੁਨੀਆਂ ਕੋਸਦੀ
ਅਸੀਂ ਫਸੇ ਹਾਂ ਵਿਚ ਮੰਝਧਾਰ।

ਅਸੀਂ ਹੋਏ ਬੜੇ ਬਦਨਾਮ ਹਾਂ
ਸਾਡਾ ਕੁਝ ਤਾਂ ਕਾਜ ਸਵਾਰ।
ਸਾਡੇ ਬਚਣ ਦੀ ਕੋਈ ਉਮੀਦ ਨਾ
ਸਾਡੇ ਮਗਰ ਪਈ ਸਰਕਾਰ।

ਅਸੀਂ ਗੁਰੂ ਦੀਆਂ ਗੋਲਕਾਂ ਲੁੱਟੀਆਂ
ਸਾਨੂੰ ਲੋਕੀਂ ਕਹਿਣ ਗੱਦਾਰ।
ਸਾਨੂੰ 'ਕਾਲੀ ਵੀ ਛੱਡਦੇ ਜਾਂਵਦੇ
ਸਾਡਾ ਭੰਡਿਆ ਗਿਆ ਪਰਿਵਾਰ।

ਅਸੀਂ ਪੈਰੀਂ ਤੇਰੇ ਡਿਗ ਪਏ
ਸਾਨੂੰ ਕੱਢੀਂ ਨਾ ਧੱਕੇ ਮਾਰ।
ਸਾਥੋਂ ਜੋ ਲੈਣੇ ਉਹ ਲੈ ਲਵੀਂ
ਸਾਨੂੰ ਅੱਜ ਰੱਖ ਲੈ ਇੱਕ ਵਾਰ।

ਨੀਂਹ ਪੱਥਰ 'ਤੇ ਸਾਡੇ ਨਾਮ ਲਿਖ
ਸਿੱਧੂ ਨੂੰ ਕੱਢ ਦੇ ਬਾਹਰ।
ਸਾਨੂੰ ਸੁਸ਼ਮਾ ਦੀ ਥਾਂ ਪਾਕਿ ਘੱਲ
ਸਾਡਾ ਕਰ ਦੇ ਬੇੜਾ ਪਾਰ।

ਜਦ ਆਈ 26 ਤਾਰੀਕ ਸੀ
ਜਾ ਬੈਠੇ ਚੌਂਕੜੇ ਮਾਰ।
ਮੋਦੀ ਦੇ ਸੋਹਲੇ ਗਾਂਵਦੇ
ਭੁਲ ਗਿਆ ਨਾਨਕ ਨਿਰੰਕਾਰ।

ਜਾ ਪਹੁੰਚੀ ਬੀਬਾ ਪਾਕਿਸਤਾਨ ਵਿਚ
ਗਈ ਬੈਠ ਪਲੱਥਾ ਮਾਰ।
ਚਿਹਰੇ ਤੋਂ ਖੇੜੇ ਗਾਇਬ ਸੀ
ਜਿਵੇਂ ਲੁਟ ਲਈ ਕਿਸੇ ਬਹਾਰ।

ਨਾ ਇੱਜਤ, ਨਾ ਕੋਈ ਆਬਰੂ
ਲੋਕੀਂ ਮੂੰਹ 'ਤੇ ਕਹਿਣ ਮੱਕਾਰ।
ਸਾਰਾ ਜਗ ਪਾਵੇ ਲਾਹਨਤਾਂ
ਅਤੇ ਫਿਟ ਫਿਟ ਕਹੇ ਸੰਸਾਰ।

ਸਿੱਧ ਕਰ ਦਿਤੈ ਫਿਰ ਬਾਦਲਾਂ
ਅਸੀਂ ਕੌਮ ਦੇ ਵੱਡੇ ਗੱਦਾਰ।
ਸਿੱਧੂ ਖੁਸ਼ੀਆਂ ਦੇ ਵਿਚ ਝੂਮਦਾ
ਉਹਦੇ ਨਾਲ ਖੜ੍ਹਾ ਕਰਤਾਰ।

ਦੇਈਏ ਵਧਾਈਆਂ ਸਿੱਧੂ ਅਤੇ ਖਾਨ ਨੂੰ
ਜਿਨ੍ਹਾਂ ਕੀਤਾ ਏ ਉਪਕਾਰ।
ਆਓ ਕਰੀਏ ਸਾਰੇ ਮਿਲ ਕੇ
ਸਤਿਗੁਰ ਦੀ ਜੈ ਜੈ ਕਾਰ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

### ਧੋਬੀ ਦਾ ਕੁੱਤਾ

ਵਸ ਲਾਲਸਾਂਵਾਂ ਦੇ, ਤੇ ਚਕਾ ਚੌਂਧ ਡਾਲਰਾਂ ਦੀ
ਵਿਛੜਿਆ ਵਤਨ, ਹੌਲੀ ਹੌਲੀ
ਅਤੀਤ 'ਚ ਖੋਅ ਗਿਆ।
ਵਕਤ ਨੇ ਖੋਹੀਆਂ ਤੰਦਾਂ ਚਾਚੇ-ਤਾਏ ਵਾਲੀਆਂ
ਮਿਲ ਆਉਣ ਦੀਆਂ ਰੀਝਾਂ ਨੂੰ
ਓਵਰ ਟਾਈਮ ਖੋਹ ਗਿਆ।
ਸੋਚਾਂ 'ਚ ਗਲਤਾਨ ਲੰਘਾ ਦਿੱਤੀ ਇਹ ਜ਼ਿੰਦਗੀ
ਏਸ ਅਕਲ ਮੇਰੀ ਨੂੰ, ਖੌਰੇ ਕੀ ਸੀ ਹੋ ਗਿਆ।
ਕਿੱਥੇ ਪਰਿਵਾਰ ਮੇਰਾ, ਤੇ ਕਿਥੇ ਹੈ ਪਿੰਡ ਯਾਰੋ
ਇਨ੍ਹਾਂ ਹੱਦਾਂ ਵਿਚਕਾਰ ਕਿੱਤੇ ਅਲੋਪ ਹੋ ਗਿਆ।
ਕਿਹੜੀ ਖੁਸ਼ੀ ਸਾਂ ਲੱਭਦਾ,
ਸਾਰੀ ਉਮਰ ਨਾ ਸਮਝ ਆਈ
ਖੁਸ਼ੀ ਦਾ ਮੁਕਾਮ ਇੱਕ ਭਰਮ ਜਿਹਾ ਹੋ ਗਿਆ।
ਵਤਨ ਪਛਾਣਦਾ ਨਹੀਂ,
ਤੇ ਪਰਦੇਸ ਅਪਨਾਵੰਦਾ ਨਹੀਂ
ਨਾ ਘਰ ਦਾ, ਨਾ ਘਾਟ ਦਾ,
ਧੋਬੀ ਦਾ ਕੁੱਤਾ ਹੋ ਗਿਆ।

*-ਡਾ. ਰਛਪਾਲ ਸਹੋਤਾ*

---

### ਅੱਜ ਦੀ ਗੱਲ

ਵਿਹਲ ਮਿਲੀ ਹੁਣ ਸੋਚਣ ਦੀ,
ਸਭ ਗਲਤੀਆਂ ਪੋਚਣ ਦੀ।
ਜਾਣੇ ਵਿਚ ਵੀ ਜੋ ਕੀਤੀਆਂ,
ਹੁਣ ਤਾਂ ਹੋਈਆਂ ਬੀਤੀਆਂ।
ਬਥੇਰੇ ਕਰ ਲੇ ਵਾਰੇ ਨਿਆਰੇ,
ਚਲੋ ਚੱਲੀਏ ਗੁਰੂ-ਦੁਆਰੇ।
ਕਰ 'ਸੇਵਾ' ਅਰਦਾਸ ਕਰਾਵਾਂਗੇ,
ਫੋਟੋ ਨਾਲ ਖਬਰ ਲਵਾਵਾਂਗੇ।
ਗੁਰੂ ਤਾਂ ਬਖਸ਼ਣਹਾਰ ਹੈ,
ਸਾਡੀ ਸਿੱਧੀ ਜੁੜਦੀ ਤਾਰ ਹੈ।
ਲੋਕ ਵੀ ਭੁੱਲਣ-ਹਾਰ ਨੇ,
ਮੁੜ ਕਰ ਲੈਂਦੇ ਇਤਬਾਰ ਨੇ।
ਲੋੜ ਪਈ ਵਡਿਆ ਲਵਾਂਗੇ,
ਸਭ ਕੁਝ ਮੁਆਫ ਕਰਾ ਲਵਾਂਗੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

# ਸਾਹਿਰ ਲੁਧਿਆਣਵੀ ਲਾਹੌਰ ਵਿਚ

ਅਗਸਤ 1947 ਵਿਚ ਸਾਹਿਰ ਮੁੰਬਈ ਵਿਚ ਸੀ। ਉਹ 1946 ਵਿਚ ਮੁੰਬਈ ਗਿਆ ਸੀ ਅਤੇ ਹਾਲੇ ਤੱਕ ਹਿੰਦੀ ਫਿਲਮਾਂ ਲਈ ਬਤੌਰ ਗੀਤਕਾਰ ਕੰਮ ਕਰਨ ਲਈ ਕਿਸਮਤ ਅਜ਼ਮਾ ਰਿਹਾ ਸੀ ਜਿਸ ਵਿਚ ਉਸ ਨੂੰ ਮਾਮੂਲੀ ਸਫਲਤਾ ਮਿਲੀ ਸੀ। ਉਸ ਦੀ ਅੰਮੀ ਲੁਧਿਆਣੇ ਫੀਲਡਗੰਜ ਨੇੜੇ ਜਗਰਾਓਂ ਪੁਲ ਦੇ ਥੱਲੇ ਇਕ ਘਰ ਵਿਚ ਰਹਿੰਦੀ ਸੀ। ਮੁਸਲਿਮ ਆਬਾਦੀ ਪਾਕਿਸਤਾਨ ਜਾ ਰਹੀ ਸੀ ਅਤੇ ਹਿੰਦੂ-ਸਿੱਖ ਭਾਰਤ ਆ ਰਹੇ ਸਨ। ਸਰਹੱਦ ਦੇ ਦੋਹੀਂ ਪਾਸੇ ਲੁੱਟ ਅਤੇ ਦੰਗਿਆਂ ਦਾ ਦੌਰ ਚੱਲ ਰਿਹਾ ਸੀ। ਸਾਹਿਰ ਨੂੰ ਅੰਮੀ ਦਾ ਬੜਾ ਫਿਕਰ ਲੱਗਾ ਹੋਇਆ ਸੀ। ਉਸ ਨੇ ਆਪਣੇ ਲੁਧਿਆਣੇ ਦੇ ਦੋਸਤਾਂ



**ਅਨੂਪ ਸਿੰਘ ਸੰਧੂ**

ਨੂੰ ਅੰਮੀ ਨੂੰ ਸੁਰੱਖਿਅਤ ਢੰਗ ਨਾਲ ਲਾਹੌਰ ਭੇਜਣ ਵਿਚ ਮਦਦ ਕਰਨ ਲਈ ਕਿਹਾ। ਉਸ ਦੇ ਸਾਰੇ ਦੋਸਤ ਸਾਹਿਰ ਦੀ ਅੰਮੀ ਨੂੰ ਆਪਣੀ ਮਾਂ ਦਾ ਦਰਜਾ ਦਿੰਦੇ ਸਨ। ਅੰਮੀ ਵੀ ਸਾਹਿਰ ਦੇ ਦੋਸਤਾਂ ਨੂੰ ਆਪਣੇ ਪੁੱਤਰਾਂ ਵਾਂਗ ਸਮਝਦੀ ਸੀ।


ਕਾਮਰੇਡ ਮਦਨ ਲਾਲ ਦੀਦੀ, ਜੋਗਿੰਦਰ ਪਾਲ ਪਾਂਡੇ, ਪੇਂਟਰ ਬਾਵਰੀ ਅਤੇ ਕਾਮਰੇਡ ਓਮ ਪ੍ਰਕਾਸ਼ ਨੇ ਅੰਮੀ ਨੂੰ ਪੂਰੀ ਸੁਰੱਖਿਆ ਨਾਲ ਰਫਿਊਜੀ ਕੈਂਪ ਭੇਜਣ ਵਿਚ ਮਦਦ ਕੀਤੀ। ਫਿਰ ਪੇਂਟਰ ਬਾਵਰੀ ਅੰਮੀ ਨੂੰ ਕੈਂਪ ਤੋਂ ਸਰਹੱਦ ਤੱਕ ਛੱਡ ਕੇ ਆਇਆ। ਜਦੋਂ ਉਹ ਅੰਮੀ ਨੂੰ ਛੱਡ ਕੇ ਵਾਪਸ ਆਇਆ ਤਾਂ ਕੁਝ ਸ਼ਰਾਰਤੀ ਲੋਕਾਂ ਨੇ ਮੁਸਲਮਾਨ ਦੀ ਮਦਦ ਕਰਨ ਲਈ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ। ਉਚੇ-ਲੰਮੇ ਕੱਦ ਅਤੇ ਤਕੜੇ ਜੁੱਸੇ ਵਾਲੇ ਜੋਗਿੰਦਰਪਾਲ ਪਾਂਡੇ ਨੇ ਉਸ ਨੂੰ ਬਚਾਇਆ। ਪਾਂਡੇ ਪੇਂਟਰ ਬਾਵਰੀ ਨੂੰ ਆਪਣੇ ਘਰ ਲੈ ਗਿਆ ਅਤੇ ਉਸ ਦਾ ਇਲਾਜ ਕਰਵਾਇਆ। ਕੁਝ ਦਿਨ ਰਫਿਊਜੀ ਕੈਂਪ ਵਿਚ ਬੇਘਰਾਂ ਵਾਂਗ ਰਹਿਣ ਪਿਛੋਂ ਸਾਹਿਰ ਦੀ ਅੰਮੀ ਲਾਹੌਰ ਚਲੀ ਗਈ। ਸਾਹਿਰ ਹਾਲੇ ਵੀ ਮੁੰਬਈ ਵਿਚ ਹੀ ਸੀ। ਉਹ ਆਪਣਾ ਕੰਮ-ਕਾਰ ਵਿਚੇ ਛੱਡ ਕੇ ਦਿੱਲੀ ਪਹੁੰਚ ਗਿਆ। ਲਾਹੌਰ ਜਾਣ ਤੋਂ ਪਹਿਲਾਂ ਉਹ ਸੱਤ ਦਿਨ ਦਿੱਲੀ ਰਿਹਾ।

ਸਾਹਿਰ ਆਪਣੀ ਅੰਮੀ ਦੀ ਸੁਰੱਖਿਆ ਅਤੇ ਥਾਂ-ਟਿਕਾਣੇ ਬਾਰੇ ਅਣਜਾਣ ਸੀ ਅਤੇ ਉਨ੍ਹਾਂ ਦੀ ਭਾਲ ਵਿਚ ਉਸ ਨੇ ਅਤਿ ਦੇ ਤਸੀਹੇ ਝੱਲੇ। ਕੁਝ ਦਿਨਾਂ ਦੀ ਭਾਲ ਮਗਰੋਂ ਉਸ ਨੇ ਆਪਣੀ ਅੰਮੀ ਨੂੰ ਲੱਭ ਲਿਆ। ਇੱਥੇ ਹੀ ਉਹ ਚੌਧਰੀ ਨਜ਼ੀਰ ਨੂੰ ਮਿਲਿਆ, ਜੋ ਸਾਹਿਰ ਦੀ ਸ਼ਾਇਰੀ ਦਾ ਮੁਰੀਦ ਸੀ ਅਤੇ ਮਸ਼ਹੂਰ ਪ੍ਰਕਾਸ਼ਕ ਸੀ। ਉਹ ਲਾਹੌਰ ਵਿਚ ਕੁਝ ਸਰਕਾਰੀ ਅਫਸਰਾਂ ਨੂੰ ਜਾਣਦਾ ਸੀ। ਉਸ ਦੀ ਮਦਦ ਨਾਲ ਸਾਹਿਰ ਨੂੰ ਇਕ ਰਫਿਊਜੀ ਘਰ ਅਲਾਟ ਹੋ ਗਿਆ। ਇਸ ਘਰ ਵਿਚ ਉਸ ਨੂੰ ਦੋ ਮੰਜੀਆਂ ਮਿਲੀਆਂ। ਕੁਝ ਹੀ ਦਿਨਾਂ ਵਿਚ ਸਾਹਿਰ ਦਾ ਦੋਸਤ ਅਹਿਮਦ ਰਾਹੀ ਉਸ ਨੂੰ ਪਾਕਿਸਤਾਨੀ ਕਮਿਊਨਿਸਟ ਪਾਰਟੀ ਦੇ ਹੈਡਕੁਆਰਟਰ ਵਿਚ ਮਿਲ ਗਿਆ। ਉਹ ਵੀ ਪਾਕਿਸਤਾਨ ਪਹੁੰਚ ਚੁਕਾ ਸੀ। ਸਾਹਿਰ ਦੀ ਸਿਫਾਰਿਸ਼ 'ਤੇ ਚੌਧਰੀ ਨਜ਼ੀਰ ਨੇ ਰਾਹੀ ਨੂੰ ਵੀ ਇਕ ਕਮਰੇ ਦਾ ਇਕ ਘਰ ਅਲਾਟ ਕਰਵਾਉਣ ਵਿਚ ਮਦਦ ਕਰ ਦਿੱਤੀ।

ਦੋਹਾਂ ਨੂੰ ਅਲਾਟ ਹੋਏ ਘਰ ਐਬਟ ਰੋਡ ਉਤੇ ਬੜੇ ਨੇੜੇ-ਨੇੜੇ ਸਨ। ਉਨ੍ਹਾਂ ਦਾ ਗੁਆਂਢੀ ਵੀ ਲੁਧਿਆਣੇ ਤੋਂ ਆਇਆ ਇਬਨ ਇੰਸ਼ਾ ਸੀ। ਉਨ੍ਹੀਂ ਦਿਨੀਂ ਬੜੀ ਗਰਮੀ ਸੀ ਅਤੇ ਘਰਾਂ ਵਿਚ ਨਾ ਹਾਲੇ ਤੱਕ ਪੱਖੇ ਸਨ ਅਤੇ ਨਾ ਬਿਜਲੀ। ਇਸ ਲਈ ਸਾਰੇ ਬਾਸ਼ਿੰਦੇ ਘਰਾਂ ਦੇ ਬਾਹਰ ਸੌਂਦੇ ਸਨ। ਅਹਿਮਦ ਰਾਹੀ ਕੋਲ ਨਾ ਕੋਈ ਮੰਜੀ ਸੀ ਅਤੇ ਨਾ ਹੀ ਖਰੀਦਣ ਲਈ ਪੈਸੇ। ਸਾਹਿਰ ਅਤੇ ਰਾਹੀ ਇਕ ਮੰਜੀ 'ਤੇ ਸੌਂ ਜਾਂਦੇ ਅਤੇ ਦੂਸਰੀ ਮੰਜੀ 'ਤੇ ਸਾਹਿਰ ਦੀ ਅੰਮੀ ਸੌਂਦੀ। ਹਰ ਰਾਤ ਸਾਹਿਰ ਮੰਜੀ ਨਾ ਖਰੀਦਣ ਕਰਕੇ ਰਾਹੀ ਨਾਲ ਗੁੱਸੇ ਹੋ ਜਾਂਦਾ, ਪਰ ਰਾਹੀ ਕੋਲ ਪੈਸੇ ਹੀ ਨਹੀਂ ਸਨ।

ਕੈਪੀਟਲ ਸਿਨੇਮਾ ਉਨ੍ਹਾਂ ਦੇ ਘਰ ਦੇ ਬੜਾ ਨੇੜੇ ਸੀ। ਜਦੋਂ ਰਾਤ ਨੂੰ ਪੂਰੀ ਸ਼ਾਂਤੀ ਹੁੰਦੀ ਤਾਂ ਸਿਨੇਮੇ ਦੇ ਅੰਦਰ ਚੱਲ ਰਹੀ ਫਿਲਮ ਦੇ ਸੰਵਾਦ ਉਹ ਬੜੇ ਆਰਾਮ ਨਾਲ ਸੁਣ ਸਕਦੇ ਸਨ। ਇਸ ਕਰਕੇ ਉਹ ਫਿਲਮ ਦੇ ਖਤਮ ਹੋਣ ਤੋਂ ਬਾਅਦ ਹੀ ਸੌਂ ਸਕਦੇ ਸਨ। ਹਰ ਰਾਤ ਉਨ੍ਹਾਂ ਨੂੰ ਸੁਣੇ ਹੋਏ ਡਾਇਲਾਗ ਯਾਦ ਹੋ ਜਾਂਦੇ। ਇੱਥੇ ਉਨ੍ਹਾਂ ਨੇ ਕਈ ਫਿਲਮਾਂ ਦੇ ਸੰਵਾਦ ਸੁਣੇ ਜਿਨ੍ਹਾਂ ਵਿਚ ਆਗਾ ਹਸ਼ਰ ਕਸ਼ਮੀਰੀ ਅਤੇ ਮਾਸਟਰ ਰਹਿਮਤ ਅਲੀ ਦੇ ਲਿਖੇ ਸੰਵਾਦ ਸ਼ਾਮਲ ਸਨ। ਸਾਹਿਰ ਇਨ੍ਹਾਂ ਸੰਵਾਦਾਂ ਨੂੰ ਨਾਟਕੀ ਅੰਦਾਜ਼ ਵਿਚ ਆਪਣੇ ਕੁਝ ਦੋਸਤਾਂ ਨੂੰ ਸਾਰੀ ਜ਼ਿੰਦਗੀ ਸੁਣਾਉਂਦਾ ਰਿਹਾ।

ਚੌਧਰੀ ਨਜ਼ੀਰ ਅਹਿਮਦ ਨੇ 'ਸਵੇਰਾ' ਨਾਂ ਦਾ ਦੋ-ਮਹੀਨਾਵਾਰ ਰਸਾਲਾ ਕੱਢਿਆ। ਉਸ ਨੇ ਸਾਹਿਰ ਅਤੇ ਅਹਿਮਦ ਨਦੀਮ ਕਾਸਮੀ ਨੂੰ ਸੰਪਾਦਕ ਰੱਖ ਲਿਆ। ਜਦੋਂ ਇਸ ਦਾ ਪਹਿਲਾ ਅੰਕ ਆਇਆ ਤਾਂ ਇਸ ਦਾ ਕਾਗਜ਼, ਛਪਾਈ ਅਤੇ ਤਸਵੀਰਾਂ ਪਾਠਕਾਂ ਨੂੰ ਖੂਬ ਪਸੰਦ ਆਏ। ਇਸ ਰਸਾਲੇ ਵਿਚ ਕਈ ਮਸ਼ਹੂਰ ਲੇਖਕਾਂ ਦੀਆਂ ਮਿਨੀ ਕਹਾਣੀਆਂ, ਕਵਿਤਾਵਾਂ ਅਤੇ ਸਾਹਿਤਕ ਲੇਖ ਛਪਦੇ, ਪਰ ਵੰਡ ਪਿਛੋਂ ਇਸ ਦੀ ਪਾਠਕ ਗਿਣਤੀ ਬਹੁਤੀ ਨਹੀਂ ਸੀ। ਇਸ ਕਰਕੇ ਕਮਾਈ ਵੀ ਬਹੁਤੀ ਨਹੀਂ ਸੀ। ਮਾਲਕ ਸਾਹਿਰ ਨੂੰ ਬਹੁਤ ਘੱਟ ਤਨਖਾਹ ਦਿੰਦਾ ਸੀ, ਉਹ ਵੀ



*ਅਹਿਮਦ ਨਦੀਮ ਕਾਸਮੀ*

ਵੀਹ-ਤੀਹ ਰੁਪਏ ਦੀਆਂ ਕਿਸ਼ਤਾਂ ਵਿਚ। ਸਾਹਿਰ ਇਹ ਸਾਰੇ ਪੈਸੇ ਆਪਣੇ ਦੋਸਤਾਂ 'ਤੇ ਖਰਚ ਕਰ ਦਿੰਦਾ ਕਿਉਂਕਿ ਉਸ ਨੂੰ ਆਪਣੇ ਦੋਸਤ ਬੜੇ ਪਿਆਰੇ ਸਨ। ਪੂਰੀ ਜ਼ਿੰਦਗੀ ਸਾਹਿਰ ਨੇ ਆਪਣੇ ਦੋਸਤਾਂ ਬਗੈਰ ਇਕ ਦਿਨ ਵੀ ਨਹੀਂ ਗੁਜ਼ਾਰਿਆ। ਉਸ ਦੀ ਅੰਮੀ ਘਰ ਦਾ ਖਰਚਾ ਆਪਣੇ ਸੋਨੇ ਦੇ ਗਹਿਣੇ ਵੇਚ ਕੇ ਚਲਾ ਰਹੀ ਸੀ।

ਇਸ ਦੌਰਾਨ ਉਹ ਦਿੱਲੀ ਵਾਪਸ ਆ ਗਿਆ ਅਤੇ ਬਲਵੰਤ ਗਾਰਗੀ ਨਾਲ ਇਕ ਹਫਤਾ ਰਿਹਾ। ਗਾਰਗੀ ਵੀ ਦੇਸ਼ ਵੰਡ ਤੋਂ ਬਾਅਦ ਲਾਹੌਰੋਂ ਆਇਆ ਸੀ ਅਤੇ ਲੋਕਲ ਐਮ. ਪੀ. ਵੱਲੋਂ ਮਿਲੇ ਦੋ ਕਮਰਿਆਂ ਦੇ ਘਰ ਵਿਚ ਰਹਿੰਦਾ ਸੀ। ਗਿਆਨ



*ਸਾਹਿਰ ਲੁਧਿਆਣਵੀ*

ਸਚਦੇਵ ਅਤੇ ਉਸ ਦੀ ਪਤਨੀ ਅਚਲਾ ਸਚਦੇਵ ਵੀ ਨਾਲ ਹੀ ਰਹਿੰਦੇ ਸਨ। ਦਿੱਲੀ ਵਿਚ ਮਜਹਬੀ ਦੰਗੇ ਚੱਲ ਰਹੇ ਸਨ। ਦਿੱਲੀ ਦੇ ਹਾਲਾਤ ਦੇਖ ਕੇ ਸਾਹਿਰ ਲਾਹੌਰ ਮੁੜ ਗਿਆ। ਪ੍ਰਕਾਸ਼ ਪੰਡਿਤ ਦੇ ਦੱਸਣ ਮੁਤਾਬਕ ਸਾਹਿਰ ਆਪਣੇ ਹਿੰਦੂ-ਸਿੱਖ ਦੋਸਤਾਂ ਦੀ ਕਮੀ ਹਮੇਸ਼ਾ ਮਹਿਸੂਸ ਕਰਦਾ ਰਿਹਾ। ਸਾਹਿਰ ਇਸਲਾਮਿਕ ਪਾਕਿਸਤਾਨ ਦੀ ਥਾਂ ਸੈਕੂਲਰ ਭਾਰਤ ਚਾਹੁੰਦਾ ਸੀ।

ਇਕ ਹੋਰ ਅਧੂਰੀ ਮੁਹੱਬਤ

ਅਹਿਮਦ ਰਾਹੀ ਨੇ ਸਾਹਿਰ ਦੀ ਸੰਨ 1947 ਦੀਆਂ ਸਰਦੀਆਂ ਵੇਲੇ ਦੀ ਇਕ ਹੋਰ ਅਧੂਰੀ ਮੁਹੱਬਤ ਬਾਰੇ ਦਿਲਚਸਪ ਕਿੱਸਾ ਲਿਖਿਆ ਹੈ। ਉਨ੍ਹੀਂ ਦਿਨੀਂ ਦੋਹਾਂ ਕੋਲ ਇਕੋ ਊਨੀ ਕੋਟ ਸੀ, ਜੋ ਉਹ ਵਾਰੋ-ਵਾਰੀ ਪਾਉਂਦੇ। ਇਕ ਦਿਨ ਇਕ ਖੂਬਸੂਰਤ ਔਰਤ 'ਸਵੇਰਾ' ਰਸਾਲੇ ਦੇ ਦਫਤਰ ਆਈ ਅਤੇ ਸਾਹਿਰ ਨੂੰ ਮਿਲੀ। ਉਹ ਆਪਣੀ ਇਕ ਕਹਾਣੀ ਛਪਵਾਉਣਾ ਚਾਹੁੰਦੀ ਸੀ। ਉਹ ਵਿਆਹੀ ਹੋਈ ਸੀ, ਪਰ ਕੁਝ ਜ਼ਿਆਦਾ ਆਧੁਨਿਕਤਾ ਦੇ ਰੰਗ ਵਿਚ ਰੰਗੀ ਹੋਈ ਸੀ। ਉਸ ਦਾ ਘਰ ਵਾਲਾ ਪਾਕਿਸਤਾਨ ਰੇਲਵੇ ਦਾ ਮੁਲਾਜ਼ਮ ਸੀ। ਸਾਹਿਰ, ਜੋ ਉਸ ਵੇਲੇ ਪਿਆਰ ਅਤੇ ਰੋਟੀ-ਦੋਹਾਂ ਲਈ ਭੁੱਖਾ ਸੀ, ਉਸ ਵਿਚ ਦਿਲਚਸਪੀ ਲੈਣ ਲੱਗਾ। ਉਹ ਉਸ ਦਾ ਪਿੱਛਾ ਕਰਨ ਲੱਗਾ।

ਉਹ ਲਾਹੌਰ ਵਿਚ ਸ਼ਿਮਲਾ ਹਿੱਲ ਨੇੜੇ ਮੇਓ ਗਾਰਡਨ ਵਿਚ ਰਹਿੰਦੀ ਸੀ। 1947 ਵਿਚ ਠੰਢ ਬੜੀ ਕੜਾਕੇ ਦੀ ਸੀ। ਸਾਹਿਰ ਊਨੀ ਕੋਟ ਪਾਉਂਦਾ ਤੇ ਮੇਓ ਗਾਰਡਨ ਤੱਕ ਪੈਦਲ ਜਾਂਦਾ ਅਤੇ ਉਸ ਦੇ ਘਰ ਦੇ ਬਾਹਰ ਉਸ ਦਾ ਇੰਤਜ਼ਾਰ ਕਰਦਾ। ਉਸ ਨੂੰ ਤਾਂ ਪਤਾ ਵੀ ਨਹੀਂ ਸੀ ਕਿ ਸਾਹਿਰ ਉਸ ਦਾ ਪਿੱਛਾ ਕਰ ਰਿਹਾ ਅਤੇ ਉਸ ਦੇ ਘਰ ਦੇ ਬਾਹਰ ਖੜ੍ਹਾ ਹੈ। ਅਹਿਮਦ ਰਾਹੀ, ਜਿਸ ਨੂੰ ਇਸ ਤਫਰੀਹ ਲਈ ਸਾਹਿਰ ਦੇ ਨਾਲ ਜਾਣਾ ਪੈਂਦਾ, ਅਕਸਰ ਔਖਾ ਹੋ ਜਾਂਦਾ ਅਤੇ ਸਾਹਿਰ ਨੂੰ ਕਹਿੰਦਾ, ਊਨੀ ਕੋਟ ਉਸ ਨੂੰ ਦੇ ਦੇਵੇ ਕਿਉਂਕਿ ਸਾਹਿਰ ਦੇ ਦਿਲ ਵਿਚ ਆਪਣੇ ਇਸ਼ਕ ਦਾ ਨਿੱਘ ਹੈ। ਦੋਵੇਂ ਹਰ ਰੋਜ਼ ਕੋਟ ਪਾਉਣ ਪਿੱਛੇ ਲੜਦੇ। ਜਿਹੜਾ ਵੀ ਪਹਿਲਾਂ ਕੋਟ ਪਾ ਲੈਂਦਾ, ਉਹ ਦੂਜੇ ਦੀ ਕੋਟ ਪਾਉਣ ਦੀ ਵਾਰੀ ਹੀ ਨਾ ਆਉਣ ਦਿੰਦਾ।

ਰਾਹੀ ਨੇ ਸਾਹਿਰ ਦੇ ਇਸ ਪਿਆਰ ਨੂੰ ਅਧੂਰੀ ਮੁਹੱਬਤ ਕਿਹਾ ਹੈ ਕਿਉਂਕਿ ਇਹ ਇਕਪਾਸੜ ਪਿਆਰ ਸੀ। ਜਦੋਂ ਵੀ ਉਹ ਸਾਹਿਰ ਨੂੰ ਮਿਲਦੀ, ਚਿਹਰੇ 'ਤੇ ਮੁਸਕਾਨ ਤੇ ਬੜੇ ਨਿੱਘ ਨਾਲ ਉਸ ਨਾਲ ਗੱਲਾਂ ਕਰਦੀ, ਪਰ ਇਹ ਉਸ ਦੀ ਆਦਤ ਅਤੇ ਸੁਭਾਅ ਸੀ। ਨਾਲੇ ਉਸ ਦੀ ਸਾਹਿਰ ਵਿਚ ਬਸ ਇੰਨੀ ਹੀ ਰੁਚੀ ਸੀ ਕਿ ਸਾਹਿਰ ਉਸ ਦੀਆਂ ਕਹਾਣੀਆਂ 'ਸਵੇਰਾ' ਵਿਚ ਛਾਪੇ ਤਾਂ ਕਿ ਉਹ ਕਹਾਣੀ ਲੇਖਿਕਾ ਵਜੋਂ ਸ਼ੋਹਰਤ ਖੱਟ ਸਕੇ। ਰਾਹੀ ਨੇ ਸਾਹਿਰ ਨੂੰ ਕਈ ਵਾਰ ਸਮਝਾਇਆ ਕਿ ਉਸ ਔਰਤ ਦਾ ਪਿੱਛਾ ਕਰਨਾ ਫਜ਼ੂਲ ਹੈ ਕਿਉਂਕਿ ਉਹ ਵਿਆਹੀ ਹੋਈ ਹੈ ਤੇ ਖੁਸ਼ੀ-ਖੁਸ਼ੀ ਆਪਣੀ ਵਿਆਹੁਤਾ ਜ਼ਿੰਦਗੀ ਗੁਜ਼ਾਰ ਰਹੀ ਹੈ। ਸਾਹਿਰ ਦੇ ਪਿਆਰ ਵਿਚ ਉਸ ਨੂੰ ਕੋਈ ਦਿਲਚਸਪੀ ਨਹੀਂ ਹੋਵੇਗੀ। ਕੁਝ ਚਿਰ ਪਿਛੋਂ ਸਾਹਿਰ ਦੀ ਉਸ ਪ੍ਰਤੀ ਦਿਲਚਸਪੀ ਖਤਮ ਹੋ ਗਈ ਅਤੇ ਇਹ ਉਸ ਦੇ ਇਕਪਾਸੜ ਪਿਆਰ ਦਾ ਅੰਤ ਸੀ।

'ਮਕਤਾ' ਉਰਦੂ ਦੇ ਦਫਤਰ ਵਿਚ ਹਰ ਹਫਤੇ ਸਾਹਿਤਕ ਮਿਲਣੀ ਹੁੰਦੀ ਜਿਸ ਵਿਚ ਕਈ ਲੇਖਕ ਆਪਣੀਆਂ ਕਹਾਣੀਆਂ, ਕਵਿਤਾਵਾਂ ਅਤੇ ਆਲੋਚਨਾਤਮਕ ਲੇਖ ਪੜ੍ਹਦੇ। ਅਸਲ ਵਿਚ ਇਹ ਦਫਤਰ ਹੈ ਈ ਨਹੀਂ ਸੀ, ਬਲਕਿ ਇਕ ਦੁਕਾਨ ਵਿਚ ਸਾਹਿਤਕ ਗਤੀਵਿਧੀਆਂ ਲਈ ਰਾਖਵਾਂ ਰੱਖਿਆ ਹੋਇਆ ਕਮਰਾ ਸੀ। ਇਸ ਦਾ ਮਾਲਕ ਮੱਛੀਆਂ ਦਾ ਵਪਾਰੀ ਸੀ, ਪਰ ਉਹ ਸਾਹਿਤਕ ਗਤੀਵਿਧੀਆਂ ਵਿਚ ਖੂਬ ਦਿਲਚਸਪੀ ਲੈਂਦਾ। ਸਾਹਿਰ ਉਨ੍ਹੀਂ ਦਿਨੀਂ ਬਹੁਤ ਸਾਰੀਆਂ ਕਵਿਤਾਵਾਂ ਲਿਖ ਰਿਹਾ ਸੀ ਅਤੇ ਅਕਸਰ ਇਨ੍ਹਾਂ ਹਫਤਾਵਾਰੀ ਮਿਲਣੀਆਂ ਵਿਚ ਉਹ ਕਵਿਤਾਵਾਂ ਸੁਣਾਉਂਦਾ। ਆਪਣੇ ਸ਼ੁਰੂਆਤੀ ਦੌਰ ਵਿਚ ਸਾਹਿਰ



*ਅਚਲਾ ਸਚਦੇਵ*

ਨੇ ਕਈ ਬੜੀਆਂ ਕਮਜ਼ੋਰ ਤੇ ਸਾਧਾਰਨ ਨਜ਼ਮਾਂ ਲਿਖੀਆਂ ਜਦੋਂਕਿ ਕਈ ਬੜੀਆਂ ਚੰਗੀਆਂ ਅਤੇ ਯਾਦਗਾਰੀ ਸਨ। ਇਹ ਕਵਿਤਾਵਾਂ ਤਲਖੀਆਂ ਦੇ ਪ੍ਰੀਤਲੜੀ ਐਡੀਸ਼ਨ ਵਿਚ ਛਾਪੀਆਂ ਗਈਆਂ, ਪਰ ਬਾਅਦ ਵਾਲੇ ਐਡੀਸ਼ਨਾਂ 'ਚੋਂ ਹਟਾ ਦਿੱਤੀਆਂ ਗਈਆਂ।

ਜਦੋਂ ਸਾਹਿਰ ਨੇ 'ਸਵੇਰਾ' ਦਾ ਸੰਪਾਦਨ ਸ਼ੁਰੂ ਕੀਤਾ, ਉਸ ਦਾ ਨਾਂ ਪਹਿਲੇ ਸਫੇ 'ਤੇ ਛਪਦਾ, ਅਦਾਰਾ: ਅਹਿਮਦ ਨਦੀਮ ਕਾਸਮੀ, ਸਾਹਿਰ ਲੁਧਿਆਣਵੀ। 'ਸਵੇਰਾ' ਇਕ ਅਗਾਂਹਵਧੂ ਕਿਸਮ ਦਾ ਰਸਾਲਾ ਸੀ। ਇਸ ਲਈ ਖੁਫੀਆ ਏਜੰਸੀਆਂ ਦੀ ਅੱਖ ਇਸ 'ਤੇ ਹਮੇਸ਼ਾ ਰਹਿੰਦੀ। ਜਦੋਂ ਇਸ ਦਾ ਅਗਲਾ ਐਡੀਸ਼ਨ ਛਪਿਆ ਤਾਂ ਇਕ ਬੰਦਾ ਅਹਿਮਦ ਨਦੀਮ ਕਾਸਮੀ ਕੋਲ ਆ ਕੇ ਪੁੱਛਣ ਲੱਗਾ ਕਿ ਉਸ ਨੇ ਕਾਸਮੀ ਅਤੇ ਸਾਹਿਰ ਨੂੰ ਲੱਭ ਲਿਆ, ਪਰ ਇਹ ਅਦਾਰਾ ਕੌਣ ਹੈ?

ਕਾਸਮੀ ਨੂੰ ਉਸ ਬੰਦੇ 'ਤੇ ਹਾਸਾ ਆ ਗਿਆ ਕਿਉਂਕਿ ਉਨ੍ਹੀਂ ਦਿਨੀਂ ਖੁਫੀਆ ਮਹਿਕਮੇ ਦੇ ਬਹੁਤੇ ਮੁਲਾਜ਼ਮ ਅਨਪੜ੍ਹ ਸਨ। ਉਸ ਨੇ ਉਸ ਮੁਲਾਜ਼ਮ ਨੂੰ ਦੱਸਿਆ ਕਿ ਅਦਾਰਾ ਕਿਸੇ ਬੰਦੇ ਦਾ ਨਾਂ ਨਹੀਂ ਬਲਕਿ ਅਦਾਰੇ ਦਾ ਮਤਲਬ ਹੈ, ਸੰਪਾਦਕੀ ਮੰਡਲ।

ਸਾਹਿਰ ਨੇ ਰਸਾਲੇ ਵਿਚ ਸਰਕਾਰ ਵਿਰੋਧੀ ਕੁਝ ਲੇਖ ਲਿਖੇ। ਸਾਹਿਰ ਦੇ ਸ਼ੁਭਚਿੰਤਕ ਆਗਾ ਸ਼ੋਰਸ਼ ਕਸ਼ਮੀਰੀ ਨੇ ਅਜਿਹੇ ਲੇਖਾਂ ਅਤੇ ਕਵਿਤਾਵਾਂ ਦੇ ਨਤੀਜੇ ਬਾਰੇ ਸਾਹਿਰ ਨੂੰ ਖਬਰਦਾਰ ਕੀਤਾ ਕਿਉਂਕਿ ਸੁਰੱਖਿਆ ਏਜੰਸੀਆਂ ਨੇ ਇਨ੍ਹਾਂ ਦਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਸੀ। ਇਹ ਤਾਂ ਪਤਾ ਨਹੀਂ ਕਿ ਸ਼ੋਰਸ਼ ਦੀ ਇਹ ਚਿੰਤਾ ਸੱਚੀ ਸੀ ਜਾਂ ਨਿਰਾ ਖਿਆਲ। ਸਾਹਿਰ, ਜੋ ਆਪਣੇ ਲੇਖਾਂ ਅਤੇ ਕਵਿਤਾਵਾਂ ਰਾਹੀਂ ਉਪਰੋਂ ਬੜਾ ਦਲੇਰ ਲੱਗਦਾ ਸੀ, ਪਰ ਅਸਲ ਵਿਚ ਅੰਦਰੋਂ ਬੜਾ ਹੀ ਕਮਜ਼ੋਰ ਅਤੇ ਛੇਤੀ ਡਾਵਾਂਡੋਲ ਹੋ ਜਾਣ ਵਾਲਾ ਸ਼ਖਸ ਸੀ। ਉਹ ਇਸ ਗੱਲੋਂ ਡਰ ਗਿਆ ਅਤੇ ਆਉਣ ਵਾਲੇ ਨਤੀਜਿਆਂ ਬਾਰੇ ਸੋਚਣ ਲੱਗਾ।

ਸ਼ੋਰਸ਼, ਸਾਹਿਰ ਨੂੰ ਇਹ ਵੀ ਕਹਿੰਦਾ ਹੁੰਦਾ ਸੀ ਕਿ ਕਮਿਊਨਿਸਟ ਉਸ ਦੇ ਮੋਢਿਆਂ 'ਤੇ ਰੱਖ ਕੇ ਬੰਦੂਕ ਚਲਾ ਰਹੇ ਹਨ ਅਤੇ ਉਸ ਨੂੰ ਵਰਤ ਰਹੇ ਹਨ। ਦੂਜੇ ਪਾਸੇ ਕਮਿਊਨਿਸਟਾਂ ਨੇ ਉਸ ਨਾਲ ਵਾਅਦਾ ਕੀਤਾ ਸੀ ਕਿ ਜਦੋਂ ਉਹ ਆਪਣਾ ਰਸਾਲਾ 'ਇਮਰੋਜ਼' ਸ਼ੁਰੂ ਕਰਨਗੇ ਤਾਂ ਸਾਹਿਰ ਨੂੰ ਸੰਪਾਦਕੀ ਮੰਡਲ ਵਿਚ ਰੱਖਣਗੇ। ਪਰ ਜਦੋਂ ਰਸਾਲਾ ਸ਼ੁਰੂ ਹੋਇਆ ਤਾਂ ਉਨ੍ਹਾਂ ਮੌਲਾਨਾ ਚਿਰਾਜ਼ ਹਸਨ ਹਸਰਤ ਨੂੰ ਸੰਪਾਦਕ ਰੱਖ ਲਿਆ। ਉਹ ਸਾਹਿਰ ਦੇ ਖਿਲਾਫ ਸੀ। ਸਾਹਿਰ ਮੀਆਂ ਇਫਤਿਖਾਰ-ਉਲ-ਦੀਨ ਨੂੰ ਕਈ ਵਾਰ ਮਿਲਿਆ, ਪਰ ਉਨ੍ਹਾਂ ਪਰਚੇ ਦੇ ਸੰਪਾਦਕੀ ਮੰਡਲ ਵਿਚ ਸਾਹਿਰ ਨੂੰ ਕੋਈ ਅਹੁਦਾ ਨਾ ਦਿੱਤਾ।

ਸਾਹਿਰ ਨੂੰ ਬਹੁਤ ਵੱਡੀ ਨਮੋਸ਼ੀ ਹੋਈ ਅਤੇ ਉਹ ਉਦਾਸ ਹੋ ਗਿਆ। ਉਸ ਨੂੰ ਸ਼ੋਰਸ਼ ਦੇ ਖਦਸ਼ਿਆਂ 'ਤੇ ਯਕੀਨ ਹੋਣ ਲੱਗਾ। ਜ਼ਹੀਰ ਕਸ਼ਮੀਰੀ, ਹਾਮੀਦ ਅਖਤਰ ਵਰਗੇ ਕਈ ਨਾਮੀਂ ਲੇਖਕ ਪਹਿਲਾਂ ਹੀ ਜੇਲ੍ਹ ਵਿਚ ਡੱਕੇ ਜਾ ਚੁਕੇ ਸਨ। ਸਾਹਿਰ ਵੀ ਉਸ ਦੇ ਸਾਥੀਆਂ ਅਤੇ ਦੋਸਤਾਂ ਵੱਲੋਂ ਅਪਨਾਏ ਗਏ ਕੱਟੜ ਇਸਲਾਮਿਕ ਵਿਚਾਰਾਂ ਤੋਂ ਅੱਕ ਚੁਕਾ ਸੀ। ਫਿਰ ਕਿਸੇ ਨੇ ਉਸ ਨੂੰ ਚਿੰਤਾਜਨਕ ਖਬਰ ਸੁਣਾਈ ਕਿ ਸੱਤਾ ਦੇ ਵਿਰੁਧ ਲਿਖਤਾਂ ਕਰਕੇ ਪਾਕਿਸਤਾਨੀ ਸੀ. ਆਈ. ਡੀ. ਉਸ ਨੂੰ ਗ੍ਰਿਫਤਾਰ ਕਰਨ ਲਈ ਵਾਰੰਟ ਜਾਰੀ ਕਰ ਰਹੀ ਹੈ। ਸੱਚਮੁੱਚ ਉਸ ਦੀ ਕਲਮ ਨੇ ਪੰਦਰਵਾੜੇ 'ਸਵੇਰਾ' ਵਿਚ ਨਵੇਂ ਬਣੇ ਇਸਲਾਮਿਕ ਸਟੇਟ ਦੇ ਖਿਲਾਫ ਜ਼ਹਿਰ ਉਗਲਿਆ ਸੀ। ਇਨ੍ਹਾਂ ਹਾਲਾਤ ਵਿਚ ਸਾਹਿਰ ਕਰੀਬ ਨੌਂ ਮਹੀਨੇ ਪਾਕਿਸਤਾਨ ਵਿਚ ਗੁਜ਼ਾਰਨ ਮਗਰੋਂ ਜੂਨ 1948 ਵਿਚ ਲਾਹੌਰ ਤੋਂ ਭੱਜ ਆਇਆ। ਉਸ ਦਾ ਭਾਰਤ ਆਉਣਾ ਦੇਸ਼ ਲਈ ਫਾਇਦੇਮੰਦ ਸੀ ਅਤੇ ਪਾਕਿਸਤਾਨ ਲਈ ਬਹੁਤ ਵੱਡਾ ਨੁਕਸਾਨ। ਜਦੋਂ ਸਾਹਿਰ ਨੇ ਲਾਹੌਰ ਛੱਡਿਆ ਤਾਂ ਜੂਨ ਦੀ ਭਖਦੀ ਗਰਮੀ ਵਿਚ ਵੀ ਉਸ ਨੇ ਉਹੀ ਊਨੀ ਕੋਟ, ਵੱਡਾ ਹੈਟ ਅਤੇ ਧੁੱਪ ਵਾਲੀ ਐਨਕ ਪਾਏ ਹੋਏ ਸਨ ਤਾਂ ਕਿ ਪਾਕਿਸਤਾਨੀ ਸੀ. ਆਈ. ਡੀ. ਦੀ ਨਜ਼ਰ ਤੋਂ ਬਚ ਸਕੇ। ਉਹ ਆਪਣੀ ਅੰਮੀ ਨੂੰ ਉਥੇ ਹੀ ਛੱਡ ਆਇਆ। ਬਾਅਦ ਵਿਚ ਸਾਹਿਰ ਦਾ ਇਕ ਦੋਸਤ ਲਾਹੌਰ ਗਿਆ ਅਤੇ ਉਸ ਦੀ ਅੰਮੀ ਨੂੰ ਦਿੱਲੀ ਵਾਪਸ ਲੈ ਆਇਆ।

## ਸਾਹਿਰ ਲੁਧਿਆਣਵੀ ਦੀ ਸ਼ਾਇਰੀ

### ਨੂਰਜਹਾਂ ਕੀ ਮਜ਼ਾਰ ਪਰ

ਪਹਿਲੂ-ਏ-ਸ਼ਾਹ ਮੇਂ ਯੇ ਦੁਖਤਰ-ਏ-ਜਮਹੂਰ ਕੀ ਕਬਰ
ਕਿਤਨੇ ਗੁਮਗੁਸ਼ਤਾ ਫਸਾਨੋਂ ਕਾ ਪਤਾ ਦੇਤੀ ਹੈ।
ਕਿਤਨੇ ਖੂੰਰੇਜ਼ ਹਕਾਯਕ ਸੇ ਉਠਾਤੀ ਹੈ ਨਕਾਬ
ਕਿਤਨੀ ਕੁਚਲੀ ਹੁਈ ਜਾਨੋਂ ਕਾ ਪਤਾ ਦੇਤੀ ਹੈ।

ਕੈਸੇ ਮਗਰੂਰ ਸ਼ਹਨਸ਼ਾਹੋਂ ਕੀ ਤਸਕੀਂ ਕੇ ਲੀਯੇ
ਸਾਲਹਾਸਾਲ ਹਸੀਨਾਓਂ ਕੇ ਬਾਜ਼ਾਰ ਲਗੇ।
ਕੈਸੇ ਬਹਕੀ ਹੁਈ ਨਜ਼ਰੋਂ ਕੀ ਤਯਯੁਸ਼ ਕੇ ਲੀਯੇ
ਸੁਰਖ ਮਹਲੋਂ ਮੇਂ ਜਵਾਂ ਜਿਸਮੋਂ ਕੇ ਅੰਬਾਰ ਲਗੇ।

ਕੈਸੇ ਹਰ ਸ਼ਾਖ ਸੇ ਮੂੰਹ ਬੰਦ ਮਹਕਤੀ ਕਲੀਯਾਂ
ਨੋਚ ਲੀ ਜਾਤੀ ਥੀਂ ਤਜਈਨੇ-ਹਰਮ ਕੀ ਖਾਤਿਰ।
ਔਰ ਮੁਰਝਾ ਕੇ ਭੀ ਆਜਾਦ ਨ ਹੋ ਸਕਤੀ ਥੀਂ
ਜ਼ਿੱਲੇ-ਸੁਬਹਾਨ ਕੀ ਉਲਫਤ ਕੇ ਭਰਮ ਕੀ ਖਾਤਿਰ।

ਕੈਸੇ ਇਕ ਫਰਦ ਕੇ ਹੋਠੋਂ ਕੀ ਜ਼ਰਾ ਸੀ ਜੁੰਬਿਸ਼
ਸਰਦ ਕਰ ਸਕਤੀ ਥੀ ਬੇਲੌਸ ਵਫਾਓਂ ਕੇ ਚਿਰਾਗ।
ਲੂਟ ਸਕਤੀ ਥੀ ਦਮਕਤੇ ਹੁਏ ਮਾਥੋਂ ਕਾ ਸੁਹਾਗ
ਤੋੜ ਸਕਤੀ ਥੀ ਮਯੇ-ਇਸ਼ਕ ਸੇ ਲਬਰੇਜ਼ ਅਯਾਗ।

ਸਹਮੀ ਸਹਮੀ ਸੀ ਫਿਜ਼ਾਓਂ ਮੇਂ ਯੇ ਵੀਰਾਂ ਮਰਕਦ
ਇਤਨਾ ਖਾਮੋਸ਼ ਹੈ ਫਰਿਯਾਦਕੁਨਾ ਹੋ ਜੈਸੇ।
ਸਰਦ ਸ਼ਾਖੋਂ ਮੇਂ ਹਵਾ ਚੀਖ ਰਹੀ ਹੈ ਐਸੇ
ਰੂਹ-ਏ-ਤਕਦੀਸ-ਓ-ਵਫਾ ਮਰਸੀਯਾ ਖਵਾਂ ਹੋ ਜੈਸੇ।

ਤੂ ਮੇਰੀ ਜਾਂ ਹੈਰਤ-ਓ-ਹਸਰਤ ਸੇ ਨ ਦੇਖ
ਹਮ ਮੇਂ ਕੋਈ ਭੀ ਜਹਾਂ ਨੂਰ-ਓ-ਜਹਾਂਗੀਰ ਨਹੀਂ।
ਤੂ ਮੁਝੇ ਛੋੜ ਕੇ ਠੁਕਰਾ ਕੇ ਭੀ ਜਾ ਸਕਤੀ ਹੈ
ਤੇਰੇ ਹਾਥੋਂ ਮੇਂ ਮੇਰਾ ਹਾਥ ਹੈ ਜ਼ੰਜੀਰ ਨਹੀਂ।

### ਉਦਾਸ ਨ ਹੋ

ਮੇਰੇ ਨਦੀਮ ਮੇਰੇ ਹਮਸਫਰ ਉਦਾਸ ਨ ਹੋ।
ਕਠਿਨ ਸਹੀ ਤੇਰੀ ਮੰਜ਼ਿਲ ਮਗਰ ਉਦਾਸ ਨ ਹੋ।

ਕਦਮ ਕਦਮ ਪੇ ਚੱਟਾਨੇਂ ਖੜੀ ਰਹੇਂ ਲੇਕਿਨ
ਜੋ ਚਲ ਨਿਕਲੇ ਹੈਂ ਦਰੀਯਾ ਤੋ ਫਿਰ ਨਹੀਂ ਰੁਕਤੇ।
ਹਵਾਏਂ ਕਿਤਨਾ ਭੀ ਟਕਰਾਏਂ ਆਂਧੀਯਾਂ ਬਨ ਕਰ
ਮਗਰ ਘਟਾਓਂ ਕੇ ਪਰਚਮ ਕਭੀ ਨਹੀਂ ਝੁਕਤੇ...।

ਹਰ ਏਕ ਤਲਾਸ਼ ਕੇ ਰਾਸਤੇ ਮੇਂ ਮੁਸ਼ਿਕਲੇਂ ਹੈਂ ਮਗਰ
ਹਰ ਏਕ ਤਲਾਸ਼ ਮੁਰਾਦੋਂ ਕੇ ਰੰਗ ਲਾਤੀ ਹੈ।
ਹਜਾਰੋਂ ਚਾਂਦ ਸਿਤਾਰੋਂ ਕਾ ਖੂਨ ਹੋਤਾ ਹੈ
ਤਬ ਏਕ ਸੁਬਹ ਫਿਜਾਓਂ ਪੇ ਮੁਸਕੁਰਾਤੀ ਹੈ...।

ਜੋ ਅਪਨੇ ਖੂਨ ਕੋ ਪਾਨੀ ਬਨਾ ਨਹੀਂ ਸਕਤੇ
ਵੋ ਜ਼ਿੰਦਗੀ ਮੇਂ ਨਯਾ ਰੰਗ ਲਾ ਨਹੀਂ ਸਕਤੇ।
ਜੋ ਰਾਸਤੇ ਕੇ ਅੰਧੇਰੋਂ ਸੇ ਹਾਰ ਜਾਤੇ ਹੈਂ
ਵੋ ਮੰਜਿਲੋਂ ਕੇ ਉਜਾਲੇ ਕੋ ਪਾ ਨਹੀਂ ਸਕਤੇ।
ਮੇਰੇ ਨਦੀਮ ਮੇਰੇ ਹਮਸਫਰ...।

# ਕਿਆਮਤ

## ਲੜੀਵਾਰ ਨਾਵਲ

### ਕਿਸ਼ਤ ਅੱਠਵੀਂ

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

### ਤੁਸੀਂ ਪੜ੍ਹ ਚੁਕੇ ਹੋ...

*ਇਰਾਕ ਦੇ ਇਕ ਹਿੱਸੇ ਉਤੇ ਇਸਲਾਮਕ ਸਟੇਟ ਦੇ ਕਬਜ਼ੇ ਪਿਛੋਂ ਜਾਜ਼ੀਦੀ ਕਬੀਲੇ ਦੇ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਵੱਖ-ਵੱਖ ਥਾਂਈਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ। ਇਹ ਉਹ ਸਮਾਂ ਹੈ ਜਦੋਂ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਸੀ। ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ 'ਤੇ ਕਹਿਰ ਢਾਹੁਣ ਲੱਗੇ। ਇਸੇ ਦੌਰਾਨ ਇਨ੍ਹਾਂ ਦੇ ਜਾਜ਼ੀਦੀਆਂ ਦੇ ਇਲਾਕੇ ਵਲ ਵਧਣ ਦੀਆਂ ਸੂਹਾਂ ਮਿਲਣ ਲੱਗੀਆਂ ਅਤੇ ਉਨ੍ਹਾਂ ਆਸਮਾ ਦੇ ਪਿੰਡ ਨੂੰ ਘੇਰਾ ਪਾ ਲਿਆ। ਇਸਲਾਮਕ ਸਟੇਟ ਵਾਲਿਆਂ ਪਿੰਡ ਦੇ ਸਾਰੇ ਬੰਦੇ ਤੇ ਜਨਾਨੀਆਂ ਪਿੰਡ ਤੋਂ ਬਾਹਰ ਇਕੱਠੇ ਕਰ ਲਏ। ਉਥੇ ਬਹੁਤ ਸਾਰੇ ਬੰਦਿਆਂ ਨੂੰ ਗੋਲੀਆਂ ਮਾਰ ਕੇ ਜਨਾਨੀਆਂ ਤੇ ਛੋਟੀ ਉਮਰ ਦੇ ਮੁੰਡਿਆਂ ਨੂੰ ਟਰੱਕਾਂ ਤੇ ਬੱਸਾਂ ਵਿਚ ਲੈ ਤੁਰੇ। ਹੁਣ ਪੜ੍ਹੋ ਉਨ੍ਹਾਂ ਨਾਲ ਕੀ ਕਹਿਰ ਵਾਪਰਦਾ ਹੈ...*

*(9)*

ਬਾਹਰ ਕੁਝ ਵੀ ਨਹੀਂ ਸੀ ਦਿਸ ਰਿਹਾ। ਇਕ ਤਾਂ ਹਨੇਰਾ ਸੀ, ਦੂਜੇ ਬੱਸਾਂ ਦੇ ਸ਼ੀਸ਼ੇ ਪੂਰੀ ਤਰ੍ਹਾਂ ਢਕੇ ਹੋਏ ਸਨ। ਉਂਜ ਮੈਂ ਡਰਾਈਵਰ ਤੋਂ ਦੋ ਸੀਟਾਂ ਹੀ ਪਿੱਛੇ ਸੀ। ਜੋ ਸਾਹਮਣੇ ਸ਼ੀਸ਼ੇ ਰਾਹੀਂ ਨਜ਼ਰ ਆ ਸਕਦਾ ਸੀ, ਬਸ ਓਨਾ ਕੁ ਹੀ ਦਿੱਸਦਾ ਸੀ। ਪਰ ਰਾਤ ਵੇਲੇ ਮੂਹਰਿਉਂ ਆਉਂਦੀਆਂ ਗੱਡੀਆਂ ਦੀ ਰੋਸ਼ਨੀ ਤੋਂ ਸਿਵਾ, ਹੋਰ ਸਾਹਮਣੇ ਦਿੱਸ ਵੀ ਕੀ ਸਕਦਾ ਸੀ! ਹਾਂ ਦੂਜੀਆਂ ਦੋ ਬੱਸਾਂ ਅੱਗੇ ਅੱਗੇ ਭੱਜੀਆਂ



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਜਾ ਰਹੀਆਂ ਸਨ।

ਥਕੇਵੇਂ ਨਾਲ ਬੁਰਾ ਹਾਲ ਸੀ। ਸਵੇਰ ਤੋਂ ਹੁਣ ਤੱਕ ਕੁਝ ਵੀ ਖਾਧਾ ਪੀਤਾ ਨਹੀਂ ਸੀ। ਸਰੀਰਕ ਥਕਾਵਟ ਤੋਂ ਬਿਨਾ ਮਨ ਦੁੱਖਾਂ ਨਾਲ ਵਿੰਨਿਆ ਪਿਆ ਸੀ, ਪਰ ਇਸ ਵੇਲੇ ਆਪਣੇ ਤੋਂ ਵੀ ਵੱਧ, ਸਾਹਮਣੇ ਜਾ ਰਹੀਆਂ ਬੱਸਾਂ 'ਚ ਬੈਠੇ ਛੋਟੇ ਭਰਾਵਾਂ ਦਾ ਫਿਕਰ ਸੀ, ਮਾਂ ਦਾ ਝੋਰਾ ਸੀ। ਫਿਰ ਜ਼ਰਾ ਕੁ ਨੀਂਦ ਆਈ ਹੀ ਸੀ ਕਿ ਫੌਜ਼ੀਆ ਦੀ ਆਵਾਜ਼ ਸੁਣ ਕੇ ਮੈਂ ਅਭੜਵਾਈ ਉਠੀ। ਉਤਾਂਹ ਨੂੰ ਵੇਖਿਆ ਤਾਂ ਅਬੂ ਬਾਤ ਉਸ ਦੇ ਸਿਰ 'ਤੇ ਖੜ੍ਹਾ ਸੀ। ਉਸ ਨੇ ਜ਼ਹਿਰੀਲੀ ਹਾਸੀ ਹੱਸਦਿਆਂ ਫੌਜ਼ੀਆ ਨੂੰ ਕਿਹਾ, "ਮੇਰੀ ਗੱਲ ਮੰਨ ਜਾਂਦੀ ਤਾਂ ਮੌਜਾਂ ਕਰਦੀ। ਨਾਲੇ ਹੁਣ ਕਿਹੜਾ ਤੂੰ ਮੈਥੋਂ ਭੱਜ ਜਾਵੇਂਗੀ।" ਇੰਨਾ ਆਖ ਉਹ ਫੌਜ਼ੀਆ ਦੇ ਬਰਾਬਰ ਬਹਿ ਗਿਆ ਅਤੇ ਉਸ ਦੀ ਕਮੀਜ਼ 'ਚ ਹੱਥ ਪਾ ਲਿਆ। ਉਹ, ਉਸ ਦੇ ਸਰੀਰ ਨਾਲ ਛੇੜ ਛਾੜ ਕਰਨ ਲੱਗਾ ਤਾਂ ਫੌਜ਼ੀਆ ਨੇ ਉਸ ਨੂੰ ਰੋਕਿਆ। ਇਸ 'ਤੇ ਅਬੂ ਬਾਤ ਨੇ ਵੱਟ ਕੇ ਉਸ ਦੇ ਚਪੇੜ ਮਾਰੀ। ਨਾਲ ਹੀ ਆਲੇ ਦੁਆਲੇ ਝਾਕਦਿਆਂ ਪਿਸਤੌਲ ਕੱਢ ਕੇ ਹਵਾ 'ਚ ਲਹਿਰਾਉਂਦਾ ਬੋਲਿਆ, "ਕਿਸੇ ਨੇ ਚੂੰ ਚਾਂ ਕੀਤੀ ਤਾਂ ਗੋਲੀ ਸਿੱਧੀ ਛਾਤੀ 'ਚ ਮਾਰੂੰ। ਇਸ ਵੇਲੇ ਤੁਹਾਡਾ ਮਾਲਕ ਮੈਂ ਆਂ।"

ਥੱਕੀਆਂ ਟੁੱਟੀਆਂ ਕੁੜੀਆਂ ਹੋਰ ਵੀ ਸਹਿਮ ਗਈਆਂ। ਡਰਾਈਵਰ ਆਪਣੇ ਹਿਸਾਬ ਬੱਸ ਚਲਾਉਂਦਾ ਜਾ ਰਿਹਾ ਸੀ। ਉਸ ਨੂੰ ਕੋਈ ਵਾਸਤਾ ਨਹੀਂ ਸੀ ਕਿ ਪਿੱਛੇ ਕੀ ਹੋ ਰਿਹਾ ਹੈ। ਉਹ ਭਾਵੇਂ ਤੁਰਕੀ ਬੋਲ ਰਿਹਾ ਸੀ ਪਰ ਮੈਨੂੰ ਕੁਝ ਕੁਝ ਸਮਝ ਆ ਰਹੀ ਸੀ। ਇੰਨੇ ਨੂੰ ਅਬੂ ਬਾਤ ਨੇ ਆਪਣਾ ਘਿਨਾਉਣਾ ਕੰਮ ਫਿਰ ਤੋਂ ਸ਼ੁਰੂ ਕਰ ਦਿੱਤਾ। ਉਹ ਕਿਸੇ ਵੀ ਸੀਟ 'ਤੇ ਕੁੜੀ ਨਾਲ ਖਹਿ ਕੇ ਬਹਿ ਜਾਂਦਾ ਤੇ ਫਿਰ ਸਰੀਰਕ ਛੇੜ ਛੇੜ ਕਰਦਾ। ਕੁੜੀਆਂ ਮਜਬੂਰ ਸਨ ਤੇ ਚੁੱਪ ਚਾਪ ਉਸ ਦਾ ਧੱਕਾ ਸਹਿ ਰਹੀਆਂ ਸਨ। ਪਿਛਲੇ ਪਾਸੇ ਇਕ ਕੁੜੀ ਨੇ ਉਲਟੀ ਕਰ ਦਿੱਤੀ। ਅਬੂ ਬਾਤ ਨੇ ਗਾਲ੍ਹ ਕੱਢੀ ਪਰ ਕੁੜੀ ਬੇਵਸ ਸੀ। ਉਸ ਦੇ ਕੋਲੋਂ ਬਦਬੂ ਮਾਰਨ ਲੱਗ ਪਈ ਤਾਂ ਇਸ ਦੇ ਅਸਰ ਨਾਲ ਕਈ ਹੋਰ ਕੁੜੀਆਂ ਉਲਟੀਆਂ ਕਰਨ ਲੱਗ ਪਈਆਂ। ਬੱਸ ਵਿਚ ਬਹੁਤ ਭੈੜੀ ਬੋਅ ਫੈਲ ਗਈ। ਨਾ ਕੋਈ ਖਿੜਕੀ ਖੁੱਲ੍ਹੀ ਸੀ ਕਿ ਹਵਾ ਨਾਲ ਕੁਝ ਫਰਕ ਪੈ ਜਾਂਦਾ। ਇਸ ਨਾਲ ਪਿੱਛੇ ਬੈਠੀਆਂ ਕੁੜੀਆਂ ਨੂੰ ਇਕ ਫਾਇਦਾ ਜ਼ਰੂਰ ਹੋਇਆ ਕਿ ਅਬੂ ਬਾਤ, ਉਨ੍ਹਾਂ ਵਲ ਜਾਣੋਂ ਹਟ ਗਿਆ। ਹੁਣ ਉਹ ਸਿਰਫ ਅੱਗੇ ਬੈਠੀਆਂ ਕੁੜੀਆਂ ਨੂੰ ਹੀ ਤੰਗ ਕਰ ਰਿਹਾ ਸੀ। ਮੋੜ ਘੋੜ ਕੇ ਉਹ ਫੌਜ਼ੀਆ ਕੋਲ ਆ ਗਿਆ ਅਤੇ ਉਸ ਦੀ ਛਾਤੀ ਇੰਨੇ ਜ਼ੋਰ ਦੀ ਦੱਬੀ ਕਿ ਫੌਜ਼ੀਆ ਚੀਕਾਂ ਮਾਰਨ ਲੱਗੀ। ਬਾਕੀ ਕੁੜੀਆਂ ਵੀ ਰੋਣ ਕੁਰਲਾਉਣ ਲੱਗੀਆਂ। ਡਰਾਈਵਰ ਨੇ ਉਨ੍ਹਾਂ ਨੂੰ ਚੁੱਪ ਕਰਵਾਉਣਾ ਚਾਹਿਆ ਪਰ ਕੋਈ ਨਾ ਰੁਕੀ। ਸਗੋਂ ਹੋਰ ਉਚੀ ਰੌਲਾ ਪੈਣ ਲੱਗਾ। ਚੀਕ ਚਿਹਾੜਾ ਮੱਚ ਗਿਆ। ਡਰਾਈਵਰ ਨੇ ਫੋਨ 'ਤੇ ਕਿਸੇ ਨਾਲ ਗੱਲ ਕੀਤੀ ਅਤੇ ਬੱਸ ਇਕ ਪਾਸੇ ਰੋਕ ਦਿੱਤੀ। ਅੱਗੇ ਜਾ ਰਹੀਆਂ ਬੱਸਾਂ ਵੀ ਖੜ੍ਹੋ ਗਈਆਂ। ਮੈਂ ਸੋਚਿਆ, ਹੁਣ ਕੋਈ ਵੱਡਾ ਅਫਸਰ ਆਵੇਗਾ ਅਤੇ ਅਬੂ ਬਾਤ ਦੀ ਝਾੜ ਝੰਬ ਕਰੇਗਾ। ਇੰਨੇ ਨੂੰ ਚਿੱਟੇ ਰੰਗ ਦੀ ਜੀਪ ਬੱਸ ਦੇ ਮੂਹਰੇ ਆ ਰੁਕੀ। ਕੋਈ ਉਚ ਕਮਾਂਡਰ ਜੀਪ 'ਚੋਂ ਉਤਰ ਕੇ ਬੱਸ ਵਿਚ ਚੜ੍ਹ ਗਿਆ। ਜਦੋਂ ਉਹ ਥੋੜ੍ਹਾ ਚਾਨਣੇ ਆਇਆ ਤਾਂ ਮੈਂ ਝੱਟ ਪਛਾਣ ਲਿਆ। ਇਹ ਤਾਂ ਕਮਾਂਡਰ ਮੁਰਤਜ਼ਾ ਸੀ, ਜਿਸ ਨੇ ਪਿੰਡ ਦੇ ਸਕੂਲ ਵਿਚ ਸਾਰਾ ਕੁਝ ਕੀਤਾ ਕਰਾਇਆ ਸੀ। ਖੈਰ! ਉਹ ਅਬੂ ਬਾਤ ਕੋਲ ਆਇਆ। ਆਲੇ ਦੁਆਲੇ ਨਜ਼ਰ ਮਾਰਦਿਆਂ ਰੁੱਖੀ ਆਵਾਜ਼ 'ਚ ਪੁੱਛਿਆ, "ਕੌਣ ਐ ਜਿਸ ਨੇ ਗੜਬੜ ਸ਼ੁਰੂ ਕੀਤੀ ਸੀ?"

"ਇਸ ਨੇ।" ਇੰਨਾ ਕਹਿੰਦਿਆਂ ਅਬੂ ਬਾਤ ਨੇ ਫੌਜ਼ੀਆ ਵਲ ਇਸ਼ਾਰਾ ਕੀਤਾ। ਕਮਾਂਡਰ ਮੁਰਤਜ਼ਾ ਨੇ ਫੌਜ਼ੀਆ ਨੂੰ ਪੁੱਛਿਆ ਕਿ ਉਸ ਨੂੰ ਕੀ ਤਕਲੀਫ ਹੈ ਤਾਂ ਉਸ ਨੇ ਸਭ ਬਿਆਨ ਕਰ ਦਿੱਤਾ। ਗੱਲ ਸੁਣਦਿਆਂ ਕਮਾਂਡਰ ਕੜਕਿਆ, "ਤੁਸੀਂ ਕੀ ਸੋਚਦੀਆਂ ਓਂ ਕਿ ਅਸੀਂ ਤੁਹਾਨੂੰ ਹੱਜ ਨੂੰ ਲੈ ਕੇ ਚੱਲੇ ਆਂ?" ਉਸ ਦੀ ਗੱਲ ਸੁਣ ਕੇ ਮੇਰੇ ਅੰਦਰ ਹੱਲ-ਚੱਲ ਜਿਹੀ ਹੋਈ ਤੇ ਮੈਂ ਉਠ ਕੇ ਖੜ੍ਹੀ ਹੋ ਗਈ। ਉਹ ਮੇਰੇ ਵਲ ਵੇਖਦਾ ਗੁੱਸੇ 'ਚ ਬੋਲਿਆ, "ਹਾਂ ਦੱਸ, ਤੈਨੂੰ ਕੀ ਤਕਲੀਫ ਐ?"

"ਮੈਨੂੰ ਪਤਾ ਐ ਕਿ ਇਸਲਾਮਕ ਸਟੇਟ ਬਹੁਤ ਅਸੂਲਾਂ ਵਾਲੀ ਪਾਰਟੀ ਹੈ। ਫਿਰ ਸਾਡੇ ਨਾਲ ਇਹ ਸਲੂਕ ਕਿਉਂ?"

ਉਸ ਨੇ ਮੇਰੇ ਵਲ ਵੇਖਦਿਆਂ ਲਾਲ ਲਾਲ ਅੱਖਾਂ ਕੱਢੀਆਂ ਤੇ ਮੇਰੇ ਨੇੜੇ ਹੁੰਦਾ ਬੋਲਿਆ, "ਹਾਂ, ਇਸਲਾਮਕ ਸਟੇਟ ਦੇ ਅਸੂਲ ਬੜੇ ਨੇਕ ਪਾਕ ਨੇ। ਸਾਡੇ ਲਈ ਔਰਤ ਦਾ ਦਰਜਾ ਬੜਾ ਉਚਾ ਐ। ਪਰ ਇਹ ਸਿਰਫ ਉਨ੍ਹਾਂ ਲਈ ਜੋ ਸਾਡੀ ਖਿਲਾਫਤ ਨੇ, ਸਾਡੇ ਲੋਕ ਨੇ। ਕਾਫਰਾਂ ਵਾਸਤੇ ਇਸਲਾਮਕ ਸਟੇਟ ਕੋਲ ਕੋਈ ਥਾਂ ਨ੍ਹੀਂ। ਤੁਸੀਂ ਸਭ ਕਾਫਰ ਓਂ। ਇਸੇ ਲਈ ਤਾਂ ਤੁਹਾਨੂੰ ਵਾਰ ਵਾਰ ਕਿਹਾ ਗਿਆ ਸੀ ਕਿ ਇਸਲਾਮ ਕਬੂਲ ਕਰੋ ਤੇ ਮੌਜਾਂ ਮਾਣੋ। ਪਰ ਤੁਹਾਡੇ ਫੁਹੜ ਦਿਮਾਗਾਂ 'ਚ ਇਹ ਗੱਲ ਵੜਦੀ ਈ ਨ੍ਹੀਂ।"

"ਪਰ ਔਰਤ ਜ਼ਾਤ ਤਾਂ...।" ਮੈਂ ਕੁਝ ਕਹਿਣ ਹੀ ਲੱਗੀ ਸੀ ਕਿ ਉਸ ਨੇ ਗੁੱਸੇ 'ਚ ਮੈਨੂੰ ਟੋਕ ਕੇ ਬੋਲਿਆ, "ਇਕ ਗੱਲ ਪੱਕੇ ਤੌਰ 'ਤੇ ਸਮਝ ਲਵੋ। ਆਪਣੇ ਦਿਮਾਗਾਂ 'ਚ ਬਿਠਾ ਲਵੋ। ਤੁਸੀਂ ਸਭ ਸਾਡੀਆਂ ਸਾਬੀਆ ਓਂ, ਜਿਸ ਦਾ ਕਿ ਕੋਈ ਹੱਕ ਨ੍ਹੀਂ ਹੁੰਦਾ।" ਇੰਨਾ ਆਖ ਉਸ ਨੇ ਡਰਾਈਵਰ ਨੂੰ ਬੱਸ ਤੋਰਨ ਦੀ ਹਦਾਇਤ ਕੀਤੀ। ਹੇਠਾਂ ਉਤਰਨ ਤੋਂ ਪਹਿਲਾਂ ਉਸ ਨੇ ਅਬੂ ਬਾਤ ਨੂੰ ਕਿਹਾ, "ਜੇ ਹੁਣ ਕੋਈ ਗੜਬੜ ਕਰੇ ਤਾਂ ਤਾਕੀ ਖੋਲ੍ਹ ਕੇ ਚੱਲਦੀ ਬੱਸ 'ਚੋਂ ਬਾਹਰ ਸੁੱਟ ਦਈਂ। ਮੈਨੂੰ ਪੁੱਛਣ ਦੀ ਲੋੜ ਨ੍ਹੀਂ।"

ਬੱਸ ਚੱਲ ਪਈ। ਅਗਲੀਆਂ ਬੱਸਾਂ ਵੀ ਮੂਹਰੇ ਹੋ ਤੁਰੀਆਂ, ਪਰ ਮੈਨੂੰ ਆਪਣੇ ਬੋਲਣ ਦਾ ਖਮਿਆਜ਼ਾ ਭੁਗਤਣਾ ਪਿਆ। ਹੁਣ ਅਬੂ ਬਾਤ ਦਾ ਨਿਸ਼ਾਨਾ ਮੈਂ ਬਣ ਗਈ। ਉਸ ਨੇ ਮੈਨੂੰ ਉਠਾ ਕੇ ਕਿਸੇ ਹੋਰ ਸੀਟ 'ਤੇ ਬਿਠਾ ਲਿਆ। ਫਿਰ ਮੇਰੇ ਨਾਲ ਉਹ ਘਟੀਆ ਹਰਕਤਾਂ ਕਰਨ ਲੱਗਾ। ਮੈਂ ਚੁੱਪ-ਚਾਪ ਉਸ ਦੀ ਬਦਤਮੀਜ਼ੀ ਸਹਿੰਦੀ ਰਹੀ। ਮੈਂ ਬੜੀ ਕੋਸ਼ਿਸ਼ ਕੀਤੀ ਕਿ ਮੈਨੂੰ ਉਲਟੀ ਆ ਜਾਵੇ ਤਾਂ ਕਿ ਮੁਸ਼ਕ ਹੋਣ ਕਾਰਨ ਸ਼ਾਇਦ ਉਹ ਮੇਰੇ ਕੋਲ ਨਾ ਆਵੇ। ਮੂੰਹ 'ਚ ਉਂਗਲਾਂ ਵੀ ਮਾਰੀਆਂ ਪਰ ਕਿਸਮਤ ਨੇ ਸਾਥ ਨਾ ਦਿੱਤਾ। ਇੰਨੇ ਨੂੰ ਅੱਗੇ ਆਲੇ ਦੁਆਲੇ ਲਾਈਟਾਂ ਦਿੱਸਣ ਲੱਗੀਆਂ। ਮੋਸਲ ਸ਼ਹਿਰ ਆ ਚੁਕਾ ਸੀ। ਤਿੰਨ ਕੋਨੀ 'ਤੇ ਜਾ ਕੇ ਬੱਸ ਰੁਕ ਗਈ। ਇੱਥੋਂ ਦੋ ਸੜਕਾਂ ਸ਼ਹਿਰ ਤੋਂ ਉਲਟ ਪਾਸੇ ਨੂੰ ਜਾਂਦੀਆਂ ਸਨ। ਡਰਾਈਵਰ ਦੀਆਂ ਗੱਲਾਂ ਤੋਂ ਮੈਂ ਅੰਦਾਜ਼ਾ ਲਾਇਆ ਕਿ ਇੱਥੋਂ ਬੱਸਾਂ ਵੱਖ ਵੱਖ ਹੋ ਜਾਣਗੀਆਂ। ਉਹੀ ਗੱਲ ਹੋਈ। ਛੋਟੀ ਉਮਰ ਦੇ ਮੁੰਡਿਆਂ ਦੀ ਬੱਸ ਸੱਜੇ ਪਾਸੇ ਦੀ ਵੱਡੀ ਸੜਕ ਮੁੜ ਗਈ। ਡਰਾਈਵਰਾਂ ਦੀ ਆਪਸੀ ਗੱਲਬਾਤ ਤੋਂ ਮੈਨੂੰ ਪਤਾ ਲੱਗ ਗਿਆ ਕਿ ਇਹ ਬੱਸ ਸਿੱਧੀ ਸੀਰੀਆ ਜਾ ਰਹੀ ਹੈ। ਮੈਂ ਛੋਟੇ ਭਰਾਵਾਂ ਦੀ ਆਖਰੀ ਝਲਕ ਵੀ ਨਾ ਵੇਖ ਸਕੀ। ਹਾਂ ਇਹ ਅੰਦਾਜ਼ਾ ਜ਼ਰੂਰ ਹੋ ਗਿਆ ਕਿ ਅੱਗੇ ਚੱਲ ਕੇ ਇਹ ਮੁੰਡੇ ਖੂੰਖਾਰ ਅਤਿਵਾਦੀ ਬਣਾ ਦਿੱਤੇ ਜਾਣਗੇ। ਇਨ੍ਹਾਂ 'ਚੋਂ ਕਈ ਆਤਮਘਾਤੀ ਬੰਬ ਬਣਨਗੇ।

ਇੰਨੇ ਨੂੰ ਅਗਲੀ ਬੱਸ ਸ਼ਹਿਰ ਦੇ ਦੂਜੇ ਪਾਸੇ ਤੋਰ ਦਿੱਤੀ ਗਈ। ਫਿਰ ਸਾਡੇ ਵਾਲੀ ਬੱਸ ਵੀ ਚੱਲ ਪਈ ਤੇ ਕੁਝ ਹੀ ਦੇਰ 'ਚ ਬੱਸ ਇਕ ਵੱਡੀ ਇਮਾਰਤ ਦੇ ਅਹਾਤੇ 'ਚ ਜਾ ਖੜੋਤੀ। ਇਹ ਕੋਈ ਹੋਟਲ ਜਾਪਦਾ ਸੀ। ਹੇਠਾਂ ਕੁਝ ਕਮਰੇ ਸਨ ਅਤੇ ਉਪਰ ਵੀ ਬਹੁਤ ਸਾਰੇ ਕਮਰੇ ਸਨ। ਵਿਚਕਾਰ ਵੱਡਾ ਵਿਹੜਾ ਸੀ। ਜਾਪਦਾ ਸੀ ਜਿਵੇਂ ਇਹ ਇਸਲਾਮਕ ਸਟੇਟ ਵਾਲਿਆਂ ਦਾ ਹੈਡਕੁਆਰਟਰ ਹੋਵੇ। ਕਿਉਂਕਿ ਹਰ ਪਾਸੇ ਗਲਾਂ 'ਚ ਰਾਈਫਲਾਂ ਲਟਕਾਈ ਲੰਬੀਆਂ ਦਾਹੜੀਆਂ ਵਾਲੇ ਮਿਲੀਟੈਂਟ ਘੁੰਮ ਰਹੇ ਸਨ। ਕੁਝ ਕੁ ਸ਼ਾਇਦ ਹੁਣੇ ਕੰਮ 'ਤੇ ਆ ਰਹੇ ਸਨ ਤੇ ਕੁਝ ਰਾਤ ਦੀ ਸ਼ਿਫਟ ਲਾ ਕੇ ਮੁੜ ਰਹੇ ਸਨ। ਖੈਰ! ਸਾਨੂੰ ਬਸ ਤੋਂ ਹੇਠਾਂ ਉਤਰਨ ਦਾ ਹੁਕਮ ਹੋਇਆ। ਅਸੀਂ ਆਪੋ ਆਪਣੀਆਂ ਪੋਟਲੀਆਂ ਸਾਂਭਦੀਆਂ ਖਿੜਕੀ ਨੇੜੇ ਆ ਗਈਆਂ। ਮੂਹਰੇ ਅਬੂ ਬਾਤ ਹੀ ਖੜੋਤਾ ਸੀ ਜੋ ਹਰ ਇਕ ਦੀ ਪੂਰੀ ਤਲਾਸ਼ੀ ਲੈ ਰਿਹਾ ਸੀ। ਇੱਥੋਂ ਨਿਪਟਣ ਪਿਛੋਂ ਸਾਨੂੰ ਉਪਰ ਦੀ ਮੰਜ਼ਲ ਦੇ ਇਕ ਵੱਡੇ ਕਮਰੇ 'ਚ ਤਾੜ ਦਿੱਤਾ ਗਿਆ। ਨਾਲ ਹੀ ਬਾਥਰੂਮ ਸਨ। ਸਾਰੀਆਂ ਕੁੜੀਆਂ ਉਧਰ ਨੂੰ ਭੱਜੀਆਂ। ਜਿਉਂ ਬੱਸਾਂ ਤੁਰੀਆਂ ਸਨ, ਰਾਹ 'ਚ ਕਿਧਰੇ ਵੀ ਸਾਨੂੰ ਬਾਥਰੂਮ ਨਹੀਂ ਵਰਤਣ ਦਿੱਤਾ ਗਿਆ ਸੀ। ਉਧਰੋਂ ਨਿਪਟ ਕੇ ਵਾਪਸ ਕਮਰੇ 'ਚ ਆ ਗਈਆਂ ਤੇ ਫਿਰ ਸਭ ਹੇਠਾਂ ਫਰਸ਼ 'ਤੇ ਬਹਿ ਗਈਆਂ। ਕਿਸੇ ਕੋਲ ਕੁਝ ਕਹਿਣ ਨੂੰ ਨਹੀਂ ਸੀ ਤੇ ਨਾ ਹੀ ਕੋਈ ਬੋਲ ਰਹੀ ਸੀ। ਸਭ ਨੀਵੀਂ ਪਾਈ ਬੈਠੀਆਂ ਸਨ। ਇੰਨੇ ਨੂੰ ਇਕ ਮਿਲੀਟੈਂਟ ਆਇਆ। ਅਬੂ ਬਾਤ ਉਸ ਦੇ ਨਾਲ ਸੀ। ਉਸ ਨੇ ਮੇਰੇ ਅਤੇ ਫੌਜ਼ੀਆ ਵਲ ਇਸ਼ਾਰਾ ਕਰਦਿਆਂ ਸਾਨੂੰ ਨਾਲ ਤੋਰ ਲਿਆ। ਅੱਗੇ ਸਾਨੂੰ ਇਕ ਹੋਰ ਕਮਰੇ ਵਿਚ ਲੈ ਗਏ, ਜਿੱਥੇ ਕਮਾਂਡਰ ਹਾਜੀ ਮੁਰਤਜ਼ਾ ਡਟਿਆ ਬੈਠਾ ਸੀ। ਸਾਨੂੰ ਵੇਖਦਿਆਂ ਉਹ ਜ਼ਹਿਰੀਲੀ ਹਾਸੀ ਹੱਸਿਆ ਤੇ ਸਾਨੂੰ ਇਕ ਪਾਸੇ ਖੜ੍ਹੇ ਹੋਣ ਦਾ ਹੁਕਮ ਹੋਇਆ।

ਕਮਾਂਡਰ ਨੇ ਨਾਲ ਦੇ ਸਾਥੀ ਨੂੰ ਸਿਗਰਟ ਲਾਉਣ ਨੂੰ ਕਿਹਾ। ਫਿਰ ਉਸ ਤੋਂ ਸਿਗਰਟ ਲੈ ਕੇ ਉਹ ਮੇਰੇ ਵਲ ਨੂੰ ਆਇਆ ਤੇ ਮੇਰੀ ਬਾਂਹ ਫੜ੍ਹ ਕੇ ਬਲਦੀ ਸਿਗਰਟ ਡੌਲੇ ਕੋਲ ਨੂੰ ਖੋਭ ਦਿੱਤੀ। ਮੇਰੀਆਂ ਲੇਰਾਂ ਨਿੱਕਲ ਗਈਆਂ। ਪਹਿਲਾਂ ਕੱਪੜਾ ਮੱਚਣ ਤੇ ਫਿਰ ਚਮੜੀ ਸੜਨ ਦੀ ਮੁਸ਼ਕ ਆਈ। ਮੈਂ ਚੀਕਾਂ ਮਾਰੀ ਜਾ ਰਹੀ ਸਾਂ ਤੇ ਉਹ ਸਾਰੇ ਹੱਸੀ ਜਾ ਰਹੇ ਸਨ। ਅੰਤ ਸਿਗਰਟ ਬੁਝ ਗਈ। ਫਿਰ ਕਮਾਂਡਰ ਮੁਰਤਜ਼ਾ ਡਾਂਟ ਭਰੇ ਲਹਿਜੇ 'ਚ ਬੋਲਿਆ, "ਕਿਉਂ ਹੁਣ ਵੀ ਭਾਸ਼ਣ ਦੇਵੇਂਗੀ ਕਿ ਅਜੇ ਕੁਛ ਹੋਰ ਵਿਖਾਵਾਂ?"

"ਨ੍ਹੀਂ, ਮੈਂ ਕੁਛ ਨ੍ਹੀਂ ਕਰਾਂਗੀ।" ਮੈਂ ਰੋਂਦਿਆਂ ਕਿਹਾ। ਫਿਰ ਉਹ ਫੌਜ਼ੀਆ ਵਲ ਨੂੰ ਗਿਆ। ਇਹੀ ਸੁਆਲ ਉਸ ਨੂੰ ਪੁੱਛਿਆ ਤਾਂ ਫੌਜ਼ੀਆ ਨੇ ਵੀ ਮੇਰੇ ਵਾਲਾ ਜੁਆਬ ਹੀ ਦਿੱਤਾ। ਫਿਰ ਕਮਾਂਡਰ ਨੇ ਇਕ ਜਣੇ ਨੂੰ ਇਸ਼ਾਰਾ ਕੀਤਾ ਤੇ ਉਹ ਸਾਨੂੰ ਵਾਪਸ ਕਮਰੇ 'ਚ ਛੱਡ ਆਇਆ। ਮੇਰੀ ਬਾਂਹ ਮੱਚੀ ਜਾ ਰਹੀ ਸੀ। ਅਗਾਂਹ ਇਕ ਵਡੇਰੀ ਉਮਰ ਦੀ ਕੁੜੀ ਨਾਜੋ ਨੇ ਛੇਤੀ ਦੇਣੇ ਟਿਊਬ ਕੱਢੀ ਤੇ ਮੇਰੀ ਬਾਂਹ 'ਤੇ ਲਾਈ। ਨਾਜੋ ਨੇ ਦੱਸਿਆ ਕਿ ਉਹ ਮਹੀਨੇ ਤੋਂ ਵੀ ਉਪਰ ਇਸੇ ਕਮਰੇ 'ਚ ਰਹਿ ਰਹੀ ਸੀ। ਮੇਰੀਆਂ ਭੈਣਾਂ ਮੇਰੀ ਹਾਲਤ ਵੇਖ ਕੇ ਜ਼ਾਰੋ ਜ਼ਾਰ ਰੋ ਰਹੀਆਂ ਸਨ। ਜ਼ੀਨਤ ਮੈਨੂੰ ਚੰਬੜ ਗਈ ਤੇ ਜ਼ਾਹਰਾ ਮੈਨੂੰ ਬੁੱਕਲ 'ਚ ਲੈ ਕੇ ਮੈਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰ ਰਹੀ ਸੀ। ਫੌਜ਼ੀਆ ਇਕ ਪਾਸੇ ਚੁੱਪ ਅਤੇ ਬਹੁਤ ਹੀ ਉਦਾਸ ਬੈਠੀ ਸੀ। ਜਦੋਂ ਮੈਨੂੰ ਪਤਾ ਲੱਗਾ ਕਿ ਨਾਜੋ ਕਾਫੀ ਸਮੇਂ ਤੋਂ ਇੱਥੇ ਹੈ ਤਾਂ ਮੈਂ ਉਸ ਨੂੰ ਪੁੱਛਿਆ ਕਿ ਇੱਥੇ ਦਾ ਹਿਸਾਬ ਕਿਤਾਬ ਕੀ ਹੈ? ਉਹ ਦੱਸਣ ਲੱਗੀ, "ਇਹ ਇਸਲਾਮਕ ਸਟੇਟ ਵਾਲਿਆਂ ਦਾ ਵੱਡਾ ਕੇਂਦਰ ਐ। ਇਸੇ ਕਰਕੇ ਇੱਥੇ ਬਹੁਤ ਜ਼ਿਆਦਾ ਮਿਲੀਟੈਂਟ ਘੁੰਮ ਰਹੇ ਨੇ। ਇੱਥੇ ਨਿੱਤ ਨਵੀਆਂ ਜਾਜ਼ੀਦੀ ਕੁੜੀਆਂ ਲਿਆਉਂਦੇ ਨੇ ਤੇ ਫਿਰ ਅਗਾਂਹ ਵੇਚ ਦਿੰਦੇ ਨੇ। ਉਦੋਂ ਨੂੰ ਹੋਰ ਆ ਜਾਂਦੀਆਂ ਨੇ।"

"ਫਿਰ ਤੂੰ ਇੱਥੇ ਇੰਨੇ ਦਿਨ ਕਿਵੇਂ ਬਚੀ ਰਹੀ?" ਮੈਂ ਪੁੱਛਿਆ।

"ਕਿਉਂਕਿ ਮੈਂ ਵਿਆਹੀ ਹੋਈ ਆਂ। ਵਿਆਹੀ ਹੋਈ ਨੂੰ ਵੇਚਣ ਲਈ ਇਹ ਚਾਲੀ ਦਿਨ ਉਡੀਕਦੇ ਨੇ। ਉਸ ਪਿੱਛੋਂ ਹੀ ਉਸ ਦਾ ਸੌਦਾ ਹੋ ਸਕਦਾ ਹੈ।"

"ਤੇ ਜੋ ਨ੍ਹੀਂ ਵਿਕਦੀਆਂ। ਮੇਰਾ ਮਤਲਬ ਕੁਛ ਰਹਿ ਵੀ ਤਾਂ ਜਾਂਦੀਆਂ ਹੋਣਗੀਆਂ?"

"ਹਾਂ ਇਸ ਤਰ੍ਹਾਂ ਵੀ ਹੁੰਦਾ ਐ। ਉਨ੍ਹਾਂ ਨੂੰ ਫਿਰ ਇਹ ਬੱਸਾਂ 'ਚ ਭਰ ਕੇ ਸੀਰੀਆ ਵਲ ਤੋਰ ਦਿੰਦੇ ਨੇ।"

"ਸੀਰੀਆ ਵਲ ਕਿਉਂ ਭੇਜਦੇ ਨੇ?"

"ਅਸੀਂ ਇਨ੍ਹਾਂ ਦੀਆਂ ਸੈਕਸ ਸਲੇਵ ਆਂ। ਇਹ ਇਨ੍ਹਾਂ ਦੇ ਉਥੇ ਲੜ ਰਹੇ ਮਿਲੀਟੈਂਟਾਂ ਦੀ ਕਾਮ ਪੂਰਤੀ ਲਈ ਸਾਨੂੰ ਉਨ੍ਹਾਂ ਦੇ ਹਵਾਲੇ ਕਰ ਦਿੰਦੇ ਨੇ। ਹੁਣ ਸਾਥੋਂ ਇਹੀ ਕੰਮ ਲੈਣਗੇ। ਭਾਵੇਂ ਇੱਥੇ ਜਾਂ ਭਾਵੇਂ ਕਿਧਰੇ ਹੋਰ।"

"ਇਹ ਸਾਨੂੰ ਰਾਹ 'ਚ ਕਹਿੰਦੇ ਸੀ ਕਿ ਤੁਸੀਂ ਸਾਡੀਆਂ ਸਾਬੀਆ ਓਂ। ਉਹ ਕੀ ਹੁੰਦਾ ਐ?" ਨਫੀਸਾ ਨੇ ਨਾਜੋ ਨੂੰ ਪੁੱਛਿਆ।

"ਸਾਬੀਆ ਦਾ ਭਾਵ ਵੀ ਗੁਲਾਮ ਈ ਐ। ਅਸਲ 'ਚ ਸਾਬੀਆ ਦਾ ਸਹੀ ਅਰਥ 'ਗੁਲਾਮ ਲੌਂਡੀਆ' ਐ।"

ਇੰਨਾ ਕਹਿੰਦਿਆਂ ਉਸ ਨੇ ਲੰਬਾ ਹੌਕਾ ਭਰਿਆ। ਹਰ ਕੋਈ ਉਦਾਸ ਬੈਠੀ ਸੀ। ਕਈ ਜਣੀਆਂ ਆਪਣੀਆਂ ਕਹਾਣੀਆਂ ਸਾਂਝੀਆਂ ਕਰ ਰਹੀਆਂ ਸਨ। ਕਈ ਰੋਈ ਜਾ ਰਹੀਆਂ ਸਨ। ਜ਼ੀਨਤ, ਮੇਰੇ ਅਤੇ ਜ਼ਾਹਰਾ ਦੇ ਵਿਚਾਲੇ ਬੱਚਿਆਂ ਦੀ ਤਰ੍ਹਾਂ ਸਾਨੂੰ ਚੰਬੜੀ ਬੈਠੀ ਸੀ। ਮੈਨੂੰ ਉਸ ਵਲ ਵੇਖ ਕੇ ਅਫਸੋਸ ਹੋਇਆ ਕਿ ਇਸ ਬੱਚੀ ਨਾਲ ਪਤਾ ਨਹੀਂ ਕੀ ਵਾਪਰੇ। ਅਸੀਂ ਕੋਸ਼ਿਸ਼ ਤਾਂ ਕਰ ਰਹੀਆਂ ਸਾਂ ਕਿ ਇਕੱਠੇ ਰਿਹਾ ਜਾਵੇ ਪਰ ਹੁਣ ਸਾਡੇ ਵੱਸ ਕੁਝ ਨਹੀਂ ਸੀ। ਇੱਧਰੋਂ-ਉਧਰੋਂ ਨਵੀਆਂ ਗੱਲਾਂ ਸੁਣ ਰਹੀਆਂ ਸਾਂ। ਦਿਨ ਵੇਲੇ ਸਾਨੂੰ ਕੁਝ ਚਿਪਸ ਵਗੈਰਾ ਅਤੇ ਪਾਣੀ ਦਿੱਤਾ ਗਿਆ, ਪਰ ਕੁਝ ਵੀ ਨਾ ਲੰਘਿਆ। ਇਵੇਂ ਸਾਰਾ ਦਿਨ ਬੀਤ ਗਿਆ। ਸ਼ਾਮ ਵੇਲੇ ਨਾਜੋ ਨੇ ਸਭ ਨੂੰ ਸਮਝੌਤੀ ਦਿੰਦਿਆਂ ਕਿਹਾ, "ਤੁਹਾਡੇ ਨਾਲ ਕੁਛ ਵੀ ਬੁਰਾ ਵਾਪਰ ਸਕਦਾ ਐ। ਰੇਪ ਹੋ ਸਕਦਾ ਐ ਜਾਂ ਗੈਂਗ ਰੇਪ ਵੀ ਹੋ ਸਕਦਾ ਐ। ਆਪਣੇ ਆਪ ਨੂੰ ਕਿਸੇ ਵੀ ਅਣਹੋਣੀ ਲਈ ਮਾਨਸਿਕ ਤੌਰ 'ਤੇ ਤਿਆਰ ਰੱਖੋ। ਹੁਣ ਤਾਂ ਆਪਣਾ ਇਕੋ ਇਕ ਮੁੱਖ ਨਿਸ਼ਾਨਾ ਇਹ ਹੋਣਾ ਚਾਹੀਦਾ ਐ ਕਿ ਜਿਉਂਦਾ ਕਿਵੇਂ ਰਿਹਾ ਜਾਵੇ। ਹੋਰ ਹੁਣ ਆਪਣੇ ਹੱਥ ਵੱਸ ਕੁਛ ਨ੍ਹੀਂ ਐ।"

ਉਸ ਦੀ ਗੱਲ ਸੁਣ ਕੇ ਫੌਜ਼ੀਆ ਬੜੀ ਵਿਚਲਿਤ ਹੋ ਕੇ ਬੋਲੀ, "ਕੁਝ ਵੀ ਹੋ ਜਾਵੇ ਮੈਂ ਕਿਸੇ ਨੂੰ ਆਪਣੇ ਨੇੜੇ ਨ੍ਹੀਂ ਲੱਗਣ ਦੇਣਾ। ਮਾਰ ਕੇ ਭਾਵੇਂ ਕੋਈ ਰੇਪ ਕਰੀ ਜਾਵੇ।"

"ਬੀਬੀ, ਮੈਂ ਤੁਹਾਡੇ ਸਭ ਨਾਲੋਂ ਉਮਰ 'ਚ ਵੱਡੀ ਆਂ। ਬਹੁਤ ਦਿਨਾਂ ਤੋਂ ਇੱਥੇ ਜੋ ਕੁਛ ਹੁੰਦਾ ਐ, ਵੇਖਦੀ ਆ ਰਹੀ ਆਂ। ਮੈਂ ਨਤੀਜਾ ਕੱਢਿਆ

*(ਅਗਲੇ ਸਫੇ 'ਤੇ ਜਾਰੀ)*



**ਮੋਸਲ ਸ਼ਹਿਰ ਵਿਚ ਦਨਦਨਾ ਰਹੇ ਆਈ.ਐਸ.ਆਈ.ਐਸ. ਦਹਿਸ਼ਤਗਰਦ**

ਐ ਕਿ ਹੋਰ ਆਪਣੇ ਹੱਥ ਕੁਛ ਨ੍ਹੀਂ, ਪਰ ਜਿਉਂਦੇ ਰਹਿਣ ਲਈ ਹਰ ਹਰਬਾ ਵਰਤਣਾ ਚਾਹੀਦਾ ਐ।”

ਉਸ ਨੇ ਗੱਲ ਖਤਮ ਕੀਤੀ ਹੀ ਸੀ ਕਿ ਅਬੂ ਬਾਤ ਦਰਵਾਜਾ ਖੋਲ੍ਹ ਕੇ ਅੰਦਰ ਆਇਆ। ਇੱਧਰ ਉਧਰ ਨਿਗ੍ਹਾ ਮਾਰਦਿਆਂ ਉਸ ਦੀ ਨਜ਼ਰ ਫੌਜ਼ੀਆ ‘ਤੇ ਜਾ ਟਿਕੀ। ਉਸ ਨੇ ਉਸ ਨੂੰ ਉਂਗਲ ਦੇ ਇਸ਼ਾਰੇ ਨਾਲ ਉਠਣ ਲਈ ਕਿਹਾ। ਫੌਜ਼ੀਆ ਝਿਜਕਦੀ ਖੜ੍ਹੀ ਹੋ ਗਈ। ਅਬੂ ਬਾਤ ਨੇ ਅਗਾਂਹ ਹੋ ਕੇ ਉਸ ਦੀ ਬਾਂਹ ਫੜ੍ਹੀ ਤੇ ਨਾਲ ਲੱਗਦੇ ਕਮਰੇ ‘ਚ ਲੈ ਗਿਆ। ਉਧਰੋਂ ਕਾਫੀ ਦੇਰ ਤੱਕ ਆਪਸੀ ਧੱਕਾ ਮੁੱਕੀ ਦੀ ਆਵਾਜ਼ ਆਉਂਦੀ ਰਹੀ, ਜਿਵੇਂ ਫੌਜ਼ੀਆ ਉਸ ਨੂੰ ਨੇੜੇ ਨਾ ਲੱਗਣ ਦੇ ਰਹੀ ਹੋਵੇ। ਫਿਰ ਅਬੂ ਬਾਤ ਸੜਦਾ ਬਲਦਾ ਕਮਰੇ ‘ਚੋਂ ਨਿਕਲਿਆ ਅਤੇ ਉਸ ਦੀ ਗੁੱਸੇ ਭਰੀ ਆਵਾਜ਼ ਸਾਡੇ ਤੱਕ ਪਹੁੰਚੀ, “ਤੂੰ ਜੋ ਮੇਰੇ ਮੂੰਹ ‘ਤੇ ਥੁੱਕਿਆ ਐ, ਇਸ ਦਾ ਸਿੱਟਾ ਤਾਂ ਤੈਨੂੰ ਕੱਲ੍ਹ ਨੂੰ ਭੁਗਤਣਾ ਪਊਗਾ। ਪਰ ਜੋ ਤੂੰ ਹੁਣ ਅੜੀ ਫੜੀ ਹੋਈ ਐ, ਉਸ ਦਾ ਪਤਾ ਤੈਨੂੰ ਹੁਣੇ ਲੱਗ ਜਾਊਗਾ।”

ਥੋੜ੍ਹੀ ਦੇਰ ਬਾਅਦ ਤਿੰਨ ਜਣੇ ਉਸ ਨਾਲ ਹੋਰ, ਨਾਲ ਵਾਲੇ ਕਮਰੇ ‘ਚ ਗਏ। ਹੁਣ ਫੌਜ਼ੀਆ ਦੀਆਂ ਚੀਕਾਂ ਸੁਣ ਰਹੀਆਂ ਸਨ। ਅਸੀਂ ਸਭ ਸੁੰਨ ਹੋਈਆਂ ਬੈਠੀਆਂ ਸਾਂ। ਕੁਝ ਕੰਬੀ ਜਾ ਰਹੀਆਂ ਸਨ। ਕਈ ਰੋਈ ਜਾ ਰਹੀਆਂ ਸਨ, ਪਰ ਸਭ ਬੇਵਸ ਸਨ। ਕਾਫੀ ਦੇਰ ਮਗਰੋਂ ਦੋ ਜਣੇ ਨਿਢਾਲ ਹੋਈ ਫੌਜ਼ੀਆ ਨੂੰ ਸਾਡੇ ਕਮਰੇ ‘ਚ ਸੁੱਟ ਗਏ। ਨਾਜੋ ਸਮੇਤ ਅਸੀਂ ਸਭ ਉਸ ਨੂੰ ਸੰਭਾਲਣ ਲੱਗੀਆਂ। ਕਈ ਉਹੜ ਪੋਹੜ ਕੀਤੇ। ਉਸ ਨਾਲ ਗੈਂਗ ਰੇਪ ਹੋਇਆ ਸੀ। ਪਰ ਫੌਜ਼ੀਆ ਤਾਂ ਜਿਵੇਂ ਪੱਥਰ ਹੀ ਬਣ ਗਈ ਹੋਵੇ। ਖੈਰ! ਕਿਵੇਂ ਨਾ ਕਿਵੇਂ ਇਹ ਦੁੱਖਾਂ ਭਰੀ ਰਾਤ ਬੀਤ ਗਈ। ਸਵੇਰ ਵੇਲੇ ਸਾਨੂੰ ਇਕ ਇਕ ਅੰਡਾ, ਕੁਝ ਚਿਪਸ ਅਤੇ ਪਾਣੀ ਮਿਲਿਆ। ਲੰਘਦਾ ਕੁਝ ਨਹੀਂ ਸੀ ਪਰ ਅਣਸਰਦੇ ਨੂੰ ਜਾਂ ਫਿਰ ਜਿਉਂਦਾ ਰਹਿਣ ਲਈ ਕੁਝ ਨਾ ਕੁਝ ਅੰਦਰ ਸੁੱਟ ਲਿਆ। ਉਦੋਂ ਹੀ ਅਬੂ ਬਾਤ ਅੰਦਰ ਆਇਆ। ਉਸ ਨਾਲ ਦੋ ਜਣੇ ਹੋਰ ਸਨ। ਉਹ ਫੌਜ਼ੀਆ ਨੂੰ ਘੜੀਸ ਕੇ ਬਾਹਰ ਲੈ ਗਏ। ਅਸੀਂ ਤਾਕੀਆਂ ਥਾਣੀਂ ਹੇਠਾਂ ਵੇਖਿਆ। ਫੌਜ਼ੀਆ ਨੂੰ ਇਕ ਛੇ ਕੁ ਫੁੱਟ ਉਚੇ ਅਤੇ ਦੋ ਫੁੱਟ ਚੌੜੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ ਸੀ। ਉਹ ਤਿੱਖੜ ਦੁਪਹਿਰੇ, ਵਿਹੜੇ ਵਿਚਕਾਰ ਉਸ ਪਿੰਜਰੇ ਵਿਚ ਖੜ੍ਹੀ ਸੀ। ਕਈ ਘੰਟੇ ਉਹ ਉਥੇ ਹੀ ਬੰਦ ਰਹੀ। ਫਿਰ ਅਬੂ ਬਾਤ ਆਇਆ ਤੇ ਉਸ ਨੇ ਪਿੰਜਰੇ ਦੇ ਆਲੇ ਦੁਆਲੇ ਲੱਕੜਾਂ ਚਿਣ ਦਿੱਤੀਆਂ। ਇਸ ਪਿੱਛੋਂ ਉਹ ਉਤਾਂਹ ਖਿੜਕੀਆਂ ਵਿਚੋਂ ਝਾਕਦੀਆਂ ਸਾਡੇ ਵਰਗੀਆਂ ਕੁੜੀਆਂ ਵਲ ਵੇਖਦਾ ਬੋਲਿਆ, “ਇਸ ਲੌਂਡੀਆ ਨੇ ਮੇਰੇ ਮੂੰਹ ‘ਤੇ ਥੁੱਕਿਆ ਸੀ। ਇਸਲਾਮਕ ਸਟੇਟ ਦੇ ਇਕ ਕਮਾਂਡਰ ਦੇ ਮੂੰਹ ’ਤੇ। ਇਸ ਨੂੰ ਪਤਾ ਨ੍ਹੀਂ ਕਿ ਇਸਲਾਮਕ ਸਟੇਟ ਕੀ ਐ ਤੇ ਇਹ ਕਾਫਰਾਂ ਨਾਲ ਕਿਵੇਂ ਨਿਪਟਦੀ ਐ। ਲਉ ਵੇਖੋ ਫਿਰ ਇਸ ਨਾਲ ਕੀ ਬੀਤਦੀ ਐ।”

ਇੰਨਾ ਕਹਿ ਕੇ ਉਸ ਨੇ ਲੱਕੜਾਂ ਨੂੰ ਅੱਗ ਲਾ ਦਿੱਤੀ। ਫੌਜ਼ੀਆ ਦੀਆਂ ਚੀਕਾਂ ਨੇ ਅਸਮਾਨ ਕੰਬਣ ਲਾ ਦਿੱਤਾ। ਪਰ ਕਿਸੇ ਨੇ ਵੀ ਉਸ ਬੇਵਸ ਜਿਉਂਦੀ ਮੱਚ ਰਹੀ ਅਬਲਾ ‘ਤੇ ਤਰਸ ਨਾ ਕੀਤਾ। ਸਗੋਂ ਆਲੇ ਦੁਆਲੇ ਖੜ੍ਹੇ ਮਿਲੀਟੈਂਟ ਨੱਚਦੇ ਰਹੇ। ਅੰਤ ਨੂੰ ਫੌਜ਼ੀਆ ਦੀ ਆਵਾਜ਼ ਆਉਣੋਂ ਹਟ ਗਈ। ਅਸੀਂ ਖਿੜਕੀਆਂ ਬੰਦ ਕਰ ਦਿੱਤੀਆਂ। ਸਾਰੀਆਂ ਕੁੜੀਆਂ ਜ਼ਾਰੋ ਜ਼ਾਰ ਰੋ ਰਹੀਆਂ ਸਨ। ਰਾਤ ਪੈ ਗਈ ਤੇ ਸਭ ਇਕ ਦੂਜੀ ਦੇ ਨਾਲ ਸਿਮਟ ਕੇ ਪੈ ਗਈਆਂ।

ਅਗਲਾ ਦਿਨ ਦੁੱਖਾਂ ‘ਚ ਤੜਪਦੀਆਂ ਦਾ ਹੀ ਲੰਘਿਆ। ਫਿਰ ਸ਼ਾਮ ਵੇਲੇ ਸਾਨੂੰ ਜਲਦੀ ਹੀ ਖਾਣਾ ਦੇ ਦਿੱਤਾ ਗਿਆ। ਅਸੀਂ ਸਮਝ ਨਾ ਸਕੀਆਂ ਕਿ ਕਿਉਂ? ਖਿਆਲ ਆਇਆ, ਸ਼ਾਇਦ ਅੱਜ ਸਾਨੂੰ ਕਿਧਰੇ ਹੋਰ ਲਿਜਾਣਾ ਹੋਵੇ। ਫਿਰ ਇਕ ਮਿਲੀਟੈਂਟ ਆਇਆ ਤੇ ਕਰੁੱਖਤ ਆਵਾਜ਼ ‘ਚ ਬੋਲਿਆ, “ਸਭ ਲੌਂਡੀਆਂ ਤਿਆਰ ਹੋ ਜਾਵੋ। ਤੁਹਾਨੂੰ ਮੰਡੀ ‘ਚ ਲੈ ਕੇ ਜਾਣਾ ਐਂ।”

“ਮੰਡੀ ‘ਚ?” ਕੋਈ ਹੌਲੀ ਜਿਹੀ ਬੋਲੀ ਤਾਂ ਨਾਜੋ ਸਮਝਾਉਣ ਲੱਗੀ, “ਹਰ ਤੀਜੇ ਦਿਨ ਗੁਲਾਮ ਕੁੜੀਆਂ ਦੀ ਮੰਡੀ ਲੱਗਦੀ ਐ, ਰਾਤ ਵੇਲੇ। ਉਥੇ ਅਮੀਰ ਤੇ ਗਰੀਬ ਸਭ ਆਉਂਦੇ ਨੇ। ਜਿਸ ਨੂੰ ਜੋ ਕੁੜੀ ਪਸੰਦ ਆ ਜਾਵੇ, ਖਰੀਦ ਲੈਂਦਾ ਐ। ਕਈ ਉਥੇ ਪਹਿਲਾਂ ਖਰੀਦੀਆਂ ਕੁੜੀਆਂ ਲੈ ਕੇ ਆਉਂਦੇ ਨੇ ਤੇ ਕਿਸੇ ਨਵੇਂ ਗਾਹਕ ਨੂੰ ਵੇਚ ਜਾਂਦੇ ਨੇ।”

“ਪਰ ਮੰਡੀ ਤਾਂ ਪਸੂਆਂ ਦੀ ਲੱਗਦੀ ਹੁੰਦੀ ਐ।” ਕਿਸੇ ਅਣਭੋਲ ਨੇ ਕਿਹਾ ਤਾਂ ਨਾਜੋ ਸਮਝਾਉਣ ਲੱਗੀ, “ਆਪਾਂ ਪਸੂ ਈ ਤਾਂ ਆਂ। ਸਗੋਂ ਪਸੂਆਂ ਤੋਂ ਵੀ ਭੈੜੀਆਂ। ਪਸੂਆਂ ਨੂੰ ਤਾਂ ਮਾਲਕ ਸੰਭਾਲ ਕੇ ਰੱਖਦਾ ਐ, ਉਸ ਦਾ ਮੋਹ ਕਰਦਾ ਐ ਪਰ ਆਪਾਂ ਨੂੰ ਤਾਂ ਸਿਰਫ ਕਾਮ ਪੂਰਤੀ ਲਈ ਵਰਤਿਆ ਜਾਂਦੈ। ਜਦੋਂ ਕਿਸੇ ਦਾ ਜੀਅ ਭਰ ਜਾਂਦੈ ਤਾਂ ਵੇਚ ਕੇ ਕਿਸੇ ਹੋਰ ਨੂੰ ਖਰੀਦ ਕੇ ਲੈ ਜਾਂਦੈ।”

“ਕੋਈ ਰਸਤਾ ਨ੍ਹੀਂ ਇਸ ਸਭ ਤੋਂ ਬਚਣ ਦਾ?” ਕਿਸੇ ਨੇ ਪੁੱਛਿਆ ਤਾਂ ਨਾਜੋ ਨੇ ਜੁਆਬ ਦਿੱਤਾ, “ਨ੍ਹੀਂ, ਕੋਈ ਰਾਹ ਨ੍ਹੀਂ। ਕਈ ਆਪਣੀਆਂ ਨਸਾਂ ਕੱਟ ਕੇ ਖੁਦਕੁਸ਼ੀ ਕਰ ਗਈਆਂ ਨੇ, ਪਰ ਮਰਨਾ ਤਾਂ ਜ਼ਿੰਦਗੀ ਤੋਂ ਭੱਜਣਾ ਐ। ਕਈਆਂ ਨੇ ਇਨ੍ਹਾਂ ਦੇ ਚੁੰਗਲ ‘ਚੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੀਆਂ। ਫਿਰ ਫੜ੍ਹੇ ਜਾਣ ‘ਤੇ ਉਨ੍ਹਾਂ ਨੂੰ ਹੋਰ ਵੀ ਭੈੜੇ ਤਸੀਹੇ ਦਿੱਤੇ ਗਏ। ਸੋ ਜੋ ਹੈ, ਰੱਬ ਦੀ ਰਜ਼ਾ ਸਮਝੋ।”

“ਕੋਈ ਆਪਣੇ ਬਚਾਅ ਲਈ ਨ੍ਹੀਂ ਆ ਸਕਦਾ?”

“ਨਾ ਭੈਣੋ, ਇਸ ਵੇਲੇ ਤਾਂ ਇਹ ਸੰਭਵ ਈ ਨ੍ਹੀਂ ਐ। ਪਤਾ ਨ੍ਹੀਂ ਆਪਣੇ ਮਾਂ ਪਿਉ, ਭੈਣ, ਭਰਾ ਤੇ ਰਿਸ਼ਤੇਦਾਰ ਕਿਧਰੇ ਹੈ ਵੀ ਕਿ ਉਨ੍ਹਾਂ ਨੂੰ ਮਾਰ ਮੁਕਾ ਦਿੱਤਾ ਗਿਆ ਐ। ਆਪਾਂ ਤਾਂ ਡਾਰਾਂ ਤੋਂ ਵਿਛੜੀਆਂ ਕੂੰਜਾਂ ਆਂ। ਬਸ ਰੱਬ ‘ਤੇ ਭਰੋਸਾ ਰੱਖੋ, ਉਹੀ ਆਪਣੀ ਮਦਦ ਨੂੰ ਬਹੁੜੂ। ਤਾਉਸੀ ਮਲਕ ਈ ਆਪਣਾ ਸਭ ਕੁਛ ਐ, ਉਹੀ ਬਾਂਹ ਫੜੂ।”



*ਦਹਿਸ਼ਤਗਰਦਾਂ ਦੇ ਕਬਜ਼ੇ ਵਿਚ ਜਾਜ਼ੀਦੀ ਔਰਤਾਂ*

ਮਾਹੌਲ ਅਤੀ ਗਮਗੀਨ ਬਣ ਚੁਕਾ ਸੀ। ਉਦੋਂ ਹੀ ਪਹਿਲਾਂ ਵਾਲਾ ਮਿਲੀਟੈਂਟ ਆਇਆ ਤੇ ਸਭ ਨੂੰ ਤੁਰਨ ਦਾ ਹੁਕਮ ਹੋਇਆ। ਉਥੋਂ ਸਾਨੂੰ ਨਾਲ ਲੱਗਦੀ ਇਮਾਰਤ ਦੇ ਇਕ ਖੁੱਲ੍ਹੇ ਅਤੇ ਵੱਡੇ ਸਾਰੇ ਵਿਹੜੇ ‘ਚ ਲਿਜਾ ਖੜ੍ਹਾ ਕੀਤਾ। ਲਾਈਟਾਂ ਬਹੁਤ ਸਨ। ਜਿਉਂ ਹੀ ਅਸੀਂ ਜਾ ਕੇ ਅੰਦਰ ਖੜ੍ਹੀਆਂ ਤਾਂ ਗਾਹਕ ਇਕਦਮ ਆਉਣੇ ਸ਼ੁਰੂ ਹੋ ਗਏ। ਪਰ ਪਹਿਲਾਂ ਸ਼ਾਇਦ ਅਮੀਰਾਂ ਦੀ ਵਾਰੀ ਸੀ। ਸਭ ਤੋਂ ਪਹਿਲਾਂ ਇਕ ਵਡੇਰੀ ਉਮਰ ਦਾ ਪੂਰੀ ਟੌਅਰ ਵਾਲਾ ਬੰਦਾ, ਜਿਸ ਦੇ ਨਾਲ ਕਈ ਬਾਡੀਗਾਰਡ ਸਨ, ਆਇਆ। ਉਸ ਦੀ ਦਿੱਖ ਤੋਂ ਹੀ ਪਤਾ ਲੱਗ ਗਿਆ ਕਿ ਉਹ ਕੋਈ ਇਸਲਾਮਕ ਸਟੇਟ ਦਾ ਉਚ ਅਧਿਕਾਰੀ ਹੈ। ਉਸ ਨੂੰ ਇਕ ਮਿਲੀਟੈਂਟ ਕੁੜੀਆਂ ਦਿਖਾ ਰਿਹਾ ਸੀ। ਮੇਰੇ ਨੇੜਲੀ ਇਕ ਕੁੜੀ ਕੋਲ ਆ ਕੇ ਉਹ ਖਲੋ ਗਿਆ। ਮਿਲੀਟੈਂਟ ਨੇ ਉਸ ਦੀ ਮਨਸ਼ਾ ਸਮਝਦਿਆਂ ਕਿਹਾ, “ਜਨਾਬ, ਤੇਰਾਂ ਸਾਲ ਦੀ ਬਿਲਕੁਲ ਕੱਚੀ ਕਲੀ ਐ। ਤੁਸੀਂ ਦੱਸੋ ਕੀ ਹੁਕਮ ਐਂ?

“ਕੀ ਭਰੋਸਾ ਕਿ ਕੁਆਰੀ ਐ?”

“ਲਉ, ਹੁਣੇ ਡਾਕਟਰ ਤੋਂ ਚੈਕ ਕਰਵਾ ਲੈਨੇ ਆਂ।”

ਪਰ ਚੈਕ ਕਰਵਾਉਣ ਦੀ ਨੌਬਤ ਨਾ ਆਈ। ਉਸ ਉਚ ਅਧਿਕਾਰੀ ਨੇ ਉਸ ਕੁੜੀ ਦੀ ਬਾਂਹ ਫੜ੍ਹ ਕੇ ਨਾਲ ਤੋਰ ਲਿਆ। ਉਸ ਨੇ ਦੋ ਕੁੜੀਆਂ ਹੋਰ ਚੁਣੀਆਂ ਤੇ ਸਭ ਨੂੰ ਨਾਲ ਲੈ ਕੇ ਤੁਰ ਗਿਆ। ਫਿਰ ਹੋਰ ਖਰੀਦਦਾਰ ਇੱਧਰ ਉਧਰ ਘੁੰਮਣ ਲੱਗੇ। ਕਈ ਕੁੜੀਆਂ ਰੋਂਦੀਆਂ ਤੇ ਚੀਕਾਂ ਮਾਰ ਰਹੀਆਂ ਸਨ ਪਰ ਕਿਸੇ ਨੂੰ ਪਰਵਾਹ ਨਹੀਂ ਸੀ। ਮੈਨੂੰ ਸੀ ਕਿ ਮੈਂ ਜ਼ਾਹਰਾ ਅਤੇ ਜ਼ੀਨਤ ਤੋਂ ਵੱਖ ਨਾ ਹੋਵਾਂ। ਇੰਨੇ ਨੂੰ ਇਕ ਮੋਟਾ ਜਿਹਾ ਮਿਲੀਟੈਂਟ ਆ ਗਿਆ। ਉਸ ਨੇ ਆਪਣਾ ਨਾਂ ਨਾਫਾ ਦੱਸਿਆ ਤੇ ਮੈਨੂੰ ਮੇਰੇ ਬਾਰੇ ਪੁੱਛਣ ਲੱਗਾ। ਉਮਰ, ਇਲਾਕਾ, ਪੜ੍ਹਾਈ ਲਿਖਾਈ ਆਦਿ। ਆਖਰੀ ਸੁਆਲ ਸੀ ਕਿ ਕੀ ਮੈਂ ਕੁਆਰੀ ਹਾਂ। ਮੈਂ ਤੁਰੰਤ ਕੋਈ ਉਤਰ ਨਾ ਦਿੱਤਾ। ਫਿਰ ਅਚਾਨਕ ਮੇਰੇ ਮਨ ‘ਚ ਖਿਆਲ ਆਇਆ ਕਿ ਜੇ ਮੈਂ ਕਹਿ ਦਿਆਂ ਕਿ ਕੁਆਰੀ ਨਹੀਂ ਤਾਂ ਸ਼ਾਇਦ ਉਹ ਮੈਨੂੰ ਨਾ ਖਰੀਦੇ। ਮੈਂ ਕਿਹਾ ਕਿ ਮੈਂ ਕੁਆਰੀ ਨਹੀਂ ਹਾਂ। ਉਹ ਜ਼ਹਿਰੀਲੀ ਹਾਸੀ ਹੱਸਦਾ ਬੋਲਿਆ, “ਓ ਜਾਜ਼ੀਦੀ ਲੌਂਡੀਆ, ਮੈਨੂੰ ਤੁਹਾਡੇ ਧਰਮ ਬਾਰੇ ਸਭ ਪਤਾ ਐ। ਤੁਹਾਡੇ ਵਿਆਹ ਤੋਂ ਪਹਿਲਾਂ ਕੋਈ ਸੈਕਸ ਨ੍ਹੀਂ ਹੁੰਦਾ। ਹੁਣ ਤੂੰ ਬਹਾਨੇ ਬਣਾਉਣੇ ਛੱਡ ਤੇ ਮੇਰੇ ਨਾਲ ਤੁਰ।”

ਮੈਂ ਅੰਦਰ ਤੱਕ ਕੰਬ ਗਈ ਕਿ ਹੁਣ ਮੈਨੂੰ ਇਸ ਨਾਲ ਜਾਣਾ ਹੀ ਪਵੇਗਾ। ਉਸ ਨੂੰ ਤਾਂ ਵੇਖ ਕੇ ਹੀ ਭੈਅ ਆਉਂਦਾ ਸੀ। ਲੰਬਾ ਚੌੜਾ ਪਸੂਆਂ ਵਰਗਾ ਬੰਦਾ। ਫਿਰ ਮੈਂ ਇਕ ਹੋਰ ਸ਼ਰਤ ਰੱਖ ਦਿੱਤੀ ਕਿ ਜੇ ਮੈਨੂੰ ਲਿਜਾਣਾ ਹੈ ਤਾਂ ਉਹ ਜ਼ਾਹਰਾ ਅਤੇ ਜ਼ੀਨਤ ਨੂੰ ਵੀ ਖਰੀਦ ਲਵੇ। ਪਰ ਇਹ ਮੇਰਾ ਭੁਲੇਖਾ ਸੀ ਕਿ ਉਹ ਮੇਰੀ ਗੱਲ ਮੰਨੇਗਾ। ਉਸ ਨੇ ਮੇਰੀ ਬਾਂਹ ਫੜ੍ਹੀ ਤੇ ਖਿੱਚ ਲੈ ਤੁਰਿਆ। ਮੈਂ ਪਿੱਛੇ ਮੁੜ ਕੇ ਜ਼ਾਹਰਾ ਅਤੇ ਜ਼ੀਨਤ ਵਲ ਵੇਖਦੀ ਜਾ ਰਹੀ ਸਾਂ, ਪਰ ਉਹ ਮੈਨੂੰ ਖਿੱਚ ਕੇ ਇਕ ਹੋਰ ਕਮਰੇ ‘ਚ ਲੈ ਗਿਆ। ਉਥੇ ਇਸਲਾਮਕ ਸਟੇਟ ਦਾ ਕੋਈ ਅਧਿਕਾਰੀ ਬੈਠਾ ਹੋਇਆ ਸੀ ਜੋ ਖਰੀਦੀ ਕੁੜੀ ਦੀ ਰਕਮ ਲੈ ਕੇ ਪਰਚੀ ਬਣਾ ਰਿਹਾ ਸੀ। ਕਿਉਂਕਿ ਅਸੀਂ ਇਸਲਾਮਕ ਸਟੇਟ ਦੀ ਮਾਲਕੀਅਤ ਸਾਂ, ਇਸ ਕਰਕੇ ਸਾਡੇ ਵੇਚਣ ਤੋਂ ਜੋ ਵੀ ਆਮਦਨੀ ਹੁੰਦੀ, ਉਹ ਇਸਲਾਮਕ ਸਟੇਟ ਦੇ ਖਾਤੇ ‘ਚ ਜਮਾਂ ਹੁੰਦੀ ਸੀ। ਪਰ ਮੈਨੂੰ ਨਾਫਾ ਦਾ ਚਿਹਰਾ ਮੋਹਰਾ ਵੇਖ ਕੇ ਹੀ ਡਰ ਆਈ ਜਾ ਰਿਹਾ ਸੀ। ਇੰਨੇ ਨੂੰ ਮੈਂ ਵੇਖਿਆ ਕਿ ਉਥੇ ਇਕ ਛੀਂਟਕਾ ਜਿਹਾ ਬੰਦਾ ਘੁੰਮ ਰਿਹਾ ਸੀ। ਇੱਧਰ ਉਧਰ ਵੇਖਦਿਆਂ ਉਸ ਦੀ ਨਜ਼ਰ ਮੇਰੇ ‘ਤੇ ਆ ਟਿਕੀ। ਕੁਝ ਪਲ ਵੇਖਦਿਆਂ ਰਹਿਣ ਪਿੱਛੋਂ ਉਹ ਮੇਰੇ ਕੋਲ ਆ ਗਿਆ ਅਤੇ ਮੇਰਾ ਨਾਂ ਤੇ ਉਮਰ ਵਗੈਰਾ ਪੁੱਛੀ। ਫਿਰ ਨਾਫਾ ਨੂੰ ਬੋਲਿਆ, “ਇਸ ਨੂੰ ਮੈਂ ਲਿਜਾਵਾਂਗਾ। ਤੂੰ ਕੋਈ ਹੋਰ ਖਰੀਦ ਲੈ।”

ਉਸ ਦੀ ਗੱਲ ਸੁਣ ਕੇ ਮੈਂ ਵੇਖਣ ਲੱਗੀ ਕਿ ਨਾਫਾ ਉਸ ਦੀ ਗੱਲ ਮੰਨਦਾ ਹੈ ਜਾਂ ਨਹੀਂ, ਪਰ ਨਾਫਾ ਨੇ ਬਿਨਾ ਕਿਸੇ ਹੀਲ ਹੁੱਜਤ ਦੇ ਹਾਮੀ ਭਰ ਦਿੱਤੀ। ਮੈਨੂੰ ਲੱਗਾ, ਉਹ ਕੋਈ ਵੱਡਾ ਬੰਦਾ ਹੈ ਜੋ ਨਾਫਾ ਬਿਨਾ ਕੁਝ ਕਿਹਾਂ ਹੀ ਉਸ ਦੀ ਗੱਲ ਮੰਨ ਗਿਆ। ਪਿੱਛੋਂ ਪਤਾ ਲੱਗਾ ਕਿ ਇਹ ਛੀਂਟਕਾ ਜਿਹਾ ਬੰਦਾ ਮੋਸਲ ਦੀ ਉਚ ਅਦਾਲਤ ਦਾ ਜੱਜ ਸੀ। ਸੋ ਉਸ ਦੀ ਗੱਲ ਉਲੱਦਣ ਦੀ ਕਿਸੇ ਦੀ ਜੁਅਰਤ ਹੀ ਨਹੀਂ ਹੋ ਸਕਦੀ ਸੀ। ਉਦੋਂ ਹੀ ਮੈਂ ਵੇਖਿਆ ਕਿ ਪਹਿਲਾਂ ਵਾਲਾ ਬੰਦਾ ਨਾਫਾ, ਜ਼ਾਹਰਾ ਨੂੰ ਲਈ ਜਾ ਰਿਹਾ ਸੀ। ਇੰਨੇ ਨੂੰ ਉਹ ਛੀਂਟਕਾ ਜਿਹਾ ਬੰਦਾ ਮੈਨੂੰ ਲੈ ਕੇ ਰਜਿਸਟਰ ਕਲਰਕ ਕੋਲ ਚਲਾ ਗਿਆ। ਉਸ ਨੇ ਮੇਰਾ ਨਾਂ ਪੁੱਛਦਿਆਂ ਆਪਣੇ ਨਾਂ ਤੋਂ ਬਾਅਦ ਮੇਰਾ ਨਾਂ ਲਿਖਵਾ ਦਿੱਤਾ, ‘ਆਸਮਾ ਹਾਜੀ ਸਲਮਾਨ।’ ਉਸ ਦਾ ਨਾਂ ਹਾਜੀ ਸਲਮਾਨ ਸੀ। ਹੁਣ ਕਾਗਜ਼ਾਂ ਮੁਤਾਬਕ ਮੈਂ ਹਾਜੀ ਸਲਮਾਨ ਦੀ ਸਾਬੀਆ ਯਾਨਿ ਗੁਲਾਮ ਸੀ। ਉਸ ਪਿੱਛੋਂ ਉਸ ਨੇ ਮੈਨੂੰ ਕਾਰ ‘ਚ ਬਿਠਾਇਆ ਤੇ ਘਰ ਨੂੰ ਤੁਰ ਪਿਆ। ਕੁਝ ਹੀ ਦੇਰ ‘ਚ ਉਹਦਾ ਘਰ ਆ ਗਿਆ। ਕਾਰ ਖੜ੍ਹੀ ਕਰ ਉਹ ਮੈਨੂੰ ਅੰਦਰ ਲੈ ਗਿਆ।

ਇਹ ਬਹੁਤ ਵੱਡਾ ਅਤੇ ਮਹਿੰਗੇ ਸਾਮਾਨ ਨਾਲ ਭਰਿਆ ਘਰ ਸੀ। ਹਾਜੀ ਸਲਮਾਨ ਦੀ ਗੱਲਬਾਤ ਦਾ ਢੰਗ ਕਾਫੀ ਠੀਕ ਸੀ। ਬੋਲਬਾਣੀ ਅਤੇ ਤੌਰ ਤਰੀਕੇ ਤੋਂ ਮੈਨੂੰ ਉਹ ਸੱਭਿਅਕ ਬੰਦਾ ਲੱਗਾ। ਫਿਰ ਉਹ ਆਪਣੀ ਕਹਾਣੀ ਦੱਸਣ ਲੱਗਾ ਕਿ ਉਹ ਸੁੰਨੀ ਅਰਬ ਸੀ ਜੋ ਮੋਸਲ ਸ਼ਹਿਰ ਦੀ ਕਿਸੇ ਕੋਰਟ ‘ਚ ਜੱਜ ਸੀ। ਸੰਨ 2003 ਦੀ ਅਮਰੀਕਨ ਲੜਾਈ ਪਿੱਛੋਂ ਜਦੋਂ ਸੱਦਾਮ ਹੁਸੈਨ ਦਾ ਪਾਸਾ ਪਲਟਿਆ ਅਤੇ ਬਾਥ ਪਾਰਟੀ ਦੇ ਸਭ ਸਿਰਕੱਢ ਅਫਸਰ ਅਤੇ ਅਧਿਕਾਰੀ ਨੌਕਰੀਆਂ ਤੋਂ ਹਟਾ ਦਿੱਤੇ ਗਏ ਤਾਂ ਹਾਜੀ ਸਲਮਾਨ ਨੂੰ ਵੀ ਕੱਢ ਦਿੱਤਾ ਗਿਆ ਸੀ। ਇੰਨਾ ਹੀ ਨਹੀਂ ਸਗੋਂ ਉਸ ਨੂੰ ਜੇਲ੍ਹ ‘ਚ ਸੁੱਟ ਦਿੱਤਾ ਗਿਆ। ਉਸ ਨੇ ਲੰਬਾ ਸਮਾਂ ਜੇਲ੍ਹ ‘ਚ ਗੁਜ਼ਾਰਿਆ। ਜਦੋਂ ਇਸਲਾਮਕ ਸਟੇਟ ਵਾਲਿਆਂ ਦੀ ਚੜ੍ਹਾਈ ਹੋਈ ਤਾਂ ਉਸ ਦੀ ਫੇਰ ਤੋਂ ਸੁਣੀ ਗਈ। ਉਹ ਉਸੇ ਸ਼ਹਿਰ ‘ਚ ਜੱਜ ਆ ਲੱਗਾ। ਫਿਰ ਉਸ ਨੇ ਵਿਰੋਧੀਆਂ ਤੋਂ ਗਿਣ ਗਿਣ ਕੇ ਬਦਲੇ ਲਏ। ਉਸ ਨੇ ਸ਼ੀਆ ਪੱਖੀ ਬਹੁਤ ਸਾਰੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਜਿਸ ਕੋਠੀ ‘ਚ ਉਹ ਰਹਿੰਦਾ ਸੀ, ਉਹ ਕਿਸੇ ਸ਼ੀਆ ਜੱਜ ਦੀ ਸੀ। ਉਸ ਨੇ ਉਸ ਜੱਜ ਦਾ ਸਾਰਾ ਪਰਿਵਾਰ ਮਾਰ ਮੁਕਾਇਆ ਤੇ ਮਕਾਨ ‘ਤੇ ਕਬਜ਼ਾ ਕਰ ਲਿਆ। ਕਹਾਣੀ ਸੁਣਾਉਣ ਪਿੱਛੋਂ ਉਸ ਨੇ ਮੈਨੂੰ ਕਿਹਾ, “ਤੂੰ ਮੇਰੀ ਚੌਥੀ ਗੁਲਾਮ ਸਾਬੀਆ ਐਂ। ਪਹਿਲੇ ਦੀਆਂ ਤਿੰਨੋਂ ਮੁਸਲਮਾਨ ਬਣ ਗਈਆਂ ਸਨ। ਤੂੰ ਵੀ ਮੁਸਲਮਾਨ ਹੋ ਜਾਹ?”

“ਨ੍ਹੀਂ ਇਹ ਨ੍ਹੀਂ ਹੋ ਸਕਦਾ।” ਮੈਂ ਨੀਵੀਂ ਪਾਈ ਜੁਆਬ ਦਿੱਤਾ। ਉਹ ਕੁਝ ਦੇਰ ਮੇਰੇ ਚਿਹਰੇ ਵਲ ਵੇਖਦਾ ਰਿਹਾ ਤੇ ਫਿਰ ਬੋਲਿਆ, “ਕਿਉਂ ਹੋਣ ਨੂੰ ਕੀ ਐ। ਤੁਹਾਡੇ ਸਾਰੇ ਜਾਜ਼ੀਦੀ ਲੋਕ ਖਤਮ ਕਰ ਦਿੱਤੇ ਗਏ ਨੇ। ਰਹਿੰਦੇ ਵੀ ਮਾਰੇ ਜਾਣਗੇ। ਬੜੀ ਛੇਤੀ ਸਾਰੀ ਦੁਨੀਆਂ ‘ਤੇ ਇਸਲਾਮਕ ਸਟੇਟ ਦਾ ਝੰਡਾ ਲਹਿਰਾਉਣ ਲੱਗ ਜਾਵੇਗਾ। ਹਰ ਪਾਸੇ ਸੁੰਨੀ ਮੁਸਲਮਾਨ ਨਜ਼ਰ ਆਉਣਗੇ। ਤੂੰ ਵੀ ਉਨ੍ਹਾਂ ‘ਚੋਂ ਇਕ ਹੋਵੇਂਗੀ।”

ਮੈਂ ਫਿਰ ਵੀ ਕੁਝ ਨਾ ਬੋਲੀ ਤਾਂ ਉਸ ਨੇ ਪਿਆਰ ਨਾਲ ਮੇਰੀ ਠੋਡੀ ਉਪਰ ਚੁੱਕੀ। ਕੁਝ ਪਲ ਮੇਰੀਆਂ ਅੱਖਾਂ ‘ਚ ਵੇਖਦਿਆਂ ਕਿਹਾ, “ਆਸਮਾ, ਤੂੰ ਸਮਝਦੀ ਕਿਉਂ ਨ੍ਹੀਂ। ਜੇ ਤੂੰ ਮੁਸਲਮਾਨ ਹੋ ਜਾਏਂਗੀ ਤਾਂ ਇਸ ਇਲਾਕੇ ਦੀ ਰਾਣੀ ਬਣ ਜਾਏਂਗੀ। ਕਿਉਂਕਿ ਮੈਂ ਤੇਰੇ ਨਾਲ ਨਿਕਾਹ ਕਰ ਲਵਾਂਗਾ। ਫਿਰ ਤੂੰ ਜੱਜ ਦੀ ਘਰ ਵਾਲੀ ਹੋਵੇਂਗੀ। ਹਰ ਪਾਸੇ ਤੇਰਾ ਹੁਕਮ ਚੱਲੇਗਾ।”

ਮੈਂ ਕੁਝ ਪਲ ਉਵੇਂ ਹੀ ਨੀਵੀਂ ਪਾਈ ਬੈਠੀ ਰਹੀ ਤੇ ਫਿਰ ਹੌਸਲਾ ਕਰਦਿਆਂ ਬੋਲੀ, “ਹਾਜੀ, ਕਿਰਪਾ ਕਰਕੇ ਮੇਰੀ ਮਿੰਨਤ ਸੁਣ। ਕਦੇ ਵੀ ਕੋਈ ਜਾਜ਼ੀਦੀ ਆਪਣਾ ਧਰਮ ਨਹੀਂ ਬਦਲਦਾ। ਇਹ ਕਦੇ ਵੀ ਨ੍ਹੀਂ ਹੋਇਆ।”

“ਆਸਮਾ, ਤੇਰਾ ਇਹ ਆਖਰੀ ਫੈਸਲਾ ਐ?” ਉਸ ਦੀ ਆਵਾਜ਼ ਜ਼ਰਾ ਕੁਰੱਖਤ ਹੋ ਗਈ।

“ਹਾਂ ਹਾਜੀ, ਮੈਂ ਧਰਮ ਤਬਦੀਲ ਨ੍ਹੀਂ ਕਰਾਂਗੀ।”

ਹੁਣ ਉਸ ਦੇ ਚਿਹਰੇ ‘ਤੇ ਕੁੜੱਤਣ ਆ ਗਈ ਅਤੇ ਉਸ ਦੇ ਹਾਵ-ਭਾਵ ਇਕਦਮ ਬਦਲ ਗਏ। ਪਲਾਂ ‘ਚ ਹੀ ਉਸ ਦਾ ਅਸਲੀ ਰੂਪ ਸਾਹਮਣੇ ਆ ਗਿਆ। ਉਹ, ਉਸ ਤਰ੍ਹਾਂ ਦਾ ਨਹੀਂ ਸੀ ਜਿਸ ਤਰ੍ਹਾਂ ਦਾ ਉਹ ਪਹਿਲਾਂ ਵਿਖਾਵਾ ਕਰ ਰਿਹਾ ਸੀ। ਅਸਲ ‘ਚ ਉਹ ਬਹੁਤ ਹੀ ਕੱਟੜ ਬੰਦਾ ਸੀ। ਉਦੋਂ ਹੀ ਉਸ ਨੇ ਹੁਕਮ ਚਾੜ੍ਹਿਆ, “ਸਾਰੇ ਕੱਪੜੇ ਉਤਾਰ ਦੇ।”

ਮੈਂ ਝਿਜਕਦੀ ਹੋਈ ਉਸ ਦੀ ਮਿੰਨਤ ਕਰਨ ਲੱਗੀ, “ਹਾਜੀ, ਮੈਂ ਕਦੇ ਵੀ ਅਜਿਹਾ ਕੰਮ ਨ੍ਹੀਂ ਕੀਤਾ। ਤੂੰ ਕਿਰਪਾ ਕਰਕੇ ਮੈਨੂੰ ਛੱਡ ਦੇਹ। ਮੈਂ ਤੇਰੇ ਘਰ ਨੌਕਰਾਣੀ ਬਣ ਕੇ ਰਹਿਣ ਨੂੰ ਤਿਆਰ ਆਂ।”

ਮੇਰੀ ਗੱਲ ਸੁਣ ਕੇ ਉਹ ਭੜਕ ਉਠਿਆ, “ਤੇਰੀ ਮਰਜ਼ੀ ਕਿਸ ਨੇ ਪੁੱਛੀ ਐ ਲੌਂਡੀਏ। ਤੂੰ ਠਹਿਰ ਜ਼ਰਾ, ਤੈਨੂੰ ਦੱਸਦਾਂ ਮੈਂ ਕੌਣ ਆਂ।” ਇੰਨਾ ਆਖ ਉਹ ਅੰਦਰ ਨੂੰ ਗਿਆ। ਜਦੋਂ ਵਾਪਸ ਆਇਆ ਤਾਂ ਉਸ ਦੇ ਹੱਥ ‘ਚ ਹੰਟਰ ਸੀ। ਮੇਰਾ ਤ੍ਰਾਹ ਨਿਕਲ ਗਿਆ, ਪਰ ਉਦੋਂ ਹੀ ਉਸ ਨੇ ਖਿੱਚ ਕੇ ਹੰਟਰ ਮੇਰੇ ਮੌਰਾਂ ‘ਤੇ ਮਾਰਿਆ। ਲੱਗਾ ਜਿਵੇਂ ਸਾਰਾ ਮਾਸ ਪੱਟ ਕੇ ਲੈ ਗਿਆ ਹੋਵੇ। ਮੈਂ ਮਰਨ ਵਾਲੀ ਹੋ ਗਈ। ਇਸ ਤੋਂ ਪਹਿਲਾਂ ਕਿ ਉਹ ਅਗਲਾ ਵਾਰ ਕਰਦਾ, ਮੈਂ ਉਸ ਦੇ ਪੈਰਾਂ ‘ਚ ਡਿੱਗ ਪਈ। ਫਟਾ ਫਟ ਸਾਰੇ ਕੱਪੜੇ ਉਤਾਰ ਦਿੱਤੇ। ਫਿਰ ਸਾਰੀ ਰਾਤ ਉਹ...।”

ਅਗਲੇ ਦਿਨ ਉਸ ਨੇ ਮੈਨੂੰ ਤਿਆਰ ਹੋਣ ਨੂੰ ਆਖਿਆ। ਦਸ ਕੁ ਵਜਦੇ ਨੂੰ ਅਸੀਂ ਕਾਰ ‘ਚ ਜਾ ਰਹੇ ਸਾਂ। ਮੈਂ ਪੂਰੀ ਤਰ੍ਹਾਂ ਬੁਰਕੇ ‘ਚ ਢਕੀ ਹੋਈ ਸਾਂ। ਮੈਨੂੰ ਕੋਈ ਪਤਾ ਨਹੀਂ ਸੀ ਕਿ ਉਹ ਮੈਨੂੰ ਕਿੱਧਰ ਲੈ ਕੇ ਜਾ ਰਿਹਾ ਹੈ। ਰਸਤੇ ‘ਚ ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਜਾ ਰਿਹਾ ਸੀ। ਹੁਣ ਉਹ ਫਿਰ ਤੋਂ ਸ਼ਰੀਫਾਂ ਵਾਲਾ ਵਰਤਾਅ ਕਰ ਰਿਹਾ ਸੀ। ਰਾਹ ‘ਚ ਇਕ ਥਾਂ ਬਹੁਤ ਵੱਡਾ ਹੋਟਲ ਆਇਆ। ਉਸ ਨੇ ਦੱਸਿਆ ਕਿ ਇਹ ਫਾਈਵ ਸਟਾਰ ਹੋਟਲ ਹੈ। ਇਸ ਵਿਚ ਬਹੁਤੇ ਉਚ ਕੋਟੀ ਦੇ ਇਸਲਾਮਕ ਮਿਲੀਟੈਂਟ ਠਹਿਰਦੇ ਹਨ। ਕੁਝ ਕੁ ਕਮਰੇ ਜ਼ਿਆਦਾ ਹੀ ਸੁੱਖ ਸਹੂਲਤਾਂ ਵਾਲੇ ਸਨ ਅਤੇ ਉਸ ਮੁਤਾਬਕ ਇਨ੍ਹਾਂ ਵਿਚ ਆਤਮਘਾਤੀ ਬੰਬ ਬਣੇ ਮਿਲੀਟੈਂਟ ਠਹਿਰਾਏ ਜਾਂਦੇ ਸਨ। ਗੱਲਾਂ-ਬਾਤਾਂ ਕਰਦਿਆਂ ਉਸ ਨੇ ਕਾਰ ਇਕ ਲਾਲ ਰੰਗੀ ਇਮਾਰਤ ਮੂਹਰੇ ਰੋਕ ਦਿੱਤੀ। ਉਧਰ ਵੇਖਦਿਆਂ ਮੈਂ ਸਮਝ ਗਈ ਕਿ ਇਹ ਕੋਈ ਕਚਹਿਰੀ ਹੈ। ਬਾਹਰ ਨਿਕਲਣ ਤੋਂ ਪਹਿਲਾਂ ਉਸ ਨੇ ਮੇਰੇ ਵਲ ਧਿਆਨ ਨਾਲ ਵੇਖਿਆ ਤੇ ਫਿਰ ਬੋਲਿਆ, “ਜਿੱਥੇ ਆਪਾਂ ਜਾ ਰਹੇ ਹਾਂ, ਉਥੇ ਜੱਜ ਪੁੱਛੇਗਾ ਕਿ ਤੂੰ ਸ਼ਾਹਾਦਾ ਪੜ੍ਹਨਾ ਜਾਣਦੀ ਐਂ। ਇਸ ਦੇ ਜੁਆਬ ‘ਚ ਤੂੰ ਹਾਂ ਕਹਿਣਾ ਐਂ। ਨ੍ਹੀਂ ਤਾਂ ਫਿਰ ਰਾਤ ਵਾਲਾ ਹੰਟਰ ਯਾਦ ਰੱਖੀਂ।”

ਮੈਨੂੰ ਪਤਾ ਸੀ ਕਿ ਇਹ ਮੁਸਲਮਾਨਾਂ ਦੀ ਪ੍ਰਾਰਥਨਾ ਦਾ ਹਿੱਸਾ ਹੈ। ਜਦੋਂ ਕੋਈ ਧਰਮ ਤਬਦੀਲ ਕਰਕੇ ਮੁਸਲਮਾਨ ਬਣਦਾ ਐ ਤਾਂ ਉਸ ਨੂੰ ਵੀ ਸ਼ਾਹਾਦਾ ਪੜ੍ਹਾਇਆ ਜਾਂਦਾ ਐ। ਮੈਂ ਸੋਚਿਆ ਕਿ ਨਾ ਮੈਂ ਧਰਮ ਤਬਦੀਲ ਕਰ ਰਹੀ ਆਂ ਤੇ ਨਾ ਹੀ ਕਰਨਾ ਹੈ। ਫਿਰ ਇੰਨਾ ਕਹਿਣ ਨਾਲ ਇਸ ਨੂੰ ਖੁਸ਼ੀ ਮਿਲਦੀ ਹੈ ਤਾਂ ਮੈਨੂੰ ਕੀ ਫਰਕ ਪੈਂਦਾ ਹੈ। ਅੰਦਰ ਗਏ ਤਾਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਹਰ ਪਾਸੇ ਲੋਕ ਨਵੀਆਂ ਖਰੀਦੀਆਂ ਜਾਜ਼ੀਦੀ ਗੁਲਾਮ ਲੜਕੀਆਂ ਲਈ ਖੜ੍ਹੇ ਸਨ। ਸ਼ਾਇਦ ਇਹ ਇਸਲਾਮਕ ਸਟੇਟ ਦਾ ਕਾਨੂੰਨ ਸੀ ਕਿ ਗੁਲਾਮ ਨੂੰ ਰਜਿਸਟਰ ਕਰਵਾਉਣਾ ਪੈਂਦਾ ਸੀ। ਪਰ ਸਾਰੀਆਂ ਲੜਕੀਆਂ ਦੇ ਲੰਬੇ ਲੰਬੇ ਬੁਰਕੇ ਪਾਏ ਹੋਏ ਸਨ ਅਤੇ ਸਭ ਨੀਵੀਂਆਂ ਪਾਈ ਖੜ੍ਹੀਆਂ ਸਨ। ਕੋਈ ਪਤਾ ਨਾ ਲੱਗਾ, ਮੈਂ ਕਿਸੇ ਨੂੰ ਜਾਣਦੀ ਹਾਂ ਕਿ ਨਹੀਂ। ਜਦੋਂ ਹੀ ਅੰਦਰ ਫਿਰਦੇ ਕਈ ਮਿਲੀਟੈਂਟਾਂ ਨੇ ਹਾਜੀ ਸਲਮਾਨ ਨੂੰ ਵੇਖਿਆ ਤਾਂ ਉਸ ਨੂੰ ਲਾਈਨ ਤੋਂ ਬਾਹਰੇ ਬਾਹਰ ਮੂਹਰੇ ਲੈ ਗਏ। ਇਹ ਉਸ ਦੇ ਉਚ ਆਹੁਦੇ ‘ਤੇ ਹੋਣ ਕਰਕੇ ਹੀ ਸੀ। ਅੱਗੇ ਵੱਡੇ ਕਮਰੇ ‘ਚ ਗਏ ਜਿੱਥੇ ਇਸ ਕਚਹਿਰੀ ਦਾ ਜੱਜ ਬੈਠਾ ਸੀ। ਅਸੀਂ ਉਸ ਦੇ ਮੂਹਰੇ ਪੇਸ਼ ਹੋਏ ਤਾਂ ਉਸ ਨੇ ਮੈਨੂੰ ਪੁੱਛਿਆ ਕਿ ਤੈਨੂੰ ਸ਼ਾਹਾਦਾ ਪੜ੍ਹਨਾ ਆਉਂਦਾ ਹੈ। ਜੁਆਬ ‘ਚ ਮੈਂ ‘ਹਾਂ’ ਵਿਚ ਸਿਰ ਹਿਲਾ ਦਿੱਤਾ। ਉਸ ਨੇ ਪੇਪਰ ‘ਤੇ ਕੁਝ ਲਿਖਿਆ ਤੇ ਬੋਲਿਆ, “ਮੁਬਾਰਕ ਹੋਵੇ ‘ਆਸਮਾ ਹਾਜੀ ਸਲਮਾਨ।’ ਅੱਜ ਤੋਂ ਤੂੰ ਮੁਸਲਮਾਨ ਐਂ।” ਇੰਨਾ ਕਹਿੰਦਾ ਉਹ ਹਾਜੀ ਸਲਮਾਨ ਵਲ ਵੇਖਦਾ ਬੋਲਿਆ, “ਜਨਾਬ ਹਾਜੀ ਸਲਮਾਨ ਸਾਹਿਬ, ਅੱਜ ਤੋਂ ਇਹ ਤੁਹਾਡੀ ਗੁਲਾਮ ਸਾਬੀਆ ਐ। ਹੁਣ ਤੁਸੀਂ ਇਸ ਨਾਲ ਜੋ ਮਰਜ਼ੀ ਕਰ ਸਕਦੇ ਓਂ।”

ਫਿਰ ਉਥੇ ਮੈਨੂੰ ਬੁਰਕਾ ਉਠਾਉਣ ਨੂੰ ਕਿਹਾ ਗਿਆ ਅਤੇ ਮੇਰੀ ਫੋਟੋ ਲਈ ਗਈ। ਇਸ ਪਿੱਛੋਂ ਅਸੀਂ ਬਾਹਰ ਆ ਗਏ ਅਤੇ ਵਾਪਸ ਘਰ ਨੂੰ ਤੁਰ ਪਏ। ਮੈਂ ਰਸਤੇ ‘ਚ ਪੁੱਛਿਆ ਕਿ ਉਥੇ ਮੇਰੀ ਫੋਟੋ ਲਈ ਗਈ ਸੀ, ਕੀ ਇਹ ਮੇਰਾ ਆਈ. ਡੀ. ਕਾਰਡ ਬਣਾਉਣ ਲਈ ਹੈ। ਉਹ ਬੋਲਿਆ, “ਨ੍ਹੀਂ, ਕਿਸੇ ਭੁਲੇਖੇ ‘ਚ ਨਾ ਰਹੀਂ। ਇਹ ਫੋਟੋ ਇਸ ਲਈ ਐ ਕਿ ਤੂੰ ਫਰਾਰ ਹੋਣ ਦੀ ਕੋਸ਼ਿਸ਼ ਨਾ ਕਰੇਂ। ਜੇ ਤੂੰ ਭੱਜ ਜਾਂਦੀ ਐਂ ਤਾਂ ਇਹ ਫੋਟੋ, ਇਰਾਕ ਦੇ ਗਲੀ ਮੁਹੱਲਿਆਂ ਦੀ ਹਰ ਕੰਧ ‘ਤੇ ਚਿਪਕਾ ਦਿੱਤੀ ਜਾਊ। ਹਰ ਚੈਕ ਪੁਆਇੰਟ ਵਾਲਿਆਂ ਨੂੰ ਇਹ ਫੋਟੋ ਦੇ ਦਿੱਤੀ ਜਾਵੇਗੀ। ਫੋਟੋ ਦੇ ਨਾਲ ਮੇਰਾ ਫੋਨ ਨੰਬਰ ਹੋਵੇਗਾ। ਤੇਰੇ ਫਰਾਰ ਹੋਣ ਦੀ ਸੂਰਤ ‘ਚ ਜੇ ਕੋਈ ਤੈਨੂੰ ਵੇਖ ਲੈਂਦਾ ਐ ਤਾਂ ਉਸ ਨੰਬਰ ‘ਤੇ ਫੋਨ ਕਰਕੇ ਮੈਨੂੰ ਦੱਸ ਦੇਵੇਗਾ। ਤੇ ਤੈਨੂੰ ਫੜਨ ਵਾਲੇ ਨੂੰ ਪੰਜ ਹਜ਼ਾਰ ਦਿਨਾਰ ਇਨਾਮ ਮਿਲੇਗਾ। ਜੇ ਚੈਕ ਪੁਆਇੰਟ ਵਾਲਿਆਂ ਫੜ੍ਹ ਲਿਆ ਤਾਂ ਉਹ ਤੈਨੂੰ ਸਿੱਧਾ ਮੇਰੇ ਕੋਲ ਭੇਜ ਦੇਣਗੇ। ਫਿਰ ਮੈਂ ਤੇ ਮੇਰਾ ਹੰਟਰ...।”

ਮੇਰਾ ਸਾਹ ਸੁੱਕ ਗਿਆ। ਮੈਂ ਸਮਝ ਗਈ ਕਿ ਹਾਜੀ ਸਲਮਾਨ ਨੇ ਮੇਰਾ ਭੱਜ ਕੇ ਬਚ ਨਿਕਲਣ ਦਾ ਰਾਹ ਬੰਦ ਕਰ ਦਿੱਤਾ ਹੈ।

*(ਚਲਦਾ)*

## ਕੋਰੀਡੋਰ

ਹਵੇਲੀ ਵਿਚ ਬੈਠੇ ਦੋ ਬਜ਼ੁਰਗ ਬਚਪਨ ਦੀਆਂ ਗੱਲਾਂ ਕਰ ਰਹੇ ਸਨ ਕਿ ਕਿਵੇਂ ਉਧਰੋਂ ਇਧਰ ਕਿੰਨੇ ਦੁੱਖ-ਤਕਲੀਫਾਂ ਨਾਲ ਸਭ ਕੁਝ ਛੱਡ ਕੇ ਖਾਲੀ ਹੱਥ ਆਏ ਸੀ।

“ਬੰਤਾ ਸਿੰਹਾਂ, ਆਪਾਂ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਦੇਸ਼ ਦੀ ਵੰਡ ਹੋ ਗਈ ਹੈ।” ਗੱਲ ਟੋਕਦਾ ਗੰਡਾ ਸਿੰਘ ਬੋਲਿਆ, “ਮੈਨੂੰ ਜਾਪਦਾ ਸੀ ਅਸੀਂ ਨਾਨਕੇ ਚੱਲੇ ਹਾਂ। ਪੰਜ-ਛੇ ਸਾਲ ਦੇ ਨਿਆਣਿਆਂ ਨੂੰ ਕੀ ਪਤਾ ਸੀ ਕਿ ਅੱਜ ਤੋਂ ਬਾਅਦ ਅਸੀਂ ਆਪਣੇ ਪਿੰਡ ਵਾਪਿਸ ਨਹੀਂ ਆਉਣਾ, ਪਰ ਅੱਜ ਸਾਡੀ ਕੀਤੀ ਅਰਦਾਸ 70 ਸਾਲਾਂ ਬਾਅਦ ਪੂਰੀ ਹੋਣ ਲੱਗੀ ਆ। ਦੋਵੇਂ ਪਾਸੇ ਨੀਂਹ ਪੱਥਰ ਰੱਖ’ਤੇ ਨੇ।”

ਬੰਤਾ ਸਿੰਘ ਬੋਲਿਆ, “ਜਿਵੇਂ ਆਪਣੀ ਯਾਰੀ ਪੱਕੀ ਹੈ, ਆਪਾਂ ਸੁੱਖ-ਦੁੱਖ ਵਿਚ ਵੀ ਸਾਥ ਨਹੀਂ ਛੱਡਿਆ, ਇਵੇਂ ਹੀ ਇਨ੍ਹਾਂ ਨੇ ਵੀ ਆਪਣੀ ਯਾਰੀ ਆਪਣੇ ਲਈ ਨਹੀਂ, ਕੌਮ ਦੀ ਖਾਤਰ ਪੁਗਾ ਦਿੱਤੀ।”

ਗੰਡਾ ਸਿੰਘ ਬੋਲਿਆ, “ਜਦੋਂ ਲਾਂਘਾ ਖੁੱਲ੍ਹੂ, ਇਕੱਠੇ ਚੱਲਾਂਗੇ, ਭਾਵੇਂ ਨਿਗ੍ਹਾ ਵੀ ਤੇ ਗੋਡੇ ਵੀ ਜੁਆਬ ਦਈ ਜਾਂਦੇ ਆ, ਉਸ ਪਵਿਤਰ ਅਸਥਾਨ ਦੇ ਦਰਸ਼ਨ ਸੰਗਤਾਂ ਨਾਲ ਜਾ ਕੇ ਕਰਾਂਗੇ।”

ਫਤਹਿ ਬੁਲਾ ਕੇ ਦੋਵੇਂ ਆਪੋ ਆਪਣੇ ਘਰਾਂ ਨੂੰ ਤੁਰ ਪਏ।

*-ਪਰਵਿੰਦਰ ਸਿੰਘ ਢਿਲੋਂ*
*ਫੋਨ: 516-234-8545*

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਸਾਂਝ ਦੀ ਸੁੱਚਮ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਰੂਹ ਦੀਆਂ ਗੱਲਾਂ ਕਰਦਿਆਂ ਕਿਹਾ ਸੀ, "ਜਿਸਮ ਤਾਂ ਵਿਕਾਊ ਹੋ ਸਕਦਾ ਹੈ, ਰੂਹ ਨਹੀਂ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਾਂਝ ਨੂੰ ਗਲਵੱਕੜੀ ਪਾਈ ਹੈ। ਸਾਂਝ ਦੀ ਗੱਲ ਕਰਦਿਆਂ ਉਹ ਆਖਦੇ ਹਨ, "ਦੋ ਜੀਆਂ ਦੀ ਗਿਣਤੀ ਵਧਦੀ ਤਾਂ ਟੱਬਰ ਹੁੰਦਾ ਅਤੇ ਟੱਬਰ ਰਲ ਕੇ ਇਕ ਸਮਾਜ ਦੀ ਸਿਰਜਣਾ ਕਰਦੇ, ਜਿਸ ਦੀਆਂ ਆਪਣੀਆਂ ਮਾਨਤਾਵਾਂ, ਸਮਾਜਕ ਸੰਦਰਭ ਅਤੇ ਸਮਾਜਕ ਸਰੋਕਾਰ ਹੁੰਦੇ।" ਉਨ੍ਹਾਂ ਦਾ ਸਮੇਂ ਨਾਲ ਗਿਲਾ ਹੈ, "ਟੱਬਰਾਂ ਨਾਲ ਹੀ ਨਵੇਂ ਰਿਸ਼ਤਿਆਂ ਦੀ ਧਰਾਤਲ ਸਿਰਜੀ ਜਾਂਦੀ, ਪਰ ਸਮੇਂ ਦੇ ਬੀਤਣ ਨਾਲ ਘਰ ਵੱਡੇ ਹੁੰਦੇ ਜਾ ਰਹੇ ਨੇ ਪਰ ਪਰਿਵਾਰ ਸੁੰਗੜ ਰਹੇ ਨੇ। ਨਿੱਕੇ ਘਰਾਂ ਦੇ ਸਭ ਕਮਰੇ ਸਾਂਝੇ ਹੁੰਦੇ ਸਨ ਅਤੇ ਸਾਰੇ ਰਲ ਕੇ ਜ਼ਿੰਦਗੀ ਦਾ ਜਸ਼ਨ ਮਨਾਉਂਦੇ ਸਨ।...ਰਾਤ ਨੂੰ ਵੱਖੋ ਵੱਖੋ ਮੰਜਿਆਂ ਨੂੰ ਨਾਲ ਜੋੜਨ ਦੀ ਤਮੰਨਾ ਹੁੰਦੀ ਸੀ। ਇਕ ਮਜਬੂਤ ਰਿਸ਼ਤਾ ਜੁੜੇ ਹੋਏ ਮੰਜਿਆਂ ਦਰਮਿਆਨ ਹੁੰਦਾ ਸੀ।...ਪਰ ਹੁਣ ਬੈਡ 'ਤੇ ਨਾਲ ਸੁੱਤਿਆਂ ਵੀ ਕੋਹਾਂ ਦੀ ਦੂਰੀ ਹੁੰਦੀ ਆ।" ਡਾ. ਭੰਡਾਲ ਦਾ ਨਿਰਣਾ ਹੈ, "ਸਾਂਝ, ਇਕ ਜ਼ਿਆਰਤ, ਸਾਧਨਾ, ਖੁਦ ਦਾ ਆਪਣੇ ਅੰਤਰੀਵ ਨਾਲ ਜੁੜਨਾ ਅਤੇ ਖੁਦ ਵਿਚੋਂ ਖੁਦ ਦਾ ਵਿਸ਼ਲੇਸ਼ਣ ਤੇ ਵਿਸਥਾਰ।" -ਸੰਪਾਦਕ***

ਸਾਂਝ, ਮਿਲਾਪ-ਪ੍ਰਕ੍ਰਿਆ, ਸੱਚੀ-ਸੰਵੇਦਨਾ ਅਤੇ ਸਮੂਹਕ ਰੂਪ 'ਚ ਕੁਝ ਨਵਾਂ, ਨਰੋਇਆ ਅਤੇ ਸਿਰਜਣਾਤਮਕ ਕਰਨ ਦਾ ਉਦਮ।

ਸਾਂਝ, ਮਰਦ ਤੇ ਔਰਤ ਦੇ ਰਿਸ਼ਤੇ ਵਿਚੋਂ ਵਿਆਹ ਵਰਗੀ ਪਰੰਪਰਾ ਦਾ ਜਨਮ। ਵਿਆਹ ਕਾਰਨ ਹੀ ਦੋ ਪਰਿਵਾਰਾਂ ਦਾ ਆਪਸੀ ਮੇਲ-ਮਿਲਾਪ ਅਤੇ ਇਸ ਨਾਲ ਸਿਰਜੀ ਜਾਂਦੀ ਸਮਾਜਕ ਪਕਿਆਈ ਦੀ ਨੀਂਹ ਅਤੇ ਮਿਲਵਰਤਣੀ ਯੁੱਗ ਦਾ ਆਗਾਜ਼।

ਸਾਂਝ, ਇਕੱਲੇ-ਇਕਹਿਰੇ ਉਦਮ ਨੂੰ ਮਿਲਦਾ ਹੁਲਾਰਾ, 'ਕੱਲੇ-'ਕੱਲੇ ਤੀਲੇ ਦੀ ਮਜ਼ਬੂਤੀ ਦਾ ਆਧਾਰ ਅਤੇ ਭਾਈਵਾਲਤਾ ਨਾਲ ਸਿਰਜੇ ਨਵੇਂ ਕੀਰਤੀਮਾਨਾਂ ਦੀ ਨੁਹਾਰ।

ਸਾਂਝਾਂ ਰਾਹੀਂ ਜੁੜਨਾ ਤੇ ਜੋੜਨਾ, ਹਰ ਧਰਮ ਦਾ ਸੁੱਚਾ ਅਕੀਦਾ। ਮਾਨਵੀ ਤੇ ਰੂਹਾਨੀ ਸਾਂਝ ਦਾ ਪੈਗਾਮ। ਪਰ ਅੱਜ ਕੱਲ ਦੇ ਧਾਰਮਕ ਰਹਿਬਰਾਂ ਦਾ ਧਿਆਨ ਜੋੜਨ ਨਾਲੋਂ ਤੋੜਨ ਵੱਲ ਵੱਧ। ਇਸ ਕਰਕੇ ਖੰਡਿਤ ਹੋ ਰਿਹਾ ਏ ਮਨੁੱਖ ਤੇ ਭਾਈਚਾਰਾ।

ਸਾਂਝ, ਸਭਿਆਚਾਰ ਦਾ ਸਭ ਤੋਂ ਸੁੱਚਾ ਤੇ ਉਚਾ ਕਰਮ, ਜਿਸ ਨੇ ਸਮੁੱਚੀ ਮਾਨਵ ਜਾਤੀ ਨਾਲ ਕਮਾਈ ਏ ਕਰਮਯੋਗਤਾ। ਹਾੜੀ-ਸਾਉਣੀ ਦੀ ਫਸਲ ਦੀ ਰਲ ਕੇ ਕੀਤੀ ਬਿਜਾਈ, ਕਟਾਈ ਅਤੇ ਸਾਂਭ-ਸੰਭਾਲ, ਅਜਿਹੀ ਮੋਹ-ਤੰਦ ਸੀ, ਜੋ ਅਜੋਕੇ ਸਮੇਂ ਵਿਚ ਹੋ ਗਈ ਏ ਫੌਤ। ਪਿੰਡ ਵਿਚ ਹਰ ਵਿਆਹ/ਸਮਾਗਮ ਹੁੰਦਾ ਸੀ ਸਭ ਦਾ ਸਾਂਝਾ। ਹਰ ਕੋਈ ਇਸ ਨੂੰ ਨੇਪਰੇ ਚਾੜ੍ਹਨ ਲਈ ਮਨ, ਤਨ ਅਤੇ ਧਨ ਨਾਲ ਹਿੱਸਾ ਪਾਉਂਦਾ ਅਤੇ ਇਸ ਦੇ ਪੂਰਨ ਹੋਣ 'ਤੇ ਸ਼ੁਕਰ ਮਨਾਉਂਦਾ। ਪਿੰਡ ਦਾ ਹਰ ਕਾਰਜ ਹੀ ਸਾਂਝੀ ਜ਼ਿੰਮੇਵਾਰੀ ਨਾਲ ਨੇਪਰੇ ਚੜ੍ਹਦਾ, ਜਿਸ ਨਾਲ ਪਿੰਡ ਦੀ ਜੂਹ ਨੂੰ ਹੁੰਦਾ ਸੁਖਨ ਤੇ ਸੰਤੁਸ਼ਟੀ ਦਾ ਅਹਿਸਾਸ। ਸਾਂਝੇ ਖੂਹਾਂ, ਖਰਾਸਾਂ, ਘਰਾਟਾਂ, ਖਲਵਾੜਿਆਂ, ਫਲ੍ਹਿਆਂ, ਸੁਹਾਗਿਆਂ ਅਤੇ ਸੰਦਾਂ ਵਾਲੀ ਵਿਰਾਸਤ ਤਾਂ ਅਜੋਕੇ ਸਮੇਂ ਵਿਚ ਬਣ ਗਈ ਏ ਹਟਕੋਰਾ। ਇਸ ਸਾਂਝ ਦੀ ਮੌਤ 'ਤੇ ਤਾਂ ਹੁਣ ਕੋਈ ਦੋ ਹੰਝੂ ਵੀ ਨਹੀਂ ਕੇਰਦਾ।

***ਸਾਂਝ, ਸਭਿਆਚਾਰ ਦਾ ਸਭ ਤੋਂ ਸੁੱਚਾ ਤੇ ਉਚਾ ਕਰਮ, ਜਿਸ ਨੇ ਸਮੁੱਚੀ ਮਾਨਵ ਜਾਤੀ ਨਾਲ ਕਮਾਈ ਏ ਕਰਮਯੋਗਤਾ। ਹਾੜੀ-ਸਾਉਣੀ ਦੀ ਫਸਲ ਦੀ ਰਲ ਕੇ ਕੀਤੀ ਬਿਜਾਈ, ਕਟਾਈ ਅਤੇ ਸਾਂਭ-ਸੰਭਾਲ, ਅਜਿਹੀ ਮੋਹ-ਤੰਦ ਸੀ, ਜੋ ਅਜੋਕੇ ਸਮੇਂ ਵਿਚ ਹੋ ਗਈ ਏ ਫੌਤ। ਪਿੰਡ ਵਿਚ ਹਰ ਵਿਆਹ/ਸਮਾਗਮ ਹੁੰਦਾ ਸੀ ਸਭ ਦਾ ਸਾਂਝਾ। ਹਰ ਕੋਈ ਇਸ ਨੂੰ ਨੇਪਰੇ ਚਾੜ੍ਹਨ ਲਈ ਮਨ, ਤਨ ਅਤੇ ਧਨ ਨਾਲ ਹਿੱਸਾ ਪਾਉਂਦਾ ਅਤੇ ਇਸ ਦੇ ਪੂਰਨ ਹੋਣ 'ਤੇ ਸ਼ੁਕਰ ਮਨਾਉਂਦਾ। ਪਿੰਡ ਦਾ ਹਰ ਕਾਰਜ ਹੀ ਸਾਂਝੀ ਜ਼ਿੰਮੇਵਾਰੀ ਨਾਲ ਨੇਪਰੇ ਚੜ੍ਹਦਾ, ਜਿਸ ਨਾਲ ਪਿੰਡ ਦੀ ਜੂਹ ਨੂੰ ਹੁੰਦਾ ਸੁਖਨ ਤੇ ਸੰਤੁਸ਼ਟੀ ਦਾ ਅਹਿਸਾਸ। ਸਾਂਝੇ ਖੂਹਾਂ, ਖਰਾਸਾਂ, ਘਰਾਟਾਂ, ਖਲਵਾੜਿਆਂ, ਫਲ੍ਹਿਆਂ, ਸੁਹਾਗਿਆਂ ਅਤੇ ਸੰਦਾਂ ਵਾਲੀ ਵਿਰਾਸਤ ਤਾਂ ਅਜੋਕੇ ਸਮੇਂ ਵਿਚ ਬਣ ਗਈ ਏ ਹਟਕੋਰਾ। ਇਸ ਸਾਂਝ ਦੀ ਮੌਤ 'ਤੇ ਤਾਂ ਹੁਣ ਕੋਈ ਦੋ ਹੰਝੂ ਵੀ ਨਹੀਂ ਕੇਰਦਾ।***

ਸ਼ਬਦ ਜੁੜਦੇ ਤਾਂ ਵਾਕ ਬਣਦਾ। ਵਾਕਾਂ ਦਾ ਆਪਸੀ ਸਬੰਧ ਹੀ ਪਹਿਰਿਆਂ ਨੂੰ ਜਨਮ ਦਿੰਦਾ ਤੇ ਪਹਿਰੇ ਰਲ ਕੇ ਇਕ ਕਿਰਤ ਦਾ ਮੁਹਾਂਦਰਾ ਸਿਰਜਦੇ। 'ਕੱਲੇ ਹਰਫ, ਪਹਿਰੇ ਜਾਂ ਵਾਕ ਦੀ ਮਹੱਤਤਾ ਕੀ ਹੋਵੇਗੀ? ਬੁਰਸ਼ ਨਾਲ ਮਾਰੀਆਂ ਲਕੀਰਾਂ ਵਿਚੋਂ ਹੀ ਕਿਸੇ ਕਲਾ-ਕ੍ਰਿਤ ਦੇ ਨਕਸ਼ ਉਘੜਦੇ, ਜਿਸ ਵਿਚੋਂ ਹੀ ਅਸੀਂ ਕਈ ਕਿਸਮ ਦੇ ਹਾਵ-ਭਾਵ ਅਤੇ ਸੋਚ-ਸਮੁੰਦਰ ਹੰਘਾਲਦੇ, ਇਸ ਦੇ ਅਸੀਮ ਅਰਥਾਂ ਦੀ ਥਾਹ ਪਾਉਂਦੇ।

ਸਾਂਝ, ਬਹੁਤ ਹੀ ਸਾਰਥਕ ਕਾਰਜ ਪਰ ਇਸ ਲਈ ਕਿਸੇ ਸਬੱਬ ਦੀ ਲੋੜ। ਇਸ ਸਬੱਬ, ਕਰਮ ਜਾਂ ਸਾਂਝ ਵਿਚੋਂ ਹੀ ਸਦੀਵੀ ਸਾਂਝਾਂ, ਮੁਹੱਬਤਨਾਮੇ ਅਤੇ ਯੁੱਗ ਜਿਉਣ ਜੇਡੀਆਂ ਪ੍ਰੀਤਾਂ ਇਤਿਹਾਸ ਅਤੇ ਮਿਥਿਹਾਸ ਦਾ ਅੰਗ ਬਣਦੀਆਂ।

ਕੰਧਾਂ ਜੁੜ ਕੇ ਹੀ ਇਕ ਘਰ ਦੀ ਸ਼ਕਲ ਅਖਤਿਆਰ ਕਰਦੀਆਂ ਅਤੇ ਘਰਾਂ ਦਾ ਕੋਲ ਕੋਲ ਹੋਣਾ ਹੀ ਇਕ ਬਸਤੀ, ਇਕ ਪਿੰਡ, ਨਗਰ ਜਾਂ ਮਹਾਂਨਗਰ ਦਾ ਨਾਮ ਬਣ ਜਾਂਦਾ। ਦੋ ਜੀਆਂ ਦੀ ਗਿਣਤੀ ਵਧਦੀ ਤਾਂ ਟੱਬਰ ਹੁੰਦਾ ਅਤੇ ਟੱਬਰ ਰਲ ਕੇ ਇਕ ਸਮਾਜ ਦੀ ਸਿਰਜਣਾ ਕਰਦੇ, ਜਿਸ ਦੀਆਂ ਆਪਣੀਆਂ ਮਾਨਤਾਵਾਂ, ਸਮਾਜਕ ਸੰਦਰਭ ਅਤੇ ਸਮਾਜਕ ਸਰੋਕਾਰ ਹੁੰਦੇ। ਟੱਬਰਾਂ ਨਾਲ ਹੀ ਨਵੇਂ ਰਿਸ਼ਤਿਆਂ ਦੀ ਧਰਾਤਲ ਸਿਰਜੀ ਜਾਂਦੀ, ਪਰ ਸਮੇਂ ਦੇ ਬੀਤਣ ਨਾਲ ਘਰ ਵੱਡੇ ਹੁੰਦੇ ਜਾ ਰਹੇ ਨੇ ਪਰ ਪਰਿਵਾਰ ਸੁੰਗੜ ਰਹੇ ਨੇ। ਨਿੱਕੇ ਘਰਾਂ ਦੇ ਸਭ ਕਮਰੇ ਸਾਂਝੇ ਹੁੰਦੇ ਸਨ ਅਤੇ ਸਾਰੇ ਰਲ ਕੇ ਜ਼ਿੰਦਗੀ ਦਾ ਜਸ਼ਨ ਮਨਾਉਂਦੇ ਸਨ। ਪਰ ਹੁਣ ਵੱਡਾ ਘਰ ਨਿੱਕੇ ਨਿੱਕੇ ਕਮਰਿਆਂ ਵਿਚ ਵੰਡ ਹੋ ਗਿਆ ਹੈ ਅਤੇ ਘਰ ਦਾ ਹਰ ਬਾਸ਼ਿੰਦਾ ਹੀ ਨਿੱਕੇ ਜਿਹੇ ਕਮਰੇ ਵਿਚ ਸੁੰਗੜਿਆ, ਨਿੱਜ ਨੂੰ ਪਹਿਲ ਦੇਣ ਦੇ ਭੁਲੇਖੇ 'ਚ ਇਕ ਬਿੰਦੂ ਬਣ ਗਿਆ ਹੈ। ਉਸ ਨੂੰ ਭੁੱਲ ਗਿਆ ਏ ਫੈਲਰਨਾ। ਘਰ ਦੇ ਹਰ ਦਰਵਾਜੇ ਦੇ ਦੋ ਤਖਤੇ ਹੁੰਦੇ ਸਨ, ਜੋ ਆਪਸੀ ਮੋਹ ਨਾਲ ਮਿਲਦੇ, ਗਲਵੱਕੜੀ ਪਾਉਂਦੇ ਸਨ। ਉਨ੍ਹਾਂ ਦੇ ਬੰਦ ਹੋਣ 'ਤੇ ਵੀ ਬਾਹਰਲੇ ਦਰਵਾਜੇ ਵਿਚ ਇਕ ਛੋਟੀ ਜਿਹੀ ਬਾਰੀ ਆਉਣ-ਜਾਣ ਦਾ ਸਬੱਬ ਸੀ। ਹਵਾ ਅਤੇ ਸੋਚ ਕਦੇ ਨਹੀਂ ਸੀ ਹੁੱਸੜਦੀ। ਹੁਣ ਤਾਂ ਦਰਵਾਜੇ ਦਾ ਵੀ ਇਕ ਹੀ ਤਖਤਾ ਰਹਿ ਗਿਆ। ਇਹ ਕਿਸ ਨਾਲ ਜੁੜੇ ਅਤੇ ਕਿਸ ਨਾਲ ਮੋਹਵੰਤੀ ਸਾਂਝ ਪਾਵੇ। ਰਾਤ ਨੂੰ ਵੱਖੋ ਵੱਖੋ ਮੰਜਿਆਂ ਨੂੰ ਨਾਲ ਜੋੜਨ ਦੀ ਤਮੰਨਾ ਹੁੰਦੀ ਸੀ। ਇਕ ਮਜਬੂਤ ਰਿਸ਼ਤਾ ਜੁੜੇ ਹੋਏ ਮੰਜਿਆਂ ਦਰਮਿਆਨ ਹੁੰਦਾ ਸੀ। ਵੱਖ-ਵੱਖ ਮੰਜਿਆਂ 'ਤੇ ਸੁੱਤੇ ਹੋਵੇ ਵੀ ਬਹੁਤ ਕਰੀਬ ਹੁੰਦੇ ਸੀ, ਪਰ ਹੁਣ ਬੈਡ 'ਤੇ ਨਾਲ ਸੁੱਤਿਆਂ ਵੀ ਕੋਹਾਂ ਦੀ ਦੂਰੀ ਹੁੰਦੀ ਆ। ਆਪਸੀ ਨਿੱਘ ਦੀ ਥਾਂ ਇਕ ਸੁੰਨਤਾ ਸਬੰਧਾਂ ਵਿਚ ਹਾਵੀ। ਇਹ ਅਦਿੱਖ ਦੂਰੀ ਹੀ ਮਾਨਸਿਕ ਬਿਮਾਰੀ, ਭਟਕਣਾ ਅਤੇ ਅਸਾਧ ਅਲਾਮਤਾਂ ਦਾ ਆਧਾਰ, ਜਿਸ ਦਾ ਸ਼ਿਕਾਰ ਏ ਆਧੁਨਿਕ ਮਨੁੱਖ। ਕੋਲ-ਕੋਲ ਪਈਆਂ ਕੁਰਸੀਆਂ 'ਤੇ ਬੈਠੇ ਸ਼ਖਸਾਂ ਦਰਮਿਆਨ ਗੁਫਤਗੂ ਪੁਰ-ਖਲੂਸ ਹੁੰਦੀ ਸੀ। ਪਾਕ, ਪ੍ਰੇਮ ਮਈ ਅਤੇ ਰੂਹਾਨੀਅਤ ਭਰਪੂਰ ਗੱਲਬਾਤ ਦਾ ਸਕੂਨ, ਘਰ ਦੇ ਆਲੇ-ਦੁਆਲੇ 'ਚ ਫੈਲ ਜਾਂਦਾ ਸੀ। ਅੱਜ ਕੱਲ ਸੋਫੇ 'ਤੇ ਬੈਠਿਆਂ ਦੀ ਸੰਕੋਚਵੀਂ ਗੱਲਬਾਤ, ਹਉਮੈ ਤੇ ਈਰਖਾ ਨਾਲ ਭਰੀਆਂ ਟੁੱਟਵੀਆਂ ਗੱਲਾਂ, ਤਿੜਕੇ ਮਨੁੱਖ ਦਾ ਬਿੰਬ। ਬਾਹਰੋਂ ਸਾਬਤ ਨਜ਼ਰ ਆਉਣ ਵਾਲੇ ਮਨੁੱਖ, ਅੰਦਰੋਂ ਟੁੱਟੇ ਅਤੇ ਖੰਡਿਤ। ਇਸ ਵਿਖੰਡਨ ਵਿਚੋਂ ਹੀ ਕਰੁਣਾ, ਕਰੋਧ ਤੇ ਕਮੀਨਗੀ, ਜ਼ਿੰਦਗੀ ਦਾ ਹਿੱਸਾ ਬਣ, ਸਮਾਜ ਵਿਚ ਨਾਕਾਰਾਤਮਕਤਾ ਫੈਲਾ ਰਹੀ ਏ। ਅੱਜ ਕੱਲ ਤਾਂ ਵੱਡੇ-ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ ਨੇ। ਵੱਡੀਆਂ ਵੱਡੀਆਂ ਕਾਰਾਂ ਵਿਚ ਨਿੱਕੇ ਜਿਹੇ ਲੋਕ ਹੁੰਦੇ ਨੇ। ਘਰਾਂ ਦੇ ਪਰਦਿਆਂ ਵਿਚ ਗੁੰਮ ਏ ਮਾਸੂਮ ਸਿਸਕੀ। ਦੀਵਾਰਾਂ ਦੀਆਂ ਘੁੰਮਣਘੇਰੀਆਂ ਵਿਚ ਮਰ ਗਈਆਂ ਨੇ ਕੋਮਲ ਭਾਵਨਾਵਾਂ ਅਤੇ ਉਜੜ ਗਈ ਏ ਸੂਖਮ ਵਿਚਾਰਾਂ ਦੀ ਬਸੰਤੀ ਰੁੱਤ। ਅਜਿਹੇ ਘਰ ਜੋੜਨ ਨਾਲੋਂ ਟੁੱਟਣ ਦੀ ਪ੍ਰਕ੍ਰਿਆ ਵਿਚ ਰੁੱਝੇ, ਟੁੱਟਣ ਦੀ ਤ੍ਰਾਸਦੀ ਨੇ।

ਕਿਸੇ ਨਾਲ ਵੀ ਸਾਂਝ ਪਾਉਣ ਦੀ ਗਲਤਫਹਿਮੀ ਦਾ ਸ਼ਿਕਾਰ ਹੋਇਆ ਮਨੁੱਖ, ਸੋਸ਼ਲ ਮੀਡੀਆ ਰਾਹੀਂ ਹਰੇਕ ਨਾਲ ਜੁੜਨ ਦਾ ਭਰਮ ਪਾਲ ਰਿਹਾ ਏ। ਸੋਸ਼ਲ ਮੀਡੀਆ ਰਾਹੀਂ ਜੁੜੇ ਲੋਕ ਸੰਪਰਕ ਹੁੰਦੇ, ਸਬੰਧ ਨਹੀਂ ਹੁੰਦੇ। ਸੰਪਰਕਾਂ ਨੂੰ ਜੁੜਨ ਦਾ ਨਾਮ ਦੇਣਾ, ਟੁੱਟਣ ਤੋਂ ਮਾੜਾ। ਟੁੱਟ ਕੇ ਤਾਂ ਬੰਦਾ ਨਵੇਂ ਸਿਰਿਉਂ ਜ਼ਿੰਦਗੀ ਨੂੰ ਜੋੜ ਸਕਦਾ ਪਰ ਸੰਪਰਕਾਂ ਨਾਲ ਜੁੜਨਾ ਤਾਂ ਟੁੱਟਣ ਨਾਲੋਂ ਵੀ ਵੱਧ ਦੁਖੀ ਕਰਦਾ।

ਸਾਡੇ ਵਿਚ ਖੁਦ ਨਾਲ ਜੁੜਨ ਦੀ ਕੋਈ ਤਵੱਕੋ ਜਾਂ ਚਾਹਨਾ ਨਹੀਂ। ਸਿਰਫ ਖੁਦਾ ਤੋਂ ਮੰਗਦੇ ਹਾਂ ਪਰ ਖੁਦ ਨੂੰ ਮਿਲਦੇ ਤਾਂ ਕਦੇ ਵੀ ਨਹੀਂ। ਖੁਦ ਨਾਲ ਮਿਲਣ ਦਾ ਚਾਅ ਮਨ ਵਿਚ ਪੈਦਾ ਹੋਵੇ ਤਾਂ ਮੰਨਤਾਂ ਆਪੇ ਹੀ ਪੂਰੀਆਂ ਹੋ ਜਾਂਦੀਆਂ।

ਸਾਂਝ ਦਾ ਮਨ ਵਿਚ ਪਛਤਾਵਾ ਨਾ ਹੋਵੇ। ਸਗੋਂ ਕਿਸੇ ਨਾਲ ਜੁੜਨ ਦਾ ਸਬੱਬ, ਤੁਹਾਡੇ ਲਈ ਮਾਣ ਹੋਵੇ ਤਾਂ ਇਸ ਸਾਂਝ ਵਿਚੋਂ ਵੀ ਜ਼ਿੰਦਗੀ ਦੇ ਦੀਦਾਰੇ ਹੁੰਦੇ।

ਦੋ ਦਿਲਾਂ ਦੀ ਸਾਂਝ ਪੈਦਾ ਹੁੰਦੀ ਤਾਂ ਪਿਆਰ ਹੁੰਦਾ, ਦੋ ਕਿਨਾਰੇ ਦੂਰ ਹੁੰਦਿਆਂ ਵੀ ਪਾਣੀ ਨੂੰ ਦਰਿਆ ਦਾ ਰੂਪ ਦਿੰਦੇ ਅਤੇ ਪਾਣੀ, ਦੋ ਕਿਨਾਰਿਆਂ ਨੂੰ ਜੋੜਨ ਦਾ ਕਾਰਨ ਬਣਦਾ। ਹਵਾ ਤੇ ਬਾਂਸ ਮਿਲ ਕੇ ਬੰਸਰੀ ਦਾ ਰੂਪ ਧਾਰਦੇ ਜੋ ਸੰਗੀਤਕ ਸੁਰਾਂ ਦੀ ਜਨਮਦਾਤੀ ਹੁੰਦੀ। ਕਲਮ ਤੇ ਕਾਗਜ਼ ਦੇ ਮਿਲਾਪ ਵਿਚੋਂ ਹੀ ਇਬਾਰਤ ਨੂੰ ਇਬਾਦਤ ਦਾ ਦਰਜ਼ਾ ਹਾਸਲ ਹੁੰਦਾ। ਦੋ ਨੈਣ ਮਿਲਦੇ ਤਾਂ ਸੁਪਨਿਆਂ ਦੇ ਵਟਾਂਦਰੇ ਵਿਚੋਂ ਹੀ ਸੁਪਨਸ਼ੀਲਤਾ ਦਾ ਜਨਮ ਹੁੰਦਾ। ਦੋ ਰੂਹਾਂ ਮਿਲਦੀਆਂ ਤਾਂ ਮਿਲਣ-ਬਿੰਦੂ ਦਾ ਅਹਿਸਾਸ ਸਾਹਾਂ ਦੇ ਨਾਮ ਹੁੰਦਾ। ਰਾਹ ਇਕ ਦੂਜੇ ਨੂੰ ਕੱਟਣ ਲੱਗ ਪੈਣ ਤਾਂ ਮੰਜ਼ਿਲਾਂ ਕਦੇ ਨਹੀਂ ਥਿਆਉਂਦੀਆਂ।

ਕੁਝ ਲੋਕ ਚੰਨ ਦੀ ਤਰ੍ਹਾਂ ਸੁੰਦਰ ਤੇ ਨੂਰੋ-ਨੂਰ ਹੁੰਦੇ ਪਰ ਹੁੰਦੇ ਬਹੁਤ ਦੂਰ। ਕੁਝ ਲੋਕ ਰਕੀਬ ਹੁੰਦੇ ਪਰ ਬਹੁਤ ਹੀ ਕਰੀਬ ਹੁੰਦੇ। ਤੁਸੀਂ ਚੰਨ ਨਾਲ ਸਾਂਝ ਪਾਉਣੀ ਜਾਂ ਰਕੀਬ ਦੀ ਸੰਗਤ ਵਿਚ ਰਹਿਣਾ, ਇਹ ਮਨੁੱਖ ਅੰਦਰ ਜਿਉਂਦੇ ਮਨੁੱਖ ਨੇ ਸੋਚਣਾ।

ਸਾਂਝ, ਇਕ ਊਰਜਾ ਅਤੇ ਪ੍ਰੇਰਨਾ ਸਰੋਤ। ਜਦ ਨੇੜੇ ਹੋ ਕੇ ਤੁਸੀਂ ਕਿਸੇ ਨੂੰ ਦੇਖਦੇ, ਸੁਣਦੇ ਤੇ ਉਤਸ਼ਾਹਿਤ ਹੁੰਦੇ ਤਾਂ ਇਕ ਊਰਜਾ ਅਤੇ ਅਰਪਣ ਤੁਹਾਡੀਆਂ ਰਗਾਂ ਵਿਚ ਦੌੜਦੇ। ਇਸ ਸਬੰਧ ਵਿਚੋਂ ਸੁਗੰਧੀਆਂ ਦੀ ਫਸਲ ਉਗਦੀ।

ਤੁਹਾਡੇ ਨਾਲ ਜੁੜੇ ਹੋਏ ਕੁਝ ਕੁ ਲੋਕ ਦੇਵਤਾ ਸਰੂਪ, ਕੁਝ ਬਜੁਰਗੀ ਬਹਿਸ਼ਤ, ਕੁਝ ਦਾਨਸ਼ਵਰੀ ਦਿਆਨਤ ਨਾਲ ਭਰਪੂਰ, ਕੁਝ ਸਾਹਾਂ ਦੀ ਸੰਦਲੀ-ਸੰਗਤ, ਕੁਝ ਅਵਾਰਗੀ ਦਾ ਅਵਾਗਵਣ, ਕੁਝ ਤੁਹਾਡੀਆਂ ਪੈੜਾਂ ਦੇ ਰਾਹਗੀਰ, ਕੁਝ ਤੁਹਾਡੀਆਂ ਪ੍ਰਾਪਤੀਆਂ ਦੇ ਵਾਰਸ ਅਤੇ ਕੁਝ ਤੁਹਾਡੀ ਸੋਚ ਤੇ ਸੁਪਨਿਆਂ ਨੂੰ ਅਗਵਾ ਕਰਨ ਲਈ ਤਤਪਰ। ਰੰਗ-ਬਰੰਗੇ ਲੋਕਾਂ ਦੀ ਰੰਗੀਨੀ ਵਿਚ ਜੀਵਨ-ਰੰਗ ਮਾਣਨਾ ਹੀ ਜ਼ਿੰਦਗੀ-ਨਾਮਾ।

ਖਾਸ ਮਕਸਦ ਜਾਂ ਉਦੇਸ਼ ਕਾਰਨ ਜੁੜੇ ਹੋਏ ਲੋਕ, ਲੋਕ-ਲਹਿਰ ਹੁੰਦੇ। ਵਾਤਾਵਰਣ ਨੂੰ ਬਚਾਉਣ ਵਾਲੇ, ਭੁੱਖਮਰੀ ਲਈ ਟੁੱਕਰ ਦਾ ਆਹਰ ਕਰਨ ਵਾਲੇ ਜਾਂ ਅਨਪੜ੍ਹਤਾ ਨੂੰ ਅੱਖਰਾਂ ਦੀ ਜਾਗ ਲਾਉਣ ਵਾਲੇ ਆਸ਼ੇ ਤੇ ਉਮੀਦ ਨਾਲ ਹੀ ਉਦੇਸ਼ ਦੀ ਪ੍ਰਾਪਤੀ ਬਣਦੇ।

ਸਾਂਝ, ਇਕ ਅਹਿਸਾਸ, ਮਨ ਦੇ ਹਾਵ ਭਾਵ ਦਾ ਸੂਖਮ ਪ੍ਰਗਟਾਵਾ ਅਤੇ ਅਚੇਤ ਰੂਪ ਵਿਚ ਪੀਢੀ ਸਾਂਝ ਦਾ ਪ੍ਰਮਾਣ। ਜੁੜੇ ਹੋਇਆਂ ਨੂੰ ਕਦੇ ਵੀ ਯਾਦ ਕਰਵਾਉਣ ਦੀ ਲੋੜ ਨਹੀਂ। ਦੇਰ ਤੀਕ ਬਿਨ-ਮਿਲਿਆਂ ਜਾਂ ਗੱਲਬਾਤ ਕੀਤਿਆਂ ਵੀ ਸਾਂਝ ਦਾ ਅਹਿਸਾਸ, ਮਨ ਵਿਚ ਹਾਵੀ। ਮਿਲਣ 'ਤੇ ਇਕ ਤਾਜ਼ਗੀ ਭਰਪੂਰ ਭਾਵਨਾ, ਤੁਹਾਡੇ ਸਬੰਧਾਂ ਵਿਚ ਮਹਿਕ ਭਰਦੀ ਜੋ ਅਦ੍ਰਿਸ਼ਟ ਰੂਪ ਵਿਚ ਹਰ ਦਮ ਸੋਚ, ਸਾਹਾਂ ਅਤੇ ਸੁਪਨਿਆਂ ਵਿਚ ਸਮੋਈ ਹੁੰਦੀ।

ਦੋ ਪੈਰਾਂ ਦੀ ਸਾਂਝ ਤੇ ਇਕਸੁਰਤਾ ਹੀ ਸਾਵੀਂ ਤੋਰ ਦਾ ਆਧਾਰ। ਦੋ ਜੀਆਂ ਦੀ ਸਮ-ਸੋਚ ਅਤੇ ਸਮ-ਸਾਧਨਾ ਹੀ ਬਣਦੀ ਏ ਸੁਖੀ ਤੇ ਸੰਤੁਲਤ ਪਰਿਵਾਰ, ਜਿਨ੍ਹਾਂ ਦੇ ਵਿਹੜੇ ਵਿਚ ਹੁੰਦਾ ਚਾਵਾਂ ਤੇ ਖੁਸ਼ੀਆਂ ਦਾ ਖੁਮਾਰ ਤੇ ਸਾਂਝੀ ਤਪੱਸਿਆ ਦਾ ਪ੍ਰਤਾਪ।

ਪਰਿਵਾਰ ਸਾਂਝੇ ਸਨ ਤਾਂ ਰਿਸ਼ਤਿਆਂ ਦੀ ਹੁੰਦੀ ਸੀ ਭਰਮਾਰ, ਹਰ ਬੱਚੇ ਨੂੰ ਸੋਚਣ, ਸਮਝਣ ਅਤੇ ਵਿਕਸਿਤ ਹੋਣ ਲਈ ਵੱਖ-ਵੱਖ ਪਹਿਲੂਆਂ ਤੋਂ ਖੁਦ ਨੂੰ ਕਰਨਾ ਪੈਂਦਾ ਸੀ ਤਿਆਰ। ਆਪਸੀ ਤਕਰਾਰ ਦਰਮਿਆਨ ਵੀ ਹੁੰਦਾ ਸੀ ਅਸੀਮਤ ਪਿਆਰ। ਕਦੇ ਵੀ ਕੋਈ ਵੀ ਸ਼ਖਸ ਨਹੀਂ ਸੀ ਹੁੰਦਾ ਲਾਚਾਰ ਕਿਉਂਕਿ ਉਸ ਦੀ ਮਦਦ ਲਈ ਹੁੰਦਾ ਸੀ ਵੱਡਾ ਪਰਿਵਾਰ। ਇਕਹਿਰੇ ਪਰਿਵਾਰਾਂ ਨਾਲ ਖੱਟਣ ਦੀ ਥਾਂ ਗਵਾਇਆ ਬਹੁਤਾ ਏ ਅਤੇ ਇਸ ਦੀ ਭਰਪਾਈ ਹੋਣੀ ਵੀ ਅਸੰਭਵ। ਅਸੀਂ ਤਾਂ ਜੀਵਨ ਦੇ ਹਰ ਮੋੜ 'ਤੇ ਜੁੜਨ ਨਾਲੋਂ ਟੁੱਟਣ ਨੂੰ ਜੁ ਤਰਜ਼ੀਹ ਦੇਣ ਲੱਗ ਪਏ ਹਾਂ।

ਸਾਂਝ, ਨਿੱਘ ਦਾ ਪ੍ਰਗਟਾਵਾ, ਅਪਣੱਤ ਦਾ ਪ੍ਰਵਾਹ, ਕਿਸੇ ਦਾ ਹੋ ਕੇ ਜਿਉਣ ਦਾ ਚਾਅ ਅਤੇ ਕਿਸੇ ਦੇ ਕੰਮ ਆਉਣ ਦੀ ਅਦਾ। ਕਿਸੇ ਦੀ



ਸਫਲਤਾ ਵਿਚੋਂ ਕੁਝ ਚੰਗੇਰਾ ਮਾਣਨ ਦਾ ਸ਼ੁਦਾਅ ਅਤੇ ਜੀਵਨ ਦੇ ਮੁਖੜੇ 'ਤੇ ਫੈਲੀ ਸੰਦਲੀ ਭਾਅ।

ਸਿਰ ਜੋੜ ਕੇ ਕੀਤੇ ਫੈਸਲੇ, ਸਰਬ ਪ੍ਰਵਾਨ। ਸਾਂਝੀਆਂ ਸੋਚਾਂ ਵਿਚੋਂ ਹੀ ਨਿਕਲਦਾ ਏ ਉਲਝਣਾਂ ਭਰਪੂਰ ਸਮੱਸਿਆ ਦਾ ਸਮਾਧਾਨ। ਭੀੜਾਂ ਤੇ ਮੁਸ਼ਕਿਲਾਂ ਹੋ ਜਾਂਦੀਆਂ ਨੇ ਆਸਾਨ। ਬੰਦਿਆਂ ਦੀ ਸਾਂਝ ਵਿਚੋਂ ਜਨਮ ਲੈਂਦਾ ਏ ਇਨਸਾਨ ਜਿਸ ਦੀ ਸੋਚ, ਸੇਧ ਅਤੇ ਸਮਰਪਣ ਨੂੰ ਹੁੰਦੀ ਏ ਸਲਾਮ।

ਸਾਂਝ ਦੇ ਕਈ ਧਰਾਤਲ। ਸਰੀਰਕ, ਮਾਨਸਿਕ ਸਮਾਜਕ ਜਾਂ ਆਰਥਕ ਸਾਂਝ, ਜੋ ਮਨੁੱਖ ਦੀਆਂ ਵੱਖ-ਵੱਖ ਲੋੜਾਂ, ਸਮਰੱਥਾਵਾਂ, ਸੰਵੇਦਨਾ ਅਤੇ ਸ਼ਖਸੀ ਆਧਾਰ ਨਿਰਧਾਰਤ ਕਰਦੀ, ਪਰ ਸਭ ਤੋਂ ਅਹਿਮ ਤੇ ਅਜ਼ਲੀ ਏ ਮਾਨਸਿਕ ਸਾਂਝ, ਰੂਹ ਤੋਂ ਰੂਹ ਤੀਕ ਦੀ ਰੰਗਰੇਜ਼ਤਾ, ਦਿਲ ਤੋਂ ਦਿਲ ਦਾ ਸਫਰਨਾਮਾ, ਸੁਪਨਿਆਂ ਦੀ ਸਾਂਝ ਦਾ ਸ਼ਬਦਨਾਮਾ ਅਤੇ ਤਾਲ ਨਾਲ ਤਾਲ ਮਿਲਾਉਂਦੇ ਕਦਮਾਂ ਦੀ ਪੈੜ ਚਾਲ। ਇਸ ਨਾਲ ਮਿਲਦਾ ਸੂਖਮ ਸੰਵੇਦਨਾ ਨੂੰ ਸਕੂਨ ਤੇ ਰੂਹ-ਰੱਜ ਭਿੱਜੀ ਅਸੀਸ।

ਸਾਂਝ ਨੂੰ ਮਨ ਦੇ ਨਜ਼ਰੀਏ ਨਾਲ ਜੋੜ ਕੇ ਪਰਖੀਏ ਤਾਂ ਕੁਝ ਲੋਕ ਬਹੁਤ ਦੂਰ ਰਹਿੰਦਿਆਂ ਵੀ ਤੁਹਾਡੇ ਅਤਿ-ਨਜਦੀਕੀ ਜਦ ਕਿ ਕੁਝ ਲੋਕ ਕਰੀਬ ਰਹਿੰਦਿਆਂ ਵੀ ਕੋਹਾਂ ਦੂਰ। ਕੁਝ ਲੋਕ ਕਰੀਬੀ ਹੁੰਦਿਆਂ ਵੀ ਭਾਵਹੀਣ ਜਦ ਕਿ ਕੁਝ ਲੋਕ ਸਬੰਧਹੀਣ ਹੋ ਕੇ ਸਬੰਧਾਂ ਦੀ ਖੁਸ਼ਬੂ। ਇਹ ਤਾਂ ਸਾਂਝ ਦੀ ਤਾਸੀਰ ਅਤੇ ਤਦਬੀਰ 'ਤੇ ਨਿਰਭਰ।

ਸਾਂਝ, ਜੋਰ-ਜ਼ਬਰਦਸਤੀ ਪੈਦਾ ਨਹੀਂ ਹੁੰਦੀ। ਇਹ ਖੁਦ-ਬਖੁਦ, ਚੌਗਿਰਦੇ, ਮਾਨਸਿਕ ਵਲਵਲੇ, ਪਰਿਵਾਰਕ ਦਾਇਰੇ ਜਾਂ ਕਰਮ-ਧਰਾਤਲ ਵਿਚਲੀ ਗਤੀਸ਼ੀਲਤਾ ਵਿਚੋਂ ਹੀ ਸਿਰਜੀ ਜਾਂਦੀ। ਇਸ ਦੀ ਸਦੀਵਤਾ ਤੇ ਸਥਿਰਤਾ ਨੂੰ ਸਮੇਂ ਦੀ ਤਲਖੀ ਅਤੇ ਤਹਿਜ਼ੀਬ ਨਿਰਧਾਰਤ ਕਰਦੀ।

ਸਾਂਝ ਵਿਚੋਂ ਜਗਦੀ ਜੋਤ ਵਰਗਾ ਆਭਾ-ਮੰਡਲ ਸਿਰਜਿਆ ਜਾਵੇ ਤਾਂ ਸਾਂਝ ਸਕਾਰਥ ਹੋ ਜਾਂਦੀ। ਸਾਂਝ ਵਿਚੋਂ ਹੀ ਮਿਲਦਾ ਏ ਜੀਵਨ-ਦਾਨ। ਸਾਂਝ ਨਾਲ ਹੀ ਸਿਰ ਚੜ੍ਹਦੇ ਨੇ ਕੁਝ ਅਜਿਹੇ ਅਹਿਸਾਨ ਕਿ ਮਨੁੱਖ ਸਾਰੀ ਉਮਰ ਲਾਹੁੰਦਿਆਂ ਵੀ ਰਹਿ ਜਾਂਦਾ ਏ ਨਾਦਾਨ।

ਸਾਂਝ, ਯੁੱਗਾਂ ਜੇਡੀ ਆਰਜਾ। ਮਨੁੱਖੀ ਇਤਿਹਾਸ, ਸਭਿਆਚਾਰ ਅਤੇ ਵਿਰਾਸਤ ਦੀ ਸ਼ਬਦਮਾਲਾ। ਇਸ ਕਾਰਨ ਹੀ ਅਸੀਂ ਆਪਣੀ ਵਿਰਾਸਤ ਨਾਲ ਜੁੜ, ਇਸ ਦੀਆਂ ਬਰਕਤਾਂ ਨੂੰ ਅਪਨਾਉਂਦੇ, ਇਸ ਦੀ ਅਸੀਮਤਾ ਨੂੰ ਧਿਆਉਂਦੇ ਅਤੇ ਬਜ਼ੁਰਗੀ ਅਸੀਸਾਂ ਦਾ ਨਗਮਾ ਗੁਣਗੁਣਾਉਂਦੇ। ਮੂਲ ਨਾਲ ਜੁੜੇ ਰਹਿਣ ਵਾਲੇ ਲੋਕ, ਆਪਣੀ ਔਕਾਤ ਵਿਚ ਰਹਿੰਦੇ। ਧਰਤੀ ਨਾਲ ਸਾਂਝ ਰੱਖੋ, ਅੰਬਰ ਦੀ ਵਿਸ਼ਾਲਤਾ ਦਾ ਅਹਿਸਾਸ ਖੁਦ ਹੋ ਜਾਵੇਗਾ। ਧਰਤੀ ਤੋਂ ਪੈਰ ਚੁੱਕਣ ਵਾਲੇ ਲੋਕ ਤਾਂ ਆਪਣਾ ਪਰਛਾਵਾਂ ਵੀ ਗੁਆ ਲੈਂਦੇ।

ਸਾਂਝ ਜਦ ਮੁਫਾਦ, ਲਾਭ ਜਾਂ ਹਿੱਤ ਪ੍ਰਾਪਤੀ ਲਈ ਹੋਵੇ ਤਾਂ ਇਸ ਦੇ ਕੋਹਝ ਵਿਚੋਂ ਮਨੁੱਖੀ ਕਰੂਪਤਾ ਦਾ ਅਜਿਹਾ ਰੂਪ ਨਜ਼ਰ ਆਉਂਦਾ, ਜੋ ਮਨੁੱਖਤਾ ਨੂੰ ਸ਼ਰਮਸਾਰ ਕਰ ਜਾਂਦਾ। ਅਜਿਹੀ ਸਾਂਝ ਨਾਲੋਂ ਤਾਂ ਟੁੱਟਣਾ ਹੀ ਬਿਹਤਰ। ਬੁਰਿਆਈ, ਬੇਹੂਦਗੀ ਅਤੇ ਵਿਚਾਰਗੀ ਵਿਚੋਂ ਪੈਦਾ ਹੋਈ ਇਹ ਸਾਂਝ ਮੰਦ-ਭਾਵਨਾ ਹੁੰਦੀ, ਜੋ ਸਾਹਾਂ ਲਈ ਸੰਤਾਪ ਬਣਦੀ।

ਸਾਂਝ, ਇਕ ਜ਼ਿਆਰਤ, ਸਾਧਨਾ, ਖੁਦ ਦਾ ਆਪਣੇ ਅੰਤਰੀਵ ਨਾਲ ਜੁੜਨਾ ਅਤੇ ਖੁਦ ਵਿਚੋਂ ਖੁਦ ਦਾ ਵਿਸ਼ਲੇਸ਼ਣ ਤੇ ਵਿਸਥਾਰ। ਖੁਦ ਨਾਲ ਜੁੜੇ ਹੋਇਆਂ ਨੂੰ ਸੰਸਾਰਕ ਮੁਥਾਜੀ ਨਹੀਂ ਹੰਢਾਉਣੀ ਪੈਂਦੀ। ਉਹ ਖੁਦ ਹੀ ਦੀਵਾ ਅਤੇ ਇਸ ਦੀ ਲੋਅ ਹੁੰਦੇ, ਜਿਸ ਨਾਲ ਉਹ ਜੀਵਨ ਮਾਰਗ ਚਮਕਾਉਂਦੇ। ਮਾਂਗਵੀਂ ਰੋਸ਼ਨੀ ਨਾਲ ਜ਼ਿੰਦਗੀ ਨੂੰ ਕਿਵੇਂ ਰੁਸ਼ਨਾਵੋਗੇ?

ਹਮੇਸ਼ਾ ਆਪਣੇ ਆਪ ਨਾਲ ਜੁੜ ਕੇ, ਆਪਣਾ ਮਾਰਗ ਆਪ ਤਲਾਸ਼ੋ ਤਾਂ ਕਿ ਉਹ ਰਾਹ ਤੁਹਾਡੀ ਸੁਪਨ-ਨਗਰੀ ਨੂੰ ਜਾਵੇ ਅਤੇ ਤੁਹਾਡੀ ਜੀਵਨ-ਜਾਚ ਨੂੰ ਨਵੀਆਂ ਬੁਲੰਦੀਆਂ ਦਾ ਜਾਗ ਲਾਵੇ।

# ਪਦਮਿਨੀ ਕੋਹਲਾਪੁਰੀ ਦਾ ਫਿਲਮੀ ਸਫਰ

ਫਿਲਮ 'ਯਾਦੋਂ ਕੀ ਬਾਰਾਤ' ਦੇ ਸੁਪਰਹਿਟ ਗੀਤ 'ਯਾਦੋਂ ਕੀ ਬਾਰਾਤ ਨਿਕਲੀ ਹੈ ਆਜ ਦਿਲ ਕੇ ਦੁਆਰੇ' ਵਿਚ ਲਤਾ ਮੰਗੇਸ਼ਕਰ ਦੀ ਆਵਾਜ਼ ਨਾਲ ਨੰਨ੍ਹੀ ਗਾਇਕਾ ਦੀ ਆਵਾਜ਼ ਵੀ ਸਾਡੇ ਕੰਨੀਂ ਪੈਂਦੀ ਹੈ। ਇਹ ਆਵਾਜ਼ ਹੈ ਆਪਣੇ ਸਮੇਂ ਦੀ ਜਾਣੀ-ਪਛਾਣੀ ਅਦਾਕਾਰਾ ਪਦਮਿਨੀ ਕੋਹਲਾਪੁਰੀ ਦੀ। ਸੰਗੀਤਕ ਪਰਿਵਾਰ ਨਾਲ ਨਾਤਾ ਰੱਖਣ ਵਾਲੀ ਪਦਮਿਨੀ ਕੋਹਲਾਪੁਰੀ ਜੋ ਰਿਸ਼ਤੇਦਾਰੀ 'ਚ ਲਤਾ ਮੰਗੇਸ਼ਕਰ ਅਤੇ ਆਸ਼ਾ ਭੌਂਸਲੇ ਦੀ ਭਾਣਜੀ ਲੱਗਦੀ ਹੈ, ਵੀ ਗਾਇਕੀ ਦੇ ਖੇਤਰ ਵਿਚ ਆਪਣਾ ਸਥਾਨ ਬਣਾਉਣਾ ਚਾਹੁੰਦੀ ਸੀ ਕਿਉਂ ਜੋ ਉਸ ਨੂੰ ਪਰਿਵਾਰ ਨੇ ਸੰਗੀਤ ਦੀ ਸਿੱਖਿਆ ਬਚਪਨ ਤੋਂ ਹੀ ਦੇਣੀ ਸ਼ੁਰੂ ਕਰ ਦਿੱਤੀ ਸੀ ਪਰ ਕਿਸਮਤ ਉਸ ਨੂੰ ਅਦਾਕਾਰੀ ਦੇ ਖੇਤਰ 'ਚ ਲੈ ਆਈ। ਜਦੋਂ ਆਸ਼ਾ ਭੌਂਸਲੇ, ਪਦਮਨੀ ਦੇ ਘਰ ਜਾਂਦੀ ਤਾਂ ਪਦਮਨੀ, ਆਸ਼ਾ ਜੀ ਨੂੰ ਫਿਲਮੀ ਗਾਣਿਆਂ 'ਤੇ ਨੱਚ ਕੇ ਦਿਖਾਉਂਦੀ। ਆਸ਼ਾ ਭੌਂਸਲੇ ਨੂੰ ਪਦਮਿਨੀ ਦੀ ਦਾਦੀ ਆਖਦੀ ਕਿ ਉਹ ਪਦਮਿਨੀ ਨੂੰ ਫਿਲਮਾਂ 'ਚ ਕੰਮ ਦਿਵਾਏ ਕਿਉਂਕਿ ਉਹ ਪਦਮਿਨੀ ਨੂੰ ਫਿਲਮਾਂ 'ਚ ਕੰਮ ਕਰਦੀ ਦੇਖਣਾ ਚਾਹੁੰਦੀ ਹੈ।




ਫਿਲਮ 'ਇਸ਼ਕ ਇਸ਼ਕ ਇਸ਼ਕ' ਦੇ ਗੀਤ 'ਅੱਲ੍ਹਾ ਕਿਆ ਨਜ਼ਾਰਾ ਹੈ, ਮੌਸਮ ਬੜਾ ਪਿਆਰਾ ਹੈ' ਵਿਚ ਗਾਇਕ ਕਿਸ਼ੋਰ ਕੁਮਾਰ ਨਾਲ ਕੋਰਸ ਗਾਇਕਾ ਦੇ ਤੌਰ 'ਤੇ ਸੱਤ ਸਾਲਾ ਪਦਮਿਨੀ ਵੀ ਗਾ ਰਹੀ ਸੀ। ਇਸ ਰਿਕਾਰਡਿੰਗ ਦੌਰਾਨ ਉਥੇ ਦੇਵ ਆਨੰਦ ਆਏ ਤਾਂ ਪਦਮਿਨੀ ਨੂੰ ਆਸ਼ਾ ਭੌਂਸਲੇ ਨੇ ਉਨ੍ਹਾਂ ਨਾਲ ਮਿਲਾ ਦਿੱਤਾ। ਦੇਵ ਆਨੰਦ ਨੂੰ ਆਪਣੀ ਫਿਲਮ 'ਇਸ਼ਕ ਇਸ਼ਕ ਇਸ਼ਕ' ਲਈ ਕੁਝ ਬੱਚਿਆਂ ਦੀ ਭਾਲ ਸੀ। ਉਨ੍ਹਾਂ ਨੇ ਪਦਮਿਨੀ ਆਪਣੀ ਫਿਲਮ ਵਿਚ ਬਾਲ ਕਲਾਕਾਰ ਵਜੋਂ ਲੈ ਲਿਆ। ਇਸ ਫਿਲਮ ਵਿਚ ਪਦਮਿਨੀ ਨਾਲ ਸ਼ੇਖਰ ਕਪੂਰ, ਪੂਨਮ ਸਿਨਹਾ, ਸ਼ਬਾਨਾ ਅਤੇ ਜ਼ਰੀਨਾ ਵਹਾਬ ਨੇ ਵੀ ਆਪਣਾ ਫਿਲਮੀ ਕਰੀਅਰ ਸ਼ੁਰੂ ਕੀਤਾ। ਇਹ ਫਿਲਮ ਫਲਾਪ ਰਹੀ ਅਤੇ ਪਦਮਿਨੀ ਨੂੰ ਕਿਸੇ ਵੀ ਹੋਰ ਫਿਲਮ ਦੀ ਪੇਸ਼ਕਸ਼ ਨਾ ਹੋਈ ਪਰ ਉਹ ਕੋਰਸ ਗਾਇਕਾ ਦੇ ਤੌਰ 'ਤੇ ਗੀਤ ਗਾਉਂਦੀ ਰਹੀ ਅਤੇ ਸਟੇਜ 'ਤੇ ਆਪਣੀ ਡਾਂਸ ਪ੍ਰਤਿਭਾ ਦਿਖਾਉਂਦੀ ਰਹੀ। ਇਸ ਦੌਰਾਨ ਰੋਸ਼ਨ ਤਨੇਜਾ ਦੀ ਸੰਸਥਾ ਦੇ ਉਦਘਾਟਨੀ ਸਮਾਗਮ 'ਚ ਪਦਮਿਨੀ ਦੇ ਫੁੱਫੜ ਦੀ ਫਰਮਾਇਸ਼ 'ਤੇ ਰੋਸ਼ਨ ਤਨੇਜਾ ਨੇ ਪਦਮਿਨੀ ਨੂੰ ਆਸ਼ਾ ਭੌਂਸਲੇ ਦੇ ਗਾਏ ਗੀਤ 'ਤੇ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ। ਉਥੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ੋਅਮੈਨ ਰਾਜ ਕਪੂਰ ਆਏ ਹੋਏ ਸਨ। ਪਦਮਿਨੀ ਨੂੰ ਸਮਾਗਮ ਤੋਂ ਬਾਅਦ ਰਾਜ ਕਪੂਰ ਨੇ ਬੁਲਾਇਆ ਅਤੇ ਪੁੱਛਿਆ ਕਿ ਉਹ ਫਿਲਮਾਂ 'ਚ ਕੰਮ ਕਰਨਾ ਪਸੰਦ ਕਰੇਗੀ ਤਾਂ ਪਦਮਿਨੀ ਨੇ ਕਿਹਾ ਕਿ ਉਹ ਇਕ ਫਿਲਮ ਵਿਚ ਪਹਿਲਾਂ ਹੀ ਕੰਮ ਕਰ ਚੁੱਕੀ ਹਾਂ। ਰਾਜ ਕਪੂਰ ਨੇ ਪਦਮਿਨੀ ਨੂੰ ਮਾਪਿਆਂ ਨਾਲ ਆਰ.ਕੇ. ਸਟੂਡੀਓ ਆਉਣ ਦਾ ਸੱਦਾ ਦਿੱਤਾ। ਉਥੇ ਰਾਜ ਕਪੂਰ ਨੇ ਫਿਲਮ 'ਸੱਤਿਅਮ ਸ਼ਿਵਮ ਸੁੰਦਰਮ' ਲਈ ਬਾਲ ਕਲਾਕਾਰ ਦਾ ਆਡੀਸ਼ਨ ਰੱਖਿਆ ਹੋਇਆ ਸੀ। ਉਨ੍ਹਾਂ ਨੇ ਤਕਰੀਬਨ 200 ਬਾਲ ਕਲਾਕਾਰਾਂ ਦਾ ਆਡੀਸ਼ਨ ਲਿਆ ਪਰ ਪਦਮਿਨੀ ਦਾ ਸਕਰੀਨ ਟੈਸਟ ਨਹੀਂ ਲਿਆ। ਪਦਮਿਨੀ ਨੂੰ ਬੇਬੀ ਨਾਜ਼ ਦੇ ਕੱਪੜੇ ਪਹਿਨਾ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਚੱਲਣ ਲਈ ਕਿਹਾ ਗਿਆ ਤੇ ਨਾਲ ਹੀ ਪਦਮਿਨੀ ਦੀ ਆਵਾਜ਼ ਵੀ ਟੈਸਟ ਕੀਤੀ ਗਈ। ਚਾਹੇ ਰਾਜ ਕਪੂਰ ਦੇ ਸਹਾਇਕ ਨੇ ਇਹ ਕਿਹਾ ਸੀ ਕਿ ਪਦਮਿਨੀ ਇਸ ਭੂਮਿਕਾ ਲਈ ਫਿੱਟ ਨਹੀਂ ਬੈਠੇਗੀ ਕਿਉਂਕਿ ਜਿਸ ਉਮਰ ਦੀ ਬਾਲ ਕਲਾਕਾਰ ਇਸ ਫਿਲਮ ਲਈ ਚਾਹੀਦੀ ਸੀ, ਉਸ ਮੁਤਾਬਕ ਪਦਮਿਨੀ ਠੀਕ ਨਹੀਂ ਸੀ।

ਇਨ੍ਹਾਂ ਸਾਰੇ ਸੁਝਾਵਾਂ ਨੂੰ ਨਕਾਰਦੇ ਹੋਏ ਰਾਜ ਕਪੂਰ ਨੇ 'ਸੱਤਿਅਮ ਸ਼ਿਵਮ ਸੁੰਦਰਮ' ਫਿਲਮ ਦੀ ਬਾਲ ਕਲਾਕਾਰ ਦੀ ਭੂਮਿਕਾ ਲਈ ਪਦਮਿਨੀ ਨੂੰ ਹਰੀ ਝੰਡੀ ਦਿਖਾ ਦਿੱਤੀ। ਬਿਨਾਂ ਆਡੀਸ਼ਨ ਤੋਂ ਚੁਣੀ ਗਈ ਇਸ ਅਦਾਕਾਰਾ ਨੇ ਬਾਅਦ ਵਿਚ ਰਾਜ ਕਪੂਰ ਦੀ ਚਰਚਿਤ ਫਿਲਮ 'ਪ੍ਰੇਮ ਰੋਗ' ਵਿਚ ਮੁੱਖ ਭੂਮਿਕਾ ਅਦਾ ਕੀਤੀ। 'ਸੱਤਿਅਮ ਸ਼ਿਵਮ ਸੁੰਦਰਮ' ਤੋਂ ਬਾਅਦ ਬਾਲ ਕਲਾਕਾਰ ਦੇ ਤੌਰ 'ਤੇ ਪਦਮਿਨੀ ਦੀ ਤੂਤੀ ਬੋਲਣ ਲੱਗੀ ਅਤੇ ਉਸ ਨੇ 'ਸਾਜਨ ਬਿਨਾਂ ਸੁਹਾਗਣ', 'ਡ੍ਰੀਮ ਗਰਲ' ਤੇ 'ਜ਼ਿੰਦਗੀ' ਸਮੇਤ ਕਈ ਫਿਲਮਾਂ 'ਚ ਕੰਮ ਕੀਤਾ। ਇਹ ਸਿਲਸਿਲਾ ਫਿਲਮ 'ਇਨਸਾਫ ਕਾ ਤਰਾਜ਼ੂ' ਤਕ ਚਲਦਾ ਰਿਹਾ। 'ਇਨਸਾਫ ਕਾ ਤਰਾਜ਼ੂ' ਪਦਮਿਨੀ ਦੀ ਬਾਲ ਕਲਾਕਾਰ ਵਜੋਂ ਆਖਰੀ ਫਿਲਮ ਸੀ। ਫਿਲਮ 'ਇਨਸਾਫ ਕਾ ਤਰਾਜ਼ੂ' ਦੇ ਗਾਣੇ ਦਾ ਫਿਲਮਾਂਕਣ ਦੇਖਣ ਆਏ ਰਿਸ਼ੀ ਕਪੂਰ ਨੂੰ ਪਦਮਿਨੀ ਦੀ ਅਦਾਕਾਰੀ ਪਸੰਦ ਆਈ ਤਾਂ ਉਨ੍ਹਾਂ ਪਦਮਿਨੀ ਬਾਰੇ ਨਿਰਮਾਤਾ-ਨਿਰਦੇਸ਼ਕ ਨਾਸਿਰ ਹੁਸੈਨ ਨੂੰ ਦੱਸਿਆ। ਨਾਸਿਰ ਹੁਸੈਨ ਨੇ ਪਦਮਿਨੀ ਨੂੰ ਫਿਲਮ 'ਜ਼ਮਾਨੇ ਕੋ ਦਿਖਾਨਾ ਹੈ' ਸਮੇਤ ਦੋ ਹੋਰ ਫਿਲਮਾਂ ਲਈ ਸਾਈਨ ਕਰ ਲਿਆ। ਇਸ ਸਮੇਂ ਹੀ ਫਿਲਮ 'ਏਕ ਦੂਜੇ ਕੇ ਲੀਏ' ਦਾ ਨਿਰਮਾਣ ਸ਼ੁਰੂ ਹੋਣ ਵਾਲਾ ਸੀ। 'ਏਕ ਦੂਜੇ ਕੇ ਲੀਏ' ਦੀ ਟੀਮ ਨੇ ਪਦਮਿਨੀ ਨੂੰ ਅਦਾਕਾਰ ਕਮਲ ਹਸਨ ਨਾਲ ਕੰਮ ਕਰਨ ਦੀ ਪੇਸ਼ਕਸ਼ ਕੀਤੀ ਅਤੇ ਇਹ ਫਿਲਮ 6 ਮਹੀਨੇ 'ਚ ਰਿਲੀਜ਼ ਕਰਨ ਲਈ ਕਿਹਾ ਜਦੋਂਕਿ ਦੂਜੇ ਪਾਸੇ ਨਾਸਿਰ ਹੁਸੈਨ ਫਿਲਮ 'ਜ਼ਮਾਨੇ ਕੋ ਦਿਖਾਨਾ ਹੈ' ਨੂੰ ਪਹਿਲਾਂ ਰਿਲੀਜ਼ ਕਰਨਾ ਚਾਹੁੰਦੇ ਸੀ। ਇਸੇ ਹੀ ਕਸ਼ਮਕਸ਼ 'ਚ ਪਦਮਨੀ ਇਹ ਫਿਲਮ ਨਾ ਕਰ ਸਕੀ ਅਤੇ ਇਹ ਭੂਮਿਕਾ ਅਦਾਕਾਰਾ ਰਤੀ ਅਗਨੀਹੋਤਰੀ ਦੀ ਝੋਲੀ ਜਾ ਪਈ ਜੋ ਉਸ ਲਈ ਸਫਲਤਾ ਦਾ ਸਿੱਕਾ ਸਾਬਤ ਹੋਈ। ਇਸ ਦੌਰਾਨ ਰਾਜ ਕਪੂਰ ਨੂੰ ਵੀ ਪਦਮਿਨੀ ਦੇ ਨਾਇਕਾ ਵਜੋਂ ਫਿਲਮਾਂ 'ਚ ਕੰਮ ਕਰਨ ਬਾਰੇ ਪਤਾ ਲੱਗਿਆ। ਉਨ੍ਹਾਂ ਪਦਮਿਨੀ ਨੂੰ ਆਰ.ਕੇ. ਸਟੂਡੀਓ ਬੁਲਾਇਆ ਅਤੇ ਫਿਲਮ 'ਪ੍ਰੇਮ ਰੋਗ' ਲਈ ਸਫੈਦ ਸਾੜੀ ਪਹਿਨਾ ਕੇ ਉਸ ਦਾ ਆਡੀਸ਼ਨ ਲਿਆ। 'ਪ੍ਰੇਮ ਰੋਗ' ਫਿਲਮ ਦੌਰਾਨ ਪਦਮਿਨੀ ਦੀ ਉਮਰ ਸਿਰਫ 14 ਸਾਲ ਦੀ ਸੀ। 14 ਸਾਲ ਦੀ ਉਮਰ 'ਚ ਉਸ ਨੇ ਵਿਧਵਾ ਦਾ ਕਿਰਦਾਰ ਅਦਾ ਕਰਕੇ ਇਹ ਸਿੱਧ ਕਰ ਦਿੱਤਾ ਕਿ ਅਦਾਕਾਰੀ ਉਮਰ ਦੇ ਬੰਧਨਾਂ ਤੋਂ ਮੁਕਤ ਹੁੰਦੀ ਹੈ। ਪਦਮਿਨੀ ਦੀਆਂ 'ਆਹਿਸਤਾ-ਆਹਿਸਤਾ', 'ਪ੍ਰੇਮ ਰੋਗ' ਤੇ 'ਜ਼ਮਾਨੇ ਕੋ ਦਿਖਾਨਾ ਹੈ' ਫਿਲਮਾਂ ਇਕੋ ਸਮੇਂ ਬਣਨੀਆਂ ਸ਼ੁਰੂ ਹੋਈਆਂ। ਫਿਲਮਾਂ 'ਚ ਮਸਰੂਫ ਹੋਣ ਕਾਰਨ ਪਦਮਿਨੀ ਦਾ ਸਕੂਲ ਛੁੱਟ ਗਿਆ ਤੇ ਉਹ ਸਿਰਫ ਨੌਂ ਜਮਾਤਾਂ ਹੀ ਪਾਸ ਕਰ ਸਕੀ। ਪਦਮਿਨੀ ਦੀ ਨਾਇਕਾ ਵਜੋਂ 'ਆਹਿਸਤਾ-ਆਹਿਸਤਾ' ਫਿਲਮ ਸਭ ਤੋਂ ਪਹਿਲਾਂ ਰਿਲੀਜ਼ ਹੋਈ। 'ਪ੍ਰੇਮ ਰੋਗ' ਵਿਚ ਪਦਮਿਨੀ ਦੀ ਅਦਾਕਾਰੀ ਦੇਖ ਕੇ ਹੁਨਰ ਤੇ ਕਲਾ ਦੇ ਪਾਰਖੀ ਰਾਜ ਕਪੂਰ ਨੇ ਕਿਹਾ ਸੀ ਕਿ ਪਦਮਿਨੀ ਨੂੰ 'ਪ੍ਰੇਮ ਰੋਗ' ਲਈ ਲੋਕ ਹਮੇਸ਼ਾਂ ਯਾਦ ਰੱਖਣਗੇ। ਇਸ ਤੋਂ ਬਾਅਦ ਚਾਹੇ ਪਦਮਿਨੀ ਨੇ 'ਪਿਆਰ ਝੁਕਤਾ ਨਹੀਂ', 'ਵੋਹ ਸਾਤ ਦਿਨ', 'ਦੋ ਦਿਲੋਂ ਕੀ ਦਾਸਤਾਂ', 'ਵਿਧਾਤਾ' , 'ਸੌਤਨ', 'ਸਵਰਗ ਸੇ ਸੁੰਦਰ' ਤੇ 'ਲਵਰਜ਼' ਸਮੇਤ ਕਈ ਫਿਲਮਾਂ 'ਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਪਰ 'ਪ੍ਰੇਮ ਰੋਗ' ਦੀ ਅਦਾਕਾਰੀ ਨਾਲ ਪਦਮਿਨੀ ਦਰਸ਼ਕਾਂ ਦੇ ਦਿਲਾਂ 'ਚ ਹਮੇਸ਼ਾ ਲਈ ਘਰ ਕਰ ਗਈ।

# ਜਦੋਂ ਇੰਦੀਵਰ ਨੂੰ ਜੇਲ੍ਹ ਜਾਣਾ ਪਿਆ...

'ਜ਼ਿੰਦਗੀ ਕਾ ਸਫਰ ਹੈ ਯੇ ਕੈਸਾ ਸਫਰ... ਕੋਈ ਸਮਝਾ ਨਹੀਂ ਕੋਈ ਜਾਨਾ ਨਹੀਂ' ਜਿਹੇ ਅਨੇਕਾਂ ਦਿਲਕਸ਼ ਨਗਮੇ ਰਚਣ ਵਾਲੇ ਮਹਾਨ ਗੀਤਕਾਰ ਇੰਦੀਵਰ ਉਤੇ ਜਵਾਨੀ ਵੇਲੇ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਦਾ ਡੂੰਘਾ ਅਸਰ ਪਿਆ। ਇਸ ਸਦਕਾ ਉਹ ਆਜ਼ਾਦੀ ਦੇ ਘੋਲ ਵਿਚ ਕੁੱਦ ਪਿਆ ਸੀ।

ਉਸ ਨੇ ਆਪਣੇ ਸੱਜੇ ਹੱਥ ਉਤੇ 'ਆਜ਼ਾਦ' ਸ਼ਬਦ ਖੁਦਵਾ ਲਿਆ ਅਤੇ ਅੰਗਰੇਜ਼ੀ ਹਕੂਮਤ ਖਿਲਾਫ ਰੋਹ ਭਰਿਆ ਗੀਤ 'ਕਰਦੇ ਮਕਾਨ ਖਾਲੀ, ਅਰੇ ਕਿਰਾਏਦਾਰ ਕਰਦੇ ਮਕਾਨ ਖਾਲੀ' ਵੀ ਰਚ ਦਿੱਤਾ ਸੀ। ਅੰਗਰੇਜ਼ ਹਾਕਮਾਂ ਨੇ ਉਸ ਦੇ ਗੀਤ ਉਤੇ ਪਾਬੰਦੀ ਆਇਦ ਕਰਨ ਦੇ ਨਾਲ-ਨਾਲ ਇੰਦੀਵਰ ਨੂੰ ਜੇਲ੍ਹ



ਵਿਚ ਵੀ ਡੱਕ ਦਿੱਤਾ। ਇੰਦੀਵਰ ਨੇ ਜੇਲ੍ਹ ਵਿਚ ਵੀ ਕਲਮਕਾਰੀ ਦਾ ਸਾਥ ਨਾ ਛੱਡਿਆ ਅਤੇ 'ਯੁਵਾ ਕੀ ਪੁਕਾਰ' ਨਾਮਕ ਦੇਸ਼ ਪ੍ਰੇਮ ਨਾਲ ਭਰਪੂਰ ਕਾਵਿ-ਪੁਸਤਕ ਰਚ ਦਿੱਤੀ। ਜੇਲ੍ਹ ਤੋਂ ਰਿਹਾਅ ਹੋਣ ਪਿਛੋਂ ਉਸ ਨੇ ਛੂਤਛਾਤ ਦਾ ਖਾਤਮਾ ਕਰਨ ਹਿੱਤ ਹਰੀਜਨਾਂ ਨਾਲ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਇਕ ਦਿਨ ਆਪਣਾ ਘਰ, ਆਪਣੀ ਜ਼ਮੀਨ ਅਤੇ ਸਾਰੀ ਜਾਇਦਾਦ ਰਾਸ਼ਟਰਵਾਦੀਆਂ ਨੂੰ ਭੇਟ ਕਰਕੇ ਗਾਂਧੀ ਜੀ ਦੇ ਆਸ਼ਰਮ 'ਚ ਜਾ ਕੇ ਰਹਿਣ ਲੱਗਿਆ। ਇੰਦੀਵਰ ਨੂੰ 1946 ਵਿਚ ਮੁੰਬਈ ਆਇਆਂ ਪੰਜ ਸਾਲ ਹੋ ਗਏ ਸਨ। ਉਸ ਨੇ ਇੱਕਾ-ਦੁੱਕਾ ਫਿਲਮਾਂ 'ਚ ਆਪਣੀ ਗੀਤਕਾਰੀ ਦੇ ਜੌਹਰ ਵਿਖਾਏ, ਪਰ ਕੋਈ ਖਾਸ ਗੱਲ ਨਾ ਬਣੀ।

1950 ਵਿਚ ਫਿਲਮ 'ਮਲਹਾਰ' ਲਈ ਉਸ ਦੇ ਲਿਖੇ ਅਤੇ ਮੁਕੇਸ਼ ਤੇ ਲਤਾ ਮੰਗੇਸ਼ਕਰ ਦੇ ਗਾਏ ਗੀਤ 'ਬੜੇ ਅਰਮਾਨ ਸੇ ਰੱਖਾ ਹੈ ਬਲਮ ਤੇਰੀ ਕਸਮ, ਪਿਆਰ ਕੀ ਦੁਨੀਆ ਮੇਂ ਯੇ ਪਹਿਲਾ ਕਦਮ' ਨਾਲ ਲੋਕ ਉਸ ਦੀ ਗੀਤਕਾਰੀ ਦੇ ਦੀਵਾਨੇ ਹੋ ਗਏ। ਇਥੋਂ ਸ਼ੁਰੂ ਹੋਇਆ ਕਾਮਯਾਬੀ ਦਾ ਸਫਰ 27 ਫਰਵਰੀ 1997 ਨੂੰ ਇੰਦੀਵਰ ਦੇ ਦੇਹਾਂਤ ਤਕ ਜਾਰੀ ਰਿਹਾ।

ਇੰਦੀਵਰ ਨੇ ਸੈਂਕੜੇ ਫਿਲਮਾਂ ਲਈ ਅਨੇਕਾਂ ਯਾਦਗਾਰੀ ਨਗਮੇ ਰਚੇ ਸਨ। ਉਸ ਦੀਆਂ ਬੇਹੱਦ ਮਕਬੂਲ ਗੀਤਾਂ ਵਾਲੀਆਂ ਫਿਲਮਾਂ ਵਿਚ 'ਸਫਰ', 'ਸਰਸਵਤੀ ਚੰਦਰਾ', 'ਉਪਕਾਰ', 'ਸੁਹਾਗ ਰਾਤ', 'ਪੂਰਬ ਔਰ ਪਸ਼ਚਿਮ', 'ਅਨੋਖੀ ਰਾਤ', 'ਮਦਾਰੀ', ਛੋਟੇ ਬਾਬੂ', 'ਸੱਚਾ-ਝੂਠਾ', 'ਜੌਨੀ ਮੇਰਾ ਨਾਮ', 'ਦਰਿੰਦਾ', 'ਸਮਝੌਤਾ', 'ਪ੍ਰੇਮ ਗੀਤ' ਆਦਿ ਦੇ ਨਾਂ ਪ੍ਰਮੁੱਖ ਹਨ।

# 'ਵੱਡਾ ਕਲਾਕਾਰ' ਵਿਚ ਅਲਫਾਜ਼ ਦੀ ਨਾਇਕਾ ਬਣੀ ਰੂਪੀ ਗਿੱਲ

ਗੀਤਾਂ ਵਿਚ ਮਾਡਲਿੰਗ ਕਰਨ ਵਾਲੀ ਰੂਪੀ ਗਿੱਲ ਹੁਣ ਫਿਲਮਾਂ ਵਿਚ ਪੂਰੀ ਤਰ੍ਹਾਂ ਸਰਗਰਮ ਹੈ। ਉਸ ਦੀ ਖੂਬਸੂਰਤੀ ਅਤੇ ਅਦਾਕਾਰੀ ਦੇ ਚਰਚੇ ਅੱਜ ਹਰੇਕ ਸਿਨੇਮਾ ਪ੍ਰੇਮੀ ਦੀ ਜ਼ੁਬਾਨ 'ਤੇ ਹਨ। ਅੱਧੀ ਦਰਜਨ ਦੇ ਕਰੀਬ ਗੀਤਾਂ ਵਿਚ ਕੰਮ ਕਰ ਚੁਕੀ ਕੈਨੇਡਾ ਦੀ ਜੰਮਪਲ ਪੰਜਾਬਣ ਮੁਟਿਆਰ ਰੁਪਿੰਦਰ ਕੌਰ ਗਿੱਲ ਉਰਫ ਰੂਪੀ ਗਿੱਲ ਦੀ ਚਰਚਾ ਗੁਰਨਾਮ ਭੁੱਲਰ ਦੇ ਗੀਤ 'ਡਾਇਮੰਡ' ਨਾਲ ਹੋਈ ਤਾਂ ਛੇਤੀ ਹੀ ਉਸ ਦੀ ਝੋਲੀ ਅਮਰਿੰਦਰ ਗਿੱਲ ਦੀ ਫਿਲਮ 'ਅਸ਼ਕੇ' ਆ ਗਈ, ਜਿਸ ਨਾਲ ਉਹ ਪਹਿਲੀ ਵਾਰ ਵੱਡੇ ਪਰਦੇ 'ਤੇ ਨਜ਼ਰ ਆਈ।



**ਸੁਰਜੀਤ ਜੱਸਲ**
**ਫੋਨ: 91-98146-07737**

ਰੂਪੀ ਗਿੱਲ ਨੇ ਦੱਸਿਆ ਕਿ ਉਸ ਦਾ ਸੁਪਨਾ ਕੈਨੇਡਾ ਪੁਲਿਸ ਵਿਚ ਭਰਤੀ ਹੋਣਾ ਸੀ। ਕਦੇ ਸੋਚਿਆ ਨਹੀਂ ਸੀ ਕਿ ਕਲਾ ਦੇ ਇਸ ਖੇਤਰ ਵਿਚ ਉਸ ਨੂੰ ਅਚਾਨਕ ਪ੍ਰਸਿੱਧੀ ਮਿਲ ਜਾਵੇਗੀ। ਉਸ ਦਾ ਜਨਮ ਭਾਵੇਂ ਕੈਨੇਡਾ ਦਾ ਹੈ, ਪਰ ਉਸ ਨੇ ਆਪਣਾ ਬਚਪਨ ਦਾ ਬਹੁਤਾ ਸਮਾਂ ਆਪਣੇ ਦਾਦਾ-ਦਾਦੀ ਕੋਲ ਪੰਜਾਬ ਵਿਚ ਗੁਜ਼ਾਰਿਆ ਹੈ, ਜਿਸ ਕਰਕੇ ਉਸ ਨੂੰ ਪੰਜਾਬ ਦੀ ਮਿੱਟੀ ਨਾਲ ਮੋਹ ਹੈ, ਮਾਂ ਬੋਲੀ ਨਾਲ ਪਿਆਰ ਹੈ। ਅਦਾਕਾਰੀ ਦਾ ਸ਼ੌਕ ਉਸ ਨੂੰ ਆਪਣੇ ਮਾਤਾ ਜੀ ਤੋਂ ਪਿਆ, ਜਿਸ ਨੇ ਉਸ ਨੂੰ ਚਰਚਿਤ ਗੀਤਾਂ 'ਚ ਡਾਂਸ ਕਰਨਾ ਸਿਖਾਇਆ। ਸੰਗੀਤਕਾਰ ਸੁੱਖ ਸੰਘੇੜਾ ਦੀ ਬਦੌਲਤ ਉਹ ਅਦਾਕਾਰੀ ਵੱਲ ਆਈ।

ਰੂਪੀ ਗਿੱਲ ਕੋਲ ਇਸ ਵੇਲੇ ਕਈ ਪੰਜਾਬੀ ਫਿਲਮਾਂ ਹਨ। 'ਅਸ਼ਕੇ' ਤੋਂ ਬਾਅਦ ਰੂਪੀ ਫਿਲਮ 'ਵੱਡਾ ਕਲਾਕਾਰ' ਵਿਚ ਪੰਜਾਬੀ ਗਾਇਕ ਅਲਫਾਜ਼ ਨਾਲ ਬਤੌਰ ਨਾਇਕਾ ਨਜ਼ਰ ਆਵੇਗੀ। ਆਪਣੇ ਕਿਰਦਾਰ ਬਾਰੇ ਉਸ ਨੇ ਦੱਸਿਆ ਕਿ ਇਹ ਇੱਕ ਨਿਰੋਲ ਪਿੰਡਾਂ ਵਾਲੇ ਦੇਸੀ ਮਾਹੌਲ ਦੀ ਕੁੜੀ ਦਾ ਹੈ, ਜਿਸ ਵਿਚ ਉਹ ਸਾਧਾਰਣ ਦਿੱਖ 'ਚ ਨਜ਼ਰ ਆਵੇਗੀ।

ਰੈਡ ਕੈਸਲ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਪਾਰੁਲ ਕਟਿਆਲ ਦੀ ਪੇਸ਼ਕਸ, ਨਿਰਮਾਤਾ ਪ੍ਰਿੰਸ ਅਤੇ ਰਾਜਨ ਦੀ ਫਿਲਮ 'ਵੱਡਾ ਕਲਾਕਾਰ' ਮੌਜੂਦਾ ਦੌਰ ਵਿਚ ਬਣਨ ਵਾਲੀਆਂ ਆਮ ਫਿਲਮਾਂ ਤੋਂ ਬਹੁਤ ਹੀ ਹਟਵੇਂ ਵਿਸ਼ੇ ਦੀ ਹੈ। ਫਿਲਮ ਦਾ ਨਿਰਦੇਸ਼ਨ ਕੁਲਦੀਪ ਕੌਸ਼ਿਕ ਨੇ ਦਿੱਤਾ ਹੈ, ਜਿਸ ਨੇ ਫਿਲਮ ਕਹਾਣੀ ਨੂੰ ਬਾਖੂਬੀ ਕੈਮਰਬੱਧ ਕੀਤਾ ਹੈ।



ਫਿਲਮੀ ਖੇਤਰ ਵਿਚ ਹੋਰ ਵਧੀਆ ਕਰਨ ਲਈ ਰੂਪੀ ਗਿੱਲ ਬਾਕਾਇਦਾ ਐਕਟਿੰਗ ਦੀਆਂ ਕਲਾਸਾਂ ਵੀ ਲੈ ਰਹੀ ਹੈ। ਫਿਲਮ ਸੈਟ 'ਤੇ ਸੀਨੀਅਰ ਕਲਾਕਾਰਾਂ ਨਾਲ ਕੰਮ ਕਰਦਿਆਂ ਉਹ ਹਮੇਸ਼ਾਂ ਸਿੱਖਦੀ ਰਹਿੰਦੀ ਹੈ। ਉਸ ਦਾ ਕਹਿਣਾ ਹੈ ਕਿ ਗਲੈਮਰ ਦੀ ਦੁਨੀਆਂ ਨੇ ਹਰ ਕਿਸੇ ਨੂੰ ਪ੍ਰਭਾਵਤ ਕੀਤਾ ਹੈ। ਫਿਲਮ ਨਗਰੀ ਨਾਲ ਸਬੰਧਤ ਲੋਕਾਂ ਦੀ ਕੈਮਰੇ ਅੱਗੇ ਜ਼ਿੰਦਗੀ ਹੋਰ ਹੁੰਦੀ ਹੈ ਤੇ ਪਿੱਛੇ ਹੋਰ! ਇਹ ਫਿਲਮ ਇਸ ਸੰਘਰਸ਼ ਭਰੀ ਗਾਥਾ ਨੂੰ ਕਾਮੇਡੀ ਅਤੇ ਭਾਵੁਕਤਾ ਨਾਲ ਪਰਦੇ 'ਤੇ ਪੇਸ਼ ਕਰਦੀ ਹੈ।

ਫਿਲਮ ਮਨੋਰੰਜਨ ਦੇ ਨਾਲ ਨਾਲ ਨੌਜਵਾਨਾਂ ਦੀ ਜ਼ਿੰਦਗੀ ਨੂੰ ਇੱਕ ਨਵੀਂ ਸੇਧ ਵੀ ਦਿੰਦੀ ਹੈ। ਯੋਗਰਾਜ ਸਿੰਘ, ਨਿਰਮਲ ਰਿਸ਼ੀ, ਬੀ. ਐਨ. ਸ਼ਰਮਾ, ਜੱਸੀ ਕੌਰ, ਹਰਬੀ ਸੰਘਾ, ਮਲਕੀਤ ਰੌਣੀ, ਤੇਜੀ ਸੰਧੂ ਆਦਿ ਬਾਕੀ ਕਲਾਕਾਰ ਹਨ। ਇਸ ਫਿਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨ ਪਲੇਅ ਦੀਦਾਰ ਗਿੱਲ ਦੇ ਹਨ। ਫਿਲਮ ਦੇ ਗੀਤ ਅਲਫਾਜ਼, ਸ਼ਿਆਮ ਬਲਕਾਰ ਤੇ ਬਿੰਦਰ ਨੱਥੂ ਮਾਜਰਾ ਨੇ ਲਿਖੇ ਹਨ, ਜੋ ਗਾਏ ਹਨ ਅਲਫਾਜ਼, ਪ੍ਰਭ ਗਿੱਲ, ਰਣਜੀਤ ਬਾਵਾ, ਕਮਲ ਖਾਂ ਤੇ ਅਫਸਾਨਾ ਖਾਂ ਨੇ। ਫਿਲਮ ਦਾ ਸੰਗੀਤ ਗੁਰਮੀਤ ਸਿੰਘ, ਅਲਫਾਜ਼ ਤੇ ਸ਼ਾਮ ਬਲਕਾਰ ਨੇ ਦਿੱਤਾ ਹੈ। 28 ਦਸੰਬਰ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਤੋਂ ਸਾਰੀ ਹੀ ਟੀਮ ਨੂੰ ਬਹੁਤ ਆਸਾਂ ਹਨ।



PUNJABI MEGA PACK
$14.99 PER MONTH
FOR 24 MONTHS
Save $240 over 2 years
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY, CA 95993
SUN WIRELESS
888-350-8005
114-11 101 AVE,SOUTH RICHMOND HILL, NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 1/14/19. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2018 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.